

ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419








Income Tax & Accounting Services



Karuna Sharma
CPA

Business/Personal Taxes
Corporate Accounts Welcome
ਬਹੁਤ ਹੀ ਘੱਟ ਰੇਟ 'ਤੇ ਵਧੀਆ ਸਰਵਿਸ

IRS e-file

Insurance Services
*Home *Auto *Business

Ph: 718-301-9083

114-11 101 Ave., Richmond Hill, NY 11419



Twenty First Year of Publication ਨਿਊ ਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼


Punjab Times, Vol 21, Issue 11, March 14, 2020 20451 N. Plum Grove Rd., Palatine, IL 60074 Ph:847-359-0746, Fax:847-705-9388


# ਲੀਹੋਂ ਲੱਥੀ ਕੈਪਟਨ ਸਰਕਾਰ ਨੇ ਤਸ਼ੱਦਦ ਦਾ ਰਾਹ ਫੜਿਆ

## ਅਧਿਆਪਕਾਂ ਨਾਲ ਖਿੱਚ-ਧੂਹ; ਔਰਤਾਂ ਨੂੰ ਵੀ ਨਾ ਬਖਸ਼ਿਆ

**ਪਟਿਆਲਾ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਥਾਨਕ ਰਿਹਾਇਸ਼ 'ਨਿਊ ਮੋਤੀ ਬਾਗ ਪੈਲੇਸ' ਦਾ ਘਿਰਾਉ ਕਰਨ ਆਏ ਬੇਰੁਜ਼ਗਾਰ ਈ.ਟੀ.ਟੀ. ਟੈੱਟ ਪਾਸ ਅਧਿਆਪਕਾਂ ਉਤੇ ਪੁਲਿਸ ਵੱਲੋਂ ਕੀਤੇ ਅੰਨ੍ਹੇ ਤਸ਼ੱਦਦ ਨੇ ਕੈਪਟਨ ਸਰਕਾਰ ਦੀ ਨੀਅਤ 'ਤੇ ਵੱਡੇ ਸਵਾਲ ਚੁੱਕੇ ਹਨ।



ਅਧਿਆਪਕਾਂ ਦੀ ਕੁੱਟਮਾਰ ਦੀਆਂ ਦਰਜਨਾਂ ਵੀਡੀਓ ਵਾਇਰਲ ਹੋ ਰਹੀਆਂ ਹਨ ਜਿਨ੍ਹਾਂ ਤੋਂ ਸਾਫ ਨਜ਼ਰ ਆ ਰਿਹਾ ਹੈ ਕਿ ਪੁਲਿਸ ਤੈਅ ਕਰ ਕੇ ਬੈਠੀ ਸੀ ਕਿ ਆਪਣਾ ਹੱਕ ਮੰਗ ਰਹੇ ਕਿਸੇ ਵੀ ਧਰਨਾਕਾਰੀ ਨੂੰ ਸੁੱਕਾ ਨਹੀਂ ਜਾਣ ਦੇਣਾ। ਇਹ ਅਧਿਆਪਕ ਆਪਣੀ ਜਾਨ ਬਚਾਉਣ ਲਈ ਲੁਕਦੇ ਨਜ਼ਰ ਆਏ ਪਰ ਪੁਲਿਸ ਨੇ ਇਕੱਲੇ-ਇਕੱਲੇ ਨੂੰ ਫੜ ਦੇ ਧੂਹਿਆ। ਇਥੋਂ ਤੱਕ ਕਿ ਮਹਿਲਾ ਅਧਿਆਪਕਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਪੁਲਿਸ ਨੇ ਇਹ ਤਸ਼ੱਦਦ ਉਸ ਵੇਲੇ ਢਾਹਿਆ, ਜਦੋਂ ਕੈਪਟਨ ਅਮਰਿੰਦਰ ਸਿੰਘ ਮਹਿਲਾ ਦਿਵਸ ਦੀਆਂ ਵਧਾਈਆਂ ਦੇ ਰਹੇ ਸਨ। ਪੁਲਿਸ ਦੀ ਇਸ ਕਾਰਵਾਈ ਪਿਛੋਂ ਬੇਵੱਸ ਹੋਏ ਅਧਿਆਪਕਾਂ ਨੇ ਸਮੂਹਿਕ ਖੁਦਕੁਸ਼ੀ ਦਾ ਫੈਸਲਾ ਕੀਤਾ ਤੇ ਦੋ ਅਧਿਆਪਕਾਂ ਨੇ ਨਹਿਰ 'ਚ ਛਾਲ ਮਾਰ ਦਿੱਤੀ ਜਿਨ੍ਹਾਂ ਨੂੰ ਗੋਤਾਖੋਰਾਂ ਨੇ ਮੁਸ਼ਕਿਲ ਨਾਲ ਬਚਾਇਆ।

ਹੱਦ ਤਾਂ ਉਦੋਂ ਹੋ ਗਈ ਜਦੋਂ ਕੁੱਟ ਖਾਣ ਵਾਲੇ 100 ਤੋਂ ਵੱਧ ਅਧਿਆਪਕਾਂ ਖਿਲਾਫ ਵੱਖ-ਵੱਖ ਥਾਣਿਆਂ 'ਚ ਕੇਸ ਵੀ ਦਰਜ ਕਰ ਲਏ ਗਏ। ਪੁਲਿਸ ਨਾਲ ਹੱਥੋਪਾਈ ਕਰਨ, ਸਰਕਾਰੀ ਡਿਊਟੀ 'ਚ ਵਿਘਨ ਪਾਉਣ ਤੇ ਭਾਖੜਾ 'ਚ ਛਾਲ ਮਾਰ ਕੇ ਖੁਦਕੁਸ਼ੀ ਕਰਨ ਦੇ ਦੋਸ਼ਾਂ ਤਹਿਤ ਬੇਰੁਜ਼ਗਾਰ ਅਧਿਆਪਕਾਂ 'ਤੇ ਕੇਸ ਦਰਜ ਕੀਤੇ ਗਏ ਹਨ। ਇਹ ਬੇਰੁਜ਼ਗਾਰ, ਅਧਿਆਪਕਾਂ ਦੀ ਭਰਤੀ ਨੂੰ ਮੋਕਲਾ ਕਰਕੇ 12 ਹਜ਼ਾਰ ਤੱਕ ਕਰਨ ਸਣੇ ਹੋਰ ਮੰਗਾਂ ਤੇ ਮਸਲਿਆਂ ਨੂੰ ਲੈ ਕੇ ਮੁੱਖ ਮੰਤਰੀ ਕੋਲ ਪਹੁੰਚ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਬੇਰੁਜ਼ਗਾਰ ਅਧਿਆਪਕਾਂ ਦਾ ਗਿਲਾ ਹੈ ਕਿ ਪੰਜਾਬ ਸਰਕਾਰ ਅਧਿਆਪਕਾਂ ਦੀ 1664 ਅਸਾਮੀਆਂ ਦੀ ਭਰਤੀ ਕੱਢ ਕੇ ਉਨ੍ਹਾਂ ਨਾਲ ਮਜ਼ਾਕ ਕਰ ਰਹੀ ਹੈ।

ਦੱਸ ਦਈਏ ਕਿ ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਆਪਣਾ ਹੱਕ ਮੰਗ ਰਹੇ ਨੌਜਵਾਨਾਂ ਖਿਲਾਫ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਗਈ ਹੋਵੇ। ਸਿੱਖਿਆ ਮੰਤਰੀ ਵਿਜੇਇੰਦਰ ਸਿੰਗਲਾ ਦੇ ਹਲਕੇ ਸੰਗਰੂਰ ਵਿਚ ਇਹ ਅਧਿਆਪਕ ਪਿਛਲੇ ਤਿੰਨ ਮਹੀਨਿਆਂ ਤੋਂ ਪੱਕਾ ਮੋਰਚਾ ਲਾਈ ਬੈਠੇ ਹਨ ਪਰ ਸਰਕਾਰ ਅੱਜ ਤੱਕ ਇਨ੍ਹਾਂ ਬੇਰੁਜ਼ਗਾਰਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੋਈ। ਜਦੋਂ ਇਹ ਨੌਜਵਾਨ ਰੋਹ ਵਿਚ ਆਉਂਦੇ ਹਨ ਤਾਂ ਪ੍ਰਸ਼ਾਸਨ ਝੱਟ ਸਿੱਖਿਆ ਮੰਤਰੀ ਨਾਲ ਮੀਟਿੰਗ ਤੈਅ ਕਰਨ ਦਾ ਭਰੋਸਾ ਦੇ ਕੇ ਉਨ੍ਹਾਂ ਨੂੰ ਸ਼ਾਂਤ ਕਰ ਦਿੰਦਾ ਹੈ ਪਰ ਹੁਣ ਇਹ ਬੇਰੁਜ਼ਗਾਰ ਇੰਨੇ ਅੱਕ ਚੁੱਕੇ ਹਨ ਕਿ ਉਹ ਸਰਕਾਰ ਨਾਲ ਆਰਪਾਰ ਦੀ ਲੜਾਈ ਲਈ ਵੀ ਕਮਰਕੱਸੇ ਕਰੀ ਬੈਠੇ ਹਨ। ਇਨ੍ਹਾਂ ਬੇਰੁਜ਼ਗਾਰਾਂ ਦਾ ਦੋਸ਼ ਸਿਰਫ ਇੰਨਾ ਹੈ ਕਿ ਉਹ ਕੈਪਟਨ ਸਰਕਾਰ ਨੂੰ ਚੋਣਾਂ ਸਮੇਂ ਕੀਤੇ ਵਾਅਦੇ ਚੇਤੇ ਕਰਵਾ ਰਹੇ ਹਨ। ਦੱਸ ਦਈਏ ਕਿ ਕਾਂਗਰਸ ਨੇ ਵੋਟਾਂ ਲੈਣ ਵੇਲੇ ਘਰ-ਘਰ ਨੌਕਰੀ ਦਾ ਵਾਅਦਾ ਕੀਤਾ ਸੀ, ਪਰ ਜਦੋਂ ਸੱਤਾ ਮਿਲ ਗਈ ਤਾਂ ਕੈਪਟਨ ਦੇ ਰੰਗ-ਢੰਗ ਹੀ ਬਦਲ ਗਏ।

ਸਰਕਾਰ ਬਣਨ ਤੋਂ ਬਾਅਦ ਥਾਂ-ਥਾਂ ਨੌਕਰੀ ਮੇਲੇ ਤਾਂ ਲੱਗੇ ਪਰ ਇਨ੍ਹਾਂ ਮੇਲਿਆਂ ਵਿਚ ਸਰਕਾਰੀ ਨੌਕਰੀ ਦੀ ਝਾਕ ਵਿਚ ਪੁੱਜੇ ਨੌਜਵਾਨਾਂ ਨੂੰ ਪ੍ਰਾਈਵੇਟ ਕੰਪਨੀਆਂ ਹਵਾਲੇ ਕਰ ਦਿੱਤਾ ਗਿਆ। ਇਨ੍ਹਾਂ ਮੇਲਿਆਂ ਦੇ ਅੰਕੜਿਆਂ ਦੇ ਆਧਾਰ ਉਤੇ ਕੈਪਟਨ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੇ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਪਰ ਸਚਾਈ ਇਹ ਹੈ ਇਨ੍ਹਾਂ ਪ੍ਰਾਈਵੇਟ ਕੰਪਨੀਆਂ ਵਲੋਂ ਮਾਮੂਲੀ ਤਨਖਾਹ ਉਤੇ ਰੱਖੇ ਜ਼ਿਆਦਾਤਰ ਨੌਜਵਾਨਾਂ ਨੇ


*(ਬਾਕੀ ਸਫਾ 6 ਉਤੇ)*


## ਵਿਰੋਧੀ ਧਿਰਾਂ ਵੱਲੋਂ ਸਰਕਾਰ ਨੂੰ ਘੇਰਾ

**ਚੰਡੀਗੜ੍ਹ:** ਬੇਰੁਜ਼ਗਾਰਾਂ ਉਤੇ ਪੁਲਿਸ ਦੇ ਤਸ਼ੱਦਦ ਤੋਂ ਬਾਅਦ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਘੇਰ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਟਿਆਲਾ ਵਿਚ ਅਧਿਆਪਕਾਂ 'ਤੇ ਪੁਲਿਸ ਲਾਠੀਚਾਰਜ ਦੀ ਸਖਤ ਨਿਖੇਧੀ ਕੀਤੀ ਹੈ, ਜਿਸ 'ਚ ਔਰਤਾਂ ਸਮੇਤ ਦਰਜਨ ਦੇ ਕਰੀਬ ਅਧਿਆਪਕ ਜ਼ਖਮੀ ਹੋ ਗਏ। ਅਕਾਲੀ ਦਲ ਪ੍ਰਧਾਨ ਨੇ ਕਿਹਾ ਕਿ ਕਿੰਨੇ ਅਫਸੋਸ ਦੀ ਗੱਲ ਹੈ ਕਿ ਕਾਂਗਰਸ ਸਰਕਾਰ ਨੇ ਕੌਮਾਂਤਰੀ ਮਹਿਲਾ ਦਿਵਸ ਮੌਕੇ ਔਰਤਾਂ ਨਾਲ ਅਜਿਹਾ ਸਲੂਕ ਕੀਤਾ ਹੈ। ਆਮ ਆਦਮੀ ਪਾਰਟੀ ਦੇ ਸੂਬਾਈ ਪ੍ਰਧਾਨ ਭਗਵੰਤ ਮਾਨ ਨੇ ਇਸ ਦੀ ਨਿਖੇਧੀ ਕਰਦਿਆਂ ਇਸ ਨੂੰ ਸੂਬਾ ਸਰਕਾਰ ਦੀ ਸ਼ਰਮਨਾਕ ਘਟਨਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਰੁਜ਼ਗਾਰ ਦੀ ਮੰਗ ਕਰਨ ਗਏ ਬੇਰੁਜ਼ਗਾਰ ਅਧਿਆਪਕਾ 'ਤੇ ਪੁਲਿਸ ਵਲੋਂ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ ਹੈ। ਇਸ ਮੌਕੇ ਪੁਲਿਸ ਵਲੋਂ ਸਾਡੀਆਂ ਧੀਆਂ ਦੀਆਂ ਇੱਜ਼ਤਾਂ ਦੀ ਕੀਤੀ ਖਿੱਚ-ਧੂਹ ਨਿੰਦਣਯੋਗ ਹੈ।

## ਮਹਾਰਾਜਾ ਰਣਜੀਤ ਸਿੰਘ ਵਿਸ਼ਵ ਦੇ ਮਹਾਨ ਆਗੂਆਂ 'ਚੋਂ ਪਹਿਲੇ ਸਥਾਨ 'ਤੇ

**ਲੰਡਨ:** ਵਿਸ਼ਵ ਦੇ ਮਹਾਨ ਰਾਜਿਆਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਪਹਿਲੇ ਸਥਾਨ ਉਤੇ ਆਏ ਹਨ। ਬੀ.ਬੀ.ਸੀ. ਹਿਸਟਰੀ ਮੈਗਜ਼ੀਨ ਵਲੋਂ ਕੀਤੇ ਗਏ ਸਰਵੇਖਣ ਵਿਚ 5000 ਦੇ ਕਰੀਬ ਲੋਕਾਂ ਨੇ ਹਿੱਸਾ ਲਿਆ। 38 ਫੀਸਦੀ ਲੋਕਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ 19ਵੀਂ ਸਦੀ ਦਾ ਮਹਾਨ ਰਾਜਾ ਕਿਹਾ ਹੈ ਜਦ ਕਿ ਦੂਜੇ ਸਥਾਨ ਉਤੇ ਅਫਰੀਕਾ ਦੇ ਆਜ਼ਾਦੀ ਘੁਲਾਟੀਏ ਅਮਿਲਕਾਰ ਕਾਬਰਲ ਦਾ ਨਾਂ ਹੈ ਜਿਸ ਨੂੰ 25 ਫੀਸਦੀ ਵੋਟਾਂ ਮਿਲੀਆਂ ਹਨ, ਜਿਸ ਨੇ ਆਪਣੇ ਕਰੋੜਾਂ ਲੋਕਾਂ ਨੂੰ ਇਕੱਠਾ ਕਰਕੇ ਪੁਰਤਗੀਜ਼ ਤੋਂ ਆਜ਼ਾਦੀ ਦਿਵਾਈ।

ਵਿਸ਼ਵ ਯੁੱਧ ਮੌਕੇ ਯੂ.ਕੇ. ਦੇ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ 7 ਫੀਸਦੀ ਵੋਟਾਂ ਲੈ ਕੇ ਤੀਜੇ ਸਥਾਨ ਉਤੇ ਰਹੇ ਹਨ। ਅਮਰੀਕੀ ਰਾਸ਼ਟਰਪਤੀ ਇਬਰਾਹੀਮ ਲਿੰਕਨ ਨੂੰ ਚੌਥਾ ਅਤੇ ਯੂ.ਕੇ. ਦੀ ਮਹਾਰਾਣੀ ਐਲਿਜ਼ਾਬੈੱਥ ਪਹਿਲੀ ਨੂੰ 5ਵਾਂ ਸਥਾਨ ਮਿਲਿਆ ਹੈ। ਜ਼ਿਕਰਯੋਗ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਉਤੇ 1801 ਤੋਂ 1839 ਤੱਕ ਰਾਜ ਕੀਤਾ। 18ਵੀਂ ਸਦੀ 'ਚ ਭਾਰਤ ਲੜਾਈਆਂ ਦਾ ਅਖਾੜਾ ਬਣਿਆ ਹੋਇਆ ਸੀ। ਮੁਗਲ ਰਾਜ ਦਾ ਪ੍ਰਭਾਵ ਸੀ, ਜਦ ਕਿ ਪੰਜਾਬ ਵੀ ਮਿਸਲਾਂ 'ਚ ਵੰਡਿਆ ਹੋਇਆ ਸੀ। ਅਜਿਹੇ ਸਮੇਂ ਵਿਚ ਮਹਾਰਾਜਾ ਰਣਜੀਤ ਸਿੰਘ 'ਸ਼ੇਰ-ਏ-ਪੰਜਾਬ' ਬਣ ਕੇ ਉੱਭਰੇ, ਜਿਸ ਦੇ ਰਾਜ ਭਾਗ ਵਿਚ ਸਭ ਧਰਮਾਂ ਨੂੰ ਆਜ਼ਾਦੀ ਸੀ, ਹਿੰਦੂ, ਮੁਸਲਿਮ, ਸਿੱਖ ਅਤੇ ਯੂਰਪੀਅਨ ਵੀ ਉਨ੍ਹਾਂ ਦੇ ਰਾਜਭਾਗ ਵਿਚ ਕੰਮ ਕਰਦੇ ਸਨ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਸਮੇਤ ਕਈ ਧਾਰਮਿਕ ਅਸਥਾਨਾਂ ਦੀ ਸੇਵਾ ਕੀਤੀ ਗਈ। ਉਸ ਦੌਰ ਨੂੰ ਪੰਜਾਬ ਅਤੇ ਉਤਰੀ ਭਾਰਤ ਦਾ ਸਭ ਤੋਂ ਖੁਸ਼ਹਾਲ ਸਮਾਂ ਮੰਨਿਆ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦੀ 1839 'ਚ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਉਤੇ ਕਬਜ਼ਾ ਕਰ ਲਿਆ। ਦੱਸਣਯੋਗ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਨਾਂ ਇਸ ਸਰਵੇਖਣ 'ਚ ਪ੍ਰਸਿੱਧ ਇਤਿਹਾਸਕਾਰ ਮੈਥਿਊ ਲੁਕਵੁੱਡ ਨੇ ਦਿੱਤਾ ਸੀ।


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



ਅਨੁਭਵੀ ਕੁੱਕ ਦੀ ਲੋੜ ਹੈ

ਨਿਆਗਰਾ ਫਾਲਜ਼, ਨਿਊ ਯਾਰਕ ਵਿਚ ਇੰਡੀਅਨ ਰੈਸੋਟਰੈਂਟ ਲਈ ਅਨੁਭਵੀ ਕੁੱਕ ਦੀ ਲੋੜ ਹੈ, ਜੋ ਕੁਕਿੰਗ ਅਤੇ ਤੰਦੂਰ ਦਾ ਕੰਮ ਜਾਣਦਾ ਹੋਵੇ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 716-297-2100

10-13



Ad Space Available

Please call

Ph: 847-359-0746


XPressCargo
Tel.: 317-426-5410
Ext 311 or 340
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100%
OWNER OPERATOR
COMPANY
IN TO MI BACK TO IN OR IN TO OH TO LOUISVILLE
KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ
ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
XPressCargo
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਬੇਮੌਸਮੇ ਮੀਂਹ ਨੇ ਕਿਸਾਨ ਝੰਬੇ; ਮੀਂਹ ਤੇ ਗੜਿਆਂ ਨਾਲ ਫਸਲਾਂ ਦਾ ਨੁਕਸਾਨ

**ਚੰਡੀਗੜ੍ਹ:** ਪੰਜਾਬ ਵਿਚ ਲਗਾਤਾਰ 24 ਘੰਟੇ ਤੋਂ ਵੀ ਵੱਧ ਸਮੇਂ ਤੋਂ ਪਏ ਮੀਂਹ ਤੇ ਗੜਿਆਂ ਕਾਰਨ ਅੱਧੀ ਦਰਜਨ ਜ਼ਿਲ੍ਹਿਆਂ ਵਿਚ ਕਣਕ ਅਤੇ ਹਾੜੀ ਦੀਆਂ ਫਸਲਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਫਸਲਾਂ ਦੇ ਖਰਾਬੇ ਦੀ ਅਸਲ ਤਸਵੀਰ ਤਾਂ ਗਿਰਦਾਵਰੀ ਦੀਆਂ ਰਿਪੋਰਟਾਂ ਆਉਣ ਤੋਂ ਬਾਅਦ ਹੀ ਸਾਹਮਣੇ ਆਵੇਗੀ ਪਰ ਮੁੱਢਲੇ ਤੌਰ 'ਤੇ ਸੂਬੇ 'ਚ ਕਈ ਥਾਵਾਂ ਉਤੇ ਕਣਕ ਦੀ ਫਸਲ 20 ਫੀਸਦੀ ਤੱਕ ਨੁਕਸਾਨੀ ਗਈ ਹੈ।

ਤੇਜ਼ ਹਵਾ ਚੱਲਣ ਕਾਰਨ ਕਣਕ ਦੀ ਫਸਲ ਜ਼ਮੀਨ ਉਤੇ ਵਿਛ ਗਈ ਹੈ। ਸੰਗਰੂਰ ਜ਼ਿਲ੍ਹੇ ਦੇ ਕਈ ਪਿੰਡਾਂ 'ਚ ਤਾਂ ਗੜਿਆਂ ਦੀ ਚਾਦਰ ਹੀ ਵਿੱਛ ਗਈ ਹੈ, ਕਣਕ ਦੀ ਫਸਲ ਵਿਚ ਪਾਣੀ ਭਰ ਗਿਆ। ਖੇਤੀਬਾੜੀ ਵਿਭਾਗ ਨੇ ਭਾਵੇਂ ਕਣਕ ਦੇ ਝਾੜ ਵਿਚ 2 ਤੋਂ 5 ਫੀਸਦੀ ਤੱਕ ਸਾਰੇ ਪੰਜਾਬ ਵਿਚ ਅਸਰ ਪੈਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ ਪਰ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਨੁਕਸਾਨ ਵਧ ਵੀ ਸਕਦਾ ਹੈ। ਸੰਗਰੂਰ ਜ਼ਿਲ੍ਹੇ ਵਿਚ ਸਭ ਤੋਂ ਜ਼ਿਆਦਾ ਨੁਕਸਾਨ ਹੋਣ ਦੀਆਂ ਰਿਪੋਰਟਾਂ ਹਨ। ਸਿਰਫ ਲਹਿਰਾਗਾਗਾ ਬਲਾਕ ਦੇ ਹੀ ਕਈ ਪਿੰਡਾਂ ਵਿਚ ਕਣਕ ਦੀ ਫਸਲ ਦਾ 50 ਫੀਸਦੀ ਤੱਕ ਵੀ ਨੁਕਸਾਨ ਹੋਇਆ ਹੈ। ਸੰਗਰੂਰ ਜ਼ਿਲ੍ਹੇ ਦੇ ਖੇਤੀਬਾੜੀ ਅਫਸਰਾਂ ਨੇ ਵੀ ਮੁਢਲੀਆਂ ਰਿਪੋਰਟਾਂ ਵਿਚ ਫਸਲਾਂ ਦਾ ਨੁਕਸਾਨ ਹੋਣ ਦੀ ਗੱਲ ਕਹੀ ਹੈ। ਮੌਸਮ ਵਿਗਿਆਨੀਆਂ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਫਸਲਾਂ ਦਾ ਜ਼ਿਆਦਾ ਨੁਕਸਾਨ ਸੰਗਰੂਰ, ਮਾਨਸਾ, ਮੁਕਤਸਰ, ਤਰਨਤਾਰਨ, ਅੰਮ੍ਰਿਤਸਰ, ਗੁਰਦਾਸਪੁਰ, ਫਾਜ਼ਿਲਕਾ ਤੇ ਜਲੰਧਰ ਵਿਚ ਹੋਇਆ ਹੈ। ਉਂਜ ਫਸਲਾਂ ਦੇ ਖਰਾਬੇ ਦੀਆਂ ਰਿਪੋਰਟਾਂ ਤਾਂ ਸਾਰੇ ਪੰਜਾਬ 'ਚੋਂ ਹੀ ਆ ਰਹੀਆਂ ਹਨ।

ਖੇਤੀਬਾੜੀ ਵਿਭਾਗ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਜੇਕਰ ਮੀਂਹ ਕਾਰਨ ਫਸਲਾਂ ਵਿਛ ਗਈਆਂ ਹਨ ਤਾਂ ਖੇਤਾਂ ਵਿਚੋਂ ਤੁਰਤ ਪਾਣੀ ਬਾਹਰ ਕੱਢ ਲਿਆ ਜਾਵੇ। ਵਿਭਾਗ ਨੇ ਖੇਤਰੀ ਅਧਿਕਾਰੀਆਂ ਨੂੰ ਤੁਰਤ ਉਨ੍ਹਾਂ ਕਿਸਾਨਾਂ ਨਾਲ ਰਾਬਤਾ ਬਣਾਉਣ ਲਈ ਕਿਹਾ ਹੈ, ਜਿਨ੍ਹਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ। ਡਿਪਟੀ ਕਮਿਸ਼ਨਰਾਂ ਨੇ ਵਿਸ਼ੇਸ਼ ਗਿਰਦਾਵਰੀ ਦੇ ਮੱਦੇਨਜ਼ਰ ਸਬੰਧਤ ਮਾਲ ਅਧਿਕਾਰੀਆਂ ਨੂੰ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਉਣ ਦੀ ਹਦਾਇਤ ਕੀਤੀ। ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਸੁਤੰਤਰ ਕੁਮਾਰ ਐਰੀ ਨੇ ਦੱਸਿਆ ਕਿ ਮੀਂਹ, ਗੜਿਆਂ ਅਤੇ ਤੇਜ਼ ਹਵਾਵਾਂ ਕਾਰਨ ਫਸਲਾਂ ਦੇ ਹੋਏ ਨੁਕਸਾਨ ਦੀਆਂ ਫੀਲਡ ਅਧਿਕਾਰੀਆਂ ਤੋਂ ਰਿਪੋਰਟਾਂ ਮੰਗ ਲਈਆਂ ਹਨ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਛੁੱਟੀਆਂ ਦੌਰਾਨ ਵੀ ਕਿਸਾਨਾਂ ਨਾਲ ਰਾਬਤਾ ਬਣਾਉਣ ਲਈ ਕਿਹਾ ਗਿਆ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਭਾਰੀ ਮੀਂਹ/ਹਨੇਰੀ ਤੇ ਗੜਿਆਂ ਨਾਲ ਹੋਏ ਫਸਲੀ ਤੇ ਜਾਨ-ਮਾਲ ਦੇ ਨੁਕਸਾਨ ਦਾ ਮੁਆਵਜ਼ਾ ਤੁਰਤ ਦੇਣ ਦੀ ਮੰਗ ਕੀਤੀ ਗਈ ਹੈ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਨੇ ਬਿਆਨ ਰਾਹੀਂ ਮੰਗ ਕੀਤੀ ਹੈ ਕਿ ਹਰ ਕਿਸਮ ਦੇ ਨੁਕਸਾਨ ਦੀ ਵਿਸ਼ੇਸ਼ ਗਿਰਦਾਵਰੀ ਤੁਰਤ ਕਰ ਕੇ ਫਸਲੀ ਨੁਕਸਾਨ ਦਾ ਪੂਰਾ-ਪੂਰਾ ਮੁਆਵਜ਼ਾ ਔਸਤ ਝਾੜ ਦੇ ਅਨੁਪਾਤ ਨਾਲ ਦਿੱਤਾ ਜਾਵੇ।

ਹਿਮਾਚਲ ਪ੍ਰਦੇਸ਼ ਵਿਚ ਸ਼ਿਮਲਾ, ਕੁਫਰੀ ਤੇ ਡਲਹੌਜ਼ੀ 'ਚ ਤਾਜ਼ਾ ਬਰਫਬਾਰੀ ਹੋਈ ਜਦਕਿ ਬਾਕੀ ਇਲਾਕਿਆਂ ਵਿਚ ਭਰਵਾਂ ਮੀਂਹ ਪਿਆ। ਮੌਸਮ ਵਿਭਾਗ ਮੁਤਾਬਕ ਬਰਫਬਾਰੀ ਕਾਰਨ ਤਾਪਮਾਨ ਕਾਫੀ ਹੇਠਾਂ ਡਿੱਗ ਗਿਆ ਹੈ। ਕੁਫਰੀ, ਮਨਾਲੀ ਤੇ ਡਲਹੌਜ਼ੀ ਵਿਚ ਤਾਪਮਾਨ ਸਿਫਰ ਹੋਣ ਕਰਕੇ ਲੋਕਾਂ ਨੂੰ ਕਾਂਬਾ ਛਿੜ ਗਿਆ ਹੈ। ਕੁਫਰੀ ਵਿਚ 15 ਸੈਂਟੀਮੀਟਰ ਬਰਫਬਾਰੀ ਹੋਈ ਜਦੋਂ ਕਿ ਡਲਹੌਜ਼ੀ ਤੇ ਸ਼ਿਮਲਾ ਵਿਚ ਕ੍ਰਮਵਾਰ 10 ਤੇ 5 ਸੈਂਟੀਮੀਟਰ ਬਰਫਬਾਰੀ ਹੋਈ ਹੈ।


## ਤੰਦੂਰੀਏ ਸ਼ੈਫ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਸ਼ੈਫ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 515-291-1961**

11-12

## ਅਨੁਭਵੀ ਕੁੱਕ ਦੀ ਲੋੜ ਹੈ

ਨਿਆਗਰਾ ਫਾਲਜ਼, ਨਿਊ ਯਾਰਕ ਵਿਚ ਇੰਡੀਅਨ ਰੈਸੋਟਰੈਂਟ ਲਈ ਅਨੁਭਵੀ ਕੁੱਕ ਦੀ ਲੋੜ ਹੈ, ਜੋ ਕੁਕਿੰਗ ਅਤੇ ਤੰਦੂਰ ਦਾ ਕੰਮ ਜਾਣਦਾ ਹੋਵੇ

*ਚੰਗੀ ਤਨਖਾਹ ਤੇ ਹੋਰ ਸਹੂਲਤਾਂ*

**ਸੰਪਰਕ ਕਰੋ**

**ਫੋਨ: 716-297-2100**

10-13


## ਚੀਨ ਦਾ ਵਿਦੇਸ਼ੀ ਵਪਾਰ 9.6 ਫੀਸਦੀ ਘਟਿਆ

**ਪੇਈਚਿੰਗ:** ਸਰਕਾਰੀ ਡਾਟਾ ਮੁਤਾਬਕ ਇਸ ਵਰ੍ਹੇ ਦੇ ਪਹਿਲੇ ਦੋ ਮਹੀਨਿਆਂ ਜਨਵਰੀ-ਫਰਵਰੀ ਦੌਰਾਨ ਚੀਨ ਦਾ ਵਿਦੇਸ਼ੀ ਵਪਾਰ 9.6% ਤੱਕ ਘਟ ਗਿਆ ਹੈ। ਕਸਟਮ ਬਾਰੇ ਸਥਾਨਕ ਪ੍ਰਸ਼ਾਸਨ ਵੱਲੋਂ ਜਾਰੀ ਸੂਚਨਾ ਮੁਤਾਬਕ ਜਨਵਰੀ ਤੇ ਫਰਵਰੀ ਵਿਚ ਚੀਨ ਦਾ ਬਾਕੀ ਵਿਸ਼ਵ ਨਾਲ ਵਪਾਰ 4.12 ਟ੍ਰਿਲੀਅਨ ਯੂਆਨ ਸੀ। ਹਾਲਾਂਕਿ ਦੱਖਣ ਪੂਰਬੀ ਏਸ਼ਿਆਈ ਮੁਲਕਾਂ ਦੀ ਐਸੋਸੀਏਸ਼ਨ ਨਾਲ ਵਪਾਰ 2% ਤੱਕ ਵਧ ਗਿਆ ਜੋ ਕੁੱਲ ਵਿਦੇਸ਼ੀ ਵਪਾਰ ਦਾ 14.4 ਫੀਸਦੀ ਸੀ।

## ਕਸ਼ਮੀਰ 'ਚ ਇੰਟਰਨੈੱਟ ਸੇਵਾਵਾਂ ਬਹਾਲ

**ਸ੍ਰੀਨਗਰ:** ਕਸ਼ਮੀਰ ਵਿਚ ਇੰਟਰਨੈੱਟ ਸੇਵਾਵਾਂ ਨੂੰ ਬਹਾਲ ਕਰ ਦਿੱਤਾ ਗਿਆ ਹੈ। ਵਾਦੀ ਵਿਚ ਪਿਛਲੇ ਸੱਤ ਮਹੀਨਿਆਂ ਤੋਂ ਲੱਗੀ ਪਾਬੰਦੀ ਹਟਣ ਮਗਰੋਂ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਪਿਛਲੇ ਸਾਲ ਜੰਮੂ-ਕਸ਼ਮੀਰ ਨੂੰ ਦਿੱਤੇ ਵਿਸ਼ੇਸ਼ ਰੁਤਬੇ ਦਾ ਦਰਜਾ ਵਾਪਸ ਲੈ ਲਿਆ ਗਿਆ ਸੀ। ਇਸ ਮਗਰੋਂ ਉਥੇ ਇੰਟਰਨੈੱਟ ਸੇਵਾਵਾਂ ਉਤੇ ਪਾਬੰਦੀ ਲਗਾ ਦਿੱਤੀ ਗਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਵਾਦੀ ਵਿਚ ਬਰਾਂਡਬੈਂਡ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ ਹਨ।


## Matrimonials

### ਲੜਕੇ ਦੀ ਲੋੜ ਹੈ

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11

ਜੱਟ ਸਿੱਖ ਅਮਰੀਕਨ ਸਿਟੀਜ਼ਨ, ਉਮਰ 26 ਸਾਲ, ਨਰਸਿੰਗ ਕਰ ਰਹੀ ਲੜਕੀ ਲਈ ਬਰਾਬਰ ਯੋਗਤਾ, ਡਿਗਰੀ ਹੋਲਡਰ, ਗੁਰ ਸਿੱਖ ਲੜਕੇ ਦੀ ਲੋੜ ਹੈ। ਮਾਲਵੇ ਨੂੰ ਪਹਿਲ। ਲੜਕਾ ਇੰਡੀਆ, ਕੈਨੇਡਾ, ਇੰਗਲੈਂਡ ਜਾਂ ਆਸਟਰੇਲੀਆ ਕਿਤੋਂ ਵੀ ਹੋਵੇ। ਯੂ. ਐਸ. ਟਾਈਮ ਕਾਲ ਕਰੋ, ਫੋਨ: 1-216-385-4025, 1-216-937-9054 (ਵਾਟਸਐਪ), +91-98776-26005 (ਇੰਡੀਆ) 8-11

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 11-

Well educated reputed Jatt-Sikh family seeks professionally qualified U.S. (PR or citizen) girl for their handsome only son, 27 yrs, 5'-10.5", M.S in Electrical Engineering, working as a Software Engineer in Michigan. Rural/urban property in Ludhiana & Mohali. Cont., Ph: 248-854-0003 6-9


## ਪਾਲ ਸਹੋਤਾ ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਬਣੇ

**ਜਲੰਧਰ:** ਐਨ.ਆਰ.ਆਈ. ਸਭਾ ਪੰਜਾਬ ਦੀ ਚੋਣ ਵਾਸਤੇ ਸਿੱਧੀ ਹੋਈ ਟੱਕਰ ਵਿਚ ਅਮਰੀਕਾ ਦੇ ਰਹਿਣ ਵਾਲੇ ਕਿਰਪਾਲ ਸਿੰਘ ਸਹੋਤਾ ਨੇ ਆਪਣੇ ਵਿਰੋਧੀ ਉਮੀਦਵਾਰ ਜਸਵੀਰ ਸਿੰਘ ਸ਼ੇਰਗਿੱਲ ਨੂੰ 160 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਪੰਜਾਬ ਦੀ ਐਨ.ਆਰ.ਆਈ. ਸਭਾ ਦੇ ਲਗਭਗ 23 ਹਜ਼ਾਰ ਮੈਂਬਰਾਂ ਵਿਚੋਂ ਪ੍ਰਧਾਨ ਚੁਣਨ ਲਈ ਸਿਰਫ 363 ਵੋਟਰਾਂ ਨੇ ਹੀ ਆਪਣੀਆਂ ਵੋਟਾਂ ਪਾਈਆਂ।



ਚੋਣ ਦੇ ਰਿਟਰਨਿੰਗ ਅਫਸਰ ਤੇ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ ਨੇ ਦੱਸਿਆ ਕਿ ਇਸ ਚੋਣ ਵਿੱਚ ਕੁੱਲ 363 ਵੋਟਾਂ ਪਈਆਂ ਜਿਸ ਵਿਚੋਂ ਕਿਰਪਾਲ ਸਿੰਘ ਸਹੋਤਾ ਨੂੰ 260, ਜਸਬੀਰ ਸਿੰਘ ਸ਼ੇਰਗਿੱਲ ਨੂੰ 100 ਤੇ ਪ੍ਰੀਤਮ ਸਿੰਘ ਨਰੰਗਪੁਰ ਨੂੰ ਦੋ ਵੋਟਾਂ ਪਈਆਂ ਜਦਕਿ ਇਕ ਵੋਟ ਰੱਦ ਕਰ ਦਿੱਤੀ ਗਈ। ਇਸ ਮੌਕੇ ਰਿਟਰਨਿੰਗ ਅਫਸਰ ਨੇ ਸ੍ਰੀ ਸਹੋਤਾ ਨੂੰ ਜਿੱਤ ਦਾ ਸਰਟੀਫਿਕੇਟ ਦਿੱਤਾ। ਜ਼ਿਕਰਯੋਗ ਹੈ ਕਿ ਕਿਰਪਾਲ ਸਿੰਘ ਸਹੋਤਾ ਉਤਰੀ ਅਮਰੀਕਾ ਵਿਚ ਹਰੇ ਟਰੱਕਾਂ ਵਾਲੇ ਕਰ ਕੇ ਜਾਣੇ ਜਾਂਦੇ ਹਨ। ਜਲੰਧਰ ਜ਼ਿਲ੍ਹੇ ਦੇ ਬੜਾ ਪਿੰਡ ਦੇ ਰਹਿਣ ਵਾਲੇ ਹਨ। 59 ਸਾਲਾਂ ਦੇ ਕਿਰਪਾਲ ਸਿੰਘ ਸਹੋਤਾ 1971 ਵਿਚ ਹੀ ਅਮਰੀਕਾ ਚਲੇ ਗਏ ਸਨ। ਉਥੇ ਉਨ੍ਹਾਂ ਨੇ ਵਿਡਲੀ ਕਾਲਜ ਫਰੈਜ਼ਨੋ ਵਿਚ ਪੜ੍ਹਾਈ ਕੀਤੀ ਸੀ ਤੇ ਟਰੱਕ ਡਰਾਈਵਰੀ ਸ਼ੁਰੂ ਕਰ ਦਿੱਤੀ ਸੀ। ਕਿਰਪਾਲ ਸਿੰਘ ਸਹੋਤਾ, ਜਿਹੜੇ ਪਾਲ ਸਹੋਤਾ ਦੇ ਨਾਂ ਨਾਲ ਜਾਣੇ ਜਾਂਦੇ ਹਨ, ਉਨ੍ਹਾਂ ਨੇ 1978 ਵਿਚ ਅਮਰੀਕਾ 'ਚ ਰਹਿੰਦੇ ਟੁੱਟ ਭਰਾਵਾਂ ਨਾਲ ਰਲ ਕੇ ਇਕ ਪੁਰਾਣਾ ਟਰੱਕ ਖਰੀਦਿਆ ਸੀ। ਸੰਨ 2000 ਤੱਕ ਉਨ੍ਹਾਂ ਕੋਲ 300 ਟਰੱਕ ਹੋ ਗਏ ਸਨ ਤੇ 30 ਮਿਲੀਅਨ ਡਾਲਰ ਦਾ ਕਾਰੋਬਾਰ ਹੋ ਗਿਆ ਸੀ।

ਅਮਰੀਕਾ 'ਚ ਵੀ ਉਨ੍ਹਾਂ ਨੇ 1500 ਏਕੜ ਤੋਂ ਵੱਧ ਜ਼ਮੀਨ ਖਰੀਦ ਕੇ ਉਥੇ ਅੰਗੂਰਾਂ ਤੇ ਬਦਾਮਾਂ ਦੀ ਖੇਤੀ ਸ਼ੁਰੂ ਕਰ ਦਿੱਤੀ। ਅਮਰੀਕਾ ਵਿਚ ਉਨ੍ਹਾਂ ਨੌਰਥ ਅਮਰੀਕਾ ਕਬੱਡੀ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਸੀ ਤੇ 1993 ਤੋਂ ਅਮਰੀਕਾ ਵਿਚ ਕਬੱਡੀ ਟੂਰਨਾਮੈਂਟ ਕਰਵਾਉਣੇ ਸ਼ੁਰੂ ਕਰ ਦਿੱਤੇ ਸਨ। ਚੋਣ ਜਿੱਤਣ ਦੌਰਾਨ ਉਨ੍ਹਾਂ ਦੱਸਿਆ ਕਿ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ ਉਤੇ ਹੱਲ ਕਰਨਾ ਹੀ ਉਨ੍ਹਾਂ ਦੀ ਪਹਿਲ ਰਹੇਗੀ ਤੇ ਸਾਰਿਆਂ ਨੂੰ ਨਾਲ ਲੈ ਕੇ ਹੀ ਚੱਲਣਗੇ।


## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

## Michigan Truck Driving School

**6405 Middlebelt Road, Romulus, MI 48174**

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Raj Jamarai Cell:734-644-1010 Office:734-747-4298**

# ਢੀਂਡਸਿਆਂ ਨੇ ਬਾਦਲ ਪਰਿਵਾਰ ਦੇ ਸਿਆਸੀ ਗੜ੍ਹ ਵਿਚ ਲਾਈ ਸੰਨ੍ਹ

**ਬਠਿੰਡਾ:** ਸੰਸਦ ਮੈਂਬਰ ਤੇ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਬਠਿੰਡਾ ਹਲਕੇ 'ਚ ਬਾਦਲ ਪਰਿਵਾਰ ਦੇ ਸਿਆਸੀ ਗੜ੍ਹ ਵਿਚ ਸੰਨ੍ਹ ਲਾ ਕੇ ਆਪਣੀ ਰਾਜਸੀ ਤਾਕਤ ਦਾ ਮੁਜ਼ਾਹਰਾ ਕੀਤਾ। ਸਾਬਕਾ ਸੰਸਦ ਮੈਂਬਰ ਬੀਬੀ ਪਰਮਜੀਤ ਕੌਰ ਗੁਲਸ਼ਨ ਸਮੇਤ ਅੱਧੀ ਦਰਜਨ ਆਗੂਆਂ ਨੇ ਢੀਂਡਸਾ ਦੀ ਅਗਵਾਈ ਕਬੂਲੀ ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਫਤਿਹ ਬੁਲਾ ਦਿੱਤੀ।

ਦੱਸਣਯੋਗ ਹੈ ਕਿ ਬਾਦਲ ਪਰਿਵਾਰ ਦਾ ਪੂਰਾ ਤਾਣ ਰੁੱਸੇ ਹੋਏ ਆਗੂਆਂ ਨੂੰ ਮਨਾਉਣ ਉਤੇ ਲੱਗਾ ਹੋਇਆ ਸੀ। ਪਿੰਡ ਡੂਮਵਾਲੀ 'ਚ ਅਕਾਲੀ ਦਲ ਦੀ ਸੀਨੀਅਰ ਮੀਤ ਪ੍ਰਧਾਨਗੀ ਤੋਂ ਅਸਤੀਫਾ ਦੇਣ ਵਾਲੇ ਸਰਬਜੀਤ ਸਿੰਘ ਡੂਮਵਾਲੀ ਦੇ ਘਰ ਵੀ ਢੀਂਡਸਾ ਗਏ ਪਰ ਡੂਮਵਾਲੀ ਨੇ ਖੁੱਲ੍ਹੇ ਮਨ ਨਾਲ ਢੀਂਡਸਾ ਦੇ ਨਾਲ ਚੱਲਣ ਦਾ ਐਲਾਨ ਨਹੀਂ ਕੀਤਾ। ਸੰਸਦ ਮੈਂਬਰ ਢੀਂਡਸਾ ਵੱਲੋਂ ਵੱਖ ਸਿਆਸੀ ਰਾਹ ਫੜਨ ਮਗਰੋਂ ਬਠਿੰਡਾ ਹਲਕੇ ਦੀ ਉਨ੍ਹਾਂ ਦੀ ਇਹ ਪਹਿਲੀ ਫੇਰੀ ਸੀ। ਜਦ ਵੱਡੇ ਢੀਂਡਸਾ ਨੇ ਆਪਣੇ ਦੌਰੇ ਤੋਂ ਪਹਿਲਾਂ ਤਖਤ ਸ੍ਰੀ ਦਮਦਮਾ ਸਾਹਿਬ ਮੱਥਾ ਟੇਕਿਆ ਤਾਂ ਸ਼੍ਰੋਮਣੀ ਕਮੇਟੀ ਨੇ ਪੂਰੀ ਤਰ੍ਹਾਂ ਉਨ੍ਹਾਂ ਤੋਂ ਦੂਰੀ ਬਣਾਈ। ਉਨ੍ਹਾਂ ਨੂੰ ਸਿਰੋਪਾਉ ਨਹੀਂ ਦਿੱਤਾ ਗਿਆ। ਨਾਰਾਜ਼ ਢੀਂਡਸਾ ਨੇ ਕਿਹਾ 'ਤਖਤ ਸਭਨਾਂ ਦਾ ਸਾਂਝਾ ਹੈ ਤੇ ਇਹ (ਬਾਦਲ) ਹਲਕੀਆਂ ਗੱਲਾਂ 'ਤੇ ਉਤਰ ਆਏ ਹਨ।'



ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੂਹੀਏ ਵੱਡੇ ਢੀਂਡਸਾ ਦੀ ਪੈੜ ਨੱਪਦੇ ਰਹੇ। ਯੂਥ ਅਕਾਲੀ ਦਲ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਭੋਲਾ ਸਿੰਘ ਗਿੱਲਪੱਤੀ ਦੀ ਰਿਹਾਇਸ਼ ਉਤੇ ਗਿੱਲਪੱਤੀ ਸਮੇਤ ਕਈ ਆਗੂਆਂ ਨੇ ਢੀਂਡਸਾ ਦਾ ਪੱਲਾ ਫੜਿਆ। ਢੀਂਡਸਾ ਨੇ ਇਸ ਮੌਕੇ ਕਿਹਾ ਕਿ ਕਾਂਗਰਸ ਤੇ ਬਾਦਲਾਂ ਤੋਂ ਬਿਨਾਂ ਕਿਸੇ ਨਾਲ ਵੀ ਚੋਣ ਸਮਝੌਤਾ ਸੰਭਵ ਹੈ ਪਰ ਇਸ ਬਾਰੇ ਹਾਲੇ ਕੋਈ ਗੱਲਬਾਤ ਨਹੀਂ ਹੋਈ। ਉਨ੍ਹਾਂ ਦਾ ਧਿਆਨ ਫਿਲਹਾਲ ਸ਼੍ਰੋਮਣੀ ਕਮੇਟੀ ਚੋਣਾਂ ਉਤੇ ਹੈ ਅਤੇ ਕੇਂਦਰ ਸਰਕਾਰ ਨੂੰ ਇਹ ਚੋਣ ਸਮੇਂ ਸਿਰ ਕਰਵਾਉਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਚੋਣਾਂ ਵਿਚ ਅਕਾਲੀ ਦਲ (1920) ਅਤੇ ਸ੍ਰੀ ਫੂਲਕਾ ਤੋਂ ਇਲਾਵਾ ਭਾਈ ਰਣਜੀਤ ਸਿੰਘ ਨੇ ਸਹਿਯੋਗ ਦੇਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ 'ਤਾਨਾਸ਼ਾਹ' ਬਣਿਆ ਬੈਠਾ ਹੈ ਅਤੇ ਘਰ ਬੈਠ ਕੇ ਹੀ ਫੈਸਲੇ ਲਏ ਜਾ ਰਹੇ ਹਨ, ਪਰ ਲੋਕਾਂ ਦੇ ਹੜ੍ਹ ਅੱਗੇ ਹੰਕਾਰ ਨੂੰ ਮਾਰ ਪੈਣੀ ਹੀ ਹੈ। ਸੁਖਦੇਵ ਢੀਂਡਸਾ ਨੇ ਕਿਹਾ ਕਿ ਉਨ੍ਹਾਂ ਪਾਰਟੀ ਖਾਤਰ ਜੇਲ੍ਹਾਂ ਕੱਟੀਆਂ ਹਨ ਤੇ ਕੁਰਬਾਨੀਆਂ ਕੀਤੀਆਂ ਹਨ, ਇਸੇ ਲਈ ਮਾਣ ਸਤਿਕਾਰ ਮਿਲਿਆ ਹੈ। ਢੀਂਡਸਾ ਨੇ ਕਿਹਾ ਕਿ ਸੁਖਬੀਰ ਬਾਦਲ ਦੀ ਅਗਵਾਈ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ-ਮਰਿਆਦਾ ਨੂੰ ਢਾਹ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਪੈਸਾ ਨਿੱਜੀ ਹਿੱਤਾਂ ਲਈ ਰੋੜ੍ਹਿਆ ਜਾ ਰਿਹਾ ਹੈ, ਜਿਸ ਦੀ ਜਾਂਚ ਨਵੀਂ ਬਣਨ ਵਾਲੀ ਸ਼੍ਰੋਮਣੀ ਕਮੇਟੀ ਕਰੇਗੀ। ਉਨ੍ਹਾਂ ਇਸ਼ਾਰਾ ਕੀਤਾ ਕਿ ਆਉਂਦੇ ਦਿਨਾਂ ਵਿਚ ਅਕਾਲੀ ਦਲ (ਬਾਦਲ) ਦੇ ਕਈ ਹੋਰ ਆਗੂ ਵੀ ਉਨ੍ਹਾਂ ਨਾਲ ਜੁੜ ਰਹੇ ਹਨ।

ਦੋ ਵਾਰ ਸੰਸਦ ਮੈਂਬਰ ਰਹੇ ਬੀਬੀ ਪਰਮਜੀਤ ਕੌਰ ਗੁਲਸ਼ਨ ਨੇ ਢੀਂਡਸਾ ਦਾ ਸਾਥ ਦੇਣ ਦਾ ਐਲਾਨ ਕਰਦਿਆਂ ਦੋਸ਼ ਲਾਇਆ ਕਿ ਅਕਾਲੀ ਦਲ (ਬਾਦਲ) ਨੂੰ ਹੁਣ 'ਨੌਕਰ' ਚਲਾ ਰਹੇ ਹਨ ਜਦਕਿ ਚੁਣੇ ਨੁਮਾਇੰਦਿਆਂ ਦੀ ਕੋਈ ਵੁੱਕਤ ਨਹੀਂ ਹੈ। ਉਨ੍ਹਾਂ ਕਿਹਾ ਕਿ ਗੁਰੂ ਦੀ ਗੋਲਕ ਨੂੰ ਹੁਣ ਵਪਾਰ ਲਈ ਵਰਤਿਆ ਜਾ ਰਿਹਾ ਹੈ। ਜ਼ਿਲ੍ਹਾ ਪ੍ਰੀਸ਼ਦ ਦੀ ਸਾਬਕਾ ਚੇਅਰਮੈਨ ਰਾਜਵਿੰਦਰ ਕੌਰ, ਇਸਤਰੀ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਕੌਰ, ਸਰਕਲ ਪ੍ਰਧਾਨ ਪਰਮਜੀਤ ਕੌਰ, ਐਸਈ ਵਿੰਗ ਦੇ ਜ਼ਿਲ੍ਹਾ ਕੋਆਰਡੀਨੇਟਰ ਅੰਗਰੇਜ਼ ਸਿੰਘ ਨੇ ਵੀ ਢੀਂਡਸਾ ਨਾਲ ਚੱਲਣ ਦਾ ਐਲਾਨ ਕੀਤਾ।

### 'ਢੀਂਡਸਾ ਪਰਿਵਾਰ ਸ਼੍ਰੋਮਣੀ ਕਮੇਟੀ ਚੋਣ ਨਹੀਂ ਲੜੇਗਾ'

**ਲਹਿਰਾਗਾਗਾ:** ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਉਹ ਤੇ ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਢੀਂਡਸਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਾ ਖੁਦ ਚੋਣ ਲੜਨਗੇ ਅਤੇ ਨਾ ਹੀ ਪ੍ਰਧਾਨ ਬਣਾਉਣ 'ਚ ਕੋਈ ਰੋਲ ਨਿਭਾਉਣਗੇ। ਇਲਾਕੇ ਵਿਚ ਗੜੇਮਾਰੀ ਦੇ ਸ਼ਿਕਾਰ ਪਿੰਡਾਂ ਦਾ ਦੌਰਾ ਕਰਨ ਮਗਰੋਂ ਉਨ੍ਹਾਂ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ 'ਚ ਸਾਫ ਸੁਥਰੀ ਦਿੱਖ ਤੇ ਨਿਸ਼ਕਾਮ ਸੇਵਾ ਕਰਨ ਵਾਲੇ ਮੈਂਬਰਾਂ ਨੂੰ ਅੱਗੇ ਲੈ ਕੇ ਆਉਣ ਲਈ ਯਤਨਸ਼ੀਲ ਹਨ ਜਿਸ ਲਈ ਹਮਖਿਆਲੀ ਪਾਰਟੀਆਂ ਨਾਲ ਰਾਬਤਾ ਕਾਇਮ ਕਰਕੇ ਸਾਂਝਾ ਏਜੰਡਾ ਬਣਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਅਗਲਾ ਨਿਸ਼ਾਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਨੂੰ ਸੁਚਾਰੂ ਬਣਾਉਣਾ ਹੈ। ਉਨ੍ਹਾਂ ਕੈਪਟਨ ਅਤੇ ਬਾਦਲਾਂ ਉਤੇ ਗਿਣੀ ਮਿਥੀ ਸਾਜ਼ਿਸ਼ ਕਰਕੇ ਬੇਅਦਬੀ ਦੀ ਜਾਂਚ ਲਈ ਅਸਲ ਦੋਸ਼ੀਆਂ ਦੀ ਸ਼ਨਾਖਤ ਨਾ ਕਰਨ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਬਹਾਨੇਬਾਜ਼ੀ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ।

# ਬੇਅਦਬੀ ਕਾਂਡ: ਸੀ.ਬੀ.ਆਈ. ਪਟੀਸ਼ਨ ਪਿੱਛੋਂ ਸਿਆਸਤ ਮੁੜ ਭਖੀ

**ਚੰਡੀਗੜ੍ਹ:** ਬਰਗਾੜੀ ਬੇਅਦਬੀ ਕੇਸ ਵਿਚ ਸੀ.ਬੀ.ਆਈ. ਵੱਲੋਂ ਨਜ਼ਰਸਾਨੀ ਪਟੀਸ਼ਨ ਦਾਇਰ ਕਰਨ ਪਿੱਛੋਂ ਸਿਆਸੀ ਧਿਰਾਂ ਨੇ ਇਕ-ਦੂਜੇ ਨੂੰ ਘੇਰਦੇ ਹੋਏ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਜਾਂਚ ਏਜੰਸੀ ਉਤੇ ਕੇਂਦਰ ਸਰਕਾਰ ਵਿਚ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਇਸ਼ਾਰੇ ਉਤੇ ਨਿਆਂ ਦੇ ਰਾਹ ਵਿਚ ਅੜਿੱਕੇ ਡਾਹੁਣ ਦੀਆਂ ਕੋਸ਼ਿਸ਼ਾਂ ਦੇ ਦੋਸ਼ ਲਾਏ ਹਨ।

ਮੁੱਖ ਮੰਤਰੀ ਨੇ ਪਟੀਸ਼ਨ ਦਾਇਰ ਕਰਨ ਦੇ ਕਦਮ ਨੂੰ ਕੇਸ ਲਟਕਾਉਣ ਦੀ ਚਾਲ ਦੱਸਿਆ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਅਗਸਤ, 2018 ਵਿਚ ਵਿਧਾਨ ਸਭਾ ਵਿਚ ਇਕ ਮਤੇ ਰਾਹੀਂ ਇਸ ਕੇਸ ਦੀ ਜਾਂਚ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੂੰ ਸੌਂਪਣ ਦਾ ਫੈਸਲਾ ਕੀਤਾ ਸੀ। ਨਿਆਂ ਪ੍ਰਣਾਲੀ ਵਿਚ ਭਰੋਸਾ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਅਦਾਲਤਾਂ ਹਰ ਹਾਲ ਵਿਚ ਇਸ ਕੇਸ 'ਚ ਕਾਨੂੰਨ ਨੂੰ ਕਾਇਮ ਰੱਖਣਗੀਆਂ ਅਤੇ ਪੀੜਤਾਂ ਨੂੰ ਇਨਸਾਫ ਦੇਣਗੀਆਂ।

ਸੀ.ਬੀ.ਆਈ. ਨੇ 20 ਫਰਵਰੀ ਨੂੰ ਆਏ ਸੁਪਰੀਮ ਕੋਰਟ ਦੇ ਫੈਸਲੇ 'ਤੇ ਨਜ਼ਰਸਾਨੀ ਪਟੀਸ਼ਨ ਦਾਇਰ ਕਰਨ ਬਾਰੇ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਸਪੈਸ਼ਲ ਜੁਡੀਸ਼ਲ ਮੈਜਿਸਟਰੇਟ



ਨੂੰ ਇਤਲਾਹ ਦਿੱਤੀ ਹੈ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਸੀ.ਬੀ.ਆਈ. ਦੀ ਸਪੈਸ਼ਲ ਲੀਵ ਪਟੀਸ਼ਨ ਨੂੰ ਦੇਰੀ ਦੇ ਆਧਾਰ 'ਤੇ ਰੱਦ ਕਰ ਦਿੱਤਾ ਸੀ ਜਦਕਿ ਕਾਨੂੰਨ ਦਾ ਸਵਾਲ ਖੁੱਲ੍ਹਾ ਛੱਡ ਦਿੱਤਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਨਜ਼ਰਸਾਨੀ ਪਟੀਸ਼ਨ ਦਾਇਰ ਕਰਨ ਬਾਰੇ ਸੀ.ਬੀ.ਆਈ. ਦਾ ਫੈਸਲਾ ਨਾ ਸਿਰਫ ਜਾਂਚ ਲਟਕਾਉਣ ਦੀ ਕੋਝੀ ਕੋਸ਼ਿਸ਼ ਹੈ ਸਗੋਂ ਇਸ ਵਿਚ ਅਕਾਲੀਆਂ ਦੀ ਸ਼ਮੂਲੀਅਤ ਦੀ ਸਪੱਸ਼ਟ ਪੁਸ਼ਟੀ ਹੋਈ ਹੈ।

ਇਸ ਮਾਮਲੇ ਵਿਚ ਅਕਾਲੀ-ਭਾਜਪਾ ਸਰਕਾਰ ਵੱਲੋਂ ਨਵੰਬਰ, 2015 'ਚ ਤਿੰਨ ਕੇਸ ਸੀ.ਬੀ.ਆਈ. ਨੂੰ ਸੌਂਪੇ ਗਏ ਸਨ ਪਰ ਉਹ ਕੇਸ ਨੂੰ ਤਣ-ਪੱਤਣ ਲਾਉਣ ਵਿਚ ਨਾਕਾਮ ਰਹੀ। ਕੈਪਟਨ ਨੇ ਕਿਹਾ ਕਿ ਸੀ.ਬੀ.ਆਈ. ਵੱਲੋਂ ਸਭ ਤੋਂ ਪਹਿਲਾਂ ਕਲੋਜ਼ਰ ਰਿਪੋਰਟ ਦਾਇਰ ਕਰਨੀ, ਫਿਰ ਸੂਬਾ ਸਰਕਾਰ ਨੂੰ ਇਸ ਦੀ ਕਾਪੀ ਦੇਣ ਤੋਂ ਇਨਕਾਰ ਕਰਨਾ ਅਤੇ ਉਸ ਤੋਂ ਦੋ ਮਹੀਨਿਆਂ ਬਾਅਦ ਯੂ-ਟਰਨ ਲੈਣ ਦਾ ਡਰਾਮਾ ਅਕਾਲੀਆਂ ਦੇ ਕਹਿਣ ਉਤੇ ਰਚਿਆ ਗਿਆ ਹੈ ਜੋ ਇਸ ਮਾਮਲੇ ਵਿਚ ਸੱਚ ਨੂੰ ਬਾਹਰ ਨਹੀਂ ਆਉਣ ਦੇਣਾ ਚਾਹੁੰਦੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿਧਾਨ ਸਭਾ ਵਿਚ ਸੀ.ਬੀ.ਆਈ. ਤੋਂ ਜਾਂਚ ਵਾਪਸ ਲੈਣ ਦਾ ਮਤਾ ਪਾਸ ਕਰਨ, ਡੀਨੋਟੀਫਾਈ ਕਰਕੇ ਸਮੁੱਚੇ ਕੇਸ ਦੀ ਫਾਈਲ ਵਾਪਸ ਮੋੜਨ ਅਤੇ ਪੰਜਾਬ ਤੇ ਹਰਿਆਣਾ ਹੋਈ ਕੋਰਟ ਵੱਲੋਂ ਸਰਕਾਰ ਦੀ ਕਾਰਵਾਈ ਨੂੰ ਜਾਇਜ਼ ਠਹਿਰਾਉਣ ਖਿਲਾਫ ਸੀ.ਬੀ.ਆਈ. ਨੇ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ (ਐਸ.ਐਲ.ਪੀ.) ਦਾਇਰ ਕੀਤੀ ਸੀ ਜਿਸ ਨੂੰ ਸੁਪਰੀਮ ਕੋਰਟ ਨੇ ਵੱਖ-ਵੱਖ ਕਾਨੂੰਨੀ ਨੁਕਤਿਆਂ ਤੋਂ ਵਾਚਦਿਆਂ ਮੁੱਢੋਂ ਰੱਦ ਕਰ ਦਿੱਤਾ ਸੀ। ਸੀ.ਬੀ.ਆਈ. ਨੇ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਨਾ ਤਾਂ ਆਪਣੀ ਜਾਂਚ ਬੰਦ ਕੀਤੀ ਅਤੇ ਨਾ ਹੀ ਸਮੁੱਚੇ ਕੇਸ ਦੀ ਫਾਈਲ ਸਰਕਾਰ, ਪੰਜਾਬ ਪੁਲਿਸ ਨੂੰ ਵਾਪਸ ਮੋੜੀ ਸੀ ਸਗੋਂ ਇਸ ਦੇ ਉਲਟ ਜਾ ਕੇ ਕਲੋਜ਼ਰ ਰਿਪੋਰਟ ਦਾਇਰ ਕਰ ਕੇ ਕੇਸ ਖਤਮ ਕਰਨ ਦੀ ਅਪੀਲ ਕਰ ਦਿੱਤੀ। ਸੀ.ਬੀ.ਆਈ. ਦਾ ਕਹਿਣਾ ਹੈ ਕਿ ਜਿਹੜੇ ਕੇਸ ਦੀ ਜਾਂਚ ਉਸ ਨੂੰ ਸੌਂਪੀ ਜਾਂਦੀ ਹੈ, ਉਹ ਵਾਪਸ ਨਹੀਂ ਲਈ ਜਾ ਸਕਦੀ ਹੈ।

### ਪੀੜਤ ਪਰਿਵਾਰ ਵਲੋਂ ਜਾਂਚ ਉਲਝਾਉਣ ਦਾ ਦੋਸ਼

ਬੇਅਦਬੀ ਸਬੰਧੀ ਥਾਣਾ ਬਾਜਾਖਾਨਾ ਵਿਚ ਵੱਖੋ ਵੱਖਰੇ ਕੇਸ ਦਰਜ ਕਰਵਾਉਣ ਵਾਲੇ ਸ਼ਿਕਾਇਤਕਰਤਾਵਾਂ ਦੇ ਵਕੀਲ ਗਗਨਪਰਦੀਪ ਸਿੰਘ ਬੱਲ ਨੇ ਕਿਹਾ ਕਿ ਸੀ.ਬੀ.ਆਈ. ਜਾਣਬੁਝ ਕੇ ਇਸ ਮਹੱਤਵਪੂਰਨ ਕੇਸ ਨੂੰ ਲਟਕਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਕਿਸੇ ਤਣ ਪੱਤਣ ਲੱਗਣ ਵਿਚ ਪਹਿਲਾਂ ਹੀ ਬਹੁਤ ਦੇਰੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਨੇ ਹਾਈ ਕੋਰਟ ਦੇ ਹੁਕਮ ਨਾ ਮੰਨਦਿਆਂ ਪਹਿਲਾਂ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ। ਫਿਰ ਅਚਾਨਕ ਯੂ ਟਰਨ ਲੈਂਦਿਆਂ ਨਵੇਂ ਸਿਰਿਉਂ ਤੋਂ ਮਾਮਲੇ ਦੀ ਜਾਂਚ ਕਰਨ ਦੀ ਅਪੀਲ ਕਰ ਦਿੱਤੀ। ਇਸ ਕਾਰਨ ਇਹ ਮਾਮਲਾ ਅਦਾਲਤ ਦੀਆਂ ਘੁੰਮਣ-ਘੇਰੀਆਂ ਵਿਚ ਉਲਝ ਕੇ ਰਹਿ ਗਿਆ ਹੈ।

### ਕੈਪਟਨ ਮੰਤਰੀਆਂ ਦੇ ਗੁਨਾਹ ਛੁਪਾ ਰਿਹੈ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਾਏ ਇਨ੍ਹਾਂ ਦੋਸ਼ਾਂ ਨੂੰ ਕੋਰਾ ਝੂਠ ਕਰਾਰ ਦਿੱਤਾ ਹੈ ਕਿ ਅਕਾਲੀ ਦਲ ਸੀ.ਬੀ.ਆਈ. ਉਤੇ ਪ੍ਰਭਾਵ ਪਾ ਕੇ ਇਨਸਾਫ ਦੇ ਰਾਹ 'ਚ ਅੜਿੱਕੇ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ 'ਚ ਕੈਪਟਨ ਨੇ ਇਸ ਮੁੱਦੇ ਉਤੇ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਨਾਲ ਗੱਲ ਕਰਨੀ ਵੀ ਜ਼ਰੂਰੀ ਨਹੀਂ ਸਮਝੀ। ਉਨ੍ਹਾਂ ਕਿਹਾ ਕਿ ਹੁਣ ਵੀ ਮੁੱਖ ਮੰਤਰੀ ਕਾਂਗਰਸੀ ਮੰਤਰੀਆਂ ਉਤੇ ਬਹਿਬਲ ਕਲਾਂ ਪੁਲਿਸ ਗੋਲੀਬਾਰੀ ਕੇਸ ਨਾਲ ਸਬੰਧਤ ਪੁਲਿਸ ਕਰਮੀਆਂ ਨੂੰ ਬਚਾਉਣ ਦੇ ਦੋਸ਼ ਲੱਗਣ ਮਗਰੋਂ ਆਪਣੀਆਂ ਨਾਕਾਮੀਆਂ ਤੋਂ ਧਿਆਨ ਲਾਂਭੇ ਕਰਨ ਲਈ ਅਜਿਹੇ ਹੱਥਕੰਡੇ ਇਸਤੇਮਾਲ ਕਰ ਰਿਹਾ ਹੈ।

# ਮਹਿੰਗੀ ਬਿਜਲੀ: ਲੋਕ ਇਨਸਾਫ ਪਾਰਟੀ ਘੋਲ ਵਿੱਢੇਗੀ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਵਲੋਂ ਬਿਜਲੀ ਦੇ ਰੇਟਾਂ ਵਿਚ ਕੀਤੇ ਗਏ ਵਾਧੇ ਖਿਲਾਫ ਅਤੇ ਗਰੀਬਾਂ ਨੂੰ ਸਸਤੀ ਬਿਜਲੀ ਦਿਵਾਉਣ ਲਈ ਜਲਦੀ ਹੀ ਸੰਘਰਸ਼ ਵਿੱਢਿਆ ਜਾਵੇਗਾ। ਜੇਕਰ ਸਰਕਾਰ ਨੇ ਸਸਤੀ ਬਿਜਲੀ ਨਾ ਦਿੱਤੀ ਤਾਂ ਲੋਕ ਇਨਸਾਫ ਪਾਰਟੀ ਜੇਲ੍ਹ ਭਰੋ ਅੰਦੋਲਨ ਚਲਾਏਗੀ। ਇਹ ਐਲਾਨ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਪਾਰਟੀ ਦੇ ਸਰਪ੍ਰਸਤ ਜਥੇਦਾਰ ਬਲਵਿੰਦਰ ਸਿੰਘ ਬੈਂਸ ਦੀ ਅਗਵਾਈ ਵਿਚ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ।

ਵਿਧਾਇਕ ਬੈਂਸ ਨੇ ਦੱਸਿਆ ਕਿ ਮੌਜੂਦਾ ਸਰਕਾਰ ਨੇ ਵਿਧਾਨ ਸਭਾ ਚੋਣਾਂ ਦੌਰਾਨ ਗਰੀਬਾਂ ਨੂੰ ਸਸਤੀ ਬਿਜਲੀ ਦੇਣ ਅਤੇ ਸਨਅਤਕਾਰਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਦਾ ਵਾਅਦਾ ਕੀਤਾ ਸੀ ਪਰ ਤਿੰਨ ਸਾਲ ਦਾ ਸਮਾਂ ਲੰਘ ਜਾਣ ਤੋਂ ਬਾਅਦ ਵੀ ਸਰਕਾਰ ਦਾ ਵਾਅਦਾ ਵਫਾ ਨਾ ਹੋਇਆ।

ਉਨ੍ਹਾਂ ਕਿਹਾ ਕਿ ਲੁਧਿਆਣਾ ਸਨਅਤਕਾਰਾਂ ਦਾ ਗੜ੍ਹ ਹੈ ਅਤੇ ਸਨਅਤਕਾਰਾਂ ਨੂੰ ਸਸਤੀ ਬਿਜਲੀ ਦੇਣ ਦਾ ਵਾਅਦਾ ਖੁਦ ਮੁੱਖ ਮੰਤਰੀ ਕੈਪਟਨ



ਅਮਰਿੰਦਰ ਸਿੰਘ ਨੇ ਕੀਤਾ ਸੀ ਪਰ ਸਨਅਤਾਂ ਨੂੰ ਬਿਜਲੀ ਸਸਤੀ ਦੇਣ ਦੀ ਥਾਂ ਹੋਰ ਮਹਿੰਗੀ ਕਰ ਦਿੱਤੀ ਗਈ ਹੈ ਜਦੋਂਕਿ ਹੋਰਨਾਂ ਸੂਬਿਆਂ ਵਿੱਚ ਬਿਜਲੀ ਦੇ ਰੇਟ ਕਾਫੀ ਘੱਟ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਕੁੰਭਕਰਨੀ ਨੀਂਦ ਸੁੱਤੇ ਪਏ ਹਨ ਤੇ ਉਨ੍ਹਾਂ ਨੂੰ ਸਨਅਤਕਾਰਾਂ ਦੇ ਨਾਲ ਨਾਲ ਆਮ ਲੋਕਾਂ ਦੀ ਕੋਈ ਪਰਵਾਹ ਹੀ ਨਹੀਂ ਹੈ। ਕੋਰ ਕਮੇਟੀ ਦੀ ਮੀਟਿੰਗ ਵਿਚ ਫੈਸਲਾ ਲਿਆ ਗਿਆ ਹੈ ਕਿ ਜੇਕਰ ਸਰਕਾਰ ਨੇ ਸਸਤੀ ਬਿਜਲੀ ਨਾ ਦਿੱਤੀ ਤਾਂ ਲੋਕ ਇਨਸਾਫ ਪਾਰਟੀ ਸਨਅਤਕਾਰਾਂ ਅਤੇ ਸ਼ਹਿਰੀਆਂ ਸਮੇਤ ਸੰਘਰਸ਼ ਵਿੱਢੇਗੀ ਅਤੇ ਜੇਕਰ ਲੋੜ ਪਈ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਠੀ ਦਾ ਘਿਰਾਓ ਕਰਨ ਦੇ ਨਾਲ ਨਾਲ ਜੇਲ੍ਹ ਭਰੋ ਅੰਦੋਲਨ ਵੀ ਸ਼ੁਰੂ ਕੀਤਾ ਜਾਏਗਾ।

## *ਮਾਣਹਾਨੀ ਕੇਸ 'ਚ ਸੁਖਬੀਰ ਬਾਦਲ ਨੂੰ ਸੰਮਨ*

**ਚੰਡੀਗੜ੍ਹ:** ਅਖੰਡ ਕੀਰਤਨ ਜਥੇ ਨੂੰ ਬੱਬਰ ਖਾਲਸਾ ਦਾ ਸਿਆਸੀ ਚਿਹਰਾ ਦੱਸਣ ਸਬੰਧੀ ਦਾਇਰ ਕੀਤੀ ਮਾਣਹਾਨੀ ਕੇਸ ਦੀ ਅਰਜ਼ੀ ਉਤੇ ਸੁਣਵਾਈ ਕਰਦਿਆਂ ਜ਼ਿਲ੍ਹਾ ਅਦਾਲਤ ਨੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸੰਮਨ ਜਾਰੀ ਕੀਤਾ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 18 ਮਾਰਚ ਲਈ ਪਾ ਦਿੱਤੀ ਹੈ।

ਮੁਹਾਲੀ ਵਾਸੀ ਰਾਜਿੰਦਰਪਾਲ ਸਿੰਘ ਦਾ ਕਹਿਣਾ ਸੀ ਕਿ ਅਖੰਡ ਕੀਰਤਨ ਜਥਾ ਇਕ ਧਾਰਮਿਕ ਜਥਾ ਹੈ, ਜਿਸ ਦਾ ਵਿਸ਼ਵ ਪੱਧਰ ਉਤੇ ਨਾਮ ਹੈ। ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦੇ ਜਥੇ ਬਾਰੇ ਜੋ ਕਿਹਾ ਹੈ, ਉਸ ਨਾਲ ਉਨ੍ਹਾਂ ਦਾ ਅਕਸ ਖਰਾਬ ਹੋਇਆ ਹੈ। ਰਾਜਿੰਦਰਪਾਲ ਨੇ ਅਦਾਲਤ ਨੂੰ ਦੱਸਿਆ ਕਿ 4 ਜਨਵਰੀ 2017 ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਉਨ੍ਹਾਂ ਦੇ ਘਰ ਮਿਲਣ ਆਏ ਸਨ, ਜਿਸ ਬਾਰੇ ਅਖਬਾਰਾਂ 'ਚ ਖਬਰਾਂ ਵੀ ਛਪੀਆਂ ਸਨ। ਜਿਸ ਤੋਂ ਬਾਅਦ ਇਕ ਅਖਬਾਰ ਰਾਹੀਂ ਸੁਖਬੀਰ ਬਾਦਲ ਨੇ ਉਨ੍ਹਾਂ ਦੇ ਜਥੇ ਬਾਰੇ ਬਿਆਨ ਦਿੱਤਾ ਸੀ।

# *ਸਿਆਸੀ ਆਗੂ ਤੋਂ ਦੁਖੀ ਪਰਿਵਾਰ ਨੇ ਜੱਜ ਕੋਲੋਂ ਖੁਦਕੁਸ਼ੀ ਦੀ ਆਗਿਆ ਮੰਗੀ*

**ਕਾਹਨੂੰਵਾਨ:** ਪਿੰਡ ਭਿੱਟੇਵੱਡ ਦੇ ਇਕ ਪਰਿਵਾਰ ਨੇ ਪੁਲਿਸ ਵੱਲੋਂ ਰਾਜਨੀਤਕ ਆਗੂ ਦੀ ਸ਼ਹਿ 'ਤੇ ਪ੍ਰੇਸ਼ਾਨ ਕਰਨ ਅਤੇ ਝੂਠੇ ਮਾਮਲੇ ਦਰਜ ਕਰਨ ਤੋਂ ਦੁਖੀ ਹੋ ਕੇ ਪਰਿਵਾਰ ਸਣੇ ਜ਼ਿਲ੍ਹਾ ਸੈਸ਼ਨ ਜੱਜ ਤੋਂ ਆਤਮ ਹੱਤਿਆ ਦੀ ਇਜਾਜ਼ਤ ਮੰਗੀ ਹੈ। ਅਮਰੀਕ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਭਿੱਟੇਵੱਡ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਅਤੇ ਭਰਾ ਰਾਜਿੰਦਰ ਸਿੰਘ ਦੇ ਪਰਿਵਾਰ ਸਣੇ ਪਿੰਡ ਵਿਚ ਰਹਿ ਰਿਹਾ ਹੈ। ਉਹ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਸਨ ਪਰ ਕੈਪਟਨ ਦੀ ਸਰਕਾਰ ਬਣਨ ਪਿੱਛੋਂ ਪਿੰਡ ਦੇ ਇਕ ਕਾਂਗਰਸੀ ਆਗੂ ਮਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵੱਲੋਂ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਾਲ 2017 ਦੀਆਂ ਚੋਣਾਂ ਵੇਲੇ ਉਸ ਦਾ ਭਰਾ ਸਵਰਨ ਸਿੰਘ ਸਲਾਰੀਆ ਦਾ ਪੋਲਿੰਗ ਏਜੰਟ ਬਣਿਆ ਤਾਂ ਰੰਜਿਸ਼ ਸ਼ੁਰੂ ਹੋਈ। ਇਸ ਪਿੱਛੋਂ ਮਨਜੀਤ ਸਿੰਘ ਅਤੇ ਉਸ ਦੇ ਕਾਂਗਰਸੀ ਸਾਥੀਆਂ ਨੇ ਉਸ ਦੇ ਭਰਾ ਰਾਜਿੰਦਰ 'ਤੇ ਕਾਤਲਾਨਾ ਹਮਲਾ ਕਰ ਦਿੱਤਾ ਜਿਸ 'ਚ ਰਾਜਿੰਦਰ ਸਿੰਘ ਨੂੰ ਗੰਭੀਰ ਸੱਟਾਂ ਲੱਗੀਆਂ ਪਰ ਥਾਣਾ ਕਾਹਨੂੰਵਾਨ ਦੀ ਪੁਲਿਸ ਨੇ ਉਨ੍ਹਾਂ ਦੀ ਕੋਈ ਫਰਿਆਦ ਨਾ ਸੁਣੀ ਤੇ ਉਨ੍ਹਾਂ ਨੂੰ ਅਦਾਲਤ ਦਾ ਸਹਾਰਾ ਲੈਣਾ ਪਿਆ। ਹੁਣ ਫਿਰ ਕਾਹਨੂੰਵਾਨ ਦੀ ਪੁਲਿਸ ਵੱਲੋਂ ਮਨਜੀਤ ਸਿੰਘ ਦੀ ਸ਼ਹਿ ਉਤੇ ਉਨ੍ਹਾਂ ਦੋਵਾਂ ਭਰਾਵਾਂ 'ਤੇ 326 ਅਤੇ ਹੋਰ ਸੰਗੀਨ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਹਨ ਜੋ ਡਾਕਟਰਾਂ ਦੇ ਪੈਨਲ ਦੀ ਪੜਤਾਲ ਪਿੱਛੋਂ ਖਾਰਜ ਹੋ ਚੁੱਕਾ ਹੈ। ਇਸ ਮਾਮਲੇ ਵਿਚ ਅਮਰੀਕ ਸਿੰਘ ਦੀ ਜ਼ਮਾਨਤ ਹੋ ਚੁੱਕੀ ਹੈ ਅਤੇ ਉਸ ਦੇ ਭਰਾ ਰਾਜਿੰਦਰ ਸਿੰਘ ਦੀ ਜ਼ਮਾਨਤ ਅਜੇ ਹੋਣੀ ਬਾਕੀ ਹੈ।

ਉਸ ਨੇ ਦੱਸਿਆ ਕਿ ਜਦੋਂ ਉਹ ਪਿੰਡ ਵੜੈਚ ਵਿਚ ਆਪਣੇ ਸਾਥੀਆਂ ਸਮੇਤ ਕੰਮ ਕਰ ਰਿਹਾ ਸੀ ਤਾਂ ਥਾਣਾ ਕਾਹਨੂੰਵਾਨ ਦੇ ਐਸ.ਐਚ.ਓ. ਸੁਰਿੰਦਰਪਾਲ ਸਿੰਘ ਨੇ ਉਸ ਨਾਲ ਗਾਲੀ ਗਲੋਚ ਕੀਤਾ ਅਤੇ ਉਸ ਨਾਲ ਕੁੱਟਮਾਰ ਵੀ ਕੀਤੀ ਅਤੇ ਰਾਜਿੰਦਰ ਸਿੰਘ ਨੂੰ ਗ੍ਰਿਫਤਾਰ ਕਰਵਾਉਣ ਲਈ ਜਬਰੀ ਜ਼ੋਰ ਪਾਇਆ। ਉਸ ਨੇ ਦੱਸਿਆ ਕਿ ਉਹ ਕਾਂਗਰਸੀ ਆਗੂ ਮਨਜੀਤ ਸਿੰਘ ਅਤੇ ਪੁਲਿਸ ਥਾਣਾ ਕਾਹਨੂੰਵਾਨ ਦੀਆਂ ਵਧੀਕੀਆਂ ਤੋਂ ਤੰਗ ਆ ਚੁੱਕਾ ਹੈ। ਇਸ ਲਈ ਹੁਣ ਤੱਕ ਕੇ ਉਸ ਨੇ ਸੈਸ਼ਨ ਜੱਜ ਗੁਰਦਾਸਪੁਰ ਕੋਲੋਂ ਖੁਦਕੁਸ਼ੀ ਕਰਨ ਦੀ ਲਿਖਤੀ ਇਜਾਜ਼ਤ ਮੰਗੀ ਹੈ।

ਉਧਰ, ਕਾਂਗਰਸੀ ਆਗੂ ਮਨਜੀਤ ਸਿੰਘ ਨੇ ਕਿਹਾ ਕਿ ਉਸ ਦੀ ਅਮਰੀਕ ਸਿੰਘ ਨਾਲ ਕੋਈ ਰੰਜਿਸ਼ ਨਹੀਂ ਹੈ। ਸਾਲ 2017 ਦੀਆਂ ਜ਼ਿਮਨੀ ਚੋਣਾਂ ਵੇਲੇ ਰਾਜਿੰਦਰ ਨੇ ਪਿੰਡ ਦੇ ਕੁਝ ਲੋਕਾਂ ਨਾਲ ਝਗੜਾ ਕੀਤਾ ਸੀ, ਇਸ 'ਚ ਉਸ ਦਾ ਕੋਈ ਲੈਣਾ ਦੇਣਾ ਨਹੀਂ ਹੈ। ਇਹ ਪਰਿਵਾਰ ਬਿਜਲੀ ਚੋਰੀ ਕਰਦਾ ਫੜਿਆ ਗਿਆ ਸੀ ਜਿਸ ਦਾ ਦੋਸ਼ ਵੀ ਉਨ੍ਹਾਂ 'ਤੇ ਲਾਇਆ ਜਾ ਰਿਹਾ ਹੈ। ਹੁਣ ਇਹ ਸਾਰੇ ਦੋਸ਼ ਨਿਰੋਲ ਸਿਆਸੀ ਕਾਰਨਾਂ ਕਰ ਕੇ ਹੀ ਲਾਏ ਜਾ ਰਹੇ ਹਨ।

# 'ਆਪਣਿਆਂ' ਦੇ ਹੀ ਸਵਾਲਾਂ ਨੇ ਲਾਜਵਾਬ ਕੀਤੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਿਰੋਧੀਆਂ ਦੇ ਨਾਲ ਨਾਲ ਆਪਣਿਆਂ ਦੇ ਨਿਸ਼ਾਨੇ ਉਤੇ ਰਹੀ। ਜਲੰਧਰ ਕੈਂਟ ਤੋਂ ਵਿਧਾਇਕ ਪਰਗਟ ਸਿੰਘ ਨੇ ਬਿਜਲੀ ਸਮਝੌਤਿਆਂ ਅਤੇ ਬੇਅਦਬੀ ਕਾਂਡ ਦੇ ਮੁੱਦੇ ਉਤੇ ਸਰਕਾਰ ਨੂੰ ਭੰਡਿਆ ਜਦਕਿ ਗੁਰਦਾਸਪੁਰ ਤੋਂ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਅਫਸਰਸ਼ਾਹੀ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਉਂਦਿਆਂ ਇਥੋਂ ਤੱਕ ਕਿਹਾ ਕਿ ਅਫਸਰਾਂ ਦੇ ਮੂੰਹ ਨੂੰ ਖੂਨ ਲੱਗ ਚੁੱਕਾ ਹੈ।

ਉਨ੍ਹਾਂ ਮੁੱਖ ਸਕੱਤਰ ਅਵਤਾਰ ਸਿੰਘ ਅਤੇ ਐਡਵੋਕੇਟ ਜਨਰਲ ਵੱਲੋਂ ਪੰਜਾਬ ਭਵਨ 'ਚ ਕਿਰਾਏ ਪੱਕੇ ਤੌਰ ਉਤੇ ਰੱਖਣ ਦੇ ਬਦਲੇ ਤਿੰਨ ਸਾਲਾਂ ਦਾ ਕਿਰਾਇਆ ਵਸੂਲਣ ਦੀ ਮੰਗ ਵੀ ਕੀਤੀ ਹੈ। ਕਾਂਗਰਸ ਦੇ ਵਿਧਾਇਕ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਪਰਗਟ ਸਿੰਘ ਨੇ ਬਿਜਲੀ ਸਮਝੌਤਿਆਂ ਦੇ ਮਾਮਲੇ ਉਤੇ ਸਦਨ ਦੀ ਕਮੇਟੀ ਦੇ ਗਠਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਮੇਟੀਆਂ ਬਣਾ ਕੇ ਇਸ ਮਾਮਲੇ ਨੂੰ ਤਣ-ਪੱਤਣ ਲਗਾਏ ਜਾਣ ਦੀ ਉਮੀਦ ਦਿਖਾਈ ਨਹੀਂ ਦੇ ਰਹੀ ਹੈ। ਉਨ੍ਹਾਂ ਮੁੱਖ ਮੰਤਰੀ ਵੱਲੋਂ ਬਿਜਲੀ ਸਮਝੌਤਿਆਂ ਦੇ ਮਾਮਲੇ 'ਤੇ ਸਫੈਦ ਪੱਤਰ ਲਿਆਂਦੇ ਜਾਣ ਉਤੇ ਵੀ ਸਵਾਲ ਖੜ੍ਹੇ ਕੀਤੇ। ਉਨ੍ਹਾਂ ਕਿਹਾ ਕਿ ਬਿਜਲੀ ਖਰੀਦ ਸਮਝੌਤਿਆਂ ਦਾ ਸੇਕ ਲੋਕਾਂ ਨੂੰ ਲੱਗ ਰਿਹਾ ਹੈ। ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਕਈ ਵਿਧਾਇਕਾਂ ਤੇ ਮੰਤਰੀਆਂ ਨੇ ਵੀ ਮੇਜ਼ਾਂ ਥਪਥਪਾ ਕੇ ਉਨ੍ਹਾਂ ਦੀ ਹਮਾਇਤ ਕੀਤੀ।

ਪਰਗਟ ਸਿੰਘ ਨੇ ਬਰਗਾੜੀ ਕਾਂਡ ਦੇ ਦੋਸ਼ੀਆਂ ਖਿਲਾਫ ਪੰਜ ਸਾਲਾਂ ਦੇ ਸਮੇਂ ਅੰਦਰ ਵੀ ਅਦਾਲਤ ਵਿਚ ਦੋਸ਼ ਆਇਦ ਨਾ ਹੋਣ ਨੂੰ ਮੰਦਭਾਗਾ



ਕਰਾਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਬਚਿਬਲ ਕਲਾਂ ਕਾਂਡ ਦੇ ਗਵਾਹ ਸੁਰਜੀਤ ਸਿੰਘ ਦੀ ਮੌਤ ਦਾ ਮਾਮਲਾ ਸਦਨ ਵਿਚ ਉਠਾਉਂਦਿਆਂ ਕਿਹਾ ਕਿ ਮ੍ਰਿਤਕ ਦੀ ਪਤਨੀ ਨੇ ਵਿਧਾਇਕਾਂ ਦੇ ਨਾਮ ਚਿੱਠੀ ਦੇ ਕੇ ਇਨਸਾਫ ਦੀ ਮੰਗ ਕੀਤੀ ਹੈ। ਅਕਾਲੀ ਵਿਧਾਇਕ ਨੇ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਅਤੇ ਮੁੱਖ ਮੰਤਰੀ ਦੇ ਸਲਾਹਕਾਰ ਕੁਸ਼ਲਦੀਪ ਸਿੰਘ ਢਿੱਲੋਂ ਉਤੇ ਦੋਸ਼ ਲਾਉਂਦਿਆਂ ਕਿਹਾ ਕਿ ਪੀੜਤ ਪਰਿਵਾਰ ਮੁਤਾਬਕ ਇਹ ਦੋਵੇਂ ਜਣੇ ਸੁਰਜੀਤ ਸਿੰਘ ਦੀ ਮੌਤ ਲਈ ਜ਼ਿੰਮੇਵਾਰ ਹਨ। 'ਆਪ' ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਕੈਂਸਰ ਪੀੜਤਾਂ ਨੂੰ 500 ਕਰੋੜ ਰੁਪਏ ਤੁਰਤ ਜਾਰੀ ਕਰਨ ਲਈ ਕਿਹਾ। ਮਨਜੀਤ ਸਿੰਘ ਬਿਲਾਸਪੁਰ ਨੇ ਸੈਂਕੜੇ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਪਿਛਲੀ ਅਕਤੂਬਰ ਤੋਂ ਮਿਹਨਤਾਨਾ ਨਾ ਮਿਲਣ ਦਾ ਦਾਅਵਾ ਕੀਤਾ।

ਸਰਬਜੀਤ ਕੌਰ ਮਾਣੂੰਕੇ ਨੇ ਫਿਰੋਜ਼ਪੁਰ ਦੇ ਪ੍ਰਾਈਵੇਟ ਗੁਰੂ ਨਾਨਕ ਕਾਲਜ ਦਾ ਮੁੱਦਾ ਉਠਾਉਂਦੇ ਹੋਏ ਕਿਹਾ ਕਿ ਮਹਿਜ਼ 3 ਏਕੜ ਦੇ ਇਸ ਕਾਲਜ 'ਚ ਕਰੀਬ 5600 ਵਿਦਿਆਰਥੀ ਦਾਖਲ ਹਨ ਜਦਕਿ 100 ਏਕੜ 'ਚ ਬਣੀ ਪੰਜਾਬ ਯੂਨੀਵਰਸਿਟੀ ਵਿਚ 4600 ਵਿਦਿਆਰਥੀ ਹਨ। ਉਨ੍ਹਾਂ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਇਹ ਦਾਖਲੇ ਫਰਜ਼ੀ ਅਤੇ ਡੰਮੀ ਹਨ ਅਤੇ ਵਿਦਿਆਰਥੀਆਂ ਨਾਲ ਧੋਖਾ ਹੈ। ਅਕਾਲੀ ਦਲ ਵਿਧਾਇਕ ਦਲ ਦੇ ਨੇਤਾ ਸ਼ਰਨਜੀਤ ਸਿੰਘ ਢਿੱਲੋਂ ਨੇ ਪੁਲਿਸ ਤਸ਼ੱਦਦ ਨਾਲ ਲੁਧਿਆਣਾ 'ਚ ਹੋਈ ਮੌਤ ਦੇ ਮਾਮਲੇ ਉਤੇ ਸਰਕਾਰ ਦਾ ਦਖਲ ਮੰਗਿਆ। ਬਿਕਰਮ ਸਿੰਘ ਮਜੀਠੀਆ ਨੇ ਮੰਗ ਕੀਤੀ ਕਿ 18 ਸਾਲ ਦੇ ਲੜਕੇ ਨੂੰ 12ਵੀਂ ਕਲਾਸ ਦੀ ਬੋਰਡ ਦੀ ਪ੍ਰੀਖਿਆ ਦੌਰਾਨ ਦਸਤਾਰ ਲਾਹੁਣ ਲਈ ਮਜਬੂਰ ਕਰਕੇ ਮਾਨਸਿਕ ਪੀੜਾ ਦਾ ਸ਼ਿਕਾਰ ਬਣਾਉਣ ਲਈ ਮੱਧ ਪ੍ਰਦੇਸ਼ ਦੀ ਕਮਲਨਾਥ ਦੀ ਅਗਵਾਈ ਵਾਲੀ ਸਰਕਾਰ ਖਿਲਾਫ ਵਿਧਾਨ ਸਭਾ ਵਿਚ ਨਿੰਦਾ ਪ੍ਰਸਤਾਵ ਪਾਸ ਕੀਤਾ ਜਾਵੇ।

## ਕਾਂਗਰਸੀ ਵਿਧਾਇਕ ਵੜਿੰਗ ਵਲੋਂ ਕੈਪਟਨ ਨੂੰ ਤਿੱਖੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਟਰਾਂਸਪੋਰਟ ਵਿਭਾਗ ਦੇ ਮੁੱਦੇ ਉਤੇ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੀ ਹੀ ਸਰਕਾਰ ਨੂੰ ਨਿਸ਼ਾਨੇ ਉਤੇ ਲਿਆ। ਕਾਂਗਰਸੀ ਵਿਧਾਇਕ ਵੱਲੋਂ ਟਰਾਂਸਪੋਰਟ ਵਿਭਾਗ ਸਬੰਧੀ ਚੁੱਕੇ ਸਵਾਲਾਂ ਦਾ ਸਮਰਥਨ ਕਰਦੇ ਹਾਕਮ ਧਿਰ ਅਤੇ 'ਆਪ' ਦੇ ਹੋਰ ਮੈਂਬਰ ਵੀ ਦੇਖੇ ਗਏ। ਇਥੋਂ ਤੱਕ ਕਿ ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੇ ਵੀ ਵਿਧਾਇਕ ਦੇ ਕਥਨ ਦੀ ਪੁਸ਼ਟੀ ਕਰ ਦਿੱਤੀ।

ਰਾਜਾ ਵੜਿੰਗ ਨੇ ਕਿਹਾ ਕਿ ਸੂਬੇ ਵਿਚ ਖੇਤਰੀ ਟਰਾਂਸਪੋਰਟ ਅਫਸਰਾਂ ਦੀਆਂ ਤਾਇਨਾਤੀਆਂ ਅਤੇ ਭ੍ਰਿਸ਼ਟ ਅਫ਼ਸਰਾਂ ਖਿਲਾਫ ਕਾਰਵਾਈ ਕਰਨ ਦੇ ਮਾਮਲੇ ਵਿਚ ਟਰਾਂਸਪੋਰਟ ਮੰਤਰੀ ਲਾਚਾਰ ਦਿਖਾਈ ਦੇ ਰਹੇ ਹਨ। ਰਾਜਾ ਵੜਿੰਗ ਨੇ ਕਿਹਾ ਕਿ ਜੇਕਰ ਮੰਤਰੀ ਬੇਵੱਸ ਹਨ ਤੇ ਮੰਤਰੀਆਂ ਕੋਲ ਅਫਸਰਾਂ ਨੂੰ ਤਬਦੀਲ ਕਰਨ ਜਾਂ ਕਾਰਵਾਈ ਕਰਨ ਦਾ ਅਖਤਿਆਰ ਨਹੀਂ ਹੈ ਤਾਂ ਟਰਾਂਸਪੋਰਟ ਵਿਭਾਗ ਵਿਚ ਤਾਇਨਾਤ ਅਫਸਰਾਂ ਦਾ 'ਜੁਗਾੜ' ਕਿੱਥੇ ਫਿੱਟ ਹੈ। ਇਹ ਗੱਲ ਵੀ ਸਪੱਸ਼ਟ ਹੋਣੀ ਚਾਹੀਦੀ ਹੈ।

## ਸਾਡੀ ਸਰਕਾਰ ਹੀ ਨਿਕੰਮੀ ਹੈ: ਰੰਧਾਵਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਜਦੋਂ ਅਕਾਲੀ ਦਲ ਦੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਸੂਬੇ ਵਿਚ ਗੈਂਗਸਟਰਾਂ ਤੇ ਅਪਰਾਧੀਆਂ ਦਾ ਬੋਲਬਾਲਾ ਹੋਣ ਦੇ ਦੋਸ਼ ਲਾਉਂਦਿਆਂ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਉਤੇ ਨਿਸ਼ਾਨਾ ਸਾਧਿਆ ਤਾਂ ਜੇਲ੍ਹ ਮੰਤਰੀ ਤੇ ਅਕਾਲੀ ਵਿਧਾਇਕ ਦਰਮਿਆਨ ਤਿੱਖੀ ਤਕਰਾਰ ਹੋਈ। ਅਕਾਲੀ ਵਿਧਾਇਕ ਨੇ ਕਿਹਾ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਲੀਹੋਂ ਲੱਥ ਚੁੱਕੀ ਹੈ ਤੇ ਲੋਕਾਂ ਨੂੰ ਪੁਲਿਸ ਉਤੇ ਕੋਈ ਭਰੋਸਾ ਨਹੀਂ ਰਿਹਾ। ਪੰਜਾਬ ਦੇ ਲੋਕ ਪੁਲਿਸ ਤੋਂ ਸੁਰੱਖਿਆ ਲੈਣ ਦੀ ਥਾਂ ਗੈਂਗਸਟਰਾਂ ਤੇ ਅਪਰਾਧੀਆਂ ਨੂੰ ਹੀ ਫਿਰੌਤੀ ਦੇਣਾ ਬਿਹਤਰ ਸਮਝਦੇ ਹਨ। ਅਕਾਲੀ ਵਿਧਾਇਕ ਨੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ 'ਤੇ ਵੀ ਨਿਸ਼ਾਨਾ ਸਾਧਿਆ ਗਿਆ ਤੇ ਜੇਲ੍ਹ ਮੰਤਰੀ ਨੇ ਵੀ ਅਕਾਲੀ ਦਲ ਦੇ ਵਿਧਾਇਕਾਂ ਉਤੇ ਮੋੜਵਾਂ ਹੱਲਾ ਬੋਲਿਆ। ਜੇਲ੍ਹ ਮੰਤਰੀ ਨੇ ਇਥੋਂ ਤੱਕ ਕਿਹਾ "ਸਾਡੀ ਸਰਕਾਰ ਬਿਲਕੁਲ ਨਿਕੰਮੀ ਹੈ ਇਸੇ ਲਈ ਤੁਹਾਡੇ (ਅਕਾਲੀਆਂ) ਖਿਲਾਫ ਕਾਰਵਾਈ ਨਹੀਂ ਹੋ ਰਹੀ।"

# ਬਜਟ ਸੈਸ਼ਨ: ਲੋਕ ਮੁੱਦਿਆਂ 'ਤੇ ਸਰਕਾਰ ਨੂੰ ਘੇਰ ਨਾ ਸਕੀ ਵਿਰੋਧੀ ਧਿਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਸ਼ੋਰ ਸ਼ਰਾਬੇ ਨਾਲ ਮਾਅਰਕੇਬਾਜ਼ੀ ਦੇ ਯਤਨ ਤਾਂ ਕੀਤੇ ਪਰ ਸੂਬੇ ਦੇ ਅਹਿਮ ਤੇ ਭਖਦੇ ਮੁੱਦਿਆਂ ਉਤੇ ਸਰਕਾਰ ਦੀ ਜਵਾਬਦੇਹੀ ਬਣਾਉਣ ਵਿਚ ਕਾਮਯਾਬੀ ਨਹੀਂ ਮਿਲੀ। ਪੰਜਾਬ ਦੀ ਮੌਜੂਦਾ ਵਿਧਾਨ ਸਭਾ ਦਾ ਕਾਰਜਕਾਲ ਤਿੰਨ ਸਾਲ ਹੋ ਗਿਆ ਹੈ ਤੇ ਹੁਣ ਤੱਕ ਲੋਕ ਮੁੱਦਿਆਂ ਉਤੇ ਵਿਰੋਧੀ ਧਿਰਾਂ ਦੀ ਇਕਮਤ ਨਹੀਂ ਹੋ ਸਕੀਆਂ। ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਵੱਲੋਂ ਵੀ ਆਪੋ ਆਪਣੀ ਡਫਲੀ ਵਜਾਈ ਗਈ ਤੇ ਲੋਕ ਇਨਸਾਫ ਪਾਰਟੀ ਦੇ ਦੋ ਵਿਧਾਇਕਾਂ (ਬੈਂਸ ਭਰਾਵਾਂ) ਨੇ ਸਾਰੀਆਂ ਧਿਰਾਂ ਨਾਲੋਂ ਹੀ ਵੱਖਰੀ ਸੁਰ ਅਪਣਾਈ ਰੱਖੀ।

ਵਿਰੋਧੀ ਧਿਰਾਂ ਨੇ ਕਾਨੂੰਨ ਵਿਵਸਥਾ, ਡੀ.ਜੀ.ਪੀ. ਦਿਨਕਰ ਗੁਪਤਾ ਦੇ ਵਿਵਾਦਤ ਬਿਆਨ, ਨਾਜਾਇਜ਼ ਖਣਨ ਅਤੇ ਹੋਰਨਾਂ ਮੁੱਦਿਆਂ ਉਤੇ ਸਦਨ ਵਿਚ ਰੌਲਾ ਰੱਪਾ ਤਾਂ ਪਾਇਆ ਪਰ ਸਰਕਾਰ ਦੀ ਜਵਾਬਦੇਹੀ ਬਣਾਉਣ ਵਿਚ ਇਹ ਧਿਰਾਂ ਕਾਮਯਾਬ ਨਹੀਂ ਹੋ ਸਕੀਆਂ।

ਦੇਖਿਆ ਜਾਵੇ ਤਾਂ ਹਾਕਮ ਧਿਰ ਦੇ ਕਈ ਵਿਧਾਇਕਾਂ ਖਾਸ ਕਰ ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਤੇ ਜਲੰਧਰ ਕੈਂਟ ਤੋਂ ਵਿਧਾਇਕ ਪਰਗਟ ਸਿੰਘ, ਗਿੱਦੜਬਾਹਾ ਤੋਂ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਗੁਰਦਾਸਪੁਰ ਤੋਂ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਵਿਧਾਨ ਸਭਾ ਵਿਚ ਕਈ ਮੁੱਦਿਆਂ ਉਤੇ




ਬੋਲ ਕੇ ਸਰਕਾਰ ਨੂੰ ਨਮੋਸ਼ੀ ਵਿਚ ਜ਼ਰੂਰ ਧੱਕ ਦਿੱਤਾ। ਕਾਂਗਰਸ ਦੇ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਹਾਕਮ ਧਿਰ ਦੇ ਵਿਧਾਇਕਾਂ ਦੀ ਬੋਲਬਾਣੀ ਤੋਂ ਬਗਾਵਤੀ ਸੁਰਾਂ ਝਲਕ ਰਹੀਆਂ ਹਨ। ਕਾਂਗਰਸ ਦੇ ਹੀ ਵਿਧਾਇਕਾਂ ਨੇ ਬੱਸ ਤੇ ਟਰਾਂਸਪੋਰਟ ਮਾਫੀਆ, ਬਿਜਲੀ ਸਮਝੌਤਿਆਂ, ਅਫਸਰਸ਼ਾਹੀ ਦੀਆਂ ਮਨਮਾਨੀਆਂ ਆਦਿ ਉਤੇ ਖੁੱਲ੍ਹ ਕੇ ਚਾਨਣਾ ਪਾਇਆ।

ਪੰਜਾਬ ਵਿਧਾਨ ਸਭਾ ਵਿਚ ਸਾਲ 2017 ਤੋਂ ਹੀ ਇਹ ਆਲਮ ਬਣਿਆ ਹੋਇਆ ਹੈ ਕਿ ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੀ ਸੁਰ ਨਹੀਂ ਮਿਲੀ, ਇਥੋਂ ਤੱਕ ਪੰਜਾਬ ਦੇ ਭਖਦੇ ਮਸਲੇ ਜੋ ਇਨ੍ਹਾਂ ਤਿੰਨਾਂ ਪਾਰਟੀਆਂ ਲਈ ਸਾਂਝੇ ਹਨ, ਉਤੇ ਵੀ ਇਕੱਠੀਆਂ ਨਹੀਂ ਹੋ ਸਕੀਆਂ। ਵਿਰੋਧੀ ਧਿਰ ਦਾ ਪਾਟੋਧਾੜ ਹੋਣਾ ਕਾਂਗਰਸ ਨੂੰ ਰਾਸ ਆ ਰਿਹਾ ਹੈ। ਅਕਾਲੀ ਦਲ ਦੇ ਇਕ ਸੀਨੀਅਰ ਵਿਧਾਇਕ ਦਾ ਕਹਿਣਾ ਹੈ ਕਿ ਜੇਕਰ ਸਮੁੱਚੀ ਵਿਰੋਧੀ ਧਿਰ ਲੋਕ ਮੁੱਦਿਆਂ ਉਤੇ ਇਕਮਤ ਹੋ ਜਾਵੇ ਤਾਂ ਸਰਕਾਰ ਦੀ ਜਵਾਬਦੇਹੀ ਤੈਅ ਕੀਤੀ ਜਾ ਸਕਦੀ ਹੈ। ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗੈਰ ਹਾਜ਼ਰੀ ਰੜਕਦੀ ਰਹੀ।

## ਵਿਧਾਨ ਸਭਾ ਕਮੇਟੀ ਨੇ ਸਰਕਾਰ ਨੂੰ ਵਾਅਦੇ ਚੇਤੇ ਕਰਵਾਏ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਨੇ ਕੈਪਟਨ ਸਰਕਾਰ ਨੂੰ ਸਿਫਾਰਸ਼ ਕੀਤੀ ਹੈ ਕਿ ਚੋਣ ਵਾਅਦੇ ਅਨੁਸਾਰ ਵਿਧਵਾ, ਬੁਢਾਪਾ ਪੈਨਸ਼ਨ 750 ਰੁਪਏ ਤੋਂ ਵਧਾ ਕੇ 1500 ਰੁਪਏ ਪ੍ਰਤੀ ਮਹੀਨਾ ਅਤੇ ਅਸ਼ੀਰਵਾਦ ਸਕੀਮ ਅਧੀਨ ਰਾਸ਼ੀ 21 ਹਜ਼ਾਰ ਰੁਪਏ ਤੋਂ ਵਧਾ ਕੇ 51 ਹਜ਼ਾਰ ਰੁਪਏ ਕੀਤੇ ਜਾਵੇ। ਇਹ ਸਿਫਾਰਸ਼ਾਂ ਵਿਧਾਇਕ ਨੱਥੂ ਰਾਮ ਦੀ ਅਗਵਾਈ ਹੇਠ ਬਣਾਈ ਗਈ ਵਿਧਾਨ ਸਭਾ ਦੀ ਕਮੇਟੀ ਨੇ ਕੀਤੀਆਂ ਹਨ। ਕਮੇਟੀ ਨੇ ਅੰਤਰਜਾਤੀ ਵਿਆਹ ਕਰਵਾਉਣ ਵਾਲੇ ਜੋੜਿਆਂ ਨੂੰ ਦਿੱਤੀ ਜਾਂਦੀ ਰਕਮ ਵਧਾਉਣ ਦੀ ਵੀ ਸਿਫਾਰਸ਼ ਕੀਤੀ ਹੈ।

ਕਮੇਟੀ ਦਾ ਕਹਿਣਾ ਹੈ ਕਿ ਰਾਜਸਥਾਨ ਸਰਕਾਰ ਇਨ੍ਹਾਂ ਨੂੰ ਪੰਜ ਲੱਖ ਰੁਪਏ ਦਿੰਦੀ ਹੈ ਜਦੋਂ ਕਿ ਪੰਜਾਬ ਸਰਕਾਰ ਪੰਜਾਹ ਹਜ਼ਾਰ ਰੁਪਏ ਅਦਾ ਕਰਦਾ ਹੈ। ਸਰਕਾਰ ਨੂੰ ਇਹ ਰਾਸ਼ੀ ਵਧਾ ਕੇ ਸਾਢੇ ਤਿੰਨ ਲੱਖ ਰੁਪਏ ਕਰਨੀ ਚਾਹੀਦੀ। ਕਮੇਟੀ ਨੇ ਪੰਜਾਬ ਸਰਕਾਰ ਨੂੰ ਯਾਦ ਕਰਵਾਇਆ ਹੈ ਕਿ ਚੋਣ ਵਾਅਦੇ ਪੂਰੇ ਕਰਨ ਦਾ ਸਮਾਂ ਆ ਗਿਆ ਹੈ।

## 928 ਕਰੋੜ ਦਾ ਕਰਜ਼ਾ ਲੈਣ ਵਾਸਤੇ ਰਾਹ ਪੱਧਰਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਹੰਗਾਮੇ ਵਿਚਕਾਰ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਸੋਧ ਬਿਲ 2020 ਸਮੇਤ ਪੰਜ ਬਿਲ ਪਾਸ ਕਰ ਦਿੱਤੇ ਪਰ ਲੋਕ ਆਯੁਕਤ ਬਿਲ ਸਦਨ ਵਿਚ ਪੇਸ਼ ਨਹੀਂ ਕੀਤਾ ਗਿਆ। ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਸੋਧ ਬਿਲ ਪਾਸ ਕੀਤੇ ਜਾਣ ਨਾਲ 928 ਕਰੋੜ ਰੁਪਏ ਦਾ ਹੋਰ ਕਰਜ਼ਾ ਲੈਣ ਦਾ ਰਾਹ ਪੱਧਰਾ ਹੋ ਗਿਆ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਹ ਬਿੱਲ ਪੇਸ਼ ਕਰਦਿਆਂ ਕਿਹਾ ਕਿ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦਾ ਤਿੰਨ ਫੀਸਦੀ ਤੱਕ ਹੀ ਰੱਖਿਆ ਜਾਵੇਗਾ।

# ਗੁਰਦੁਆਰਾ ਸੈਨ ਹੋਜ਼ੇ ਦੇ ਹੋਲਾ ਮਹੱਲਾ ਸਮਾਗਮ ਰੱਦ

**ਸੈਨ ਹੋਜ਼ੇ (ਬਿਊਰੋ):** ਖਾਲਸਾ ਜੀ ਕੇ ਬੋਲਬਾਲੇ ਦੇ ਪ੍ਰਤੀਕ ਹੋਲਾ ਮਹੱਲਾ ਸਬੰਧੀ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਆਉਂਦੇ ਐਤਵਾਰ, 15 ਮਾਰਚ ਨੂੰ ਹੋਣ ਵਾਲੇ ਸਮਾਗਮ ਕਰੋਨਾ ਵਾਇਰਸ ਦੇ ਖਦਸ਼ੇ ਕਾਰਨ ਰੱਦ ਕਰ ਦਿੱਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਸੈਂਟਾ ਕਲਾਰਾ ਕਾਊਂਟੀ ਹੈਲਥ ਡਿਪਾਰਟਮੈਂਟ ਅਤੇ ਸੰਗਤ ਮੈਂਬਰਾਂ ਦੇ ਸੁਝਾਅ ਪਿਛੋਂ ਸੰਗਤ ਦੀ ਸਿਹਤ ਨੂੰ ਧਿਆਨ ਵਿਚ ਰੱਖਦਿਆਂ ਕਰੋਨਾ ਵਾਇਰਸ ਫੈਲਣ ਦੇ ਡਰੋਂ ਹੋਲਾ ਮਹੱਲਾ ਸਮਾਗਮ ਰੱਦ ਕਰਨ ਦਾ ਫੈਸਲਾ ਲਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਸੈਨ ਹੋਜ਼ੇ ਵਿਖੇ ਹੋਲਾ ਮਹੱਲਾ ਹਰ ਸਾਲ ਖਾਲਸਾਈ ਰਵਾਇਤ ਅਨੁਸਾਰ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਜਾਂਦਾ ਹੈ। ਧਾਰਮਿਕ ਸਮਾਗਮਾਂ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕਾਂ ਵਲੋਂ ਖੇਡਾਂ ਪ੍ਰਤੀ ਲਗਾਓ ਪੈਦਾ ਕਰਨ ਦੇ ਮਨੋਰਥ ਨਾਲ ਕਈ ਤਰ੍ਹਾਂ ਦੀਆਂ ਖੇਡਾਂ ਵੀ ਕਰਵਾਈਆਂ ਜਾਂਦੀਆਂ ਹਨ, ਜਿਸ ਵਿਚ ਸੰਗਤਾਂ ਹੁਮ ਹੁਮਾ ਕੇ ਪਹੁੰਚਦੀਆਂ ਹਨ। ਇਸ ਵਾਰ ਵੀ ਅਨੰਦਪੁਰ ਸਾਹਿਬ ਵਰਗਾ ਮਾਹੌਲ ਸਿਰਜਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ, ਪਰ ਕਰੋਨਾ ਵਾਇਰਸ ਦੀ ਵਬਾ ਕਾਰਨ ਪ੍ਰਬੰਧਕ ਕਮੇਟੀ ਨੇ ਇਹ ਸਮਾਗਮ ਰੱਦ ਕਰਨ ਦਾ ਫੈਸਲਾ ਲਿਆ ਹੈ।

ਪ੍ਰਬੰਧਕਾਂ ਅਨੁਸਾਰ ਸਰਬੱਤ ਦਾ ਭਲਾ ਚਾਹੁੰਦਿਆਂ ਗੁਰਦੁਆਰਾ ਸੈਨ ਹੋਜ਼ੇ ਵਿਖੇ 13 ਮਾਰਚ ਨੂੰ ਅਖੰਡ ਪਾਠ ਅਰੰਭ ਹੋਣਗੇ। ਐਤਵਾਰ, 15 ਮਾਰਚ ਨੂੰ ਭੋਗ ਉਪਰੰਤ ਅਕਾਲ ਪੁਰਖ ਦੇ ਚਰਨਾਂ ਵਿਚ ਕਰੋਨਾ ਵਾਇਰਸ ਤੋਂ ਪੀੜਤ ਲੋਕਾਂ ਦੀ ਸਿਹਤਯਾਬੀ ਲਈ ਅਰਦਾਸ ਕੀਤੀ ਜਾਵੇਗੀ। ਪ੍ਰਬੰਧਕਾਂ ਨੇ ਸਮੂਹ ਸੰਗਤ ਨੂੰ ਆਪਣੀ ਸਿਹਤ ਦਾ ਵੱਧ ਤੋਂ ਵੱਧ ਧਿਆਨ ਰੱਖਣ ਅਤੇ ਕਰੋਨਾ ਵਾਇਰਸ ਦੇ ਸ਼ੱਕੀ ਮਰੀਜ਼ ਤੋਂ ਦੂਰੀ ਬਣਾ ਕੇ ਰੱਖਣ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਬਜ਼ੁਰਗਾਂ ਅਤੇ ਬਿਮਾਰ ਵਿਅਕਤੀਆਂ ਨੂੰ ਗੁਰਬਾਣੀ ਕੀਰਤਨ ਗੁਰਦੁਆਰਾ ਸਾਹਿਬ ਦੀ ਵੈਬਸਾਈਟ ਤੋਂ ਸ੍ਰਵਣ ਕਰਨ ਦੀ ਸਲਾਹ ਦਿੱਤੀ ਗਈ ਹੈ।

## ਖੂਹ 'ਚੋਂ ਮਾਂ ਤੇ ਦੋ ਧੀਆਂ ਦੀਆਂ ਲਾਸ਼ਾਂ ਬਰਾਮਦ

**ਸੋਨਭੱਦਰ (ਉਤਰ ਪ੍ਰਦੇਸ਼):** ਇਥੇ ਪਿੰਡ ਬਾਨੌਲੀ ਸਥਿਤ ਖੂਹ ਵਿਚੋਂ ਇਕ ਮਹਿਲਾ ਅਤੇ ਉਸ ਦੀਆਂ ਦੋ ਨਾਬਾਲਗ ਧੀਆਂ ਦੀਆਂ ਲਾਸ਼ਾਂ ਮਿਲੀਆਂ ਹਨ। ਪੁਲਿਸ ਨੇ ਦੱਸਿਆ ਕਿ ਮੀਰਾ (30) ਅਤੇ ਉਸ ਦੀਆਂ ਧੀਆਂ ਰੰਜਨਾ (5 ਸਾਲ) ਅਤੇ ਸੰਜਨਾ (ਡੇਢ ਸਾਲ) ਦੀਆਂ ਲਾਸ਼ਾਂ ਘਰ ਨੇੜਲੇ ਖੂਹ ਵਿਚੋਂ ਮਿਲੀਆਂ ਹਨ। ਮੀਰਾ ਦਾ ਪਤੀ ਰਾਜੇਸ਼ ਭਾਰਤੀ, ਜੋ ਆਟੋ ਰਿਕਸ਼ਾ ਚਾਲਕ ਹੈ, ਨੇ ਦੱਸਿਆ ਕਿ ਉਹ ਕੰਮ ਤੋਂ ਘਰ ਵਾਪਸ ਆਇਆ ਤਾਂ ਤਿੰਨੋਂ ਗਾਇਬ ਸਨ। ਉਸ ਨੇ ਤਲਾਸ਼ ਕੀਤੀ ਤਾਂ ਲਾਸ਼ਾਂ ਖੂਹ 'ਚੋਂ ਬਰਾਮਦ ਹੋਈਆਂ।

# ਗੈਂਗਸਟਰਾਂ ਨੂੰ ਦੂਜੇ ਰਾਜਾਂ ਦੀਆਂ ਜੇਲ੍ਹਾਂ 'ਚ ਭੇਜਿਆ ਜਾਵੇਗਾ

**ਚੰਡੀਗੜ੍ਹ:** ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਵਿਚਲੇ ਗੈਂਗਸਟਰਾਂ ਨੂੰ ਸੂਬੇ ਦੀਆਂ ਜੇਲ੍ਹਾਂ ਵਿਚੋਂ ਦੂਸਰੇ ਰਾਜਾਂ ਦੀਆਂ ਜੇਲ੍ਹਾਂ ਵਿਚ ਤਬਦੀਲ ਕਰਨ ਉਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਸੂਬੇ ਦੀ ਸ਼ਾਂਤੀ ਅਤੇ ਭਾਈਚਾਰੇ ਲਈ ਵੱਡਾ ਖਤਰਾ ਹਨ।

ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੇ ਪੱਤਰ ਵਿਚ ਉਨ੍ਹਾਂ ਕਿਹਾ ਕਿ ਗੈਂਗਸਟਰਾਂ ਨੂੰ ਦੂਜੇ ਸੂਬਿਆਂ ਦੀਆਂ ਜੇਲ੍ਹਾਂ ਵਿਚ ਬਦਲਣ ਅਤੇ ਕੁਝ ਅਹਿਮ ਮੁੱਦਿਆਂ ਦੇ ਹੱਲ ਲਈ ਕੇਂਦਰੀ ਗ੍ਰਹਿ ਮੰਤਰੀ ਤੋਂ ਮੀਟਿੰਗ ਲਈ ਸਮਾਂ ਲੈਣਾ ਚਾਹੀਦਾ ਹੈ ਤਾਂ ਕਿ ਹੋਰ ਜ਼ਰੂਰੀ ਮਾਮਲਿਆਂ ਦੇ ਨਾਲ ਇਸ ਮਾਮਲੇ ਨੂੰ ਵੀ ਉਠਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਦੇ ਦਹਿਸ਼ਤਗਰਦ ਉਥੋਂ ਦੀਆਂ ਜੇਲ੍ਹਾਂ ਤੋਂ ਦੂਜੇ ਸੂਬੇ ਦੀਆਂ ਜੇਲ੍ਹਾਂ ਵਿਚ ਬਦਲੇ ਗਏ ਹਨ ਤੇ ਉਸੇ ਤਰਜ਼ ਉਤੇ ਸੂਬੇ ਦੇ ਗੈਂਗਸਟਰ ਵੀ ਤਬਦੀਲ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਸੁਰੱਖਿਆ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਸੂਬੇ ਦੀਆਂ ਤਿੰਨ ਜੇਲ੍ਹਾਂ ਦਾ ਆਧੁਨਿਕੀਕਰਨ ਕਰਨਾ ਵੀ ਸਮੇਂ ਦੀ ਅਹਿਮ ਲੋੜ ਹੈ। ਇਸ ਦੇ ਨਾਲ ਹੀ ਹੋਰ ਜੇਲ੍ਹਾਂ ਦਾ ਵੀ ਆਧੁਨਿਕੀਕਰਨ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਜੇਲ੍ਹਾਂ ਵਿਚ ਲਗਾਤਾਰ ਮੋਬਾਈਲ ਮਿਲਣ ਅਤੇ ਕੁਝ ਹੋਰ ਮਾਮਲਿਆਂ ਦੇ ਮੱਦੇਨਜ਼ਰ ਕਿਹਾ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਸੁਰੱਖਿਆ ਲਈ ਕੇਂਦਰੀ ਰਿਜ਼ਰਵ ਪੁਲਿਸ ਫੋਰਸ ਦੀਆਂ ਦੋ ਹੋਰ ਕੰਪਨੀਆਂ ਤਾਇਨਾਤ ਕਰਨ ਦੀ ਜ਼ਰੂਰਤ ਹੈ।

ਰੰਧਾਵਾ ਨੇ ਮੁੱਖ ਮੰਤਰੀ ਨੂੰ ਲਿਖੇ ਆਪਣੇ ਪੱਤਰ ਵਿਚ ਕਿਹਾ ਹੈ ਕਿ ਸੂਬੇ ਦੀਆਂ ਜੇਲ੍ਹਾਂ ਵਿਚਲੀਆਂ ਖਾਲੀ ਆਸਾਮੀਆਂ ਲਈ ਨੀਮ ਫੌਜੀ ਬਲਾਂ ਦੇ ਅਧਿਕਾਰੀ ਲਾਏ ਜਾਣੇ ਚਾਹੀਦੇ ਹਨ ਕਿਉਂਕਿ ਉਹ ਵਧੇਰੇ ਪੇਸ਼ੇਵਰਾਨਾ ਪਹੁੰਚ ਅਪਣਾ ਕੇ ਮਾਮਲਿਆਂ ਨੂੰ ਹੱਲ ਕਰਨ ਵਲ ਧਿਆਨ ਦਿੰਦੇ ਹਨ। ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਦਸ ਸਾਲ ਦੇ ਕਾਰਜਕਾਲ ਵਿਚ ਜੇਲ੍ਹਾਂ ਦੇ ਪ੍ਰਬੰਧ ਸੁਧਾਰਨ ਵੱਲ ਬਹੁਤਾ ਧਿਆਨ ਨਾ ਦੇਣ ਦੇ ਦੋਸ਼ ਲਾਏ ਗਏ ਸਨ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹੋਲੇ ਮਹੱਲੇ ਮੌਕੇ ਖਾਲਸਈ ਰੰਗ 'ਚ ਰੰਗੀ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ

**ਸ੍ਰੀ ਆਨੰਦਪੁਰ ਸਾਹਿਬ:** ਸਿੱਖਾਂ ਦੇ ਪ੍ਰਸਿੱਧ ਤਿਉਹਾਰ ਹੋਲੇ ਮਹੱਲੇ ਦੌਰਾਨ ਪਵਿੱਤਰ ਨਗਰੀ ਸ੍ਰੀ ਆਨੰਦਪੁਰ ਸਾਹਿਬ ਪੂਰੇ ਖਾਲਸਈ ਰੰਗ 'ਚ ਰੰਗੀ ਨਜ਼ਰ ਆਈ। ਲੱਖਾਂ ਸ਼ਰਧਾਲੂ ਗੁਰੂ ਘਰ ਨਤਮਸਤਕ ਹੋਏ।

ਇਸ ਮੌਕੇ ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ, ਸੀਸ ਗੰਜ ਸਾਹਿਬ, ਕਿਲ੍ਹਾ ਅਨੰਦਗੜ੍ਹ ਸਾਹਿਬ, ਕਿਲ੍ਹਾ ਫਤਹਿਗੜ੍ਹ ਸਾਹਿਬ, ਕਿਲ੍ਹਾ ਲੋਹਗੜ੍ਹ ਸਾਹਿਬ, ਗੁਰਦੁਆਰਾ ਹੋਲਗੜ੍ਹ ਸਾਹਿਬ ਅਤੇ ਗੁਰਦੁਆਰਾ ਕਿਲ੍ਹਾ ਤਾਰਾਗੜ੍ਹ ਸਾਹਿਬ ਆਦਿ ਵਿਖੇ ਸੰਗਤਾਂ ਨੇ ਘੰਟਿਆਂਬੱਧੀ ਕਤਾਰਾਂ 'ਚ ਲੱਗ ਕੇ ਮੱਥਾ ਟੇਕਿਆ ਅਤੇ ਗੁਰੂ ਸਾਹਿਬਾਨ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਧਾਰਮਿਕ ਸਮਾਗਮਾਂ 'ਚ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਹੋਲਾ ਮਹੱਲੇ ਦੇ ਪਾਵਨ ਤਿਉਹਾਰ ਮੌਕੇ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਉਤੇ ਚੱਲਦਿਆਂ ਬਾਣੀ ਅਤੇ ਬਾਣੇ ਦੇ ਧਾਰਨੀ ਬਣਨ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਖ-ਵੱਖ ਮਾਰਗਾਂ ਰਾਹੀਂ ਕੇਸਰੀ ਅਤੇ ਨੀਲੇ ਰੰਗ ਦੀਆਂ ਦਸਤਾਰਾਂ ਅਤੇ ਦੁਪੱਟੇ ਸਜਾ ਕੇ ਆਈਆਂ ਸੰਗਤਾਂ ਵਲੋਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨੇ ਇਲਾਕੇ ਦੇ ਸਮੁੱਚੇ ਮਾਹੌਲ ਨੂੰ ਖਾਲਸਾਈ ਰੰਗ 'ਚ ਰੰਗ ਦਿੱਤਾ ਹੈ। ਜਿਥੇ ਹੋਲਾ ਮਹੱਲੇ ਸਬੰਧੀ ਸੰਗਤ 'ਚ ਭਾਰੀ ਉਤਸ਼ਾਹ ਵੇਖਿਆ, ਉਥੇ ਹੀ ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਵੀ ਆਪਣੀਆਂ ਆਪਣੀਆਂ ਛਾਉਣੀਆਂ 'ਚ ਸੱਜ ਕੇ ਸੰਗਤਾਂ 'ਚ ਖਿੱਚ ਦਾ ਕੇਂਦਰ ਹਨ।

ਹੋਲਾ ਮਹੱਲਾ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਨਤਮਸਤਕ ਹੋਣ ਪੁੱਜੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ ਪਿੱਛੇ ਦਿੱਲੀ ਤੋਂ ਸਿੱਖ ਵਿਰੋਧੀ 'ਸਾਜ਼ਿਸ਼ਾਂ' ਹੋਣ ਵੱਲ ਸੰਕੇਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਨਵੀਂ ਗੱਲ ਨਹੀਂ ਹੈ ਬਲਕਿ ਜਦ ਤੋਂ ਛੇਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ, ਉਦੋਂ ਤੋਂ ਹੀ ਇਹ ਸਿੱਖ ਵਿਰੋਧੀ ਤਾਕਤਾਂ ਖਾਸ ਕਰ ਕੇ ਮੁਗਲ ਤੇ ਅੰਗਰੇਜ਼ ਹਕੂਮਤ ਅਤੇ 1947 ਮਗਰੋਂ ਵੱਖ-ਵੱਖ ਮੌਕਿਆਂ ਉਤੇ ਸੱਤਾ 'ਤੇ ਕਾਬਜ਼ ਕੇਂਦਰੀ ਸਰਕਾਰਾਂ ਦੇ ਨਿਸ਼ਾਨੇ 'ਤੇ ਰਿਹਾ ਹੈ। ਇਸ ਮੌਕੇ ਉਨ੍ਹਾਂ ਨਾਲ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਵੀ ਮੌਜੂਦ ਸਨ। ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਸਿੱਖ ਕੌਮ ਦੀ ਸਰਵਉੱਚ ਸੰਸਥਾ ਹੈ। ਇਸ ਸੰਸਥਾ ਦਾ ਇਹੋ ਮੰਤਵ ਹੈ ਕਿ ਜੇਕਰ ਕੋਈ ਕੌਮੀ ਮਸਲਾ ਹੈ ਤਾਂ ਉਸ ਦਾ ਹੱਲ ਮਿਲ ਬੈਠ ਕੇ ਸੰਵਾਦ ਰਾਹੀਂ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਕੱਢਿਆ ਜਾਵੇ।

ਉਧਰ, ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਨੇ ਹੋਲੇ ਮਹੱਲੇ ਮੌਕੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਹੈ ਜਿਸ ਨੂੰ ਹਵਾਰਾ ਕਮੇਟੀ ਵਲੋਂ ਮੀਡੀਆ ਨੂੰ ਜਾਰੀ ਕੀਤਾ ਗਿਆ ਹੈ। ਉਨ੍ਹਾਂ ਅਜੋਕੇ ਹਾਲਾਤ ਵਿਚ ਗੁਰੂ ਤੋਂ ਬੇਮੁਖ ਨਾ ਹੋਣ ਬਾਰੇ ਕਿਹਾ ਹੈ। ਉਨ੍ਹਾਂ ਗੁਰੂ ਸਾਹਿਬਾਨ ਦੀ ਬਾਣੀ ਨਾਲ ਜੁੜਨ, ਗੁਰ ਇਤਿਹਾਸ ਪੜ੍ਹਨ ਅਤੇ ਉਸ ਤੋਂ ਸੇਧ ਲੈਣ ਲਈ ਕਿਹਾ। ਉਨ੍ਹਾਂ ਕੇਸਾਧਾਰੀ, ਅੰਮ੍ਰਿਤਧਾਰੀ ਅਤੇ ਸ਼ਸਤਰਧਾਰੀ ਹੋਣ ਲਈ ਪ੍ਰੇਰਿਆ।

## ਖਿੱਚ ਦਾ ਕੇਂਦਰ ਬਣਿਆ ਵਿਰਾਸਤ-ਏ-ਖਾਲਸਾ

**ਸ੍ਰੀ ਆਨੰਦਪੁਰ ਸਾਹਿਬ:** ਹੋਲੇ ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਚ ਹਜ਼ਾਰਾਂ ਦੀ ਗਿਣਤੀ 'ਚ ਪਹੁੰਚੀਆਂ ਸੰਗਤਾਂ ਵਾਸਤੇ ਬਰਸਾਤ ਦੇ ਬਾਵਜੂਦ ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖਾਲਸਾ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਰਿਹਾ। ਇਸ ਨੂੰ ਵੇਖਣ ਲਈ ਪਹੁੰਚੀ ਸੰਗਤ ਵਰ੍ਹਦੇ ਮੀਂਹ 'ਚ ਲੰਮੀਆਂ ਕਤਾਰਾਂ ਲਗਾ ਕੇ ਆਪਣੀ ਵਾਰੀ ਦੀ ਉਡੀਕ ਕਰਦੀ ਵੇਖੀ ਗਈ। ਦੱਸਣਯੋਗ ਹੈ ਕਿ ਪ੍ਰਸ਼ਾਸਨ ਦੀ ਹਦਾਇਤ ਉਤੇ ਸੰਗਤ ਦੀ ਸਹੂਲਤ ਲਈ ਵਿਰਾਸਤ-ਏ-ਖਾਲਸਾ ਵੇਖਣ ਲਈ ਸਮਾਂ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਕਰ ਦਿੱਤਾ ਗਿਆ ਹੈ ਤੇ ਹੋਲੇ ਮਹੱਲੇ ਕਰਕੇ ਵਿਰਾਸਤ-ਏ-ਖਾਲਸਾ ਸੋਮਵਾਰ ਨੂੰ ਵੀ ਵਿਸ਼ੇਸ਼ ਤੌਰ 'ਤੇ ਸੰਗਤਾਂ ਵਾਸਤੇ ਖੋਲ੍ਹੇ ਜਾਣ ਦਾ ਫੈਸਲਾ ਲਿਆ ਗਿਆ। ਸੰਗਤ ਦਾ ਕਹਿਣਾ ਸੀ ਕਿ ਜੇਕਰ ਸ੍ਰੀ ਅਨੰਦਪੁਰ ਸਾਹਿਬ ਆ ਕੇ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਕੇ ਨਤਮਸਤਕ ਨਾ ਹੋਏ ਤੇ ਵਿਰਾਸਤ-ਏ-ਖਾਲਸਾ ਨਾ ਵੇਖਿਆ ਤਾਂ ਇਥੇ ਆਉਣ ਦਾ ਕੋਈ ਲਾਭ ਨਹੀਂ ਰਹਿੰਦਾ।

# ਪੰਜਾਬ ਵਿਚ ਵੀ ਕੋਰੋਨਾ ਵਾਇਰਸ ਦੀ ਦਸਤਕ

**ਨਵੀਂ ਦਿੱਲੀ:** ਦੇਸ਼ 'ਚ ਕੋਰੋਨਾ ਵਾਇਰਸ ਦੇ 8 ਹੋਰ ਮਾਮਲੇ ਸਾਹਮਣੇ ਆਉਣ ਦੇ ਬਾਅਦ ਪੀੜਤਾਂ ਦੀ ਗਿਣਤੀ 55 ਹੋ ਗਈ ਹੈ। ਪੰਜਾਬ ਤੇ ਕਰਨਾਟਕ 'ਚ ਕੋਰੋਨਾ ਵਾਇਰਸ ਦੇ 1-1 ਮਾਮਲੇ ਦੀ ਪੁਸ਼ਟੀ ਹੋਈ ਹੈ ਅਤੇ ਦੋਵੇਂ ਸੂਬਿਆਂ 'ਚ ਵਾਇਰਸ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ।

ਪੰਜਾਬ 'ਚ ਪਿਛਲੇ ਹਫਤੇ ਇਟਲੀ ਤੋਂ ਪਰਤੇ ਹੁਸ਼ਿਆਰਪੁਰ ਨਿਵਾਸੀ ਦੇ ਕੋਰੋਨਾ ਵਾਇਰਸ ਨਾਲ ਪੀੜਤ ਹੋਣ ਦੀ ਪੁਸ਼ਟੀ ਹੋਈ ਹੈ। ਉਹ ਆਪਣੇ ਦੋ ਹੋਰ ਪਰਿਵਾਰਕ ਮੈਂਬਰਾਂ ਨਾਲ 4 ਮਾਰਚ ਨੂੰ ਦਿੱਲੀ ਰਾਹੀਂ ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਿਆ ਸੀ। ਕਰਨਾਟਕ ਦਾ ਇਕ ਸਾਫਟਵੇਅਰ ਇੰਜੀਨੀਅਰ ਕੋਰੋਨਾ ਵਾਇਰਸ ਦਾ ਪਾਜੀਟਿਵ ਪਾਇਆ ਗਿਆ ਹੈ। ਕੇਂਦਰੀ ਸਿਹਤ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਕੇਰਲ, ਦਿੱਲੀ, ਉੱਤਰ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ 'ਚ ਇਕ-ਇਕ ਨਵਾਂ ਮਾਮਲਾ ਸਾਹਮਣੇ ਆਇਆ ਹੈ। ਪੁਣੇ 'ਚ ਵੀ 2 ਲੋਕ ਵਾਇਰਸ ਤੋਂ ਗ੍ਰਸਤ ਪਾਏ ਗਏ। ਜਿਹੜੇ ਹਾਲ ਹੀ 'ਚ ਦੁਬਈ ਤੋਂ ਵਾਪਸ ਆਏ ਸਨ। ਕੇਰਲ ਵਿਚ ਤਿੰਨ ਸਾਲ ਦੀ ਜਿਸ ਬੱਚੀ 'ਚ ਕੋਰੋਨਾ ਵਾਇਰਸ ਦੀ ਪੁਸ਼ਟੀ ਹੋਈ ਹੈ, ਉਹ ਆਪਣੇ ਮਾਤਾ-ਪਿਤਾ ਨਾਲ 7 ਮਾਰਚ ਨੂੰ ਇਟਲੀ ਤੋਂ ਆਈ ਸੀ।

ਚੀਨ ਤੋਂ ਸ਼ੁਰੂ ਹੋਇਆ ਜਾਨਲੇਵਾ ਕੋਰੋਨਾ ਵਾਇਰਸ ਪੂਰੀ ਦੁਨੀਆਂ ਵਿਚ ਪੈਰ ਪਸਾਰਦਾ ਜਾ ਰਿਹਾ ਹੈ।ਕਰੋਨਾ ਦੀ ਲਪੇਟ 'ਚ ਆ ਕੇ ਵਿਸ਼ਵ ਦੇ 100 ਤੋਂ ਵੱਧ ਦੇਸ਼ਾਂ 'ਚ ਹੁਣ ਤੱਕ 4000 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਜਦੋਂਕਿ 1,10,000 ਲੋਕ ਇਸ ਤੋਂ ਪੀੜਤ ਹਨ। ਚੀਨ ਤੋਂ ਬਾਅਦ ਇਟਲੀ 'ਚ ਸਭ ਤੋਂ ਵੱਧ ਮੌਤਾਂ ਹੋਈਆਂ ਹਨ। ਇਸ ਜਾਨਲੇਵਾ ਵਾਇਰਸ ਨਾਲ ਇਕ ਦਿਨ ਵਿਚ ਇਟਲੀ 'ਚ 133 ਅਤੇ ਈਰਾਨ 'ਚ 43 ਮੌਤਾਂ ਹੋਈਆਂ ਹਨ। ਚੀਨ 'ਚ ਹੁਣ ਤੱਕ 3119 ਮੌਤਾਂ ਹੋ ਚੁੱਕੀਆਂ ਹਨ, ਜਦੋਂਕਿ 80,735 ਵਿਅਕਤੀ ਪੀੜਤ ਹਨ। ਈਰਾਨ 'ਚ ਇਸ ਵਾਇਰਸ ਨਾਲ 237 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ 6566 ਵਿਅਕਤੀ ਇਸ ਤੋਂ ਪੀੜਤ ਹਨ। ਦੱਖਣੀ ਕੋਰੀਆ 'ਚ ਹੁਣ ਤੱਕ 50 ਮੌਤਾਂ ਹੋ ਚੁੱਕੀਆਂ ਹਨ ਅਤੇ 7382 ਵਿਅਕਤੀ ਇਸ ਤੋਂ ਪੀੜਤ ਹਨ।

# ਪਾਕਿਸਤਾਨ ਦੇ ਕਾਮੇਡੀ ਕਿੰਗ ਅਮਾਨਉੱਲ੍ਹਾ ਖਾਨ ਦਾ ਦੇਹਾਂਤ

**ਲਾਹੌਰ:** ਉਘੇ ਪਾਕਿਸਤਾਨੀ ਹਾਸਰਸ ਕਲਾਕਾਰ ਅਮਾਨਉੱਲ੍ਹਾ ਖਾਨ ਦਾ ਦੇਹਾਂਤ ਹੋ ਗਿਆ। ਉਹ ਫੇਫੜਿਆਂ ਤੇ ਗੁਰਦਿਆਂ ਦੀ ਬਿਮਾਰੀ ਨਾਲ ਜੂਝ ਰਹੇ ਸਨ। ਉਨ੍ਹਾਂ ਦੇ ਪਰਿਵਾਰ ਨੇ ਦੱਸਿਆ ਕਿ ਖਾਨ ਪਿਛਲੇ ਇਕ ਹਫਤੇ ਤੋਂ ਹਸਪਤਾਲ ਵਿਚ ਦਾਖਲ ਸਨ। ਜ਼ਿਕਰਯੋਗ ਹੈ ਕਿ ਖਾਨ ਗੁਜਰਾਂਵਾਲਾ ਨਾਲ ਸਬੰਧਤ ਹਨ ਅਤੇ ਉਹ 1970 ਵਿਚ ਕੰਮ-ਕਾਜ ਲਈ ਲਾਹੌਰ ਆ ਗਏ ਸਨ। ਉਨ੍ਹਾਂ ਪਬਲਿਕ ਬੱਸਾਂ ਵਿਚ ਟੌਫੀਆਂ ਵੀ ਵੇਚੀਆਂ। ਖਾਨ ਦਾ ਹੁਨਰ ਉਦੋਂ ਸਾਹਮਣੇ ਆਇਆ ਜਦੋਂ ਉਨ੍ਹਾਂ ਸੂਫੀ ਦਰਗਾਹ ਦਾਤਾ ਦਰਬਾਰ ਨੇੜੇ ਸੜਕ 'ਤੇ ਹੋਏ ਕਾਮੇਡੀ ਸ਼ੋਅ ਵਿਚ ਹਿੱਸਾ ਲਿਆ। ਉਨ੍ਹਾਂ ਨੂੰ ਪ੍ਰਸਿੱਧੀ, ਲਾਹੌਰ ਥੀਏਟਰ ਵਿਚ ਕੀਤੀ ਹਾਸਰਸ ਦੀ ਪੇਸ਼ਕਾਰੀ ਤੋਂ ਮਿਲੀ। ਉਨ੍ਹਾਂ ਉੱਘੀਆਂ ਹਸਤੀਆਂ ਦੀ ਨਕਲ ਲਾ ਕੇ 'ਕਾਮੇਡੀ ਕਿੰਗ' ਦਾ ਨਾਮਣਾ ਖੱਟਿਆ। ਉਹ ਆਸਾਨੀ ਨਾਲ ਦਰਸ਼ਕਾਂ ਨੂੰ ਹਸਾਉਣ ਵਿਚ ਮਾਹਿਰ ਸਨ। 45 ਵਰ੍ਹਿਆਂ ਦੇ ਕਰੀਅਰ ਵਿਚ ਉਨ੍ਹਾਂ ਦੋ ਹਜ਼ਾਰ ਤੋਂ ਵੱਧ ਨਾਟਕ ਖੇਡੇ। ਇਸ ਤੋਂ ਇਲਾਵਾ ਉਨ੍ਹਾਂ ਫਿਲਮਾਂ ਤੇ ਟੈਲੀਵਿਜ਼ਨ ਦੇ ਪ੍ਰੋਗਰਾਮਾਂ ਵਿਚ ਵੀ ਕੰਮ ਕੀਤਾ। ਉਨ੍ਹਾਂ ਦੀਆਂ ਤਿੰਨ ਬੀਵੀਆਂ ਤੇ 14 ਬੱਚੇ ਹਨ।

# ਲੀਹੋਂ ਲੱਥੀ ਕੈਪਟਨ ਸਰਕਾਰ ਨੇ ਤਸ਼ੱਦਦ ਦਾ ਰਾਹ ਫੜਿਆ

*(ਸਫਾ ਇਕ ਦੀ ਬਾਕੀ)*

ਘਰ ਬੈਠਣ ਵਿਚ ਹੀ ਭਲਾਈ ਸਮਝੀ। ਦੱਸ ਦਈਏ ਕਿ ਰੁਜ਼ਗਾਰ ਸਮੇਤ ਵੱਡੇ ਵਾਅਦਿਆਂ ਨਾਲ ਸੱਤਾ ਵਿਚ ਆਏ ਕੈਪਟਨ ਸਰਕਾਰ 3 ਸਾਲ ਸੱਤਾ ਭੋਗ ਚੁੱਕੀ ਹੈ ਪਰ ਅਜੇ ਤੱਕ ਅਜਿਹਾ ਇਕ ਵੀ ਵਾਅਦਾ ਨਹੀਂ ਜੋ ਸਿਰੇ ਲੱਗਾ ਹੋਵੇ। ਲੋਕਾਂ ਦਾ ਹੁਣ ਸਬਰ ਟੁੱਟਣ ਲੱਗਾ ਹੈ ਤੇ ਸਰਕਾਰ ਡੰਡੇ ਦੇ ਜ਼ੋਰ ਉਤੇ ਇਸ ਲੋਕ ਰੋਹ ਨੂੰ ਦਬਾਉਣ ਦੀ ਰਣਨੀਤੀ ਉਤੇ ਚੱਲ ਰਹੀ ਹੈ। ਅਸਲ ਗੱਲ ਤਾਂ ਇਹ ਹੈ ਕਿ ਕੈਪਟਨ ਸਰਕਾਰ ਨੇ 3 ਸਾਲ ਸੱਤਾ ਭੋਗਣ ਤੋਂ ਬਾਅਦ ਵੀ ਸੂਬੇ ਦੇ ਵਿੱਤੀ ਹਾਲਾਤ ਨੂੰ ਪੈਰਾਂ ਸਿਰ ਕਰਨ ਲਈ ਕੋਈ ਦਿਲਚਸਪੀ ਨਹੀਂ ਦਿਖਾਈ। ਹੁਣ ਹਾਲਾਤ ਵੱਸੋਂ ਬਾਹਰ ਹਨ।

ਕੈਗ ਦੇ ਅੰਕੜਿਆਂ ਦੀ ਪੜਚੋਲ ਦੱਸਦੀ ਹੈ ਕਿ ਪਿਛਲੇ ਸਾਲ ਅਪਰੈਲ ਤੋਂ ਜਨਵਰੀ 2020 ਤੱਕ ਸਰਕਾਰ ਕੋਲ ਕੁਲ ਪ੍ਰਾਪਤੀਆਂ 43544.48 ਕਰੋੜ ਰੁਪਏ ਦੀਆਂ ਰਹੀਆਂ ਅਤੇ ਨਾਲ ਹੀ ਸਰਕਾਰ ਦਾ ਖਰਚਾ 44985.79 ਕਰੋੜ ਰੁਪਏ ਰਿਹਾ ਹੈ। ਸਰਕਾਰ ਦਾ ਪ੍ਰਾਇਮਰੀ ਸਰਪਲਸ (ਜੋ ਦਰਅਸਲ ਘਾਟਾ ਹੈ) 1441.31 ਕਰੋੜ ਦਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸਰਕਾਰ ਨੂੰ ਆਪਣੇ ਸਾਰੇ ਸਰੋਤਾਂ ਤੋਂ ਪ੍ਰਾਪਤੀਆਂ 2019-20 ਦੇ ਬਜਟ ਅਨੁਮਾਨਾਂ ਦੇ ਤਕਰੀਬਨ 55-60 ਫੀਸਦ ਹੋਈਆਂ ਪਰ ਸਰਕਾਰ ਦੇ ਪੂੰਜੀਗਤ ਖਰਚਿਆਂ ਵਿਚ ਖਾਸਾ ਵਿੱਤੀ ਅਸੰਤੁਲਨ ਦੇਖਣ ਨੂੰ ਮਿਲਿਆ ਹੈ। ਸਰਕਾਰ ਦੁਆਰਾ ਮਿਥੇ ਗਏ 2019-20 ਦੇ ਬਜਟ ਅਨੁਮਾਨਾਂ ਅਨੁਸਾਰ, ਸਰਕਾਰ ਨੇ 22842 ਕਰੋੜ ਦਾ ਪੂੰਜੀਗਤ ਨਿਵੇਸ਼ ਕਰਨਾ ਸੀ ਜੋ ਅਸਲ ਵਿਚ ਕੇਵਲ 1621 ਕਰੋੜ ਹੀ ਹੋਇਆ ਹੈ। ਪੂੰਜੀਗਤ ਖਰਚਿਆਂ ਦੀ ਇਹ ਕਟੌਤੀ ਜੋ ਅੱਗੇ ਚੱਲ ਕੇ ਰੁਜ਼ਗਾਰ ਦੇ ਮੌਕਿਆਂ, ਕਰਮਚਾਰੀਆਂ ਤੇ ਕਾਰੀਗਰਾਂ ਦੀਆਂ ਤਨਖਾਹਾਂ ਅਤੇ ਸਰਕਾਰ ਦੇ ਟੈਕਸਾਂ ਵਿਚ ਕਮੀ ਦਾ ਕਾਰਨ ਬਣੇਗੀ। ਸਰਕਾਰ ਦੀ ਇਹ ਸਥਿਤੀ ਇਹੀ ਇਸ਼ਾਰਾ ਕਰਦੀ ਹੈ ਕਿ ਬਾਕੀ ਬਚੇ 2 ਸਾਲਾਂ ਵਿਚ ਉਸ ਤੋਂ ਕੋਈ ਚੋਣ ਵਾਅਦਾ ਸਿਰੇ ਚੜ੍ਹਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

# ਭਾਈਵਾਲਾਂ ਦੇ ਸੁਆਰਥ ਪੂਰਨ ਲਈ ਕੇਂਦਰ ਨਹੀਂ ਕਰਵਾ ਰਿਹਾ ਕਮੇਟੀ ਚੋਣਾਂ: ਮਾਨ

**ਸ੍ਰੀ ਅਨੰਦਪੁਰ ਸਾਹਿਬ:** ਪੰਜਾਬ ਦੀਆਂ ਮੁੱਖ ਸਿਆਸੀ ਧਿਰਾਂ- ਕਾਂਗਰਸ, ਸ਼੍ਰੋਮਣੀ ਅਕਾਲੀ ਦਲ-ਭਾਜਪਾ ਅਤੇ ਆਮ ਆਦਮੀ ਪਾਰਟੀ ਨੇ ਹੋਲਾ ਮਹੱਲਾ ਮੌਕੇ ਆਪੋ-ਆਪਣੀ ਸਿਆਸੀ ਕਾਨਫਰੰਸ ਕਰਨ ਤੋਂ ਕਿਨਾਰਾ ਕੀਤਾ, ਪਰ ਦਹਾਕਿਆਂ ਤੋਂ ਚੱਲਦੀ ਰਵਾਇਤ ਮੁਤਾਬਕ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਸਰੋਵਰ ਨਾਲ ਲੱਗਦੇ ਮੈਦਾਨ 'ਚ ਸਿਆਸੀ ਕਾਨਫਰੰਸ ਕੀਤੀ ਗਈ। ਇਸ ਮੌਕੇ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸਮੇਤ ਸਮੁੱਚੀ ਸੀਨੀਅਰ ਲੀਡਰਸ਼ਿਪ ਹਾਜ਼ਰ ਸੀ।

ਮਾਨ ਨੇ ਇਸ ਮੌਕੇ ਕਿਹਾ ਕਿ ਜੇਕਰ ਅਮਰੀਕਾ, ਵੈਨਜ਼ੁਏਲਾ ਮੁਲਕ ਦੀਆਂ ਚੋਣਾਂ ਕਰਵਾਉਣ ਲਈ ਸੰਯੁਕਤ ਰਾਸ਼ਟਰ ਕੋਲ ਅਪੀਲ ਕਰ ਸਕਦਾ ਹੈ ਤਾਂ ਕਾਨੂੰਨ ਮੁਤਾਬਕ ਹੋਂਦ ਵਿਚ ਆਈ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਮਿਥੇ ਸਮੇਂ ਉਤੇ ਕਿਉਂ ਨਹੀਂ ਹੋ ਸਕਦੀਆਂ? ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਆਪਣੇ ਭਾਈਵਾਲਾਂ ਦੇ ਸਿਆਸੀ ਅਤੇ ਪਰਿਵਾਰਕ ਸੁਆਰਥਾਂ ਦੀ ਪੂਰਤੀ ਲਈ ਕਾਨੂੰਨੀ ਮਿਆਦ ਖਤਮ ਹੋਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਚੋਣਾਂ ਨਹੀਂ ਕਰਵਾ ਰਹੀ। ਸੂਬੇ ਦੀ ਕਾਂਗਰਸ ਸਰਕਾਰ 'ਤੇ ਵਰ੍ਹਦਿਆਂ ਮਾਨ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਗੁਟਕਾ ਸਾਹਿਬ ਦੀ ਝੂਠੀ ਸਹੁੰ ਖਾ ਕੇ ਅਤੇ ਲੋਕਾਂ ਨੂੰ ਲਾਰੇ ਲਾ ਕੇ ਸੱਤਾ ਵਿਚ ਆਈ ਕੈਪਟਨ ਸਰਕਾਰ ਦੀ ਪਿਛਲੇ ਤਿੰਨ ਸਾਲ ਦੀ ਕਾਰਗੁਜ਼ਾਰੀ ਜ਼ੀਰੋ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦਾ ਹਰ ਵਿਅਕਤੀ ਕਾਂਗਰਸ ਸਰਕਾਰ ਤੋਂ ਨਾਖੁਸ਼ ਹੈ, ਕਾਂਗਰਸ ਦੇ ਆਪਣੇ ਵਿਧਾਇਕ ਹੀ ਸਰਕਾਰ ਤੋਂ ਖੁਸ਼ ਨਹੀਂ ਹਨ।

## ਗਾਇਕ ਸਿੱਪੀ ਗਿੱਲ ਖਿਲਾਫ ਕੇਸ ਦਰਜ

**ਮੋਗਾ:** ਉਘੇ ਪੰਜਾਬੀ ਗਾਇਕ ਸਿੱਪੀ ਗਿੱਲ ਖਿਲਾਫ ਇਥੇ ਥਾਣਾ ਮਹਿਣਾ 'ਚ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਵਾਲੇ ਗੀਤ ਗਾਉਣ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਗਿਆ ਹੈ। ਸੁਪਰਡੈਂਟ ਆਫ ਪੁਲੀਸ (ਜਾਂਚ) ਹਰਿੰਦਰਪਾਲ ਸਿੰਘ ਪਰਮਾਰ ਨੇ ਦੱਸਿਆ ਕਿ ਇਹ ਮਾਮਲਾ ਪ੍ਰੋ. ਪੰਡਿਤ ਰਾਓ ਧਰੇਨਵਰ ਵਾਸੀ ਸੈਕਟਰ 41-ਬੀ ਚੰਡੀਗੜ੍ਹ ਦੀ ਸ਼ਿਕਾਇਤ 'ਤੇ ਮੂਲ ਵਾਸੀ ਪਿੰਡ ਰੌਲੀ (ਮੋਗਾ) ਪੰਜਾਬੀ ਗਾਇਕ ਸਿੱਪੀ ਗਿੱਲ ਤੇ ਉਸ ਦੀ ਟੀਮ ਦੇ ਮੈਂਬਰਾਂ ਖਿਲਾਫ ਦਰਜ ਕੀਤਾ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਨਾਰੀ ਦਿਵਸ: ਪੰਜਾਬ ਦੀਆਂ ਧੀਆਂ ਨੇ ਚਮਕਾਇਆ ਮੁਲਕ ਦਾ ਨਾਮ

**ਚੰਡੀਗੜ੍ਹ:** ਸਮੇਂ ਦੇ ਬਦਲਣ ਨਾਲ ਕੁੜੀਆਂ ਨੇ ਖੇਡਾਂ ਦੇ ਖੇਤਰ ਵਿਚ ਅੱਗੇ ਆਉਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬੀ ਕੁੜੀਆਂ ਦਾ ਨਾਂ ਵਿਸ਼ਵ ਭਰ ਵਿਚ ਗੂੰਜਿਆ ਹੈ। ਆਈ.ਸੀ.ਸੀ. ਮਹਿਲਾ ਟੀ-20 ਵਿਸ਼ਵ ਕੱਪ ਦੇ ਫਾਈਨਲ 'ਚ ਪਹੁੰਚ ਕੇ ਭਾਰਤ ਦੀ ਟੀਮ ਨੇ ਇਤਿਹਾਸ ਰਚ ਦਿੱਤਾ ਹੈ ਉਥੇ ਹੀ ਇਸ ਟੀਮ ਦੀ ਪ੍ਰਧਾਨਗੀ ਪੰਜਾਬ ਦੇ ਮੋਗਾ ਦੀ ਜੰਮਪਲ ਹਰਮਨਪ੍ਰੀਤ ਕੌਰ ਵੱਲੋਂ ਕੀਤੀ ਗਈ ਜੋ ਆਲਰਾਊਂਡਰ ਖਿਡਾਰਨ ਹੈ।

ਸਹੁਰੇ ਪਰਿਵਾਰ ਦਾ ਸਾਥ ਨਾ ਮਿਲਣ ਦੇ ਬਾਵਜੂਦ ਆਪਣੇ ਪੇਕੇ ਪਰਿਵਾਰ ਦੇ ਸਹਿਯੋਗ ਨਾਲ ਕੁਸ਼ਤੀ ਦੇ ਖੇਤਰ 'ਚ ਤਰਨ ਤਾਰਨ ਦੀ ਗੁਰਸ਼ਰਨਪ੍ਰੀਤ ਕੌਰ ਨੇ ਕਈ ਤਗਮੇ ਭਾਰਤ ਦੀ ਝੋਲੀ ਪਾਏ ਹਨ। ਉਸ ਵੱਲੋਂ ਆਪਣੀ ਛੋਟੀ ਜਿਹੀ ਬੱਚੀ ਦੇ ਪਾਲਣ ਪੋਸ਼ਣ ਦੇ ਨਾਲ ਨਾਲ ਖੇਡ ਨੂੰ ਵੀ ਬਰਾਬਰ ਸਮਾਂ ਦਿੱਤਾ ਜਾ ਰਿਹਾ ਹੈ। ਉਹ ਸਾਲ 2012 'ਚ ਕਜ਼ਾਕਿਸਤਾਨ ਓਲੰਪਿਕ ਖੇਡਾਂ ਵਿਚ ਹਿੱਸਾ ਲੈ ਚੁੱਕੀ ਹੈ। ਉਸ ਨੇ ਵਿਸ਼ਵ ਭਰ ਦੇ ਕਈ ਮੁਕਾਬਲਿਆਂ ਵਿਚ ਹਿੱਸਾ ਲੈ ਕੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਨਵਜੋਤ ਕੌਰ ਕੁਸ਼ਤੀ ਦੇ ਖੇਤਰ 'ਚ ਏਸ਼ੀਅਨ ਖੇਡਾਂ ਵਿਚ ਜਿੱਤ ਹਾਸਲ ਕਰ ਚੁੱਕੀ ਹੈ। ਨਿਸ਼ਾਨੇਬਾਜ਼ੀ ਦੇ ਖੇਤਰ 'ਚ ਲੁਧਿਆਣਾ ਦੀ ਜੰਮਪਲ ਹਿਨਾ ਸਿੱਧੂ ਆਈ.ਐਸ.ਐਸ.ਐਫ. ਦੀ ਵਿਸ਼ਵ ਰੈਂਕਿੰਗ ਵਿਚ ਪਹਿਲਾ ਸਥਾਨ ਹਾਸਲ



ਕਰਨ ਵਾਲੀ ਭਾਰਤੀ ਦੀ ਪਹਿਲੀ ਮਹਿਲਾ ਨਿਸ਼ਾਨੇਬਾਜ਼ ਬਣ ਚੁੱਕੀ ਹੈ। ਉਸ ਨੇ ਵਿਸ਼ਵ ਕੱਪ ਵਿਚ ਦੋ ਸੋਨੇ ਤੇ ਦੋ ਚਾਂਦੀ ਦੇ ਤਮਗੇ ਜਿੱਤੇ। ਇਸੇ ਤਰ੍ਹਾਂ ਨਿਸ਼ਾਨੇਬਾਜ਼ੀ 'ਚ ਅਵਨੀਤ ਸਿੱਧੂ ਰਾਸ਼ਟਰਮੰਡਲ ਅਤੇ ਏਸ਼ਿਆਈ ਖੇਡਾਂ ਵਿਚ ਜਿੱਤ ਹਾਸਲ ਕਰਨ ਵਾਲੀ ਪਹਿਲਾ ਪੰਜਾਬਣ ਖਿਡਾਰਨ ਬਣ ਗਈ ਹੈ। ਜਦਕਿ ਨਿਸ਼ਾਨੇਬਾਜ਼ੀ 'ਚ ਮਲਿਕਾ ਗੋਇਲ ਅਤੇ ਹਰਵੀਨ ਕੌਰ ਨੇ ਵੀ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ।

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਚਕਰ ਦੀ ਸਿਮਰਨਜੀਤ ਕੌਰ ਨੇ ਵਿਸ਼ਵ ਚੈਂਪੀਅਨਸ਼ਿਪ ਵਿਚ ਤਗਮਾ ਜਿੱਤਣ ਵਾਲੀ ਪਹਿਲੀ ਪੰਜਾਬਣ ਮੁੱਕੇਬਾਜ਼ ਦਾ ਖ਼ਿਤਾਬ ਹਾਸਲ ਕੀਤਾ। ਉਸ ਨੇ ਏਸ਼ੀਅਨ ਚੈਂਪੀਅਨਸ਼ਿਪ 'ਚੋਂ ਦੇਸ਼ ਲਈ ਚਾਂਦੀ, ਇੰਡੀਅਨ ਓਪਨ ਟੂਰਨਾਮੈਂਟ ਵਿਚੋਂ ਚਾਂਦੀ, ਪ੍ਰੈਜ਼ੀਡੈਂਟ ਕੱਪ ਵਿਚੋਂ ਸੋਨ ਤਮਗਾ ਜਿੱਤ ਕੇ ਪੰਜਾਬ ਦਾ ਮਾਣ ਵਧਾਇਆ ਹੈ। ਪਹਿਲੀ ਵਾਰ ਭਾਰਤੀ ਹਾਕੀ ਟੀਮ 'ਚ ਪੰਜਾਬ ਦੀਆਂ ਦੋ-ਦੋ ਖਿਡਾਰਨਾਂ ਗੁਰਜੀਤ ਕੌਰ ਅਤੇ ਰੀਨਾ ਖੋਖਰ ਨੇ ਆਪਣੀ ਥਾਂ ਬਣਾਈ ਹੈ। ਗੁਰਜੀਤ ਕੌਰ ਡਰੈਗ ਫਲਿੱਕਰ ਵਜੋਂ ਭਾਰਤੀ ਟੀਮ ਦਾ ਧੁਰਾ ਬਣੀ ਰਹੀ ਅਤੇ ਭਾਰਤੀ ਟੀਮ ਨੂੰ ਓਲੰਪਿਕ ਲਈ ਕੁਆਲੀਫਾਈ ਕਰਵਾਉਣ 'ਚ ਉਸ ਦਾ ਵੱਡਾ ਯੋਗਦਾਨ ਰਿਹਾ। ਇਸੇ ਤਰ੍ਹਾਂ ਪੰਜਾਬ ਦੀ ਜੰਮਪਲ ਰੀਨਾ ਖੋਖਰ ਨੇ ਭਾਰਤੀ ਹਾਕੀ ਟੀਮ ਵਿਚ ਮੱਧ ਪ੍ਰਦੇਸ਼ ਹਾਕੀ ਅਕਾਦਮੀ ਵਲੋਂ ਹਿੱਸਾ ਲੈ ਕੇ ਵਧੀਆ ਪੇਸ਼ਕਾਰੀ ਦਿੱਤੀ। ਇਸ ਤੋਂ ਇਲਾਵਾ ਅਥਲੈਟਿਕਸ ਦੇ ਖੇਤਰ 'ਚ ਮਨਦੀਪ ਕੌਰ, ਮਨਜੀਤ ਕੌਰ, ਜਿਮਨਾਸਟਿਕ ਵਿਚ ਪ੍ਰਭਜੋਤ ਕੌਰ, ਜੂਡੋ ਵਿਚ ਰਾਜਵਿੰਦਰ ਕੌਰ ਨੇ ਵਿਸ਼ਵ ਪੱਧਰ ਦੇ ਮੁਕਾਬਲਿਆਂ 'ਚ ਜਿੱਤਾਂ ਹਾਸਲ ਕੀਤੀਆਂ।

## ਮਾਨ ਕੌਰ ਸਣੇ 15 ਔਰਤਾਂ ਨੂੰ ਨਾਰੀ ਸ਼ਕਤੀ ਪੁਰਸਕਾਰ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵਲੋਂ ਕੌਮਾਂਤਰੀ ਮਹਿਲਾ ਦਿਵਸ ਮੌਕੇ 15 ਮਹਿਲਾਵਾਂ ਨੂੰ ਨਾਰੀ ਸ਼ਕਤੀ ਪੁਰਸਕਾਰ ਭੇਟ ਕੀਤੇ ਗਏ। ਮਹਿਲਾ ਸ਼ਕਤੀਕਰਨ ਅਤੇ ਸਮਾਜ ਭਲਾਈ ਲਈ ਨਿਰੰਤਰ ਕੰਮ ਕਰ ਰਹੀਆਂ ਮਹਿਲਾਵਾਂ ਨੂੰ ਹਰ ਵਰ੍ਹੇ ਸਰਕਾਰ ਵਲੋਂ ਮਹਿਲਾ ਦਿਵਸ ਮੌਕੇ ਨਾਰੀ ਸ਼ਕਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਂਦਾ ਹੈ। 2019 ਦੀਆਂ ਜੇਤੂ ਮਹਿਲਾਵਾਂ ਨੂੰ ਖੇਤੀਬਾੜੀ, ਖੇਡਾਂ, ਦਸਤਕਾਰੀ, ਵਣ-ਰੱਖਿਆ, ਜੰਗਲੀ ਜੀਵ ਰੱਖਿਆ, ਸਿੱਖਿਆ ਅਤੇ ਰੱਖਿਆ ਸੈਨਾਵਾਂ ਆਦਿ ਖੇਤਰਾਂ ਵਿਚ ਯੋਗਦਾਨ ਬਦਲੇ ਸਨਮਾਨਿਤ ਕੀਤਾ ਗਿਆ ਹੈ। ਪੁਰਸਕਾਰ ਜੇਤੂਆਂ ਵਿਚ 103 ਵਰ੍ਹਿਆਂ ਦੀ ਮਾਨ ਕੌਰ ਸ਼ਾਮਲ ਹੈ, ਜਿਸ ਨੂੰ 'ਚੰਡੀਗੜ੍ਹ ਦਾ ਕ੍ਰਿਸ਼ਮਾ' ਵੀ ਕਿਹਾ ਜਾਂਦਾ ਹੈ। ਉਸ ਨੇ 93 ਸਾਲ ਦੀ ਉਮਰ ਵਿਚ ਆਪਣੇ ਅਥਲੈਟਿਕ ਕਰੀਅਰ ਦੀ ਸ਼ੁਰੂਆਤ ਕੀਤੀ। ਪੋਲੈਂਡ ਵਿਚ ਹੋਈ ਅਥਲੈਟਿਕ ਚੈਂਪੀਅਨਸ਼ਿਪ ਵਿਚ ਚਾਰ ਸੋਨ ਤਮਗੇ ਜਿੱਤਣ ਵਾਲੀ ਮਾਨ ਕੌਰ ਨੇ ਅਮਰੀਕਾ ਦੀਆਂ ਮਾਸਟਰਜ਼ ਗੇਮ, 2016 ਵਿਚ ਦੁਨੀਆਂ ਦੀ ਸਭ ਤੋਂ ਤੇਜ਼ ਰਫਤਾਰ ਵਾਲੀ ਬਜ਼ੁਰਗ ਮਹਿਲਾ ਹੋਣ ਦਾ ਰਿਕਾਰਡ ਕਾਇਮ ਕੀਤਾ ਸੀ।

## ਮੋਦੀ ਵਲੋਂ ਆਪਣਾ ਸੋਸ਼ਲ ਮੀਡੀਆ ਖਾਤਾ ਮਹਿਲਾਵਾਂ ਹਵਾਲੇ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਆਪਣਾ ਸੋਸ਼ਲ ਮੀਡੀਆ ਖਾਤਾ ਮਹਿਲਾਵਾਂ ਨੂੰ ਆਪਣੀਆਂ ਕਹਾਣੀਆਂ ਲਿਖਣ ਲਈ ਦਿੱਤੇ ਜਾਣ ਦੇ ਕਦਮ ਦਾ ਇਕ ਪਾਸੇ ਸਵਾਗਤ ਹੋ ਰਿਹਾ ਹੈ ਤਾਂ ਦੂਜੇ ਪਾਸੇ ਇਸ ਨੂੰ ਧਿਆਨ ਖਿੱਚਣ ਦਾ ਢੰਗ ਆਖਿਆ ਜਾ ਰਿਹਾ ਹੈ। ਮਹਿਲਾ ਦਿਵਸ ਮੌਕੇ ਮੋਦੀ ਨੇ ਕਿਹਾ ਕਿ ਸੱਤ ਸਫਲ ਮਹਿਲਾਵਾਂ ਵਲੋਂ ਆਪਣੇ ਜੀਵਨ ਦੀ ਕਹਾਣੀ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤੇ ਰਾਹੀਂ ਸਾਂਝੀ ਕੀਤੀ ਜਾਵੇਗੀ। ਕੁਝ ਮਹਿਲਾ ਕਾਰਕੁਨਾਂ ਨੇ ਪ੍ਰਧਾਨ ਮੰਤਰੀ ਦੀ ਇਸ ਸੋਚ ਨੂੰ ਸ਼ਲਾਘਾਯੋਗ ਦੱਸਿਆ ਹੈ ਜਦਕਿ ਕਈਆਂ ਨੇ ਇਸ ਨੂੰ ਡਰਾਮਾ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਸਰਕਾਰ ਦੇ ਕਾਰਜਕਾਲ ਦੌਰਾਨ ਮਹਿਲਾਵਾਂ ਦੀ ਹਾਲਤ ਬਦਤਰ ਹੋਈ ਹੈ।

# ਕਰਤਾਰਪੁਰ: ਸ਼ਰਧਾਲੂਆਂ ਲਈ ਅੱਗੇ ਆਇਆ ਸਰਬੱਤ ਦਾ ਭਲਾ ਟਰੱਸਟ

**ਡੇਰਾ ਬਾਬਾ ਨਾਨਕ:** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਸ਼ਰਧਾਲੂਆਂ ਨੂੰ ਆਪਣੇ ਖਰਚ ਉਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਵਾਉਣ ਲਈ ਪਹਿਲਕਦਮੀ ਕੀਤੀ ਗਈ ਹੈ। ਇਹ ਪਹਿਲ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਕੀਤੀ ਗਈ ਹੈ।

ਟਰੱਸਟ ਦੇ ਬਾਨੀ ਡਾ. ਐਸ.ਪੀ. ਸਿੰਘ ਓਬਰਾਏ ਦੀ ਪਤਨੀ ਮਨਿੰਦਰ ਕੌਰ ਓਬਰਾਏ ਨੇ ਸ਼ਰਧਾਲੂਆਂ ਦੇ ਇਕ ਜਥੇ ਨੂੰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਕੀਤਾ। ਉਨ੍ਹਾਂ ਕਿਹਾ ਕਿ ਲਾਂਘਾ ਖੁੱਲ੍ਹਣ ਕਾਰਨ ਸੰਗਤ ਦੇ ਮਨ 'ਚ ਬਹੁਤ ਚਾਅ ਤੇ ਉਤਸ਼ਾਹ ਹੈ, ਪਰ ਹਰੇਕ ਸ਼ਰਧਾਲੂ ਖਰਚ ਨਹੀਂ ਚੁੱਕ ਸਕਦਾ। ਇਸ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਫੈਸਲੇ ਲਿਆ ਸੀ ਕਿ 30 ਨਵੰਬਰ 2020 ਤੱਕ 1100 ਲੋੜਵੰਦ ਸ਼ਰਧਾਲੂਆਂ ਨੂੰ ਟਰੱਸਟ ਆਪਣੇ ਖਰਚੇ ਉਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਵਾਏਗਾ, ਪਰ ਹੁਣ ਸੰਗਤਾਂ ਦੇ ਉਤਸ਼ਾਹ ਨੂੰ ਵੇਖਦਿਆਂ ਟਰੱਸਟ ਨੇ 1100 ਦੀ ਥਾਂ 2500 ਸ਼ਰਧਾਲੂਆਂ ਨੂੰ ਦਰਸ਼ਨ ਕਰਵਾਉਣ ਦਾ ਫੈਸਲਾ ਲਿਆ ਹੈ।

ਟਰੱਸਟ ਦੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਅਗਵਾਈ ਹੇਠ ਜਾਣ ਵਾਲੇ ਜਥੇ ਵਿਚ 107 ਸ਼ਰਧਾਲੂ ਸ਼ਾਮਲ ਹਨ। ਇਸ ਸਮੁੱਚੇ ਜਥੇ ਲਈ ਰਸਤੇ 'ਚ ਖਾਣ ਪੀਣ ਦਾ ਪ੍ਰਬੰਧ ਵੀ ਟਰੱਸਟ ਵੱਲੋਂ ਕੀਤਾ ਗਿਆ ਹੈ। ਟਰੱਸਟ ਰਾਹੀਂ ਦਰਸ਼ਨ ਕਰਨ ਜਾਣ ਲਈ ਚੁਣੇ ਗਏ ਸ਼ਰਧਾਲੂ ਦਾ ਟਰੱਸਟ ਵੱਲੋਂ ਹੀ ਆਨਲਾਈਨ ਅਪਲਾਈ ਕੀਤਾ ਜਾਂਦਾ ਹੈ ਅਤੇ ਸਰਕਾਰ ਵੱਲੋਂ ਮਨਜ਼ੂਰੀ ਮਿਲ ਜਾਣ ਉਪਰੰਤ ਟਰੱਸਟ ਫਿਰ ਉਸ ਸ਼ਰਧਾਲੂ ਦਾ ਘਰ ਤੋਂ ਲੈ ਕੇ ਦਰਸ਼ਨ ਕਰਨ ਉਪਰੰਤ ਸਾਰਾ ਖਰਚ ਆਪ ਕਰਦਾ ਹੈ। ਉਨ੍ਹਾਂ ਕਿਹਾ ਕਿ ਜੋ ਸ਼ਰਧਾਲੂ ਖਰਚ ਤਾਂ ਆਪ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਫਾਰਮ ਭਰਨ 'ਚ ਮੁਸ਼ਕਲ ਪੇਸ਼ ਆ ਰਹੀ ਹੈ ਉਹ ਵੀ ਸੰਪਰਕ ਕਰ ਸਕਦੇ ਹਨ। ਸ਼ਰਧਾਲੂ ਟਰੱਸਟ ਦੇ ਜਲੰਧਰ ਵਿਚਲੇ ਦਫਤਰ ਦੇ ਹੈਲਪਲਾਈਨ ਨੰਬਰ 01815096900 ਉਤੇ ਸੰਪਰਕ ਕਰ ਸਕਦੇ ਹਨ।

## 125 ਔਰਤਾਂ ਦਾ ਜਥਾ ਨਤਮਸਤਕ

**ਡੇਰਾ ਬਾਬਾ ਨਾਨਕ:** ਕੌਮਾਂਤਰੀ ਮਹਿਲਾ ਦਿਵਸ ਮੌਕੇ ਸੰਸਦ ਮੈਂਬਰ ਪ੍ਰਨੀਤ ਕੌਰ ਸਣੇ 125 ਔਰਤਾਂ ਦਾ ਜਥਾ ਡੇਰਾ ਬਾਬਾ ਨਾਨਕ -ਕਰਤਾਰ ਸਾਹਿਬ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋਇਆ। ਸੰਸਥਾ 'ਫਿੱਕੀ ਫਲੋਅ' ਅੰਮ੍ਰਿਤਸਰ ਨੇ ਪਹਿਲਕਦਮੀ ਕਰਦਿਆਂ ਮਹਿਲਾ ਦਿਵਸ ਮੌਕੇ ਸਵਾ ਸੌ ਔਰਤਾਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ। ਇਸ ਦੌਰਾਨ ਸਥਾਨਕ ਵਿਧਾਇਕ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਮੰਤਰੀ ਚਰਨਜੀਤ ਸਿੰਘ ਚੰਨੀ ਸਮੇਤ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸੰਸਦ ਮੈਂਬਰ ਪ੍ਰਨੀਤ ਕੌਰ ਨੂੰ ਗੁਲਦਸਤਾ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ। ਬੀਬੀ ਪ੍ਰਨੀਤ ਕੌਰ ਨੇ ਕਿਹਾ ਕਿ ਗੁਰੂ ਨਾਨਕ ਦੇਵ ਨੇ ਔਰਤ ਨੂੰ ਬਹੁਤ ਵੱਡਾ ਰੁਤਬਾ ਦਿੱਤਾ ਹੈ ਜਿਸ ਸਦਕਾ ਅੱਜ ਸਭ ਨੂੰ ਤਾਕਤ ਅਤੇ ਮਾਣ ਸਤਿਕਾਰ ਮਿਲਿਆ ਹੈ।

# ਢੱਡਰੀਆਂ ਵਾਲੇ ਵਲੋਂ ਜਥੇਦਾਰ ਨੂੰ ਖੁੱਲ੍ਹੀ ਚੁਣੌਤੀ

**ਪਟਿਆਲਾ:** ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਸੰਗਤ ਦੀ ਹਾਜ਼ਰੀ 'ਚ ਕੈਮਰੇ ਅੱਗੇ ਲਾਈਵ ਹੋ ਕੇ ਸਿੱਧਾ ਸੰਵਾਦ ਰਚਾਉਣ ਦਾ ਸੁਨੇਹਾ ਲਾਉਂਦਿਆਂ ਚਿਤਾਵਨੀ ਵੀ ਦਿੱਤੀ ਹੈ ਕਿ ਜੇ ਉਸ ਦੀ ਮੰਗ ਉਤੇ ਜਥੇਦਾਰ ਨੇ ਟਾਲ-ਮਟੋਲ ਕੀਤੀ ਤਾਂ ਉਹ ਸਿੱਧੇ ਉਸ ਦੇ ਘਰ ਤੱਕ ਦਸਤਕ ਦੇਣ ਤੋਂ ਵੀ ਗੁਰੇਜ ਨਹੀ ਕਰਨਗੇ। ਜਥੇਦਾਰ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਉਹ ਕਿਥੋਂ ਨਿਰੰਕਾਰੀ ਹੈ? ਗੁਰਦੁਆਰਾ ਪਰਮੇਸ਼ਰ ਦੁਆਰ ਸੇਖੂਪੁਰਾ 'ਚ ਇਕੱਤਰ ਵੱਡੀ ਗਿਣਤੀ ਸੰਗਤ ਦੀ ਹਾਜ਼ਰੀ ਵਿਚ ਕੀਰਤਨ ਸਮਾਗਮ ਦੌਰਾਨ ਢੱਡਰੀਆਂ ਵਾਲੇ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਕਈ ਮੁੱਦਿਆਂ ਉਤੇ ਕੋਸਦਿਆਂ ਮੰਚ ਤੋਂ ਪੇਸ਼ ਕੀਤੀ ਕਵਿਤਾ ਰਾਹੀਂ ਵਿਅੰਗਮਈ ਤਰੀਕੇ ਨਾਲ ਇਹ ਵੰਗਾਰ ਵੀ ਦੇ ਦਿੱਤੀ, 'ਐਨੇ ਵੀ ਨਹੀ ਮਿੱਠੇ ਕੋਈ ਮੂੰਹ 'ਚ ਪਾ ਲਵੇ, ਸਾਨੂੰ ਸਮਝੋ ਨਾ ਖੰਡ ਦੇ ਮਖਾਣੇ ਜਥੇਦਾਰ ਜੀ।'

ਭਾਈ ਢੱਡਰੀਆਂ ਵਾਲੇ ਨੇ ਲੰਮੀ ਕਵਿਤਾ 'ਚ ਅਕਾਲ ਤਖਤ ਦੇ ਜਥੇਦਾਰ ਨੂੰ ਕਰੜੇ ਹੱਥੀਂ ਲੈਂਦਿਆਂ ਆਪਣੇ ਆਪ ਨੂੰ ਕਿਸੇ ਵਿਵਾਦ ਤੋਂ ਜਿਥੇ ਬੇਕਸੂਰ ਦੱਸਿਆ ਉਥੇ ਜਥੇਦਾਰ ਨੂੰ ਆਖਿਆ, 'ਅਸੀਂ ਕਿਹੜਾ ਕਿਸੇ ਗੱਲੋਂ ਕਾਣੇ ਜਥੇਦਾਰ ਜੀ, ਅੱਗੇ ਤੁਸੀਂ ਆਪ ਹੀ ਸਿਆਣੇ ਜਥੇਦਾਰ ਜੀ।' ਪੂਰੇ ਦੀਵਾਨ 'ਚ ਢੱਡਰੀਆਂ ਵਾਲੇ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਜਿਥੇ ਵਾਰ ਵਾਰ ਕੋਸਿਆ ਉਥੇ ਹੀ ਅਕਾਲ ਤਖਤ ਦੇ ਸਿਸਟਮ ਉਤੇ ਵੀ ਕਈ ਤਰ੍ਹਾਂ ਦੇ ਸਵਾਲ ਤੇ ਸ਼ੰਕੇ ਖੜ੍ਹੇ ਕੀਤੇ। ਉਨ੍ਹਾਂ ਅਕਾਲ ਤਖਤ ਦੇ ਜਥੇਦਾਰ ਅਤੇ ਸਮੁੱਚੇ ਸਿਸਟਮ ਪ੍ਰਤੀ ਬੇਭਰੋਸਗੀ ਦਾ ਪ੍ਰਗਟਾਵਾ ਕਰਦਿਆਂ ਇਹ



ਵੀ ਆਖ ਦਿੱਤਾ ਕਿ ਇਨ੍ਹਾਂ ਨੇ ਕਹਿ ਦੇਣਾ ਹੈ ਕਿ ਇਹ ਸਿੱਖ ਹੀ ਨਹੀ, ਅਜਿਹੇ 'ਚ ਇਹ 'ਛੇਕ' ਵੀ ਸਕਦੇ ਹਨ ਪਰ ਉਹ ਹਰ ਚੁਣੌਤੀ ਨੂੰ ਕਬੂਲ ਕਰਨਗੇ ਅਤੇ ਪਿਛੇ ਨਹੀਂ ਹਟਣਗੇ।

ਦੱਸਣਯੋਗ ਹੈ ਕਿ ਭਾਈ ਢੱਡਰੀਆਂ ਵਾਲੇ ਸੂਰਜ ਪ੍ਰਕਾਸ਼ ਗ੍ਰੰਥ ਨੂੰ ਲੈ ਕੇ ਵੱਖਰੇ ਵਿਚਾਰ ਰੱਖਦੇ ਹਨ। ਜ਼ਿਕਰਯੋਗ ਹੈ ਕਿ ਵਿਵਾਦਤ ਸਿੱਖ ਪ੍ਰਚਾਰ ਦੇ ਮੁੱਦੇ ਉਤੇ ਅਕਾਲ ਤਖਤ ਸਾਹਿਬ ਵੱਲੋਂ ਪਿਛਲੇ ਸਾਲ ਪੰਜ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਸੀ, ਜਿਸ ਨੇ ਭਾਈ ਢੱਡਰੀਆਂ ਵਾਲੇ ਨਾਲ ਗੱਲ ਕਰਕੇ ਵਿਵਾਦਤ ਮਸਲੇ ਦੇ ਹੱਲ ਦਾ ਕੋਈ ਨਿਤਾਰਾ ਕਰਨਾ ਸੀ ਪ੍ਰੰਤੂ ਭਾਈ ਢੱਡਰੀਆਂ ਵਾਲੇ ਪੰਜ ਮੈਂਬਰੀ ਕਮੇਟੀ ਨਾਲ ਗੱਲ ਕਰਨ ਤੋਂ ਨਾਬਰ ਹਨ। ਉਨ੍ਹਾਂ ਨੂੰ ਸ਼ਿਕਵਾ ਹੈ ਕਿ ਅਕਾਲ ਤਖਤ ਦੇ ਜਥੇਦਾਰ ਨੇ ਉਸ ਨੂੰ ਨਿਰੰਕਾਰੀ ਕਿਹਾ ਹੈ ਤੇ ਹੁਣ ਉਹ ਇਹ ਸਾਬਤ ਕਰਨ। ਇਸ ਮਾਮਲੇ 'ਚ ਉਹ ਜਥੇਦਾਰ ਨਾਲ ਚੈਨਲ ਉਤੇ ਸੰਗਤ ਦੀ ਹਾਜ਼ਰੀ 'ਚ ਸਿੱਧਾ ਸੰਵਾਦ ਰਚਾਉਣ ਲਈ ਤਿਆਰ ਹੈ, ਜੇ ਜਥੇਦਾਰ ਨੇ ਝਿਜਕ ਦਿਖਾਈ ਤਾਂ ਉਹ ਉਸ ਦੇ ਘਰ ਤੱਕ ਦਸਤਕ ਦੇਣ ਤੋਂ ਗੁਰੇਜ ਨਹੀ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਹ ਬੰਦ ਕਮਰਾ ਬੈਠਕ 'ਚ ਇਹ ਕਹਿ ਦੇਣਗੇ ਢੱਡਰੀਆਂ ਵਾਲੇ ਨੇ ਮੁਆਫੀ ਮੰਗ ਲਈ ਹੈ, ਜਿਸ ਨਾਲ ਉਸ ਦਾ ਲੱਕ ਟੁੱਟ ਜਾਵੇਗਾ ਇਸ ਵਾਸਤੇ ਹੀ ਉਹ ਖੁੱਲ੍ਹੇ ਸੰਵਾਦ 'ਤੇ ਅੜੇ ਹੋਏ ਹਨ। ਉਨ੍ਹਾਂ ਜਥੇਦਾਰ ਉਤੇ ਇਹ ਵੀ ਗਿਲਾ ਕੀਤਾ ਕਿ ਸਿਰਸੇ ਵਾਲੇ ਨੂੰ ਮੁਆਫੀ ਦੇਣ ਵੇਲੇ ਤਾਂ ਕੋਈ ਕਮੇਟੀ ਗਠਿਤ ਨਹੀਂ ਕੀਤੀ, ਜਦੋਂ ਉਸ ਨੇ ਸੰਗਤ ਨੂੰ ਸੱਚ ਦੀ ਕਸਵੱਟੀ ਉਤੇ ਖਰੇ ਉਤਰਦੇ ਗਿਆਨ ਦੇ ਸਹਾਰੇ ਸਿੱਖੀ ਨਾਲ ਜੋੜਨ ਦੀ ਗੱਲ ਕੀਤੀ ਹੈ ਤਾਂ ਉਸ 'ਤੇ ਸ਼ਿਕੰਜੇ ਕੱਸੇ ਜਾਣ ਲੱਗੇ ਹਨ। ਉਨ੍ਹਾਂ ਐਲਾਨ ਕੀਤਾ ਕਿ ਪਰਮੇਸ਼ਰ ਦੁਆਰ 'ਚ ਹਰ ਮਹੀਨੇ ਵੱਡਾ ਦੀਵਾਨ ਤੇ ਹਰ ਐਤਵਾਰ ਸੰਖੇਪ ਪ੍ਰਚਾਰ ਮੁਹਿੰਮ ਨੂੰ ਜਾਰੀ ਰੱਖਿਆ ਜਾਵੇਗਾ। ਅਜਿਹੇ 'ਚ ਸੰਗਤ ਪਰਮੇਸ਼ਰ ਦੁਆਰ ਵਿਚ ਹਾਜ਼ਰੀ ਭਰਦੀ ਰਹੇ, ਜਿਸ ਨਾਲ ਉਸ ਨੂੰ ਹੌਸਲਾ ਮਿਲਦਾ ਰਹੇਗਾ।

## ਸੀਨੀਅਰ ਕਾਂਗਰਸੀ ਆਗੂ ਭਾਰਦਵਾਜ ਦਾ ਦੇਹਾਂਤ

**ਨਵੀਂ ਦਿੱਲੀ:** ਸਾਬਕਾ ਕੇਂਦਰੀ ਕਾਨੂੰਨ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਹੰਸ ਰਾਜ ਭਾਰਦਵਾਜ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਹ 83 ਵਰ੍ਹਿਆਂ ਦੇ ਸਨ। ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਭਾਰਦਵਾਜ ਨੇ ਮੈਕਸ ਹਸਪਤਾਲ ਵਿਚ ਆਖਰੀ ਸਾਹ ਲਿਆ। ਉਹ ਗੁਰਦਿਆਂ ਦੀ ਬਿਮਾਰੀ ਨਾਲ ਜੂਝ ਰਹੇ ਸਨ।

# ਯੂ. ਐਨ. ਓ. ਵਿਚ ਗੂੰਜਿਆ ਨਕੋਦਰ ਬੇਅਦਬੀ ਕਾਂਡ ਦਾ ਮੁੱਦਾ

**ਚੰਡੀਗੜ੍ਹ:** ਨਕੋਦਰ ਬੇਅਦਬੀ ਕਾਂਡ ਦੇ ਪੀੜਤ 34 ਸਾਲਾਂ ਤੋਂ ਇਨਸਾਫ ਦੀ ਉਡੀਕ ਕਰ ਰਹੇ ਹਨ। ਸੂਬਾ ਸਰਕਾਰ ਨੇ ਤਾਂ ਇਸ ਮੁੱਦੇ ਉਤੇ ਪੰਜਾਬ ਵਿਧਾਨ ਸਭਾ ਵਿਚ ਕੋਈ ਚਰਚਾ ਨਹੀਂ ਕਰਵਾਈ ਪਰ ਇਸ ਦੀ ਗੂੰਜ ਯੂ.ਐਨ.ਓ. ਵਿਚ ਪੈ ਗਈ ਹੈ। ਪਾਕਿਸਤਾਨ ਦੇ ਰਹਿਣ ਵਾਲੇ ਡਾ. ਇਕਤਿਦਾਰ ਕਰਾਮਤ ਚੀਮਾ ਨੇ ਯੂ.ਐਨ.ਓ. ਦੀ 43ਵੀਂ ਮਨੁੱਖੀ ਅਧਿਕਾਰ ਕੌਂਸਲ ਦੇ ਵਿਸ਼ੇਸ਼ ਸੈਸ਼ਨ ਦੌਰਾਨ ਜਨੇਵਾ ਵਿਚ ਹਿੱਸਾ ਲੈਂਦਿਆਂ ਨਕੋਦਰ 'ਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੰਜਾਬ ਪੁਲਿਸ ਵੱਲੋਂ ਚਲਾਈਆਂ ਗੋਲੀਆਂ ਨਾਲ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਦੇ ਮੁੱਦੇ ਨੂੰ ਬਾਖੂਬੀ ਉਭਾਰਿਆ ਹੈ। ਡਾ. ਚੀਮਾ ਨੇ ਨਕੋਦਰ ਬੇਅਦਬੀ ਕਾਂਡ ਦੀ ਗੱਲ ਉਦੋਂ ਚੁੱਕੀ ਜਦੋਂ ਉਹ ਦਿੱਲੀ ਦੰਗਿਆਂ ਬਾਰੇ ਗੱਲ ਕਰ ਰਹੇ ਸਨ ਕਿ ਉਥੇ ਕੁਰਾਨ ਸ਼ਰੀਫ ਤੇ ਮਸਜਿਦਾਂ ਦੀ ਬੇਅਦਬੀ ਕੀਤੀ ਗਈ ਸੀ।









ਡਾ. ਚੀਮਾ ਨੇ ਕਿਹਾ ਕਿ ਭਾਰਤ ਵਿਚ ਘੱਟ ਗਿਣਤੀਆਂ ਦੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕੋਈ ਪਹਿਲੀ ਵਾਰ ਨਹੀਂ ਹੋ ਰਹੀ ਸਗੋਂ 34 ਸਾਲ ਪਹਿਲਾਂ ਭਾਰਤੀ ਪੰਜਾਬ ਦੇ ਕਸਬਾ ਨਕੋਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਸਾੜ ਦਿੱਤੀਆਂ ਸਨ ਤੇ ਰੋਸ ਪ੍ਰਗਟ ਕਰ ਰਹੇ ਸਿੱਖਾਂ ਉਪਰ ਪੰਜਾਬ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ। ਇਸ ਗੋਲੀ ਕਾਂਡ ਵਿਚ ਚਾਰ ਸਿੱਖ ਨੌਜਵਾਨ ਸ਼ਹੀਦ ਹੋ ਗਏ ਸਨ, ਜਿਨ੍ਹਾਂ ਵਿਚ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ, ਭਾਈ ਝਿਲਮਣ ਸਿੰਘ ਗੋਰਸੀਆਂ ਤੇ ਭਾਈ ਹਰਮਿੰਦਰ ਸਿੰਘ ਚਲੂਪਰ ਸ਼ਾਮਲ ਸਨ।

ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਨੇ ਦੱਸਿਆ ਕਿ ਉਹ 34 ਸਾਲਾਂ ਤੋਂ ਇਨਸਾਫ ਦੀ ਮੰਗ ਕਰਦੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ 1986 ਵਿਚ ਜਦੋਂ ਘਟਨਾ ਵਾਪਰੀ ਸੀ ਉਸ ਵੇਲੇ ਜਲੰਧਰ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਸਨ, ਜਿਨ੍ਹਾਂ ਕੋਲ ਡਿਪਟੀ ਕਮਿਸ਼ਨਰ ਦੀਆਂ ਤਾਕਤਾਂ ਵਰਤਣ ਦਾ ਅਧਿਕਾਰ ਸੀ ਤੇ ਉਸ ਵੇਲੇ ਐਸ.ਐਸ.ਪੀ. ਇਜ਼ਹਾਰ ਆਲਮ ਸਨ। ਹੁਣ ਇਹ ਦੋਵੇਂ ਆਗੂ ਸ਼੍ਰੋਮਣੀ ਅਕਾਲੀ ਦਲ ਬਾਦਲ ਵਿਚ ਵੱਡੇ ਅਹੁਦਿਆਂ ਉਤੇ ਬਿਰਾਜਮਾਨ ਹਨ। ਬਲਦੇਵ ਸਿੰਘ ਲਿੱਤਰਾਂ ਨੇ ਦੱਸਿਆ ਕਿ ਅਮਰੀਕਾ ਵਿਚ ਫਰਵਰੀ ਮਹੀਨੇ ਵਿਚ ਚਾਰ ਸ਼ਹਿਰਾਂ ਵਿਚ ਨਕੋਦਰ ਬੇਅਦਬੀ ਕਾਂਡ ਦੇ ਗੰਭੀਰਤਾ ਨਾਲ ਚਰਚਾ ਕੀਤੀ ਗਈ ਸੀ। ਫਰੀਮੌਂਟ ਗੁਰਦੁਆਰਾ ਸਾਹਿਬ ਅਮਰੀਕਾ ਬੇ-ਏਰੀਆ ਅਤੇ ਸਟੈਨਫੋਰਡ ਯੂਨੀਵਰਸਿਟੀ ਸਿੱਖ ਸਕਾਲਰਜ਼ ਕਾਨਫਰੰਸ ਅਮਰੀਕਨ ਸਿੱਖ ਵਿਦਿਆਰਥੀ ਜਥੇਬੰਦੀ ਜੈਕਾਰਾ ਵੱਲੋਂ ਸਮਾਗਮ ਕਰਵਾਏ ਗਏ ਸਨ। ਵਿਦੇਸ਼ਾਂ ਵਿਚ ਵੱਸਦੇ ਸਿੱਖ ਭਾਈਚਾਰੇ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ 1986 ਵਿਚ ਵਾਪਰੇ ਨਕੋਦਰ ਕਾਂਡ ਦੀ ਰਿਪੋਰਟ ਵਿਧਾਨ ਸਭਾ ਵਿਚ ਰੱਖਣ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਚੋਣਾਂ ਤੋਂ ਬਾਅਦ ਇਸ ਮਾਮਲੇ ਉਤੇ ਕਾਰਵਾਈ ਕਰਨਗੇ।

ਜ਼ਿਕਰਯੋਗ ਹੈ ਕਿ 1986 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ। ਮੁੱਖ ਮੰਤਰੀ ਹੁੰਦਿਆਂ ਹੋਇਆਂ ਸੁਰਜੀਤ ਸਿੰਘ ਬਰਨਾਲਾ ਨੇ ਇਸ ਘਟਨਾ ਦੀ ਜਾਂਚ ਵਾਸਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਸੀ, ਜਿਸ ਨੇ ਆਪਣੀ ਰਿਪੋਰਟ ਦੋ ਹਿੱਸਿਆਂ ਵਿਚ ਸਰਕਾਰ ਨੂੰ ਪੇਸ਼ ਕਰ ਦਿੱਤੀ ਸੀ ਪਰ ਅਜੇ ਤੱਕ ਇਸ ਰਿਪੋਰਟ ਉਪਰ ਕੋਈ ਕਾਰਵਾਈ ਨਹੀਂ ਹੋਈ।

# ਯੈੱਸ ਬੈਂਕ ਸੰਕਟ: ਖਾਤਾਧਾਰਕ ਪੈਸੇ ਕਢਵਾਉਣ ਲਈ ਖੱਜਲ-ਖੁਆਰ

**ਨਵੀਂ ਦਿੱਲੀ:** ਵਿੱਤੀ ਸੰਕਟ ਦਾ ਸ਼ਿਕਾਰ ਯੈੱਸ ਬੈਂਕ ਦੇ ਸਹਿਮੇ ਹੋਏ ਗਾਹਕਾਂ ਦੀਆਂ ਬੈਂਕ ਦੇ ਵੱਖ-ਵੱਖ ਏਟੀਐਮਜ਼ ਅੱਗੇ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਹਾਲਾਂਕਿ ਇਸ ਦਾ ਕੋਈ ਫਾਇਦਾ ਉਨ੍ਹਾਂ ਨੂੰ ਨਹੀਂ ਹੋਇਆ ਕਿਉਂਕਿ ਬਹੁਤੀਆਂ ਮਸ਼ੀਨਾਂ 'ਚ ਪੈਸੇ ਹੀ ਨਹੀਂ ਸਨ।

ਜ਼ਿਕਰਯੋਗ ਹੈ ਕਿ ਰਿਜ਼ਰਵ ਬੈਂਕ ਨੇ ਇਸ ਪ੍ਰਾਈਵੇਟ ਬੈਂਕ ਉਤੇ ਪਾਬੰਦੀ ਲਾ ਦਿੱਤੀ ਹੈ ਤੇ ਤਿੰਨ ਅਪਰੈਲ ਤੱਕ ਸਿਰਫ 50,000 ਰੁਪਏ ਹੀ ਕਢਵਾਏ ਜਾ ਸਕਦੇ ਹਨ। ਹਾਲਾਂਕਿ ਕੁਝ ਗਾਹਕਾਂ ਦਾ ਕਹਿਣਾ ਹੈ ਕਿ ਬੈਂਕ ਦੀਆਂ ਸ਼ਾਖਾਵਾਂ 'ਚ ਉਨ੍ਹਾਂ ਚੈੱਕ ਰਾਹੀਂ 50,000 ਰੁਪਏ ਕਢਵਾਏ ਹਨ। ਨੈੱਟ ਬੈਂਕਿੰਗ ਸੇਵਾਵਾਂ ਵੀ ਬੰਦ ਹਨ ਤੇ ਕੁਝ ਲੋਕ ਸ਼ਿਕਾਇਤ ਕਰ ਰਹੇ ਹਨ ਕਿ ਉਨ੍ਹਾਂ ਦੇ ਕਰੈਡਿਟ ਕਾਰਡ ਵੀ ਨਹੀਂ ਚੱਲ ਰਹੇ। ਤਕਰੀਬਨ ਛੇ ਮਹੀਨੇ ਪਹਿਲਾਂ ਜਦੋਂ ਰਿਜ਼ਰਵ ਬੈਂਕ ਨੇ ਪੰਜਾਬ ਐਂਡ ਮਹਾਰਾਸ਼ਟਰ ਕੋਆਪ੍ਰੇਟਿਵ ਬੈਂਕ ਉਤੇ ਪਾਬੰਦੀ ਲਗਾ ਕੇ ਖਾਤਾਧਾਰਕਾਂ ਦੀ ਪੈਸੇ ਕੱਢਣ ਦੀ ਹੱਦ 10 ਹਜ਼ਾਰ ਰੁਪਏ ਤੈਅ ਕਰ ਦਿੱਤੀ ਸੀ, ਉਦੋਂ ਤੋਂ ਮੀਡੀਆ ਵਿਚ ਇਕ ਹੋਰ ਬੈਂਕ 'ਤੇ ਮੰਡਰਾਉਂਦੇ ਖਤਰੇ ਦੀਆਂ ਖਬਰਾਂ ਆ ਰਹੀਆਂ ਸਨ। ਇਹ ਬੈਂਕ ਕੋਈ ਹੋਰ ਨਹੀਂ, ਸਗੋਂ ਯੈੱਸ ਬੈਂਕ ਹੀ ਸੀ। ਇਸ ਬੈਂਕ ਦੇ ਖਾਤਾਧਾਰਕਾਂ ਉਤੇ ਰਿਜ਼ਰਵ ਬੈਂਕ ਆਫ ਇੰਡੀਆ ਨੇ 3 ਅਪ੍ਰੈਲ, 2020 ਤੱਕ ਪੈਸੇ ਕਢਵਾਉਣ ਦੀ ਹੱਦ 50 ਹਜ਼ਾਰ ਰੁਪਏ ਨਿਸ਼ਚਤ ਕਰ ਦਿੱਤੀ ਹੈ।

ਇਸ ਖਬਰ ਦੇ ਆਉਂਦਿਆਂ ਹੀ ਚੁਫੇਰੇ ਅਫਰਾ-ਤਫਰੀ ਮਚ ਗਈ। ਯੈੱਸ ਬੈਂਕ ਦੀਆਂ ਦੇਸ਼ ਦੇ 28 ਰਾਜਾਂ ਅਤੇ 9 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਕਰੀਬ ਇਕ ਹਜ਼ਾਰ ਸ਼ਾਖਾਵਾਂ ਹਨ ਅਤੇ ਦੇਸ਼ ਵਿਚ ਕਰੀਬ 1800 ਏ.ਟੀ.ਐਮ. ਹਨ। ਹਜ਼ਾਰਾਂ ਲੋਕਾਂ ਵਿਚ ਇਹ ਦਹਿਸ਼ਤ ਹੈ ਕਿ ਪਤਾ ਨਹੀਂ ਹੁਣ




ਕੀ ਹੋਵੇਗਾ? ਹਾਲਾਂ ਕਿ ਆਰ.ਬੀ.ਆਈ. ਨੇ ਲੋਕਾਂ ਨੂੰ ਪਰੇਸ਼ਾਨ ਨਾ ਹੋਣ ਦੀ ਅਪੀਲ ਦਿੱਤੀ ਹੈ ਅਤੇ ਸਰਕਾਰ ਨੇ ਵੀ ਇਸ਼ਾਰਾ ਕੀਤਾ ਹੈ ਕਿ ਐਸ.ਬੀ.ਆਈ. ਬੈਂਕ ਮਦਦ ਲਈ ਅੱਗੇ ਆ ਸਕਦਾ ਹੈ। ਅਜੇ ਤੱਕ ਆਰ.ਬੀ.ਆਈ. ਨੇ ਇਸ ਬੈਂਕ ਦੀ ਖਰਾਬ ਵਿੱਤੀ ਹਾਲਤ ਨੂੰ ਵੇਖਦਿਆਂ ਇਸ ਬੈਂਕ ਦੇ ਨਿਰਦੇਸ਼ਕ ਬੋਰਡ ਨੂੰ ਭੰਗ ਕਰਨ ਤੋਂ ਬਾਅਦ ਜਿਸ ਸ਼ਖਸ ਪ੍ਰਸ਼ਾਂਤ ਕੁਮਾਰ ਨੂੰ ਯੈੱਸ ਬੈਂਕ ਦਾ ਪ੍ਰਬੰਧਕ ਨਿਯੁਕਤ ਕੀਤਾ ਹੈ, ਉਹ ਪਹਿਲਾਂ ਐਸ.ਬੀ.ਆਈ. ਦਾ ਸਾਬਕਾ ਮੁੱਖ ਵਿੱਤੀ ਅਧਿਕਾਰੀ ਰਿਹਾ ਹੈ। ਇਸ ਨਾਲ ਇਹ ਲੱਗ ਰਿਹਾ ਹੈ ਕਿ ਐਸ.ਬੀ.ਆਈ. ਯੈੱਸ ਬੈਂਕ ਦੀ ਕੁਝ ਹਿੱਸੇਦਾਰੀ ਖਰੀਦ ਕੇ ਇਸ ਨੂੰ ਫਿਲਹਾਲ ਇਸ ਸੰਕਟ ਤੋਂ ਕੱਢ ਲਵੇਗਾ। ਪਰ ਬੈਂਕ ਦੇ ਆਮ ਖਾਤਾਧਾਰਕਾਂ ਨੂੰ ਇਨ੍ਹਾਂ ਗੱਲਾਂ ਨਾਲ ਲੈਣਾ-ਦੇਣਾ ਨਹੀਂ ਹੁੰਦਾ ਕਿ ਉਨ੍ਹਾਂ ਦੇ ਬੈਂਕ ਦੀ ਮਦਦ ਕੌਣ ਕਰੇਗਾ? ਉਨ੍ਹਾਂ ਲਈ ਬੁਨਿਆਦੀ ਸਮੱਸਿਆ ਇਹ ਹੈ ਕਿ ਬੈਂਕ ਵਿਚ ਜਮ੍ਹਾਂ ਰਕਮ ਕਿਤੇ ਡੁੱਬ ਤਾਂ ਨਹੀਂ ਜਾਵੇਗੀ? ਸਾਲ 2004 ਵਿਚ ਸਥਾਪਿਤ ਦੇਸ਼ ਦੇ ਇਸ ਚੌਥੇ ਸਭ ਤੋਂ ਵੱਡੇ ਨਿੱਜੀ ਬੈਂਕ ਦਾ ਵਿੱਤੀ ਸਾਲ 2017-18 ਵਿਚ ਸ਼ੁੱਧ ਲਾਭ 11,79.44 ਕਰੋੜ ਸੀ, ਜੋ ਕਿ 2016-17 ਦੇ ਕੁੱਲ ਲਾਭ 914.12 ਕਰੋੜ ਨਾਲੋਂ 29 ਫੀਸਦੀ ਜ਼ਿਆਦਾ ਸੀ। ਸਵਾਲ ਇਹ ਹੈ ਕਿ ਆਖਰ ਪਿਛਲੇ ਇਕ-ਡੇਢ ਸਾਲ ਅੰਦਰ ਅਜਿਹਾ ਕੀ ਹੋਇਆ ਹੈ ਕਿ ਬੈਂਕ ਦੇ ਸ਼ੇਅਰ ਦੀ ਕੀਮਤ ਸਿਰਫ ਦੋ ਦਿਨ ਪਹਿਲਾਂ ਦੇ ਮੁਕਾਬਲੇ 50 ਫੀਸਦੀ ਤੱਕ ਰਹਿ ਗਈ ਹੈ।

ਅਸਲ ਵਿਚ ਯੈੱਸ ਬੈਂਕ ਦੇ ਨਿਘਾਰ ਦੀ ਸ਼ੁਰੂਆਤ 2018 ਵਿਚ ਹੀ ਹੋ ਗਈ ਸੀ ਜਦੋਂ ਰਿਜ਼ਰਵ ਬੈਂਕ ਨੇ ਰਾਣਾ ਕਪੂਰ ਨੂੰ, ਜੋ ਇਸ ਬੈਂਕ ਦਾ ਸੰਸਥਾਪਕ ਸੀ, ਜਨਵਰੀ 2019 ਤੱਕ ਸੀ.ਈ.ਓ. ਦਾ ਅਹੁਦਾ ਛੱਡਣ ਲਈ ਕਿਹਾ ਸੀ। ਇਸ ਖਬਰ ਦਾ ਖੁਲਾਸਾ ਹੁੰਦਿਆਂ ਹੀ ਯੈੱਸ ਬੈਂਕ ਦਾ ਸ਼ੇਅਰ 30 ਫੀਸਦੀ ਤੱਕ ਹੇਠਾਂ ਡਿੱਗ ਗਿਆ। 2017 ਵਿਚ ਬੈਂਕ ਨੇ 6355 ਕਰੋੜ ਰੁਪਏ ਰਕਮ ਨੂੰ ਡੈੱਡ ਲੋਨ ਵਿਚ ਪਾ ਦਿੱਤਾ ਸੀ। ਇਸ ਗੱਲ ਦੀ ਜਾਣਕਾਰੀ ਆਰ.ਬੀ.ਆਈ. ਨੂੰ ਉਂਜ ਤਾਂ ਥੋੜ੍ਹੀ ਦੇਰ ਨਾਲ ਮਿਲੀ ਪਰ ਜਦੋਂ ਉਸ ਨੂੰ ਇਹ ਜਾਣਕਾਰੀ ਮਿਲੀ, ਉਸ ਸਮੇਂ ਜੇਕਰ ਆਰ.ਬੀ.ਆਈ. ਸਖਤ ਕਦਮ ਚੁੱਕਦੀ ਤਾਂ ਇਹ ਨੌਬਤ ਕਦੇ ਨਾ ਆਉਂਦੀ।

ਸਾਲ 2005 ਵਿਚ 300 ਕਰੋੜ ਰੁਪਏ ਦੇ ਆਈ.ਪੀ.ਐਲ. ਦੇ ਨਾਲ ਸ਼ੇਅਰ ਮਾਰਕਿਟ ਵਿਚ ਧਮਾਲ ਮਚਾਉਣ ਵਾਲੇ ਯੈੱਸ ਬੈਂਕ ਦਾ ਅੱਜ ਕੋਈ ਨਾਂ ਨਹੀਂ ਲੈ ਰਿਹਾ। ਅੱਜ ਲੋਕ ਇਸ ਬੈਂਕ ਦੇ ਸ਼ੇਅਰ ਮਿੱਟੀ ਦੇ ਭਾਅ ਵੇਚਣ ਲਈ ਤਿਆਰ ਹਨ। ਵੇਖਿਆ ਜਾਵੇ ਤਾਂ ਯੈੱਸ ਬੈਂਕ ਰਾਤੋ-ਰਾਤ ਨਹੀਂ ਡੁੱਬਿਆ। ਪਿਛਲੇ ਇਕ-ਡੇਢ ਸਾਲਾਂ ਵਿਚ ਅਜਿਹੇ ਹਾਲਾਤ ਬਣੇ ਹਨ। ਸਿਰਫ ਇਕ ਦਿਨ ਦੇ ਅੰਦਰ ਹੀ ਯੈੱਸ ਬੈਂਕ ਦਾ ਸ਼ੇਅਰ 36.80 ਰੁਪਏ ਤੋਂ ਘਟ ਕੇ 15.30 ਰੁਪਏ ਉਤੇ ਆ ਗਿਆ ਹੈ। ਇਸ ਨਾਲ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਲੋਕਾਂ ਦਾ ਹਾਲ ਕਿੰਨਾ ਬੁਰਾ ਹੋਵੇਗਾ, ਜੋ ਬੈਂਕ ਦੇ ਸ਼ੇਅਰਾਂ ਉਤੇ ਵੱਡਾ ਨਿਵੇਸ਼ ਕਰਦੇ ਹਨ, ਭਾਵੇਂ ਉਹ ਯੈੱਸ ਬੈਂਕ ਦੇ ਨਿਯਮਿਤ ਗਾਹਕ ਨਾ ਵੀ ਹੋਣ।

## ਬੈਂਕ 'ਚ ਗੜਬੜੀ ਸਰਕਾਰ ਦੇ ਵਿੱਤੀ ਦੁਰਪ੍ਰਬੰਧਾਂ ਦਾ ਨਤੀਜਾ: ਚਿਦੰਬਰਮ

**ਨਵੀਂ ਦਿੱਲੀ:** ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਯੈੱਸ ਬੈਂਕ ਗੜਬੜੀ ਭਾਜਪਾ ਸਰਕਾਰ ਦੀਆਂ ਗਲਤ ਆਰਥਿਕ ਨੀਤੀਆਂ ਅਤੇ ਸਰਕਾਰ ਦੇ ਵਿੱਤੀ ਸੰਸਥਾਵਾਂ ਪ੍ਰਤੀ ਦੁਰਪ੍ਰਬੰਧਾਂ ਕਾਰਨ ਵਾਪਰੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਭਾਰਤੀ ਰਿਜ਼ਰਵ ਬੈਂਕ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਵਾਏ ਅਤੇ ਇਸ ਦੇ ਲਈ ਜ਼ਿੰਮੇਵਾਰੀ ਤੈਅ ਕਰੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਅਤੇ ਜ਼ਿੰਮੇਵਾਰ ਲੋਕਾਂ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਸਰਕਾਰ ਦੀਆਂ ਬੈਂਕਿੰਗ ਸੈਕਟਰ ਪ੍ਰਤੀ ਦੋਸ਼ਪੂਰਨ ਨੀਤੀਆਂ ਨੂੰ ਲੈ ਕੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

## ਯੈੱਸ ਬੈਂਕ ਦਾ ਬਾਨੀ ਗ੍ਰਿਫਤਾਰ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਯੈੱਸ ਬੈਂਕ ਦੇ ਬਾਨੀ ਰਾਣਾ ਕਪੂਰ (62) ਨੂੰ ਕਾਲੇ ਧਨ ਨੂੰ ਸਫੈਦ ਬਣਾਉਣ ਦੇ ਦੋਸ਼ਾਂ ਹੇਠ ਗ੍ਰਿਫਤਾਰ ਕਰ ਲਿਆ ਗਿਆ ਹੈ। 20 ਘੰਟਿਆਂ ਤੋਂ ਵੱਧ ਸਮੇਂ ਤੱਕ ਪੁੱਛ-ਗਿੱਛ ਕਰਨ ਮਗਰੋਂ ਇਹ ਗ੍ਰਿਫਤਾਰੀ ਹੋਈ ਹੈ। ਈਡੀ ਵੱਲੋਂ ਉਸ ਦੀ ਪਤਨੀ ਅਤੇ ਧੀਆਂ ਦੇ ਬਿਆਨ ਵੀ ਦਰਜ ਕੀਤੇ ਗਏ ਹਨ। ਸੀ.ਬੀ.ਆਈ. ਨੇ ਰਾਣਾ ਕਪੂਰ ਅਤੇ ਦੀਵਾਨ ਹਾਊਸਿੰਗ ਫਾਇਨਾਂਸ ਲਿਮਟਿਡ (ਡੀ.ਐਚ.ਐਫ.ਐਲ.) ਦੇ ਸਾਬਕਾ ਐਮ.ਡੀ, ਕੰਪਨੀ ਦੇ ਸੀ.ਈ.ਓ. ਅਤੇ ਪ੍ਰਮੋਟਰ ਕਪਿਲ ਵਧਾਵਨ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਹੈ। ਸੀ.ਬੀ.ਆਈ. ਦੀ ਐਫ.ਆਈ.ਆਰ. ਵਿਚ ਡੀ.ਓ.ਆਈਟ. ਅਰਬਲ ਵੈਂਚਰਜ਼ ਲਿਮਟਿਡ ਦਾ ਨਾਮ ਵੀ ਸ਼ਾਮਲ ਹੈ। ਉਨ੍ਹਾਂ ਖਿਲਾਫ ਅਪਰਾਧਕ ਸਾਜ਼ਿਸ਼ ਘੜਨ, ਧੋਖਾਧੜੀ ਅਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਗਿਆ ਹੈ।

# ਦਿੱਲੀ ਹਿੰਸਾ: ਸੁਣਵਾਈ 'ਚ ਬੇਲੋੜੇ ਅੜਿੱਕਿਆਂ ਤੋਂ ਸੁਪਰੀਮ ਕੋਰਟ ਫਿਕਰਮੰਦ

**ਨਵੀਂ ਦਿੱਲੀ:** ਦਿੱਲੀ ਹਿੰਸਾ ਵਿਚ ਪੁਲਿਸ ਦੀ ਭੂਮਿਕਾ ਪਿਛੋਂ ਹੁਣ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਦੌਰਾਨ ਨਿਆਂ ਪ੍ਰਣਾਲੀ ਉਤੇ ਵੀ ਸਵਾਲ ਉਠਣ ਲੱਗੇ ਹਨ। ਹੇਠਲੀਆਂ ਅਦਾਲਤ ਵੱਲੋਂ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਉਤੇ ਕੀਤੀ ਜਾ ਰਹੀ ਢਿੱਲ ਮੱਠ ਤੋਂ ਸੁਪਰੀਮ ਕੋਰਟ ਵੀ ਹੈਰਾਨ ਹੈ।

ਸੁਪਰੀਮ ਕੋਰਟ ਨੇ ਦਿੱਲੀ ਹਾਈਕੋਰਟ ਦੁਆਰਾ ਇਸ ਮਾਮਲੇ ਦੀ ਸੁਣਵਾਈ ਵਿਚ ਬੇਲੋੜੀ ਦੇਰੀ ਉਤੇ ਨਾਖੁਸ਼ੀ ਜ਼ਾਹਿਰ ਕਰਦਿਆਂ ਸੁਣਵਾਈ ਅੱਗੇ ਪਾਉਣ ਨੂੰ 'ਗੈਰਵਾਜਬ' ਕਰਾਰ ਦਿੱਤਾ ਹੈ। ਦਿੱਲੀ ਹਾਈਕੋਰਟ ਵਿਚ ਇਸ ਬਾਰੇ ਪਹਿਲੀ ਸੁਣਵਾਈ 26 ਫਰਵਰੀ 2020 ਨੂੰ ਜਸਟਿਸ ਐਸ ਮੁਰਲੀਧਰ ਅਤੇ ਜਸਟਿਸ ਤਲਵੰਤ ਸਿੰਘ ਦੇ ਸਾਹਮਣੇ ਹੋਈ ਸੀ ਜਿਨ੍ਹਾਂ ਨੇ ਦਿੱਲੀ ਪੁਲਿਸ ਨੂੰ ਕੇਂਦਰੀ ਰਾਜ ਵਿੱਤ ਮੰਤਰੀ ਅਨੁਰਾਗ ਠਾਕੁਰ, ਸੰਸਦ ਮੈਂਬਰ ਪਰਵੇਸ਼ ਸਾਹਿਬ ਸਿੰਘ ਵਰਮਾ ਅਤੇ ਕਪਿਲ ਮਿਸ਼ਰਾ ਵਿਰੁੱਧ ਢੁਕਵੀਂ ਕਾਨੂੰਨੀ ਕਾਰਵਾਈ ਕਰਨ ਦੀ ਹਦਾਇਤ ਕਰਦਿਆਂ ਆਪਣੇ ਮੌਖਿਕ ਨਿਰਦੇਸ਼ਾਂ ਵਿਚ ਚੌਵੀ ਘੰਟਿਆਂ ਦੇ ਅੰਦਰ ਅੰਦਰ ਕਾਰਵਾਈ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ਸਨ। ਕੇਂਦਰੀ ਸਰਕਾਰ ਨੇ ਦੇਸ਼ ਦੇ ਦੋ ਨੰਬਰ ਦੇ ਕਾਨੂੰਨ ਅਧਿਕਾਰੀ ਸੋਲਿਸਟਰ ਜਨਰਲ ਤੁਸ਼ਾਰ ਮਹਿਤਾ ਰਾਹੀਂ ਕੇਸ ਪੇਸ਼ ਕਰਦਿਆਂ ਇਸ ਦਾ ਵਿਰੋਧ ਕੀਤਾ ਸੀ। ਉਸੇ ਰਾਤ ਜਸਟਿਸ ਮੁਰਲੀਧਰ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਤਬਦੀਲ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ। ਅਗਲੇ ਦਿਨ ਇਸ ਕੇਸ ਦੀ ਸੁਣਵਾਈ ਦਿੱਲੀ ਦੇ ਚੀਫ ਜਸਟਿਸ ਡੀ.ਐਨ. ਪਟੇਲ ਦੀ ਅਦਾਲਤ ਵਿਚ ਕੀਤੀ ਗਈ ਜਿਨ੍ਹਾਂ ਨੇ ਦਿੱਲੀ ਪੁਲਿਸ ਨੂੰ ਇਸ ਲਈ ਇਕ ਮਹੀਨੇ ਦਾ ਸਮਾਂ ਦੇ ਦਿੱਤਾ।

ਸੁਪਰੀਮ ਕੋਰਟ ਦੇ ਚੀਫ ਜਸਟਿਸ ਐਸ.ਏ. ਬੋਬੜੇ ਤੇ ਜਸਟਿਸ ਬੀਆਰ ਗਵਈ ਨੇ ਦਿੱਲੀ ਹਾਈਕੋਰਟ ਨੂੰ ਇਹ ਸੁਣਵਾਈ ਤੁਰਤ ਕਰਨ ਦਾ ਹੁਕਮ ਦਿੱਤਾ ਹੈ। ਇਸ ਆਦੇਸ਼ ਨਾਲ ਦਿੱਲੀ ਹਾਈਕੋਰਟ ਵੱਲੋਂ ਦਿੱਲੀ ਪੁਲਿਸ ਤੇ ਕੇਂਦਰ ਸਰਕਾਰ ਨੂੰ ਦਿੱਤੀ ਗਈ ਮੋਹਲਤ ਕਾਰਨ ਬਣ ਰਿਹਾ ਪ੍ਰਭਾਵ ਕਿ ਅਦਾਲਤ ਦਿੱਲੀ ਪੁਲਿਸ ਦੁਆਰਾ ਕੀਤੀ ਜਾ ਰਹੀ ਕਾਰਵਾਈ ਉਤੇ ਨਿਗਾਹਬਾਨੀ ਕਰਨ ਤੋਂ ਗੁਰੇਜ਼ ਕਰ ਰਹੀ ਹੈ, ਕੁਝ ਹੱਦ ਤਕ ਖਤਮ ਹੋ ਜਾਵੇਗਾ। ਦਿੱਲੀ ਹਿੰਸਾ ਵਿਚ 50 ਤੋਂ ਵੱਧ ਹੋਈਆਂ ਮੌਤਾਂ ਅਤੇ ਸੈਂਕੜੇ ਲੋਕਾਂ ਦੇ ਜ਼ਖਮੀ ਹੋਣ ਦੇ ਨਾਲ ਨਾਲ ਹਜ਼ਾਰਾਂ ਲੋਕਾਂ ਦੀਆਂ ਜ਼ਿੰਦਗੀਆਂ ਸਾਧਾਰਨ ਜੀਵਨ ਲੀਹ ਤੋਂ ਉਤਰ ਗਈਆਂ ਹਨ ਅਤੇ ਉਹ ਡਰ ਤੇ ਸਹਿਮ ਦੇ ਹਾਲਾਤ ਵਿਚ ਜੀਅ ਰਹੇ ਹਨ।

ਸਵਾਲ ਉਠ ਰਹੇ ਹਨ ਕਿ ਹਾਈਕੋਰਟ ਦੇਸ਼ ਦੇ ਨਾਗਰਿਕਾਂ ਦੇ ਮੌਲਿਕ ਹਿੱਤਾਂ ਦੀ ਰਖਵਾਲੀ ਕਰਨ ਵਾਲੀਆਂ ਅਦਾਲਤਾਂ ਹਨ, ਪਰ ਹੁਣ ਇਨ੍ਹਾਂ ਉਤੇ ਹੀ ਉਂਗਲ ਉਠ ਰਹੀ ਹੈ। ਸੰਵਿਧਾਨ ਅਨੁਸਾਰ ਉਨ੍ਹਾਂ ਪਟੀਸ਼ਨਾਂ ਜਿਨ੍ਹਾਂ ਵਿਚ ਲੋਕਾਂ ਦੇ ਮੌਲਿਕ ਹਿੱਤਾਂ ਦੀ ਉਲੰਘਣਾ ਜਾਂ ਉਨ੍ਹਾਂ ਦੇ ਜਾਨ ਮਾਲ ਦੇ ਨੁਕਸਾਨ ਬਾਰੇ ਅਦਾਲਤ ਸਾਹਮਣੇ ਗੁਜ਼ਾਰਿਸ਼ ਕੀਤੀ ਜਾਂਦੀ ਹੈ, ਨੂੰ ਸੁਣਨਾ ਉਚੇਰੀਆਂ ਅਦਾਲਤਾਂ ਦੀ ਜ਼ਿੰਮੇਵਾਰੀ ਹੈ। ਸੁਣਵਾਈ ਦੇ ਨਾਲ ਨਾਲ ਕਾਨੂੰਨੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣੀ ਕਾਨੂੰਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਜ਼ਰੂਰੀ ਹੈ। ਦੱਸ ਦਈਏ ਕਿ ਹੁਣ ਤੱਕ ਇਹੀ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਦਿੱਲੀ ਵਿਚ ਨਾਗਰਿਕਤਾ ਸੋਧ ਦੇ ਹਮਾਇਤੀਆਂ ਤੇ ਵਿਰੋਧੀਆਂ ਵਿਚ ਟਕਰਾਅ ਕਾਰਨ ਹਿੰਸਾ ਹੋਈ ਪਰ ਮੁਢਲੀਆਂ ਰਿਪੋਰਟਾਂ ਕੁਝ ਹੋਰ ਹੀ ਇਸ਼ਾਰਾ ਕਰ ਰਹੀਆਂ ਹਨ ਤੇ ਸਰਕਾਰ ਇਨ੍ਹਾਂ ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਤੋਂ ਪਾਸਾ ਵੱਟ ਰਹੀ ਹੈ।

## ਭਾਰਤ ਤੇ ਅਮਰੀਕਾ 'ਚ ਆਜ਼ਾਦੀ ਨੂੰ ਲੈ ਕੇ ਹਾਲਤ ਚਿੰਤਾਜਨਕ

**ਚੰਡੀਗੜ੍ਹ:** ਅਮਰੀਕਾ ਦੀ ਇਕ ਐਨ.ਜੀ.ਓ. ਵੱਲੋਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਲੋਕਾਂ ਦੀ ਆਜ਼ਾਦੀ ਨੂੰ ਲੈ ਕੇ ਤਿਆਰ ਕੀਤੀ ਰਿਪੋਰਟ ਵਿਚ ਭਾਰਤ, ਅਮਰੀਕਾ ਅਤੇ ਚੀਨ ਵਰਗੇ ਵੱਡੇ ਦੇਸ਼ਾਂ ਵਿਚ ਲੋਕਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਨੂੰ ਲੈ ਕੇ ਗੰਭੀਰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। 'ਦਿ ਫਰੀਡਮ ਇਨ ਵਰਲਡ 2020' ਰਿਪੋਰਟ ਜੋ ਦੁਨੀਆਂ ਦੇ 195 ਦੇਸ਼ਾਂ ਉਤੇ ਅਧਾਰਤ ਹੈ, ਵਿਚ ਅਮਰੀਕਾ ਤੇ ਭਾਰਤ ਵਰਗੇ ਜਮਹੂਰੀ ਦੇਸ਼ਾਂ ਵਿਚ ਸਥਿਤੀ ਭਿਆਨਕ ਹੈ। ਭਾਰਤ ਵਿਚ ਨਾਗਰਿਕਤਾ ਸੋਧ ਕਾਨੂੰਨ ਲਾਗੂ ਹੋਣ ਬਾਅਦ ਭਾਰਤੀ ਮੁਸਲਿਮ ਆਪਣੇ ਆਪ ਨੂੰ ਖਤਰੇ ਵਿਚ ਸਮਝ ਰਹੇ ਹਨ। ਰਿਪੋਰਟ ਵਿਚ ਸਰਕਾਰਾਂ ਦੀ ਬਹੁਲਤਾਵਾਦ ਪ੍ਰਤੀ ਵਚਨਬੱਧਤਾ ਦੇ ਨਿਵਾਣ ਵੱਲ ਜਾਣ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ।

## ਭਾਰਤ ਨੂੰ ਆਰਥਕ ਮੰਦੀ ਦਾ ਖਤਰਾ: ਡਾ. ਮਨਮੋਹਨ ਸਿੰਘ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦੇਸ਼ ਨੂੰ ਸਮਾਜਿਕ ਸਦਭਾਵਨਾ, ਆਰਥਿਕ ਸੁਸਤੀ ਤੇ ਆਲਮੀ ਮਹਾਂਮਾਰੀ ਤੋਂ ਦਰਪੇਸ਼ ਖਤਰੇ ਦਾ ਜ਼ਿਕਰ ਕਰਦਿਆਂ ਸਰਕਾਰ ਨੂੰ ਸੋਧਿਆ ਹੋਇਆ ਨਾਗਰਿਕਤਾ ਐਕਟ (ਸੀ.ਏ.ਏ.) ਵਾਪਸ ਲੈਣ ਜਾਂ ਉਸ ਵਿਚ ਸੋਧਾਂ ਕਰਕੇ ਕੌਮੀ ਏਕਤਾ ਨੂੰ ਮਜ਼ਬੂਤ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਸਾਰੀ ਊਰਜਾ 'ਕੋਵਿਡ-19' ਨੂੰ ਰੋਕਣ, ਇਸ ਨਾਲ ਨਜਿੱਠਣ ਲਈ ਲੋੜੀਂਦੀ ਤਿਆਰੀ ਕਰਨ ਤੇ ਅਰਥਚਾਰੇ 'ਚ ਨਵੀਂ ਰੂਹ ਫੂਕਣ ਵੱਲ ਲਾਉਣੀ ਚਾਹੀਦੀ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਇਹ ਖਤਰੇ ਸਾਂਝੇ ਰੂਪ ਵਿਚ ਨਾ ਸਿਰਫ ਭਾਰਤ ਦੀ ਆਤਮਾ ਬਲਕਿ ਦੇਸ਼ ਦੀ ਆਲਮੀ ਦਿੱਖ ਨੂੰ ਵੀ ਸੱਟ ਮਾਰਨਗੇ।

# ਆਲਮੀ ਤਪਸ਼ ਦੀ ਲਪੇਟ ਵਿਚ ਆਉਂਦਾ ਜਾ ਰਿਹੈ ਭਾਰਤ

**ਨਵੀਂ ਦਿੱਲੀ:** ਭਾਰਤ ਵਿਚ ਅਤਿ ਦੀ ਗਰਮੀ ਪੈਣੀ ਹੁਣ ਆਮ ਵਰਗੀ ਗੱਲ ਹੋ ਗਈ ਹੈ। ਇਕ ਅਧਿਐਨ ਮੁਤਾਬਕ 2003 ਵਿਚ ਪੱਛਮੀ ਯੂਰਪ ਅਤੇ 2010 ਵਿਚ ਰੂਸ 'ਚ ਮੌਸਮ ਦੇ ਵਿਗੜੇ ਮਿਜ਼ਾਜ ਵਾਂਗ ਹੀ ਭਾਰਤ ਵੀ ਗਰਮ ਮੌਸਮ ਦੀ ਮਾਰ ਹੇਠ ਆਉਂਦਾ ਜਾ ਰਿਹਾ ਹੈ। ਯੂਰਪ ਅਤੇ ਰੂਸ 'ਚ ਅਤਿ ਦੀ ਗਰਮੀ ਪੈਣ ਕਾਰਨ ਕਰੀਬ ਇਕ ਹਜ਼ਾਰ ਮੌਤਾਂ ਹੋਈਆਂ ਸਨ ਅਤੇ ਫਸਲਾਂ ਉਜੜ ਗਈਆਂ ਸਨ। ਇਹ ਅਧਿਐਨ ਸਾਇੰਟਿਫਿਕ ਰਿਪੋਰਟਸ ਰਸਾਲੇ 'ਚ ਪ੍ਰਕਾਸ਼ਿਤ ਹੋਇਆ ਹੈ।

ਅਧਿਐਨ ਵਿਚ ਭਾਰਤੀ ਮੌਸਮ ਵਿਭਾਗ ਤੋਂ ਮਿਲੇ ਅੰਕੜਿਆਂ ਦੇ ਆਧਾਰ ਉਤੇ 1951 ਤੋਂ 1975 ਅਤੇ 1976 ਤੋਂ 2018 ਵਿਚਕਾਰਲੇ ਸਮੇਂ ਦਾ ਮੁਲਾਂਕਣ ਕੀਤਾ ਗਿਆ ਹੈ। ਪੁਣੇ ਸਥਿਤ ਆਈਆਈਟੀਐਮ ਦੇ ਵਿਗਿਆਨੀਆਂ ਸਮੇਤ ਹੋਰਾਂ ਨੇ ਅੰਕੜੇ ਇਕੱਤਰ ਕਰਕੇ ਮੁਲਕ ਵਿਚ ਗਰਮ ਤਾਪਮਾਨ ਲਈ ਜ਼ਿੰਮੇਵਾਰ ਕਾਰਕਾਂ ਦਾ ਅਧਿਐਨ ਕੀਤਾ। ਆਈਆਈਟੀਐਮ ਦੇ ਮਨੀਸ਼ ਕੁਮਾਰ ਜੋਸ਼ੀ ਨੇ ਦੱਸਿਆ ਕਿ ਨਤੀਜਿਆਂ ਤੋਂ ਖੁਲਾਸਾ ਹੋਇਆ ਕਿ ਗੰਗਾ ਦੇ ਮੈਦਾਨੀ ਇਲਾਕਿਆਂ ਨੂੰ ਛੱਡ ਕੇ ਪੂਰੇ ਭਾਰਤ 'ਚ ਗਰਮੀ ਵਧੀ ਹੈ।

ਖੋਜੀਆਂ ਮੁਤਾਬਕ 1976 ਤੋਂ 2018 ਵਿਚਕਾਰ ਭਾਰਤ ਦੇ ਵੱਡੇ ਹਿੱਸੇ ਵਿਚ ਅਪਰੈਲ-ਜੂਨ ਦੌਰਾਨ ਔਸਤਨ ਕਰੀਬ 10 ਦਿਨ ਅੰਤਾਂ ਦੀ ਗਰਮੀ ਪਈ। ਉਨ੍ਹਾਂ ਕਿਹਾ ਕਿ ਇਹ 1951 ਤੋਂ 1975 ਦੇ ਵਕਫੇ ਤੋਂ ਕਰੀਬ 25 ਫੀਸਦ ਵੱਧ ਦਰਜ ਹੋਈ। ਪੂਰਬੀ ਅਤੇ ਦੱਖਣੀ ਹਿੱਸਿਆਂ 'ਚ ਗਰਮ ਦਿਨਾਂ 'ਚ ਅਹਿਮ ਵਾਧਾ ਦਰਜ ਹੋਇਆ ਹੈ। ਸ੍ਰੀ ਜੋਸ਼ੀ ਨੇ ਕਿਹਾ ਕਿ ਸ਼ਹਿਰਾਂ 'ਚ ਇਮਾਰਤਸਾਜ਼ੀ ਲਈ ਵਰਤੀ ਜਾਣ ਵਾਲੀ ਸਮੱਗਰੀ ਵੀ ਗਰਮੀ ਵਧਾਉਣ ਦੇ ਕਾਰਨਾਂ 'ਚ ਸ਼ਾਮਲ ਹੈ। ਇਸ ਸਮੱਗਰੀ ਉਤੇ ਪਾਣੀ ਦਾ ਅਸਰ ਨਹੀਂ ਹੁੰਦਾ ਹੈ ਅਤੇ ਸਤਹਿ 'ਚੋਂ ਪਾਣੀ ਨਾ ਰਿਸਣ ਕਰਕੇ ਇਹ ਥਾਵਾਂ ਠੰਢੀਆਂ ਨਹੀਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਅਲ-ਨੀਨੋ ਦਾ ਵੀ ਭਾਰਤ 'ਤੇ ਅਸਰ ਪੈ ਰਿਹਾ ਹੈ।

ਖੋਜੀਆਂ ਨੇ ਕਿਹਾ ਕਿ ਅਤਿ ਦੀ ਗਰਮੀ ਪੈਣ ਦੀ ਫ੍ਰੀਕੁਐਂਸੀ ਉਤਰ ਭਾਰਤ ਦੇ ਅਸਮਾਨ ਉਚ ਦਬਾਅ ਵਾਲੇ ਵਾਯੂ ਮੰਡਲ ਨਾਲ ਜੁੜੀ ਹੋਈ ਹੈ। ਮਨੀਸ਼ ਕੁਮਾਰ ਜੋਸ਼ੀ ਨੇ ਕਿਹਾ ਕਿ ਹਵਾ ਜ਼ਮੀਨ ਉਤੇ ਦਬਾਅ ਬਣਾਉਂਦੀ ਹੈ ਜਿਸ ਨਾਲ ਵਾਯੂ ਮੰਡਲ ਦਾ ਤਾਪਮਾਨ ਵਧ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬੱਦਲਵਾਈ ਘਟਣ ਕਰਕੇ ਸੂਰਜ ਦੀਆਂ ਕਿਰਨਾਂ ਧਰਤੀ 'ਤੇ ਸਿੱਧੀਆਂ ਪਹੁੰਚਦੀਆਂ ਹਨ ਜਿਸ ਨਾਲ ਤਾਪਮਾਨ ਹੋਰ ਗਰਮ ਹੋ ਜਾਂਦਾ ਹੈ। ਵਿਗਿਆਨੀਆਂ ਨੇ ਕਿਹਾ ਕਿ ਅਧਿਐਨ ਦੌਰਾਨ ਇਹ ਵੀ ਪਤਾ ਲੱਗਾ ਕਿ ਧਰਤੀ 'ਚ ਨਮੀ ਦੇ ਪੱਧਰ ਵਿਚ ਵੀ ਕਮੀ ਆਈ ਹੈ ਜਿਸ ਨੇ ਮੌਸਮ ਗਰਮ ਹੋਣ 'ਚ ਯੋਗਦਾਨ ਪਾਇਆ ਹੈ।

# ਵਾਤਾਵਰਣ ਕਾਰਕੁਨ ਨੇ ਮੋਦੀ ਦਾ ਸਨਮਾਨ ਠੁਕਰਾਇਆ

**ਨਵੀਂ ਦਿੱਲੀ:** ਭਾਰਤ ਦੀ ਗ੍ਰੇਟਾ ਵਜੋਂ ਜਾਣੀ ਜਾਂਦੀ ਮਨੀਪੁਰ ਦੀ 8 ਸਾਲ ਦੀ ਵਾਤਾਵਰਨ ਕਾਰਕੁਨ ਲੀਸੀਪ੍ਰਿਆ ਕੰਗੁਜਮ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਨਮਾਨ ਨੂੰ ਲੈਣ ਤੋਂ ਨਾਂਹ ਕਰ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਮੋਦੀ ਤੋਂ ਸਨਮਾਨ ਮਿਲਣਾ ਮਾਣ ਵਾਲੀ ਗੱਲ ਹੈ ਪਰ ਵਾਤਾਵਰਣ ਤਬਦੀਲੀ ਨੂੰ ਰੋਕਣ ਦੀ ਆਪਣੀ ਮੰਗ ਦੀ ਅਣਸੁਣੀ ਨੂੰ ਉਹ ਬਰਦਾਸ਼ਤ ਨਹੀਂ ਕਰ ਸਕਦੀ।

ਉਸ ਦੀ ਮੰਗ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਤਾਵਰਨ ਸਬੰਧੀ ਅੰਤਰਰਾਸ਼ਟਰੀ ਕਾਨੂੰਨ ਲਾਗੂ ਕਰਨ। ਮਨੀਪੁਰ ਦੀ ਲੀਸੀਪ੍ਰਿਆ ਕੰਗੁਜਮ ਨੇ ਨਾਰੀ ਦਿਵਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੋਸ਼ਲ ਮੀਡੀਆ ਅਕਾਊਂਟ ਲੈਣ ਤੋਂ ਇਨਕਾਰ ਕਰਕੇ ਦੇਸ਼ ਵਾਸੀਆਂ ਦਾ ਇਕ ਵਾਰ ਫਿਰ ਧਿਆਨ ਖਿੱਚਿਆ ਹੈ। ਆਪਣੀ ਮੰਗ ਨਾ ਸੁਣੇ ਜਾਣ ਤੋਂ ਖਫਾ ਇਸ ਲੜਕੀ ਨੇ ਮਹਿਲਾ ਦਿਵਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ



ਵੱਲੋਂ ਆਰੰਭੀ ਮੁਹਿੰਮ 'ਉਹ ਸਾਨੂੰ ਪ੍ਰੇਰਿਤ ਕਰਦੀ ਹੈ' ਦੀ ਇਕ ਤਰ੍ਹਾਂ ਹਵਾ ਕੱਢ ਦਿੱਤੀ ਹੈ। ਸਰਕਾਰ ਨੇ ਟਵਿੱਟਰ ਉਤੇ ਇਸ ਅੱਠ ਸਾਲ ਦੀ ਲੜਕੀ ਦੀ ਕਹਾਣੀ ਨੂੰ ਮਹਿਲਾ ਦਿਵਸ ਦੇ ਮੱਦੇਨਜ਼ਰ ਪ੍ਰਚਾਰਿਆ ਸੀ। ਸਰਕਾਰ ਵੱਲੋਂ ਟਵਿੱਟਰ ਉਤੇ ਦਿੱਤੀ ਜਾਣਕਾਰੀ ਅਨੁਸਾਰ ਲੀਸੀਪ੍ਰਿਆ ਕੋ ਮਨੀਪੁਰ ਦੀ ਇਕ ਵਾਤਾਵਰਣ ਕਾਰਕੁਨ ਬੱਚੀ ਹੈ। ਉਹ 2019 'ਚ ਡਾਕਟਰ ਏ.ਪੀ.ਜੇ. ਅਬਦੁਲ ਕਲਾਮ ਬਾਲ ਪੁਰਸਕਾਰ ਹਾਸਲ ਕਰ ਚੁੱਕੀ ਹੈ।

ਇਸ ਤੋਂ ਇਲਾਵਾ ਉਸ ਨੂੰ ਆਲਮੀ ਸ਼ਾਂਤੀ ਪੁਰਸਕਾਰ ਅਤੇ ਭਾਰਤੀ ਸ਼ਾਂਤੀ ਪੁਰਸਕਾਰ ਵੀ ਮਿਲ ਚੁੱਕਾ ਹੈ। 'ਕੀ ਉਹ ਪ੍ਰੇਰਿਤ ਨਹੀ ਕਰ ਰਹੀ? ਕੀ ਤੁਸੀਂ ਜਾਣਦੇ ਹੋ ਕਿ ਕੋਈ ਉਸ ਨੂੰ ਪਸੰਦ ਕਰਦਾ ਹੈ? ਸਾਨੂੰ ਦੱਸੋ।' ਸਰਕਾਰ ਨੇ ਇਹ ਪੋਸਟ ਟਵਿੱਟਰ ਉਤੇ ਪਾਈ ਹੈ। ਪ੍ਰਧਾਨ ਮੰਤਰੀ ਦੀ ਤਰਫੋਂ ਪਾਈ ਪੋਸਟ ਦੇ ਜਵਾਬ ਵਿਚ ਕੰਗੁਜਮ, ਜਿਸ ਨੇ ਪਿਛਲੇ ਸਾਲ ਜੁਲਾਈ ਵਿਚ ਸੰਸਦ ਬਾਹਰ ਧਰਨਾ ਦਿੱਤਾ ਸੀ, ਨੇ ਪ੍ਰਧਾਨ ਮੰਤਰੀ ਲਿਖਿਆ ਹੈ, 'ਪਿਆਰੇ ਪ੍ਰਧਾਨ ਮੰਤਰੀ ਜੀ, ਜੇ ਤੁਸੀ ਮੇਰੀ ਗੱਲ ਨਹੀਂ ਸੁਣਦੇ ਤਾਂ ਕ੍ਰਿਪਾ ਕਰਕੇ ਮੇਰਾ ਜਸ਼ਨ ਨਾ ਮਨਾਓ। ਉਤਸ਼ਾਹ ਵਧਾਉਣ ਵਾਲੀਆਂ ਮਹਿਲਾਵਾਂ ਵਿਚ ਮੈਨੂੰ ਸ਼ਾਮਲ ਕਰਨ ਲਈ ਤੁਹਾਡਾ ਧੰਨਵਾਦ। ਅਨੇਕਾਂ ਵਾਰ ਸੋਚਣ ਤੋਂ ਬਾਅਦ ਮੈਂ ਤੁਹਾਡਾ ਇਹ ਸਨਮਾਨ ਵਾਪਿਸ ਕਰਨ ਦਾ ਫੈਸਲਾ ਲਿਆ ਹੈ। ਜੈ ਹਿੰਦ।'

# ਕੈਲੰਡਰ ਵਿਵਾਦ: ਦਲ ਖਾਲਸਾ ਤੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵਿਚਾਲੇ ਧੱਕਾ-ਮੁੱਕੀ

ਅੰਮ੍ਰਿਤਸਰ: ਸਿੱਖ ਜਥੇਬੰਦੀ ਦਲ ਖਾਲਸਾ ਨੇ ਨਵੇਂ ਵਰ੍ਹੇ ਦਾ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਹੈ ਜਿਸ ਵਿਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਤਸਵੀਰ ਵੀ ਸ਼ਾਮਲ ਹੈ। ਇਹ ਨਾਨਕਸ਼ਾਹੀ ਕੈਲੰਡਰ ਗੁਰਦੁਆਰਾ ਕਰਤਾਰਪੁਰ ਲਾਂਘੇ ਨੂੰ ਸਮਰਪਿਤ ਕੀਤਾ ਗਿਆ ਹੈ।

ਇਹ ਕੈਲੰਡਰ ਜਾਰੀ ਕਰਨ ਮੌਕੇ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਅਤੇ ਦਲ ਖਾਲਸਾ ਕਾਰਕੁਨਾਂ ਵਿਚਾਲੇ ਧੱਕਾ-ਮੁੱਕੀ ਵੀ ਹੋਈ ਹੈ। ਇਸ ਮੌਕੇ ਕੈਲੰਡਰ ਪਾੜੇ ਜਾਣ ਕਾਰਨ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਇਹ ਕੈਲੰਡਰ ਜਾਰੀ ਕਰਨ ਲਈ ਦਲ ਖਾਲਸਾ ਦੇ ਨੁਮਾਇੰਦੇ ਸ੍ਰੀ ਅਕਾਲ ਤਖਤ ਵਿਖੇ ਪੁੱਜੇ ਸਨ ਜਿਥੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਅਰਦਾਸ ਕੀਤੀ। ਜਦੋਂ ਕੈਲੰਡਰ ਰਿਲੀਜ਼ ਕੀਤਾ ਜਾਣ ਲੱਗਿਆ ਤਾਂ ਉਥੇ ਹਾਜ਼ਰ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਇਹ ਕੈਲੰਡਰ ਰਿਲੀਜ਼ ਕਰਨ ਤੋਂ ਰੋਕ ਦਿੱਤਾ।



ਉਨ੍ਹਾਂ ਆਖਿਆ ਕਿ ਇਸ ਕੈਲੰਡਰ ਨੂੰ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਜਾਰੀ ਕੀਤਾ ਜਾਵੇ ਜਿਸ ਕਾਰਨ ਸਿੱਖ ਆਗੂ ਸਕੱਤਰੇਤ ਵਿਖੇ ਪੁੱਜ ਗਏ ਪਰ ਉਥੇ ਵੀ ਟਾਸਕ ਫੋਰਸ ਦੇ ਕਰਮਚਾਰੀ ਤਾਇਨਾਤ ਸਨ, ਜਿਨ੍ਹਾਂ ਨੇ ਕੈਲੰਡਰ ਰਿਲੀਜ਼ ਕਰਨ ਤੋਂ ਰੋਕ ਦਿੱਤਾ। ਇਸ ਦੌਰਾਨ ਦੋਵਾਂ ਧਿਰਾਂ ਵਿਚਾਲੇ ਤਿੱਖੀ ਬਹਿਸ ਅਤੇ ਧੱਕਾ-ਮੁੱਕੀ ਵੀ ਹੋਈ। ਇਸ ਕਾਰਵਾਈ ਦੌਰਾਨ ਜਦੋਂ ਸਿੱਖ ਆਗੂਆਂ ਨੇ ਕੈਲੰਡਰ ਰਿਲੀਜ਼ ਕਰਨ ਲਈ ਖੋਲ੍ਹਿਆ ਤਾਂ ਉਥੇ ਤਾਇਨਾਤ ਸ਼੍ਰੋਮਣੀ ਕਮੇਟੀ ਕਰਮਚਾਰੀ ਨੇ ਕੈਲੰਡਰ ਨੂੰ ਖੋਹਣ ਦਾ ਯਤਨ ਕੀਤਾ ਜਿਸ ਕਾਰਨ ਕੈਲੰਡਰ ਪਾੜਿਆ ਗਿਆ। ਸਿੱਖ ਆਗੂਆਂ ਨੇ ਇਸ ਦਾ ਸਖਤ ਵਿਰੋਧ ਕੀਤਾ ਅਤੇ ਨਾਅਰੇਬਾਜ਼ੀ ਵੀ ਕੀਤੀ। ਇਸ ਮੌਕੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਵੀ ਲਾਏ ਗਏ। ਮਗਰੋਂ ਸਕੱਤਰੇਤ ਦੇ ਇੰਚਾਰਜ ਦੇ ਦਖਲ ਉਤੇ ਮਾਮਲਾ ਠੰਢਾ ਹੋਇਆ ਅਤੇ ਕੈਲੰਡਰ ਰਿਲੀਜ਼ ਕੀਤਾ ਗਿਆ।

ਸਿੱਖ ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਟਾਸਕ ਫੋਰਸ ਦੇ ਕਰਮਚਾਰੀ ਨੇ ਕੀਤੀ ਵਧੀਕੀ ਦੀ ਮੁਆਫੀ ਮੰਗੀ ਹੈ, ਜਿਸ ਮਗਰੋਂ ਮਾਮਲਾ ਸ਼ਾਂਤ ਹੋ ਗਿਆ ਸੀ। ਉਨ੍ਹਾਂ ਦੱਸਿਆ ਕਿ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਸੰਮਤ 552 ਦਾ ਕੈਲੰਡਰ ਜਾਰੀ ਕੀਤਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਨਾਨਕਸ਼ਾਹੀ ਕੈਲੰਡਰ ਦੇ ਚੱਲ ਰਹੇ ਵਿਵਾਦ ਨੂੰ ਹੱਲ ਕੀਤਾ ਜਾਵੇ।

ਜਥੇਬੰਦੀ ਦੇ ਮੁਖੀ ਹਰਪਾਲ ਸਿੰਘ ਚੀਮਾ ਨੇ ਆਖਿਆ ਕਿ ਮੂਲ ਨਾਨਕਸ਼ਾਹੀ ਕੈਲੰਡਰ ਜੋ 2003 ਵਿਚ ਸਰਬਸੰਮਤੀ ਨਾਲ ਜਾਰੀ ਕੀਤਾ ਗਿਆ ਸੀ, ਨੂੰ ਮੁੜ ਬਹਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਸ ਵੇਲੇ ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਇਸ ਕੈਲੰਡਰ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਸਾਬਕਾ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਵੀ ਇਸ ਕੈਲੰਡਰ ਨੂੰ ਮੁੜ ਬਹਾਲ ਕਰਨ ਦੀ ਅਪੀਲ ਕੀਤੀ ਹੈ।

ਇਸ ਮੌਕੇ ਕੈਲੰਡਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸੰਗਤ ਨੂੰ ਵੰਡਿਆ ਗਿਆ ਹੈ। ਦਲ ਖਾਲਸਾ ਵਲੋਂ ਇਹ ਕੈਲੰਡਰ ਵਿਸਾਖੀ ਮੌਕੇ ਪਾਕਿਸਤਾਨ ਵਿਚ ਵੀ ਰਿਲੀਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਗੁਰਦੁਆਰਾ ਕਰਤਾਰਪੁਰ ਲਾਂਘੇ ਦੀ ਸ਼ੁਰੂਆਤ ਨੂੰ ਸਮਰਪਿਤ ਇਸ ਕੈਲੰਡਰ ਵਿਚ ਗੁਰਦੁਆਰਾ ਕਰਤਾਰਪੁਰ ਦੀ ਤਸਵੀਰ ਗੈਰ ਹਾਜ਼ਰ ਹੈ ਪਰ ਉਥੇ ਸਥਾਪਤ ਕੀਤੀ ਸ੍ਰੀ ਸਾਹਿਬ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਤਸਵੀਰ ਸ਼ਾਮਲ ਕੀਤੀ ਗਈ ਹੈ। ਕੈਲੰਡਰ ਦੇ ਹੇਠਾਂ 'ਅਰਦਾਸ ਤੋਂ ਜੱਫੀ ਤੋਂ ਹਕੀਕਤ ਤਕ' ਸਿਰਲੇਖ ਹੇਠ ਲਾਂਘਾ ਖੁੱਲ੍ਹਣ ਦੀ ਜਾਣਕਾਰੀ ਦਿੱਤੀ ਗਈ ਹੈ। ਸਿੱਖ ਆਗੂਆਂ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਦੀ ਭਰਵੀਂ ਸ਼ਲਾਘਾ ਕੀਤੀ ਹੈ ਪਰ ਭਾਰਤ ਸਰਕਾਰ ਦੇ ਇਸ ਸਬੰਧੀ ਯਤਨਾਂ ਨੂੰ ਅਣਡਿੱਠਾ ਕੀਤਾ ਹੈ। ਉਨ੍ਹਾਂ ਆਖਿਆ ਕਿ ਇਮਰਾਨ ਖਾਨ ਨੇ ਇਸ ਮਾਮਲੇ ਵਿਚ ਪਹਿਲਕਦਮੀ ਕੀਤੀ ਸੀ, ਇਸ ਲਈ ਲਾਂਘਾ ਖੁੱਲ੍ਹਣ ਦਾ ਸਿਹਰਾ ਉਸ ਸਿਰ ਹੀ ਸਜਾਇਆ ਗਿਆ ਹੈ।

### ਕੈਲੰਡਰ 'ਚ ਗੁਰਦੁਆਰਾ ਕਰਤਾਰਪੁਰ ਦੀ ਤਸਵੀਰ

**ਅੰਮ੍ਰਿਤਸਰ:** ਦਲ ਖਾਲਸਾ ਨੇ ਮੂਲ ਨਾਨਕਸ਼ਾਹੀ ਕੈਲੰਡਰ ਦੇ ਸੰਮਤ 552 ਦੇ ਜਾਰੀ ਕੀਤੇ ਕੈਲੰਡਰ ਵਿਚ ਵੱਡੀ ਤਬਦੀਲੀ ਕਰਦਿਆਂ ਇਸ ਕੈਲੰਡਰ ਦੀ ਮੁੱਖ ਤਸਵੀਰ ਦੇ ਪਿਛੋਕੜ ਵਿਚ ਗੁਰਦੁਆਰਾ ਕਰਤਾਰਪੁਰ (ਪਾਕਿਸਤਾਨ) ਦੀ ਤਸਵੀਰ ਸ਼ਾਮਲ ਕਰ ਦਿੱਤੀ ਹੈ। ਇਸ ਦੌਰਾਨ ਪਾਕਿਸਤਾਨੀ ਪੰਜਾਬ ਦੇ ਪਾਰਲੀਮਾਨੀ ਸਕੱਤਰ ਮਹਿੰਦਰਪਾਲ ਸਿੰਘ ਨੇ ਕੈਲੰਡਰ ਵਿਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਤਸਵੀਰ ਛਾਪੇ ਜਾਣ 'ਤੇ ਦਲ ਖਾਲਸਾ ਦੀ ਸ਼ਲਾਘਾ ਕੀਤੀ ਹੈ। ਇਸ ਕੈਲੰਡਰ ਨੂੰ ਜਾਰੀ ਕਰਨ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ ਕੀਤਾ ਗਿਆ ਸੀ। ਇਹ ਕੈਲੰਡਰ ਗੁਰਦੁਆਰਾ ਕਰਤਾਰਪੁਰ ਲਾਂਘੇ ਨੂੰ ਸਮਰਪਿਤ ਸੀ। ਕੈਲੰਡਰ ਵਿਚ ਗੁਰਦੁਆਰਾ ਕਰਤਾਰਪੁਰ ਦੀ ਤਸਵੀਰ ਗੈਰ ਹਾਜ਼ਰ ਸੀ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਨੂੰ ਵਧੇਰੇ ਤਰਜੀਹ ਦਿੱਤੀ ਗਈ ਸੀ। ਕੈਲੰਡਰ ਦੀ ਮੌਜੂਦਾ ਤਸਵੀਰ ਦੇ ਪਿਛੋਕੜ ਵਿਚ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਤਸਵੀਰ ਸ਼ਾਮਲ ਕਰ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਗੁਰਦੁਆਰੇ ਵਿਚ ਸਥਾਪਤ ਕੀਤੀ ਸ੍ਰੀ ਸਾਹਿਬ ਦੀ ਤਸਵੀਰ ਪਹਿਲਾਂ ਵਾਂਗ ਹੀ ਰੱਖੀ ਗਈ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਕੈਲੰਡਰ ਵਿਚ ਤਬਦੀਲੀ ਮਗਰੋਂ ਇਸ ਨੂੰ ਨਵੇਂ ਸਿਰੇ ਤੋਂ ਛਪਵਾਇਆ ਗਿਆ ਹੈ।

# ਪ੍ਰੀਖਿਆ ਦੇਣ ਤੋਂ ਰੋਕਣ 'ਤੇ ਪੰਜਾਬੀ ਵਿਦਿਆਰਥੀ ਵਲੋਂ ਖੁਦਕੁਸ਼ੀ

**ਕੋਜ਼ੀਕੋਡੇ:** ਕੇਰਲ ਦੇ ਮਾਲਾਬਾਰ ਕ੍ਰਿਸਚੀਅਨ ਕਾਲਜ 'ਚ ਪੜ੍ਹਦੇ ਇਕ ਪੰਜਾਬੀ ਵਿਦਿਆਰਥੀ ਜਸਪ੍ਰੀਤ ਸਿੰਘ (21) ਨੇ ਖੁਦਕੁਸ਼ੀ ਕਰ ਲਈ, ਕਿਉਂਕਿ ਉਸ ਨੂੰ ਹਾਜ਼ਰੀਆਂ ਘੱਟ ਹੋਣ ਦੇ ਚੱਲਦਿਆਂ ਪ੍ਰੀਖਿਆ ਦੇਣ ਤੋਂ ਰੋਕ ਦਿੱਤਾ ਗਿਆ ਸੀ। ਜਸਪ੍ਰੀਤ ਸਿੰਘ ਬੀ.ਏ. ਅਰਥ ਸ਼ਾਸਤਰ ਦੇ ਆਖਰੀ ਸਾਲ ਦਾ ਵਿਦਿਆਰਥੀ ਸੀ, ਜਿਸ ਦੀ ਲਾਸ਼ ਨੂੰ ਕੋਰਟ ਕੰਪਲੈਕਸ ਨੇੜੇ ਉਸ ਦੀ ਮਾਤਾ ਨੇ ਛੱਤ ਵਾਲੇ ਪੱਖੇ ਨਾਲ ਲਟਕਦਿਆਂ ਵੇਖਿਆ।



ਮਾਲਾਬਾਰ ਕ੍ਰਿਸਚੀਅਨ ਕਾਲਜ ਦੇ ਪ੍ਰਿੰਸੀਪਲ ਦਾ ਕਹਿਣਾ ਹੈ ਕਿ ਇਹ ਤੀਸਰੀ ਵਾਰ ਸੀ, ਜਦੋਂ ਜਸਪ੍ਰੀਤ ਦੀਆਂ ਹਾਜ਼ਰੀਆਂ ਘੱਟ ਸਨ, ਉਸ ਦੀਆਂ ਹਾਜ਼ਰੀਆਂ 68 ਫੀਸਦੀ ਹੋਣ ਕਾਰਨ ਉਸ ਨੂੰ ਪ੍ਰੀਖਿਆ ਦੇਣ ਤੋਂ ਰੋਕ ਦਿੱਤਾ ਗਿਆ ਸੀ, ਕਿਉਂਕਿ ਕਾਲੀਕਟ ਯੂਨੀਵਰਸਿਟੀ 'ਚ ਘੱਟੋ-ਘੱਟ 75 ਫੀਸਦੀ ਹਾਜ਼ਰੀਆਂ ਹੋਣੀਆਂ ਜ਼ਰੂਰੀ ਹਨ। ਪਰਿਵਾਰ ਦਾ ਕਹਿਣਾ ਹੈ ਕਿ ਜਸਪ੍ਰੀਤ ਦੇ ਪਿਤਾ ਮਨਮੋਹਨ ਸਿੰਘ ਵਲੋਂ ਕਈ ਵਾਰ ਕਾਲਜ ਪ੍ਰਸ਼ਾਸਨ ਨੂੰ ਜਸਪ੍ਰੀਤ ਨੂੰ ਪ੍ਰੀਖਿਆ 'ਚ ਬੈਠਣ ਦੀ ਇਜਾਜ਼ਤ ਦੇਣ ਦੀ ਬੇਨਤੀ ਕੀਤੀ ਗਈ ਸੀ, ਕਿਉਂਕਿ ਉਨ੍ਹਾਂ ਨੂੰ ਮ੍ਰਿਤਕ ਦੇ ਦਾਦੇ ਦੀਆਂ ਅੰਤਿਮ ਰਸਮਾਂ ਲਈ ਪੰਜਾਬ ਆਉਣਾ ਪਿਆ ਸੀ ਅਤੇ ਸੀ.ਏ.ਏ. ਵਿਰੋਧੀ ਪ੍ਰਦਰਸ਼ਨਾਂ ਦੇ ਚੱਲਦਿਆਂ ਰੇਲ ਗੱਡੀਆਂ ਰੱਦ ਹੋਣ ਕਾਰਨ ਉਹ ਜਲਦੀ ਵਾਪਸ ਨਹੀਂ ਸੀ ਪਰਤ ਸਕੇ, ਜਿਸ ਬਾਰੇ ਕਾਲਜ ਪ੍ਰਸ਼ਾਸਨ ਨੂੰ ਸੂਚਨਾ ਦੇ ਦਿੱਤੀ ਗਈ ਸੀ।

# ਗਾਇਕ ਮੂਸੇਵਾਲਾ ਨੇ ਅਕਾਲ ਤਖਤ 'ਤੇ ਮੁਆਫੀ ਮੰਗੀ

**ਅੰਮ੍ਰਿਤਸਰ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੇ ਅਕਾਲ ਤਖਤ ਉਤੇ ਹਾਜ਼ਰ ਹੋ ਕੇ ਆਪਣੀ ਗਲਤੀ ਲਈ ਖਿਮਾ ਯਾਚਨਾ ਕੀਤੀ ਹੈ। ਉਸ ਨੇ ਕਿਹਾ ਕਿ ਇਸ ਮਾਮਲੇ ਵਿਚ ਅਕਾਲ ਤਖਤ ਵੱਲੋਂ ਜੋ ਵੀ ਆਦੇਸ਼ ਕੀਤਾ ਜਾਵੇਗਾ, ਉਹ ਉਸ ਨੂੰ ਪ੍ਰਵਾਨ ਹੋਵੇਗਾ।

ਪੰਜਾਬੀ ਗਾਇਕ ਨੇ ਇਕ ਗੀਤ ਵਿਚ ਮਾਈ ਭਾਗੋ ਦੀ ਤੁਲਨਾ ਆਮ ਕੁੜੀ ਨਾਲ ਕੀਤੀ ਸੀ ਜਿਸ ਦਾ ਸਿੱਖ ਜਗਤ ਵੱਲੋਂ ਸਖਤ ਵਿਰੋਧ ਕੀਤਾ ਗਿਆ ਸੀ ਅਤੇ ਅਤੇ ਸ੍ਰੀ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਕੋਲ ਵੱਡੀ ਗਿਣਤੀ ਵਿਚ ਸ਼ਿਕਾਇਤਾਂ ਪੁੱਜੀਆਂ ਸਨ।

ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਗਾਇਕ ਖਿਲਾਫ ਪੁਲਿਸ ਕੋਲ ਵੀ ਸ਼ਿਕਾਇਤ ਕੀਤੀ ਸੀ। ਜਥੇਦਾਰ ਨਾਲ ਮੁਲਾਕਾਤ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਉਸ ਨੇ ਆਖਿਆ ਕਿ ਉਹ ਸ੍ਰੀ ਅਕਾਲ ਤਖਤ ਨੂੰ ਸਮਰਪਿਤ ਹੈ ਅਤੇ ਅਣਜਾਣੇ ਵਿਚ ਹੋਈ ਭੁੱਲ ਲਈ ਖਿਮਾ ਯਾਚਨਾ ਕੀਤੀ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਗਾਇਕ ਨੇ ਮੁਆਫੀ ਮੰਗੀ ਹੈ ਅਤੇ ਉਸ ਦੇ ਮੁਆਫੀਨਾਮੇ 'ਤੇ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਚਾਰ ਵਟਾਂਦਰਾ ਕੀਤਾ ਜਾਵੇਗਾ।



# ਨਸ਼ਾ ਮੁਕਤੀ: ਸਰਕਾਰ ਨੇ ਨਾਕਾਮੀਆਂ 'ਤੇ ਪਰਦਾ ਪਾਉਣ ਲਈ ਘੜੀ ਨਵੀਂ ਜੁਗਤ

**ਬਠਿੰਡਾ:** ਕੈਪਟਨ ਸਰਕਾਰ ਹੁਣ 'ਨਸ਼ਾ ਮੁਕਤ ਪੰਜਾਬ' ਦਿਖਾਉਣ ਖਾਤਰ ਪੰਚਾਇਤਾਂ ਕੋਲੋਂ ਮਤੇ ਪਵਾ ਰਹੀ ਹੈ। ਪੰਜਾਬ ਪੁਲਿਸ ਨੇ ਨਸ਼ਾ ਮੁਕਤ ਪਿੰਡਾਂ ਦੀ ਸ਼ਨਾਖਤ ਕੀਤੀ ਹੈ ਜਿਨ੍ਹਾਂ ਤੋਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਜਬਾਨੀ ਹੁਕਮ ਕਰਕੇ 'ਨਸ਼ਾ ਮੁਕਤ ਪਿੰਡ' ਹੋਣ ਦੇ ਮਤੇ ਪਾਸ ਕਰਾ ਰਿਹਾ ਹੈ।

ਪੁਲਿਸ ਨੇ ਉਨ੍ਹਾਂ ਪਿੰਡਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਪਿੰਡਾਂ ਵਿਚ ਤਿੰਨ ਵਰ੍ਹਿਆਂ ਤੋਂ ਕੋਈ ਨਸ਼ਾ ਤਸਕਰੀ ਦਾ ਜੁਰਮ ਨਹੀਂ ਹੋਇਆ ਹੈ। ਉਂਜ, ਇਨ੍ਹਾਂ ਪਿੰਡਾਂ ਵਿਚ ਨਸ਼ੇੜੀ ਬਥੇਰੇ ਹਨ। ਵੇਰਵਿਆਂ ਅਨੁਸਾਰ ਬਠਿੰਡਾ ਜ਼ਿਲ੍ਹੇ ਵਿਚ ਪੁਲਿਸ ਨੇ 22 ਪਿੰਡ ਸ਼ਨਾਖਤ ਕੀਤੇ ਹਨ, ਜਿਨ੍ਹਾਂ ਵਿਚ ਕਾਂਗਰਸ ਸਰਕਾਰ ਬਣਨ ਮਗਰੋਂ ਨਸ਼ਾ ਤਸਕਰੀ ਦਾ ਕੋਈ ਜੁਰਮ ਨਹੀਂ ਹੋਇਆ ਹੈ। ਉਂਜ, ਸ਼ਰਾਬ ਦੇ ਠੇਕੇ ਵੀ ਇਨ੍ਹਾਂ ਪਿੰਡਾਂ ਵਿਚ ਮੌਜੂਦ ਹਨ।

ਤਲਵੰਡੀ ਸਾਬੋ ਦੇ ਪਿੰਡ ਫੱਤਾਬਾਲੂ, ਕੌਰੇਆਣਾ, ਮਿਰਜੇਆਣਾ ਅਤੇ ਮੈਨੂੰਆਣਾ ਨੂੰ ਇਸ ਨਸ਼ਾ ਮੁਕਤ ਪਿੰਡਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਪਿੰਡ ਕੌਰੇਆਣਾ ਦੀ ਮਹਿਲਾ ਸਰਪੰਚ ਜਸਮੇਲ ਕੌਰ ਦਾ ਕਹਿਣਾ ਸੀ ਕਿ ਬੀ.ਡੀ.ਪੀ.ਓ. ਤਰਫੋਂ ਨਸ਼ਾ ਮੁਕਤ ਪਿੰਡ ਹੋਣ ਦਾ ਮਤਾ ਪਾਸ ਕਰਨ ਵਾਸਤੇ ਆਖਿਆ ਗਿਆ ਹੈ ਪਰ ਉਹ ਮਤੇ ਵਿਚ ਹਕੀਕਤ ਲਿਖਣਗੇ।

ਉਨ੍ਹਾਂ ਕਿਹਾ ਕਿ ਬਾਕੀ ਪਿੰਡਾਂ ਨਾਲੋਂ ਪਿੰਡ ਵਿਚ ਨਸ਼ਾ ਥੋੜ੍ਹਾ ਹੈ ਪਰ ਕੁਝ ਨਸ਼ੇੜੀ ਪਿੰਡ ਵਿਚ ਜ਼ਰੂਰ ਹਨ। ਜਾਣਕਾਰੀ ਅਨੁਸਾਰ ਗੋਨਿਆਣਾ ਬਲਾਕ ਦੇ ਪਿੰਡ ਅਮਰਗੜ੍ਹ, ਲੱਖੀ ਜੰਗਲ, ਕੋਠੇ ਲਾਲ ਸਿੰਘ ਅਤੇ ਕੋਠੇ ਸੰਧੂ ਵਾਲੇ ਵੀ ਨਸ਼ਾ ਮੁਕਤ ਪਿੰਡ ਐਲਾਨੇ ਗਏ ਹਨ। ਰਾਮਪੁਰਾ ਬਲਾਕ ਦਾ ਪਿੰਡ ਮੰਡੀ ਖੁਰਦ ਵੀ ਇਸ ਸੂਚੀ ਵਿਚ ਸ਼ਾਮਲ ਹੈ ਜਿਥੋਂ ਦੇ ਸਰਪੰਚ ਇਕਬਾਲ ਸਿੰਘ ਨੇ ਕਿਹਾ ਕਿ ਹਾਲੇ ਸਰਕਾਰੀ ਹੁਕਮ ਤਾਂ ਇਸ ਬਾਰੇ ਪੁੱਜੇ ਨਹੀਂ ਹਨ ਪਰ ਪਿੰਡ 'ਚ ਕੋਈ ਨਸ਼ਾ ਨਾ ਕਰਦਾ ਹੋਵੇ, ਅਜਿਹੀ ਗੱਲ ਨਹੀਂ ਹੈ। ਪਿੰਡ ਵਿਚ ਕਦੇ ਨਸ਼ਾ ਮੁਕਤੀ ਬਾਰੇ ਯੋਜਨਾਬੱਧ ਤਰੀਕੇ ਨਾਲ ਕੋਈ ਮੁਹਿੰਮ ਵੀ ਨਹੀਂ ਚੱਲੀ ਹੈ।

ਸੂਤਰ ਦੱਸਦੇ ਹਨ ਕਿ ਕੁਝ ਲੋਕਾਂ ਨੇ ਸਰਕਾਰ ਨੂੰ ਪਿੰਡ 'ਚੋਂ ਸ਼ਰਾਬ ਦਾ ਠੇਕਾ ਬਾਹਰ ਕੱਢਣ ਦੀ ਮੰਗ ਰੱਖੀ ਸੀ ਜੋ ਅੱਜ ਤੱਕ ਸਰਕਾਰ ਨੇ ਪੂਰੀ ਨਹੀਂ ਕੀਤੀ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਬਠਿੰਡਾ ਹਰਜਿੰਦਰ ਸਿੰਘ ਜੱਸਲ ਦਾ ਕਹਿਣਾ ਸੀ ਕਿ ਪੁਲਿਸ ਤਰਫੋਂ ਅਜਿਹੇ ਪਿੰਡਾਂ ਦੀ ਰਿਪੋਰਟ ਪ੍ਰਾਪਤ ਹੋਈ ਹੈ, ਜਿਸ ਦੀ ਮਹਿਕਮੇ ਵੱਲੋਂ ਪੜਤਾਲ ਕੀਤੀ ਜਾ ਰਹੀ ਹੈ। ਦੇਖਿਆ ਜਾਵੇ ਤਾਂ ਬਠਿੰਡਾ ਜ਼ਿਲ੍ਹੇ ਦੇ ਸਿਰਫ 7 ਫੀਸਦੀ ਪਿੰਡ ਹੀ ਪੁਲਿਸ ਨੂੰ ਨਸ਼ਾ ਮੁਕਤ ਲੱਭੇ ਹਨ, ਜਿਨ੍ਹਾਂ ਦੀ ਹਕੀਕਤ ਕੁਝ ਹੋਰ ਹੈ। ਗੁਰਦਾਸਪੁਰ ਜ਼ਿਲ੍ਹੇ ਵਿਚ 1279 ਪੰਚਾਇਤਾਂ ਹਨ, ਜਿਨ੍ਹਾਂ 'ਚੋਂ ਸਿਰਫ 65 ਪਿੰਡ ਨਸ਼ਾ ਮੁਕਤ ਐਲਾਨੇ ਗਏ ਹਨ ਜੋ ਕਿ 5.8 ਫੀਸਦੀ ਬਣਦੇ ਹਨ। ਰਾਜਪਾਲ ਪੰਜਾਬ ਤਰਫੋਂ ਇਨ੍ਹਾਂ ਪਿੰਡਾਂ ਨੂੰ ਸਨਮਾਨਿਆ ਵੀ ਗਿਆ ਹੈ।

ਪੁਲਿਸ ਨਸ਼ਾ ਦੇ ਜੁਰਮ ਦੇ ਅਧਾਰ ਉਤੇ ਅੰਕੜਾ ਤਿਆਰ ਕਰ ਰਹੀ ਹੈ। ਜ਼ਿਲ੍ਹਾ ਬਰਨਾਲਾ ਵਿਚ 121 ਪਿੰਡ ਹਨ ਅਤੇ 175 ਪੰਚਾਇਤਾਂ ਹਨ। ਸੂਤਰਾਂ ਅਨੁਸਾਰ ਬਰਨਾਲਾ ਜ਼ਿਲ੍ਹੇ ਵਿਚ ਛੇ ਪਿੰਡ ਨਸ਼ਾ ਮੁਕਤ ਸ਼ਨਾਖਤ ਹੋਏ ਹਨ, ਜੋ 4.95 ਫੀਸਦੀ ਬਣਦੇ ਹਨ। ਜ਼ਿਲ੍ਹਾ ਸੰਗਰੂਰ ਵਿਚ ਕਰੀਬ 30 ਪਿੰਡਾਂ ਨੂੰ ਨਸ਼ਾ ਮੁਕਤ ਐਲਾਨਿਆ ਗਿਆ ਹੈ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸੰਗਰੂਰ ਨਰਭਿੰਦਰ ਸਿੰਘ ਗਰੇਵਾਲ ਦਾ ਕਹਿਣਾ ਸੀ ਕਿ ਪੰਚਾਇਤਾਂ ਤਰਫੋਂ ਮਤਾ ਪਾ ਕੇ ਡਿਪਟੀ ਕਮਿਸ਼ਨਰ ਨੂੰ ਦੇ ਦਿੱਤੇ ਗਏ ਹਨ।

ਦੂਸਰੀ ਤਰਫ ਸਾਇੰਸਟੈਫਿਕ ਅਵੇਅਰਨੈੱਸ ਐਂਡ ਸੋਸ਼ਲ ਵੈਲਫੇਅਰ ਸੰਗਰੂਰ ਦੇ ਪ੍ਰਧਾਨ ਡਾ. ਅਮਰਜੀਤ ਸਿੰਘ ਮਾਨ ਦਾ ਕਹਿਣਾ ਸੀ ਕਿ ਲੋੜ ਵਿਖਾਵੇ ਦੀ ਨਹੀਂ, ਨਸ਼ੇ ਦੀ ਜੜ੍ਹ ਪੁੱਟਣ ਦੀ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਵਿਚ ਹਰਿਆਣਾ ਦੀ ਦੋ ਨੰਬਰ ਦੀ ਸ਼ਰਾਬ ਸ਼ਰੇਆਮ ਵਿਕਦੀ ਹੈ, ਕੋਈ ਰੋਕਣ ਵਾਲਾ ਨਹੀਂ। ਸਰਕਾਰ ਨੇ ਐਤਕੀਂ 58 ਪਿੰਡਾਂ ਦੇ ਸ਼ਰਾਬਬੰਦੀ ਦੇ ਪਾਏ ਮਤਿਆਂ 'ਚੋਂ ਸਿਰਫ 8 ਮਤੇ ਹੀ ਪ੍ਰਵਾਨ ਕੀਤੇ ਹਨ।

ਪਤਾ ਲੱਗਾ ਹੈ ਕਿ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿਚ ਇਹ ਮੁਹਿੰਮ ਤੇਜ਼ੀ ਨਾਲ ਚੱਲ ਰਹੀ ਹੈ ਜਦੋਂ ਕਿ ਕੁਝ ਜ਼ਿਲ੍ਹਿਆਂ ਵਿਚ ਹਾਲੇ ਨਸ਼ਾ ਮੁਕਤ ਪਿੰਡ ਸ਼ਨਾਖਤ ਕੀਤੇ ਜਾਣ ਦਾ ਕੰਮ ਚੱਲ ਰਿਹਾ ਹੈ।

### ਸਰਕਾਰ ਦੀ ਨਾਲਾਇਕੀ ਬਾਰੇ ਬਾਜਵਾ ਕੇਂਦਰ ਕੋਲ ਪੁੱਜੇ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰੀ ਰਵੀਸ਼ੰਕਰ ਪ੍ਰਸ਼ਾਦ ਨੂੰ ਇਕ ਪੱਤਰ ਲਿਖ ਕੇ ਕਿਹਾ ਹੈ ਕਿ ਪੰਜਾਬ ਵਿਚ ਨਸ਼ੇ ਮਾਫੀਏ ਨਾਲ ਨਿਪਟਣ ਲਈ ਕਾਫੀ ਨਾਲਾਇਕੀ ਵਿਖਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸੂਬੇ ਵਿਚ ਨਸ਼ਿਆਂ ਦੇ ਵੱਧ ਰਹੇ ਪਸਾਰ ਕਾਰਨ 29 ਮਾਰਚ 2013 ਦੌਰਾਨ ਇਸ ਸਬੰਧੀ ਜਾਂਚ ਕਰਨ ਦੇ ਆਦੇਸ਼ ਦਿੱਤੇ ਸਨ ਜਿਸ ਦੌਰਾਨ ਪੁਲਿਸ ਸਿਆਸਤਦਾਨ ਅਤੇ ਨਸ਼ਾ ਮਾਫੀਏ ਦਰਮਿਆਨ ਮਿਲੀਭੁਗਤ ਵੀ ਸਾਹਮਣੇ ਆਈ। ਹਾਈਕੋਰਟ ਨੇ 28 ਨਵੰਬਰ 2017 ਨੂੰ ਪੰਜਾਬ ਪੁਲਿਸ ਦੇ ਇਕ ਇੰਸਪੈਕਟਰ ਸਬੰਧੀ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਦਾ ਨੋਟਿਸ ਲੈਂਦਿਆਂ ਕਿ ਉਸ ਦੀ ਨਸ਼ਾ ਮਾਫੀਏ ਨਾਲ ਮਿਲੀਭੁਗਤ ਸੀ ਅਤੇ ਉਕਤ ਇੰਸਪੈਕਟਰ ਨੂੰ ਮੋਗਾ ਦੇ ਪੁਲਿਸ ਮੁਖੀ ਵਲੋਂ ਗ੍ਰਿਫਤਾਰ ਵੀ ਕੀਤਾ ਗਿਆ ਅਤੇ ਪੁੱਛਗਿੱਛ ਦੌਰਾਨ ਮੋਗਾ ਦੇ ਜ਼ਿਲ੍ਹਾ ਪੁਲਿਸ ਮੁਖੀ ਦਾ ਨਾਮ ਵੀ ਸਾਹਮਣੇ ਆਇਆ। ਇਹ ਸਾਰੀਆਂ ਰਿਪੋਰਟਾਂ ਤਕਰੀਬਨ 2 ਸਾਲਾਂ ਤੋਂ ਸੀਲ ਕਵਰ ਵਿਚ ਬੰਦ ਪਈਆਂ ਹਨ ਜਿਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਹੋਈ।

### ਨਸ਼ੇ ਰੋਕਣ 'ਚ ਸਰਗਰਮ ਹੋਏ ਅਧਿਕਾਰੀ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕਰਦਿਆਂ ਸਾਲ 2019 'ਚ 33500 ਕੇਸ ਦਰਜ ਕਰਕੇ 44500 ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਸਾਲ ਭਰ 'ਚ 464 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ। ਇਹ ਪ੍ਰਗਟਾਵਾ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਦੀ ਅਗਵਾਈ 'ਚ ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼. ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਮੀਟਿੰਗ 'ਚ ਡੀ.ਜੀ.ਪੀ. ਦਿਨਕਰ ਗੁਪਤਾ ਨੇ ਕੀਤਾ। ਇਸ ਮੌਕੇ ਸੁਰੇਸ਼ ਕੁਮਾਰ ਨੇ ਅਧਿਕਾਰੀਆਂ ਨੂੰ ਸੂਬੇ ਵਿਚੋਂ ਨਸ਼ਿਆਂ ਦਾ ਖਾਤਮਾ ਕਰਨ ਲਈ ਯਤਨ ਤੇਜ਼ ਕਰਨ ਲਈ ਕਿਹਾ। ਉਨ੍ਹਾਂ ਬਡੀਜ਼ ਗਰੁੱਪਾਂ ਅਤੇ ਨਸ਼ਾ ਰੋਕੂ ਅਫਸਰਾਂ ਨੂੰ ਸਰਗਰਮ ਅਤੇ ਮਜ਼ਬੂਤ ਬਣਾਉਣ ਦੀ ਹਦਾਇਤ ਕੀਤੀ। ਉਨ੍ਹਾਂ ਨੇ ਪੀੜਤ ਵਿਅਕਤੀਆਂ ਨਾਲ ਨਿੱਜੀ ਸੰਪਰਕ ਕਰਨ ਉਤੇ ਵੀ ਜ਼ੋਰ ਦਿੱਤਾ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ 2017 ਤੋਂ ਨਸ਼ਿਆਂ ਦੀ ਬਰਾਮਦਗੀ ਵਿਚ ਪੰਜ ਗੁਣਾਂ ਵਾਧਾ ਹੋਇਆ ਹੈ।

# ਦਿੱਲੀ ਹਿੰਸਾ ਨੇ 1984 ਦਾ ਸਿੱਖ ਕਤਲੇਆਮ ਯਾਦ ਕਰਵਾਇਆ

ਭਾਰਤ ਦੀ ਰਾਜਧਾਨੀ ਦਿੱਲੀ 'ਚ 24 ਤੋਂ 26 ਫਰਵਰੀ ਨੂੰ ਹੋਈ ਮੁਸਲਿਮ ਵਿਰੋਧੀ ਫਿਰਕੂ ਹਿੰਸਾ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿਤਾ ਹੈ। ਇਸ ਦੌਰਾਨ ਦਰਜਨਾਂ ਇਲਾਕਿਆਂ ਵਿਚ ਕਤਲ, ਅੱਗਾਂ ਤੇ ਮਾਰ-ਧਾੜ ਦਾ ਮੰਜ਼ਰ ਦੇਖਣ ਨੂੰ ਮਿਲਿਆ। ਬੇਰਹਿਮੀ ਨਾਲ ਗਲੀ ਮੁਹੱਲਿਆਂ 'ਚ ਹੋਏ ਗੁੰਡਾ ਗਰਦੀ ਦੇ ਨੰਗੇ ਨਾਚ ਨੇ ਸਭਿਅਕ ਸਮਾਜ ਹੋਣ 'ਤੇ ਸੁਆਲੀਆ ਨਿਸ਼ਾਨ ਲਾ ਦਿਤਾ ਹੈ। ਖੂਨ ਦੀ ਖੁੱਲ੍ਹ ਕੇ ਖੇਡੀ ਗਈ ਹੋਲੀ ਦੌਰਾਨ ਦਿੱਲੀ ਪੁਲਿਸ ਕਿਧਰੇ ਵੀ ਦਿਖਾਈ ਨਹੀਂ ਦਿੱਤੀ।

ਸ਼ਾਹੀਨ ਬਾਗ ਵਿਚ ਸੀ. ਏ. ਏ. ਖਿਲਾਫ ਸ਼ਾਂਤਮਈ ਮੁਜਾਹਰੇ ਤੋਂ ਡਰੇ ਸਾਸ਼ਕਾਂ ਵਲੋਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਫੈਲਾਈ ਨਫਰਤ ਤੋਂ ਕਿਸੇ ਭਿਆਨਕ ਅਣਹੋਣੀ ਦੇ ਸੰਕੇਤ ਤਾਂ ਮਿਲ ਹੀ ਰਹੇ ਸਨ। ਵਿਰੋਧੀਆਂ ਨੂੰ ਗੱਦਾਰ ਦੱਸ ਕੇ ਗੋਲੀ ਮਾਰਨ ਅਤੇ ਬਲਾਤਕਾਰ ਕਰਨ ਦੀਆਂ ਧਮਕੀਆਂ ਨੇਤਾ ਸ਼ੱਰੇਆਮ ਦਿੰਦੇ ਰਹੇ। ਭਾਰਤੀ ਜਨਤਾ ਪਾਰਟੀ (ਭਾਜਪਾ) ਵਲੋਂ ਚੋਣਾਂ ਵਿਚ ਨਰਿੰਦਰ ਮੋਦੀ, ਅਮਿਤ ਸ਼ਾਹ, ਕਈ ਮੁੱਖ ਮੰਤਰੀਆਂ ਅਤੇ ਹੋਰ ਨੇਤਾਵਾਂ ਵਲੋਂ ਸ਼ਾਹੀਨ ਬਾਗ ਨੂੰ ਹੀ ਮੁੱਖ ਚੋਣ ਮੁੱਦਾ ਬਣਾਇਆ ਗਿਆ ਸੀ। ਸ਼ਰਮਨਾਕ ਹਾਰ ਤੋਂ ਬੌਖਲਾਏ ਭਾਜਪਾ ਆਗੂ ਜ਼ਹਿਰ ਘੋਲ ਰਹੇ ਸਨ। ਕਪਿਲ ਮਿਸ਼ਰਾ ਸ਼ੱਰੇਆਮ ਅੱਗ ਉਗਲਦੇ ਕਾਨੂੰਨ ਹੱਥ ਵਿਚ ਲੈਣ ਦੀਆਂ ਧਮਕੀਆਂ ਪੁਲਿਸ ਦੀ ਮੌਜੂਦਗੀ ਵਿਚ ਦਿੰਦੇ ਰਹੇ। ਸਰਕਾਰ ਨੇ ਚੁੱਪ ਸਾਧੀ ਰੱਖੀ।



**ਦਰਸ਼ਨ ਸਿੰਘ ਸ਼ੰਕਰ**
**ਫੋਨ: 91-99158-36543**

ਆਖਰ 24 ਫਰਵਰੀ ਨੂੰ ਉਹੀ ਹੋਇਆ, ਜਿਸ ਦਾ ਡਰ ਸੀ। ਅਟਲ ਬਿਹਾਰੀ ਵਾਜਪਾਈ ਨੇ 2002 'ਚ ਗੁਜਰਾਤ ਦੰਗਿਆਂ ਸਮੇਂ 'ਰਾਜ ਧਰਮ' ਦੀ ਪਾਲਣਾ ਕਰਨ ਦੀ ਨਸੀਅਤ ਦਿੱਤੀ ਸੀ, ਪਰ ਹੁਣ ਤਾਂ ਲਾਲ ਕ੍ਰਿਸ਼ਨ ਅਡਵਾਨੀ ਜਿਹੇ ਬਜੁਰਗ ਆਗੂ ਜਬਾਨ ਖੋਲ੍ਹਣ ਤੋਂ ਵੀ ਲਾਚਾਰ ਦਿੱਸੇ। ਕੌਣ ਕਹੇ, 'ਰਾਣੀ ਅੱਗਾ ਢਕ!'

**1984 ਦੇ ਸਿੱਖ ਕਤਲੇਆਮ ਦੀ ਯਾਦ ਹੋਈ ਤਾਜ਼ਾ:** 24 ਫਰਵਰੀ ਨੂੰ ਇਕ ਫਿਰਕੇ ਦੀ ਵੱਧ ਵਸੋਂ ਵਾਲੇ ਦਰਜਨਾਂ ਖੇਤਰਾਂ 'ਚ ਹਿੰਸਾ ਦਾ ਤਾਂਡਵ ਮਚਾ ਕੇ 1984 ਦੀ ਸਿੱਖ ਨਸਲਕੁਸ਼ੀ ਦੀ ਯਾਦ ਤਾਜ਼ਾ ਕਰਵਾ ਦਿੱਤੀ। ਦਰਜਨਾਂ ਮੁਹੱਲਿਆਂ ਵਿਚ ਹਥਿਆਰਾਂ ਨਾਲ ਲੈਸ ਦੰਗਈਆਂ ਨੇ ਹਮਲੇ ਕੀਤੇ। ਇਨ੍ਹਾਂ ਇਲਾਕਿਆਂ ਵਿਚ ਸੀਲਮਪੁਰ, ਜਾਫਰਵਾਲ, ਮੌਜਪੁਰ, ਕਰਦਮਪੁਰੀ, ਬਾਬਰਪੁਰ, ਗੋਕੁਲਪੁਰੀ, ਭਗਵਾਨਪੁਰ, ਸ਼ਿਵਪੁਰੀ ਆਦਿ ਸ਼ਾਮਿਲ ਹਨ। ਮੁਗਲ ਧਾੜਵੀ ਬਾਬਰ ਵਲੋਂ ਅਜਿਹਾ ਜੁਲਮ ਦੇਖ ਕੇ ਹੀ ਤਾਂ 'ਨਾਨਕ ਪਾਤਸ਼ਾਹ' ਨੇ ਐਮਨਾਬਾਦ ਵਿਚ ਉਚਾਰਿਆ ਸੀ, "ਏਤੀ ਮਾਰ ਪਈ ਕੁਲਾਣੈ, ਤੈਂ ਕੀ ਦਰਦ ਨਾ ਆਇਆ॥"

ਕਾਤਲ ਸ਼ੱਰੇਆਮ ਗੋਲੀਆਂ ਚਲਾਉਂਦੇ, ਮਾਰ ਕੁੱਟ ਕਰਦੇ, ਅੱਗਾਂ ਲਾਉਂਦੇ ਸੜਕਾਂ 'ਤੇ ਕੋਹਰਾਮ ਮਚਾਉਂਦੇ ਰਹੇ। ਹਿੰਸਾ ਦੌਰਾਨ 48 ਨਿਰਦੋਸ਼ ਮਾਰੇ ਗਏ, 300 ਦੇ ਕਰੀਬ ਜ਼ਖਮੀ ਹੋਏ, 327 ਦੁਕਾਨਾਂ ਤੇ 168 ਘਰ ਸਾੜੇ ਗਏ। ਬੀ. ਐਸ. ਐਫ. ਦੇ ਹਵਾਲਦਾਰ ਰਤਨ ਲਾਲ ਅਤੇ ਆਈ. ਬੀ. ਅਧਿਕਾਰੀ ਅੰਕੁਰ ਸ਼ਰਮਾ ਵੀ ਮਾਰੇ ਗਏ। 50 ਦੇ ਕਰੀਬ ਗੋਲੀਆਂ ਲਗਣ ਨਾਲ ਮਰੇ। ਅਰਬਾਂ ਰੁਪਏ ਦਾ ਮਾਲੀ ਨੁਕਸਨ ਹੋਇਆ ਅਤੇ ਸੈਂਕੜੇ ਪਰਿਵਾਰਾਂ ਦੇ ਧੰਦੇ ਪਲਾਂ ਵਿਚ ਹਿੰਸਾ ਦੀ ਭੇਟ ਚੜ੍ਹ ਗਏ। ਹਜਾਰਾਂ ਪਰਿਵਾਰ ਰਾਹਤ ਕੈਂਪਾਂ ਵਿਚ ਰਹਿਣ ਲਈ ਮਜਬੂਰ ਹੋ ਗਏ। ਦੋ ਸਕੂਲ ਅਤੇ ਅਨੇਕਾਂ ਵਾਹਨ ਵੀ ਸਾੜੇ ਗਏ। ਬਲਦੇ ਘਰਾਂ ਵਿਚੋਂ ਔਰਤਾਂ ਨੂੰ ਬੱਚਿਆਂ ਦੀ ਜਾਨ ਬਚਾਉਣ ਲਈ ਛੱਤਾਂ ਤੋਂ ਹੇਠਾਂ ਸੁੱਟਣ ਲਈ ਮਜਬੂਰ ਹੋਣਾ ਪਿਆ। ਵੱਡੀ ਪੱਧਰ 'ਤੇ ਧੂੰਏ ਦੇ ਗੁਬਾਰ ਅਤੇ ਬੱਚਿਆਂ ਤੇ ਔਰਤਾਂ ਦੀਆਂ ਚੀਕਾਂ ਵੀ ਦਰਿੰਦਿਆਂ ਦੇ ਦਿਲਾਂ ਨੂੰ ਪਸੀਜ਼ ਨਾ ਸਕੀਆਂ। ਇਹ ਬਿਨਾ ਰੋਕ ਟੋਕ ਮਾਰ-ਧਾੜ ਕਰਦੇ ਅੱਗੇ ਵਧਦੇ ਗਏ।

**ਪਹਿਲਾਂ ਸੋਚੀ ਸਮਝੀ ਹਿੰਸਾ:** 23 ਫਰਵਰੀ ਨੂੰ ਭਾਜਪਾ ਆਗੂ ਕਪਿਲ ਮਿਸ਼ਰਾ ਪੁਲਿਸ ਸਾਹਮਣੇ ਸ਼ਾਹੀਨ ਬਾਗ ਵਿਚ ਔਰਤਾਂ ਦੇ ਧਰਨੇ ਨੂੰ ਖੁਦ ਹਟਾਉਣ ਦੀਆਂ ਧਮਕੀਆਂ ਦਿੰਦੇ ਰਹੇ। ਉਸ ਵਿਰੁੱਧ ਕਾਨੂੰਨੀ ਕਾਰਵਾਈ ਨਾ ਕਰਨਾ ਪੁਲਿਸ ਦੀ ਨੀਅਤ 'ਤੇ ਪ੍ਰਸ਼ਨ ਚਿੰਨ ਲਾਉਂਦਾ ਹੈ। 24 ਫਰਵਰੀ ਨੂੰ ਬੇਤਹਾਸ਼ਾ ਹਿੰਸਾ ਹੋਈ, ਕਿਸੇ ਨੂੰ ਬਚ ਕੇ ਨਿਕਲਣ ਦਾ ਸਮਾਂ ਹੀ ਨਾ ਮਿਲਿਆ।

ਬਹੁਤ ਵੱਡੇ ਇਲਾਕੇ ਵਿਚ ਦੁਕਾਨਾਂ, ਘਰਾਂ ਅਤੇ ਗੱਡੀਆਂ ਨੂੰ ਅੱਗਾ ਲਾ ਕੇ ਨਸ਼ਟ ਕਰ ਦਿਤਾ ਗਿਆ। ਸਿਲਸਿਲਾ ਦੂਜੇ ਦਿਨ 25 ਫਰਵਰੀ ਨੂੰ ਰਾਤ ਤਕ ਵੀ ਬੇ-ਰੋਕ ਜਾਰੀ ਰਿਹਾ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ਾਂਤੀ ਦੀ ਅਪੀਲ ਦੇ ਨਾਲ ਸਭ ਪਾਰਟੀਆਂ ਦੇ ਵਿਧਾਇਕਾਂ ਦੀ ਮੀਟਿੰਗ ਕਰਕੇ ਸਥਿਤੀ ਨੂੰ ਸ਼ਾਂਤ ਕਰਨ ਲਈ ਕਿਹਾ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਮੀਟਿੰਗ ਕਰਕੇ ਮਾਹੌਲ ਨੂੰ ਸ਼ਾਂਤ ਕਰਾਉਣ ਦਾ ਯਕੀਨ ਦਵਾਇਆ। 26 ਫਰਵਰੀ ਸ਼ਾਮ ਨੂੰ ਪੁਲਿਸ ਨੇ ਮਾਰਚ ਕੱਢਿਆ, ਜਿਸ ਨਾਲ ਹਿੰਸਾ ਨੂੰ ਠੱਲ੍ਹ ਪਈ।

ਭਾਜਪਾ ਸੰਸਦ ਮੈਂਬਰ ਗੌਤਮ ਗੰਭੀਰ ਨੇ ਤੁਰੰਤ ਕਪਿਲ ਮਿਸ਼ਰਾ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ। ਉਤਰ-ਪੂਰਬੀ ਦਿੱਲੀ ਵਿਚ ਧਾਰਾ 144 ਲਾਉਣ ਦੇ ਬਾਵਜੂਦ ਹਿੰਸਾ ਜਾਰੀ ਰਹੀ ਅਤੇ ਹਸਪਤਾਲਾਂ ਵਿਚ ਜ਼ਖਮੀਆਂ ਦੀ ਆਮਦ ਵਧਦੀ ਗਈ। 25 ਫਰਵਰੀ ਰਾਤ ਨੂੰ ਅਸ਼ੋਕ ਨਗਰ ਵਿਖੇ ਮਸਜਿਦ ਦੀ ਭੰਨ ਤੋੜ ਹੋਈ ਅਤੇ ਫਸਾਦੀਆਂ ਨੇ ਇਸ ਦੇ ਗੁੰਬਦ ਲਾਗੇ ਭਗਵਾਂ ਝੰਡਾ ਟੰਗ ਦਿਤਾ।

ਇਸ ਸਾਰੇ ਸਮੇਂ ਦੌਰਾਨ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਪੀੜਤਾਂ ਨੂੰ ਦਿਲਾਸਾ ਦੇਣ ਦਾ ਕੋਈ ਉਪਰਾਲਾ ਨਾ ਕਰਨਾ ਵੀ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰ ਗਿਆ। ਤੀਜੇ ਦਿਨ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਟੀ. ਵੀ. ਚੈਨਲਾਂ ਰਾਹੀਂ ਸਰਕਾਰ ਦੀ ਹਾਜਰੀ ਤਾਂ ਲਵਾਈ, ਪਰ ਕੋਈ ਠੋਸ ਕਦਮ ਚੁੱਕਣ ਦੀ ਥਾਂ 'ਜੋ ਹੂਆ ਸੋ ਹੂਆ' ਕਹਿ ਕੇ ਤੁਰਦੇ ਬਣੇ।

ਕੇਜਰੀਵਾਲ ਨੇ ਸਿਸੋਧੀਆ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਜਾ ਕੇ ਹਰ ਤਰ੍ਹਾਂ ਦੀ ਮਦਦ ਦਾ ਯਕੀਨ ਦਵਾਇਆ। ਮਾਰੇ ਗਏ ਹਵਾਲਦਾਰ ਰਾਮ ਰਤਨ ਅਤੇ ਆਈ. ਬੀ. ਅਧਿਕਾਰੀ ਅੰਕਿਤ ਸ਼ਰਮਾ ਦੇ ਪਰਿਵਾਰ ਨੂੰ 1-1 ਕਰੋੜ ਅਤੇ ਹੋਰ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਮੁਆਵਜਾ ਦੇਣ ਦਾ ਐਲਾਨ ਕੀਤਾ। ਕੇਜਰੀਵਾਲ ਨੇ ਗ੍ਰਹਿ ਮੰਤਰੀ ਨੂੰ ਫੌਜ ਤਾਇਨਾਤ ਕਰਨ ਦੀ ਅਪੀਲ ਵੀ ਕੀਤੀ।



*ਭਾਜਪਾ ਆਗੂ ਕਪਿਲ ਮਿਸ਼ਰਾ*



*ਦਿੱਲੀ ਵਿਚ ਫਿਰਕੂ ਹਿੰਸਾ ਦਾ ਇਕ ਦ੍ਰਿਸ਼*

ਸੁਪਰੀਮ ਕੋਰਟ ਨੇ ਸ਼ਾਹੀਨ ਬਾਗ ਧਰਨੇ ਦੇ ਮਾਮਲੇ 'ਤੇ ਫੈਸਲਾ 23 ਮਾਰਚ ਤਕ ਟਾਲ ਦਿਤਾ। ਹਿੰਸਾ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਦਿੱਲੀ ਹਾਈ ਕੋਰਟ ਦੇ ਮਾਣਯੋਗ ਜੱਜ ਡਾ. ਐਸ. ਮੁਰਲੀਧਰਨ ਨੇ ਦਿੱਲੀ ਪੁਲਿਸ ਨੂੰ ਫਿਟਕਾਰ ਪਾਉਂਦਿਆਂ ਭੜਕਾਊ ਭਾਸ਼ਣਾਂ ਵਾਲੇ ਭਾਜਪਾ ਦੇ 4 ਨੇਤਾਵਾਂ ਖਿਲਾਫ ਤੁਰੰਤ ਕੇਸ ਦਰਜ ਕਰਨ ਦੀ ਹਦਾਇਤ ਕੀਤੀ, ਪ੍ਰੰਤੂ ਰਾਤ ਨੂੰ ਹੀ ਜੱਜ ਮੁਰਲੀਧਰਨ ਦਾ ਤਬਾਦਲਾ ਚੰਡੀਗੜ੍ਹ ਕਰ ਦਿਤਾ ਗਿਆ। ਤੀਜੇ ਦਿਨ ਵੀ ਹਸਪਤਾਲਾਂ ਵਿਚ ਲੋਕ ਗੁਆਚਿਆਂ ਦੀ ਭਾਲ ਵਿਚ ਭਟਕਦੇ ਦਿੱਸੇ।

**ਰਾਜਨੀਤੀ ਦਾ ਦੌਰ:** ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਭਾਜਪਾ ਨੇਤਾਵਾਂ ਦੇ ਭੜਕਾਊ ਬਿਆਨਾਂ ਨੂੰ ਹਿੰਸਾ ਦਾ ਕਾਰਨ ਦੱਸਿਆ ਅਤੇ 3 ਦਿਨ ਯੋਜਨਾਬੱਧ ਢੰਗ ਨਾਲ ਹਿੰਸਾ ਲਈ ਸਰਕਾਰ 'ਤੇ ਮਿਲੀਭੁਗਤ ਦੇ ਦੋਸ਼ ਲਾਏ। ਸਿੱਧੇ ਤੌਰ 'ਤੇ ਗ੍ਰਹਿ ਮੰਤਰੀ ਨੂੰ ਜਿੰਮੇਵਾਰ ਦੱਸਦਿਆਂ ਉਸ ਦੇ ਅਸਤੀਫੇ ਦੀ ਮੰਗ ਕੀਤੀ।

ਸਹਿਯੋਗੀ ਪਾਰਟੀਆਂ ਐਲ. ਜੇ. ਪੀ., ਜੇ. ਡੀ. ਯੂ. ਅਤੇ ਅਕਾਲੀ ਦਲ ਨੇ ਵੀ ਹਿੰਸਾ ਭੜਕਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ। ਪੁਆੜੇ ਦੀ ਜੜ੍ਹ ਕਪਿਲ ਮਿਸ਼ਰਾ ਵਿਰੁੱਧ ਕਾਰਵਾਈ ਦੀ ਮੰਗ ਨੂੰ ਅਣਗੌਲਿਆ ਕਰਕੇ ਉਸ ਨੂੰ 27 ਫਰਵਰੀ ਨੂੰ ਰੈਲੀ ਕੱਢਣ ਦਿੱਤੀ ਗਈ, ਜਿਸ ਵਿਚ ਫਿਰ ਗੋਲੀ ਮਾਰਨ ਵਰਗੇ ਨਾਹਰੇ ਲੱਗੇ। ਇਸ ਤੋਂ ਕੇਂਦਰ ਸਰਕਾਰ ਦੀ ਨੀਅਤ 'ਤੇ ਸਵਾਲ ਉਠਣੇ ਸੁਭਾਵਕ ਹਨ।

ਦੂਜੇ ਪਾਸੇ ਅਮਿਤ ਸ਼ਾਹ ਨੇ ਉੜੀਸਾ ਅਤੇ ਬੰਗਾਲ ਵਿਚ ਸੀ. ਏ. ਏ. ਦੇ ਹੱਕ ਵਿਚ ਰੈਲੀਆਂ ਦੌਰਾਨ ਵਿਰੋਧੀਆਂ 'ਤੇ ਲੋਕਾਂ ਨੂੰ ਭੜਕਾਉਣ ਦੇ ਦੋਸ਼ ਲਾਏ ਅਤੇ ਸੀ. ਏ. ਏ. ਨੂੰ ਵਾਪਸ ਨਾ ਲੈਣ ਦਾ ਰਾਗ ਅਲਾਪਿਆ। ਬੇਸ਼ਕ ਦਰਜਨ ਤੋਂ ਵੱਧ ਸੂਬਾ ਸਰਕਾਰਾਂ ਸੀ. ਏ. ਏ. ਵਿਰੁੱਧ ਮਤੇ ਪਾਸ ਕਰ ਚੁੱਕੀਆਂ ਹਨ। ਸੀ. ਏ. ਏ. 'ਤੇ ਅੜੇ ਰਹਿਣ ਤੋਂ ਸਾਫ ਹੈ ਕਿ ਹਿੰਸਾ ਕਰਨ ਵਾਲੇ ਤਾਂ ਸਰਕਾਰ ਲਈ ਦੋਸ਼ੀ ਨਹੀਂ। ਫਿਰ ਵਿਸ਼ੇਸ਼ ਜਾਂਚ ਟੀਮਾਂ ਬਣਾ ਕੇ ਦੋਸ਼ੀਆਂ ਨੂੰ ਸਜ਼ਾਵਾਂ ਕਿੰਜ ਹੋਣਗੀਆਂ? ਸ਼ੱਕ ਹੈ ਕਿ ਜਾਂਚ ਵਿਚ ਪੀੜਤ ਲੋਕਾਂ ਨੂੰ ਹੀ ਉਲਝਾ ਕੇ ਪ੍ਰੇਸ਼ਾਨ ਅਤੇ ਦੰਡਿਤ ਕੀਤਾ ਜਾਵੇ।

**ਟਰੰਪ ਦਾ ਰੋਲ:** ਪੂਰੀ ਦੁਨੀਆਂ ਵਿਚ ਲੋਕਤੰਤਰ, ਧਰਮ ਨਿਰਪੱਖਤਾ ਅਤੇ ਮਨੁੱਖੀ ਹੱਕਾਂ ਦੇ ਰਾਖੇ ਦੱਸਣ ਵਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ 2 ਦਿਨਾਂ ਦੌਰੇ ਦੌਰਾਨ ਹੀ ਦਿੱਲੀ 'ਚ ਹਿੰਸਾ ਭੜਕੀ। ਟਰੰਪ ਨੇ ਇਸ ਨੂੰ ਭਾਰਤ ਦਾ ਨਿਜੀ ਮਾਮਲਾ ਦੱਸ ਕੇ ਪੱਲਾ ਝਾੜ ਲਿਆ। ਹਥਿਆਰ ਵੇਚ ਤੇ ਭਾਰਤੀ ਐਨ. ਆਰ. ਆਈ. ਵੋਟਰਾਂ ਨੂੰ ਭਰਮਾਉਣ ਲਈ ਦੋਸਤੀ ਦਾ ਢੰਡੋਰਾ ਪਿੱਟ ਕੇ ਤੁਰ ਗਿਆ। ਅਮਰੀਕਾ ਵਿਚ ਟਰੰਪ ਦੀ ਹਰਕਤ ਦਾ ਭਾਰੀ ਵਿਰੋਧ ਹੋਇਆ।

**ਮਾਹੌਲ ਸ਼ਾਂਤ ਕਰਨ ਦੀ ਲੋੜ:** ਫੈਲਾਈ ਗਈ ਨਫਰਤ ਅਤੇ ਹਿੰਸਾ ਨਾਲ ਦਿੱਲੀ ਪੂਰੀ ਤਰ੍ਹਾਂ ਦਹਿਲ ਚੁੱਕੀ ਹੈ ਅਤੇ ਲੋਕਾਂ 'ਚ ਡਰ ਤੇ ਖੌਫ ਦਾ ਮਾਹੌਲ ਬਣਿਆ ਹੋਇਆ ਹੈ। ਦੇਸ਼ ਦੀ ਫਿਰਕੂ ਦੰਗਿਆਂ ਕਾਰਨ ਸਮੁੱਚੇ ਵਿਸ਼ਵ ਵਿਚ ਕਿਰਕਿਰੀ ਹੋਈ ਹੈ। ਹਿੰਸਾ ਦੇ ਬਾਵਜੂਦ ਵੱਖ ਵੱਖ ਧਰਮਾਂ ਦੇ ਸਥਾਨਕ ਲੋਕਾਂ ਨੇ ਹਿੰਸਕ ਗੁੰਡਿਆਂ ਦਾ ਮਿਲ ਕੇ ਮੁਕਾਬਲਾ ਕਰਕੇ ਆਪਸੀ ਭਾਈਚਾਰੇ ਨੂੰ ਆਂਚ ਨਹੀਂ ਆਉਣ ਦਿੱਤੀ। ਹੁਣ ਸਭ ਤੋਂ ਵੱਡੀ ਲੋੜ ਰਾਜਨੀਤੀ ਨੂੰ ਲਾਂਭੇ ਰੱਖ ਕੇ ਪੀੜਤ ਪਰਿਵਾਰਾਂ ਦੇ ਅੱਲ੍ਹੇ ਜ਼ਖਮਾਂ 'ਤੇ ਵਿਸ਼ਵਾਸ ਦੀ ਮੱਲ੍ਹਮ ਲਾਉਣਾ ਹੈ। ਦਿੱਲੀ ਸਰਕਾਰ ਪੀੜਤਾਂ ਦੇ ਮਾਲੀ ਨੁਕਸਾਨ ਦੀ ਭਰਪਾਈ ਕਰਕੇ ਮੁੜ ਵਸੇਬੇ ਦੀ ਜਿੰਮੇਵਾਰੀ ਚੁੱਕੇ ਅਤੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖੀ ਜਾਏ। ਸ਼ਾਹੀਨ ਬਾਗ ਮੁਜਾਹਰਾਕਾਰੀ ਸਥਿਤੀ ਦੇ ਮੱਦੇਨਜ਼ਰ ਮੁਜਾਹਰਾ ਮੁਲਤਵੀ ਕਰਨ।

ਕੇਂਦਰੀ ਸਰਕਾਰ ਸਭ ਧਰਮਾਂ ਦੇ ਲੋਕਾਂ ਵਿਚ ਸੁਰੱਖਿਆ ਦੀ ਭਾਵਨਾ ਪੈਦਾ ਕਰੇ। ਇਸ ਲਈ ਜਰੂਰੀ ਹੈ ਕਿ ਸਮੱਸਿਆ ਦੀ ਜੜ੍ਹ ਨਾਗਰਿਕ ਸੋਧ ਕਾਨੂੰਨ ਅਤੇ ਕੌਮੀ ਨਾਗਰਿਕਤਾ ਰਜਿਸਟਰ ਦੀ ਰੱਟ ਫਿਲਹਾਲ ਬੰਦ ਹੋਵੇ। ਇਸ ਖਿਲਾਫ ਦੇਸ਼ ਵਿਆਪੀ ਵਿਰੋਧ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਏ ਅਤੇ ਜਨਤਾ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਜਾਵੇ, ਤਾਂ ਕਿ ਸਮਾਜ ਵਿਚ ਨਫਰਤ ਤੇ ਸਹਿਮ ਦਾ ਮਾਹੌਲ ਖਤਮ ਹੋ ਸਕੇ ਅਤੇ ਦੇਸ਼ ਆਰਥਕ ਮੰਦੇ ਤੇ ਬੇਰੁਜਗਾਰੀ ਜਿਹੇ ਗੰਭੀਰ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਕੇ ਅੱਗੇ ਵਧ ਸਕੇ।

## ਪ੍ਰਤੀਕਰਮ

# ਗੁਰਬਚਨ ਸਿੰਘ ਦਾ ਇੱਕਪਾਸੜ ਨਜ਼ਰੀਆ...

***7 ਮਾਰਚ ਦੇ ਅੰਕ ਵਿਚ ਸਿੱਖ ਬੁਧੀਜੀਵੀ ਗੁਰਬਚਨ ਸਿੰਘ ਨੇ ਹਾਲ ਹੀ ਵਿਚ ਦਿੱਲੀ 'ਚ ਹੋਏ ਮੁਸਲਿਮ ਵਿਰੋਧੀ ਫਸਾਦਾਂ ਦੇ ਹਵਾਲੇ ਨਾਲ ਪੰਜਾਬ ਵਿਚ 1980ਵਿਆਂ ਤੇ 90ਵਿਆਂ ਦੀ ਖਾੜਕੂ ਲਹਿਰ ਬਾਰੇ ਕੁਝ ਟਿੱਪਣੀਆਂ ਕੀਤੀਆਂ ਸਨ। ਉਨ੍ਹਾਂ ਦੇ ਪ੍ਰਤੀਕਰਮ ਵਜੋਂ ਹਰਜੀਤ ਦਿਓਲ ਨੇ ਆਪਣਾ ਇਹ ਪ੍ਰਤੀਕਰਮ ਭੇਜਿਆ ਹੈ। -ਸੰਪਾਦਕ***

'ਪੰਜਾਬ ਟਾਈਮਜ਼' ਦੇ 7 ਮਾਰਚ 2020 ਦੇ ਅੰਕ ਵਿਚ ਇੱਕ ਵਾਰ ਫਿਰ ਸ. ਗੁਰਬਚਨ ਸਿੰਘ ਦਾ ਇੱਕ ਤਰਫਾ ਨਜ਼ਰੀਆ ਬਿਆਨ ਕਰਦਾ ਲੇਖ 'ਮੁਸਲਿਮ ਕਤਲੇਆਮ, ਸੰਸਾਰ ਆਰਥਕ ਸੰਕਟ ਅਤੇ ਫਾਸ਼ੀਵਾਦ' ਪੜ੍ਹਨ ਨੂੰ ਮਿਲਿਆ। ਇਸ ਵਿਚ ਰੱਤੀ ਭਰ ਵੀ ਸ਼ੱਕ ਨਹੀਂ ਕਿ ਦਿੱਲੀ ਵਿਚ ਇੱਕ ਵਾਰ ਫਿਰ ਹਿੰਸਾ ਦਾ ਜੋ ਨੰਗਾ ਨਾਚ ਹੋਇਆ, ਇਹ ਬੇਹੱਦ ਨਿੰਦਣਯੋਗ ਸੀ ਅਤੇ ਇਸ ਦੀ ਜਿੰਮੇਵਰੀ ਤੋਂ ਸਰਕਾਰ ਨੂੰ ਕਿਸੇ ਵੀ ਹਾਲਤ ਵਿਚ ਬਰੀ ਨਹੀਂ ਕੀਤਾ ਜਾ ਸਕਦਾ। ਪੁਲਿਸ ਨਾ ਸਿਰਫ 1984 ਦੇ ਕਤਲੇਆਮ ਵਾਂਗ ਮੂਕ ਦਰਸ਼ਕ ਬਣੀ ਰਹੀ, ਸਗੋਂ ਕਿਸੇ ਹੱਦ ਤੱਕ ਦੰਗਾਕਾਰੀਆਂ ਦਾ ਸਾਥ ਦਿੰਦੀ ਨਜ਼ਰ ਆਈ। ਹਰ ਸੂਝਵਾਨ ਭਾਰਤੀ ਦੀ ਵੱਡੀ ਚਿੰਤਾ ਇਹ ਹੈ ਕਿ ਇਸ ਹਿੰਸਾ ਅਤੇ ਪ੍ਰਤੀਹਿੰਸਾ ਦੇ ਚੱਕਰ ਨੂੰ ਠੱਲ੍ਹ ਨਾ ਪਾ ਕੇ ਇਸ ਦਾ ਦੁਹਰਾਓ ਕਿਉਂ ਵੇਖਣ ਨੂੰ ਮਿਲਦਾ ਹੈ?

ਇਸ ਤਰ੍ਹਾਂ ਦੇ ਦੁਖਦਾਈ ਵਰਤਾਰਿਆਂ ਦਾ ਅੰਤ ਕਰਨਾ ਨਾ ਸਿਰਫ ਸਰਕਾਰ ਦੀ, ਸਗੋਂ ਸਾਡੇ ਸਭ ਦੀ ਵੱਡੀ ਜਿੰਮੇਵਾਰੀ ਬਣਦੀ ਹੈ, ਪਰ ਮੇਰਾ ਕਿੰਤੂ ਇਹ ਹੈ ਕਿ ਸ. ਗੁਰਬਚਨ ਸਿੰਘ ਜਿਹੇ ਸੂਝਵਾਨ ਵਿਦਵਾਨ ਦਿੱਲੀ ਦੀਆਂ ਇਨ੍ਹਾਂ ਮੰਦਭਾਗੀਆਂ ਘਟਨਾਵਾਂ ਨੂੰ ਵਿੰਗ-ਵਲ ਪਾ ਕੇ ਪੰਜਾਬ ਦੇ ਕਾਲੇ ਦੌਰ ਨਾਲ ਜੋੜ ਦਿੰਦੇ ਹਨ ਅਤੇ ਪੰਜਾਬ ਵਿਚ ਹੋਈ ਅੰਨੀ ਹਿੰਸਾ ਲਈ ਸਿਰਫ ਸਰਕਾਰੀ ਧਿਰ ਨੂੰ ਦੋਸ਼ ਦੇ ਕੇ ਦੂਜੀ ਧਿਰ ਨੂੰ ਦੋਸ਼ ਮੁਕਤ ਕਰਨ ਦਾ ਯਤਨ ਕਰਦੇ ਲੱਗਦੇ ਹਨ। ਪੰਜਾਬ ਵਿਚ ਇੱਕ ਧਿਰ ਵੱਲੋਂ ਇੱਕ ਫਿਰਕੇ ਦੇ ਮਾਸੂਮਾਂ ਦਾ ਕਤਲੇਆਮ ਹੁੰਦਾ ਰਿਹਾ, ਪਰ ਇਸ ਲਈ ਸਰਕਾਰੀ ਏਜੰਸੀਆਂ ਨੂੰ ਜਿੰਮੇਵਾਰ ਠਹਿਰਾਉਣ ਦਾ ਯਤਨ ਕੀਤਾ ਜਾਂਦਾ ਹੈ।

ਇਸ ਸਿਲਸਿਲੇ ਵਿਚ 'ਪੰਜਾਬ ਟਾਈਮਜ਼' ਦੇ ਇਸੇ ਅੰਕ ਵਿਚ ਸ. ਅਮਰਦੀਪ ਸਿੰਘ ਅਮਰ ਦਾ ਲੇਖ 'ਕਾਸ਼! ਦੁਨੀਆਂ ਵਿਚ ਕੋਈ ਧਰਮ ਨਾ ਹੁੰਦਾ' ਕਾਬਲੇ ਗੌਰ ਹੈ। ਇਸ ਲੇਖ ਵਿਚ ਉਨ੍ਹਾਂ ਬੜੀ ਦਲੇਰੀ ਨਾਲ ਸਵੀਕਾਰ ਕੀਤਾ ਹੈ ਕਿ ਪੰਜਾਬ ਵਿਚ ਫਿਰਕੂ ਹਿੰਸਾ ਲਈ ਬੇਕਿਰਕ ਖਾੜਕੂਆਂ ਦੀ ਜਿੰਮੇਵਾਰੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਢਿਲਵਾਂ ਕਾਂਡ 'ਚ ਇੱਕ ਫਿਰਕੇ ਨੂੰ ਨਿਸ਼ਾਨਾ ਬਣਾਇਆ ਗਿਆ। ਲਾਲਾ ਜਗਤ ਨਾਰਾਇਣ ਤੇ ਫਿਰ ਉਨ੍ਹਾਂ ਦੇ ਲੜਕੇ ਰਮੇਸ਼ ਦਾ ਕਤਲ ਕਰਕੇ ਧਰਮ ਸਥਾਨ ਵਿਚ ਸ਼ਰਣ ਲਈ ਗਈ। ਕਥਿਤ ਤੌਰ 'ਤੇ ਉਨ੍ਹੀਂ ਦਿਨੀਂ ਹੀ ਬੱਬਰਾਂ ਦੇ ਬੁਲਾਰੇ ਅਨੋਖ ਸਿੰਘ ਨੇ ਨਿਰੰਕਾਰੀਆਂ ਦੇ ਕਤਲ ਦੀ ਗੱਲ ਕਬੂਲੀ ਸੀ। ਇਨ੍ਹਾਂ ਹਿੰਸਕ ਸਰਗਰਮੀਆਂ ਵਿਚ ਸਰਕਾਰੀ ਏਜੰਸੀਆਂ ਦਾ ਹੱਥ ਕਹਿ ਕੇ ਸੁਰਖ਼ਰੂ ਨਹੀਂ ਹੋਇਆ ਜਾ ਸਕਦਾ।

ਜੇ ਸ. ਗੁਰਬਚਨ ਸਿੰਘ ਤਸਵੀਰ ਦੇ ਦੂਜੇ ਪਾਸੇ ਤੱਕਣ ਦੀ ਜਹਿਮਤ ਕਰਨ ਤਾਂ ਸਪਸ਼ਟ ਹੋ ਜਾਵੇਗਾ ਕਿ ਪੰਜਾਬ ਦੇ ਦੁਖਾਂਤ ਵਿਚ ਦਿਸ਼ਾਹੀਣ ਬੇਲਗਾਮ ਖਾੜਕੂਵਾਦ ਸੁਆਰਥੀ ਸਿਆਸਤ ਦਾ ਮੋਹਰਾ ਬਣ ਇਨਸਾਨੀਅਤ ਦਾ ਘਾਣ ਕਰਨ 'ਚ ਬਰਾਬਰ ਦਾ ਭਾਗੀਦਾਰ ਰਿਹਾ ਹੈ। ਬਲੂਸਟਾਰ ਅਪਰੇਸ਼ਨ, ਜਿਸ ਨੂੰ ਅਕਸਰ ਦਰਬਾਰ ਸਾਹਿਬ 'ਤੇ ਹਮਲਾ ਕਿਹਾ ਜਾਂਦਾ ਹੈ ਤੇ ਇਸ ਦੀ ਤੁਲਨਾ ਅਬਦਾਲੀ ਦੇ ਹਮਲੇ ਨਾਲ ਕੀਤੀ ਜਾਂਦੀ ਹੈ। ਸਰਕਾਰ ਨੇ ਬਾਅਦ 'ਚ ਇਸ ਅਪਰੇਸ਼ਨ ਦੀ ਗਲਤੀ ਮੰਨਦਿਆਂ ਨੁਕਸਾਨੀ ਗਈ ਇਮਾਰਤ ਨੂੰ ਮੁੜ ਬਣਵਾਇਆ, ਪਰ ਅਬਦਾਲੀ ਦਾ ਉਦੇਸ਼ ਤਾਂ ਸਿਰਫ ਧਰਮ ਸਥਾਨ ਢਾਹੁਣਾ ਹੀ ਸੀ।

ਕਨਿਸ਼ਕ ਕਾਂਡ ਲਈ ਵੀ ਸਰਕਾਰੀ ਏਜੰਸੀਆਂ ਨੂੰ ਜਿੰਮੇਵਾਰ ਠਹਿਰਾਇਆ ਜਾਂਦਾ ਹੈ ਤਾਂ ਕੈਨੇਡਾ ਵਸਦੇ ਸੂਝਵਾਨਾਂ ਦਾ ਸਵਾਲ ਹੈ ਕਿ ਜੇ ਤਲਵਿੰਦਰ ਸਿੰਘ ਪਰਮਾਰ ਸਰਕਾਰੀ ਏਜੰਟ ਸਨ ਤਾਂ ਉਨ੍ਹਾਂ ਨੂੰ ਨਗਰ ਕੀਰਤਨਾਂ ਵਿਚ ਸ਼ਹੀਦ ਕਿਉਂ ਗਰਦਾਨਿਆ ਜਾਂਦਾ ਹੈ। ਵਿਦਵਾਨ ਸ. ਗੁਰਬਚਨ ਸਿੰਘ ਨੂੰ ਇਸ ਪਾਸੇ ਵੀ ਵਿਚਾਰ ਕਰ ਅਗਲੀਆਂ ਪੀੜ੍ਹੀਆਂ ਨੂੰ ਗੁਮਰਾਹ ਹੋਣ ਤੋਂ ਬਚਾਉਣ ਦਾ ਯਤਨ ਕਰਨਾ ਬਣਦਾ ਹੈ।

ਕਸ਼ਮੀਰ ਵਿਚ ਇਸਲਾਮਿਕ ਅਤਿਵਾਦ ਦੀ ਤਹਿ ਤੱਕ ਜਾਣ ਲਈ ਉਸ ਸਮੇਂ ਦੇ ਗਵਰਨਰ ਜਗਮੋਹਨ ਦੀ ਸਵੈਜੀਵਨੀ 'ਬਲਦੇ ਚਿਨਾਰ' ਪੜ੍ਹ ਲੈਣੀ ਚਾਹੀਦੀ ਹੈ। ਖੁਸ਼ਵੰਤ ਸਿੰਘ ਅਤੇ ਕੇ. ਪੀ. ਐਸ. ਗਿੱਲ ਨੇ ਵੀ ਬਲੂਸਟਾਰ ਆਪਰੇਸ਼ਨ ਦੀ ਥਾਂ ਹੋਰ ਢੰਗ ਤਰੀਕਾ ਵਰਤਣ ਦੀ ਹਮਾਇਤ ਕੀਤੀ ਸੀ। ਖੁਸ਼ਵੰਤ ਸਿੰਘ ਨੇ ਤਾਂ ਆਪਣਾ ਪਦਮਸ਼੍ਰੀ ਐਵਾਰਡ ਤੱਕ ਵਾਪਸ ਕਰ ਦਿੱਤਾ ਸੀ, ਪਰ ਉਹ ਧਰਮ ਸਥਾਨ ਨੂੰ ਮੈਦਾਨੇ ਜੰਗ ਬਣਾਉਣ ਦੇ ਵੀ ਹੱਕ ਵਿਚ ਨਹੀਂ ਸਨ।

ਸਮਾਂ ਆ ਗਿਆ ਹੈ ਕਿ ਨਿਰਪੱਖ ਸਵੈ-ਪੜਚੋਲ ਕਰਦਿਆਂ ਇੱਕ ਪਾਸੜ ਨਜ਼ਰੀਏ ਦਾ ਤਿਆਗ ਕਰ ਕੇ ਇਤਿਹਾਸ ਤੋਂ ਸਬਕ ਲਈਏ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਗੁਮਰਾਹ ਹੋਣ ਤੋਂ ਬਚਾਈਏ। ਪੰਜਾਬ ਅਤੇ ਪੰਜਾਬੀਅਤ ਨੂੰ ਬਚਾਉਣ ਲਈ ਜਨੂੰਨੀ ਧਾਰਮਿਕ ਕੱਟੜਵਾਦ ਤੋਂ ਬਚਣ ਦੀ ਅੱਜ ਸਖਤ ਲੋੜ ਹੈ। ਆਓ, ਇਸ ਪਾਸੇ ਮਿਲ-ਜੁਲ ਕੇ ਹੰਭਲਾ ਮਾਰੀਏ ਅਤੇ ਅਮਨ ਵੱਲ ਜਾਂਦੇ ਰਾਹ ਦੇ ਪਾਂਧੀ ਬਣੀਏ।

*-ਹਰਜੀਤ ਦਿਓਲ, ਬਰੈਂਪਟਨ*
*ਫੋਨ: 905-676-9242*

# ਹੁਣ ਕੈਪਟਨ ਨੂੰ 'ਕੁਝ ਕਰਨਾ ਪਊ ਜਾਂ ਜਰਨਾ ਪਊ'

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਵਿਧਾਨ ਸਭਾ ਦਾ ਇਸ ਵਾਰੀ ਦਾ ਬਜਟ ਸਮਾਗਮ ਰਾਜ ਸਰਕਾਰ ਲਈ ਸੁੱਖ ਵਾਲਾ ਨਹੀਂ ਬੀਤਿਆ ਤੇ ਜਾਂਦਾ-ਜਾਂਦਾ ਬਹੁਤ ਸਾਰੇ ਕਿੰਤੂਆਂ-ਪ੍ਰੰਤੂਆਂ ਦਾ ਢੇਰ ਲਾ ਗਿਆ ਹੈ। ਸਭ ਤੋਂ ਵੱਡੀ ਗੱਲ ਇਹ ਰਹੀ ਕਿ ਇਸ ਵਾਰੀ ਵਿਰੋਧੀ ਧਿਰ ਆਪਣੀ ਜਿੰਮੇਵਾਰੀ ਨਿਭਾਉਣ ਵਿਚ ਓਨੀ ਕਾਮਯਾਬ ਨਹੀਂ ਹੋ ਸਕੀ, ਜਿੰਨਾ ਕਾਂਗਰਸ ਪਾਰਟੀ ਦੇ ਆਪਣੇ ਵਿਧਾਇਕਾਂ ਨੇ ਆਪਣੀ ਸਰਕਾਰ ਨੂੰ ਅੱਗੇ ਲਾਈ ਰੱਖਣ ਨਾਲ ਲੋਕਾਂ ਦਾ ਧਿਆਨ ਖਿੱਚਿਆ ਹੈ।

ਇਸ ਦੇ ਕਈ ਕਾਰਨਾਂ ਵਿਚੋਂ ਇੱਕ ਕਾਰਨ ਇਹ ਕਿਹਾ ਜਾ ਸਕਦਾ ਹੈ ਕਿ ਵਿਰੋਧੀ ਧਿਰ ਦੀ ਆਗੂ ਆਮ ਆਦਮੀ ਪਾਰਟੀ ਵਿਚ ਤਾਲਮੇਲ ਦੀ ਘਾਟ ਲੱਭਦੀ ਹੈ। ਹਰਪਾਲ ਸਿੰਘ ਚੀਮਾ ਵਿਰੋਧੀ ਧਿਰ ਦਾ ਆਗੂ ਬਣਨ ਪਿੱਛੋਂ ਅਕਲ ਦੀਆਂ ਕਈ ਪੌੜੀਆਂ ਚੜ੍ਹਿਆ ਜਾਪਦਾ ਹੈ, ਪਰ ਅਜੇ ਤੱਕ ਉਸ ਪੱਧਰ ਨੂੰ ਨਹੀਂ ਪਹੁੰਚ ਸਕਿਆ ਕਿ ਉਹ ਸਰਕਾਰ ਅੱਗੇ ਸਪੀਡ ਬਰੇਕਰ ਬਣ ਸਕੇ। ਅਮਨ ਅਰੋੜਾ, ਮੀਤ ਹੇਅਰ ਤੇ ਸਰਬਜੀਤ ਕੌਰ ਮਾਣੂਕੇ ਚੰਗੀ ਭੂਮਿਕਾ ਨਿਭਾ ਸਕਣ ਦਾ ਪ੍ਰਭਾਵ ਪਾਉਂਦੇ ਰਹੇ ਅਤੇ ਇਹ ਗੱਲ ਲੋਕਾਂ ਦੇ ਮਨ ਵਿਚ ਬਿਠਾਉਣ ਵਿਚ ਕਾਮਯਾਬ ਸਨ ਕਿ ਉਹ ਫੋਕੇ ਯੱਕੜ ਮਾਰ ਕੇ ਤੁਰ ਜਾਣ ਵਾਲੇ ਨਹੀਂ, ਆਪਣੀ ਜਿੰਮੇਵਾਰੀ ਸਮਝਦੇ ਹਨ।

ਅਕਾਲੀ ਦਲ ਦੀ ਲੜਾਈ ਕਿਸੇ ਦੇ ਪੱਲੇ ਹੀ ਨਹੀਂ ਪਈ ਕਿ ਉਹ ਕਰਨਾ ਕੀ ਚਾਹੁੰਦੇ ਹਨ, ਬਸ ਵਾਕ-ਆਊਟ ਕਰਨ ਤੱਕ ਸੀਮਤ ਹੋ ਗਏ ਜਾਪਦੇ ਹਨ। ਪਵਨ ਕੁਮਾਰ ਟੀਨੂੰ ਜਿੱਦਾਂ ਦੇ ਢੰਗ ਵਰਤ ਕੇ ਖਬਰਾਂ ਵਿਚ ਆਉਂਦਾ ਹੈ, ਉਸ ਦਾ ਅਸਰ ਅਕਾਲੀ ਦਲ ਦੇ ਪੱਕੇ ਵੋਟਰਾਂ ਤੋਂ ਬਾਹਰਲੇ ਲੋਕਾਂ 'ਤੇ ਬਹੁਤਾ ਨਹੀਂ ਪੈਂਦਾ ਤੇ ਇਹ ਢੰਗ ਲੰਮਾ ਸਮਾਂ ਚੱਲਣ ਵਾਲਾ ਵੀ ਨਹੀਂ। ਬਿਕਰਮ ਸਿੰਘ ਮਜੀਠੀਏ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਜਿੱਦਾਂ ਦੀ ਬਿਆਨਬਾਜ਼ੀ ਕਰਦਾ ਤੇ ਰੋਜ਼ ਦੇ ਵਾਕ-ਆਊਟ ਦੀ ਅਗਵਾਈ ਕਰਨ ਨਾਲ ਉਭਰਿਆ ਹੈ, ਇਹ ਅਕਾਲੀ ਦਲ ਦੀ ਅਗਵਾਈ ਦੇ ਆਪਸੀ ਆਢੇ ਦਾ ਕਾਰਨ ਬਣ ਸਕਦਾ ਹੈ। ਦੂਜੇ ਪਾਸੇ ਜਦੋਂ ਅਕਾਲੀ ਦਲ ਦੀਆਂ ਰੈਲੀਆਂ ਵਿਚ ਜਿਸ ਵੀ ਥਾਂ ਵੱਡੇ ਬਾਦਲ ਨੇ ਪਹੁੰਚਣਾ ਹੋਵੇ, ਬਿਕਰਮ ਸਿੰਘ ਮਜੀਠੀਆ ਉਥੇ ਜਾਣ ਤੋਂ ਕੰਨੀ ਕਤਰਾ ਜਾਂਦਾ ਹੈ ਤਾਂ ਲੋਕ ਸੋਚਣ ਲੱਗਦੇ ਹਨ ਕਿ ਪਰਿਵਾਰ ਵਿਚ ਉਸ ਦੀ ਉਠਾਣ ਬਾਰੇ 'ਸਭ ਅੱਛਾ' ਵਾਲੀ ਗੱਲ ਨਹੀਂ ਲੱਗ ਰਹੀ।

ਇਸ ਨਾਲ ਇਹ ਗੱਲ ਫਿਰ ਆਪਣੀ ਥਾਂ ਹੈ ਕਿ ਸਰਕਾਰ ਦੇ ਵਿਰੁਧ ਅਸਲੀ ਭੂਮਿਕਾ ਅਕਾਲੀ ਆਗੂਆਂ ਦੀ ਨਹੀਂ ਰਹੀ। ਜੋ ਭੂਮਿਕਾ ਇਨ੍ਹਾਂ ਨੂੰ ਨਿਭਾਉਣੀ ਚਾਹੀਦੀ ਹੈ, ਕਦੇ-ਕਦਾਈਂ ਬੋਲ ਕੇ ਵੀ ਇਨ੍ਹਾਂ ਤੋਂ ਵੱਧ ਲੁਧਿਆਣੇ ਵਾਲੇ ਵਿਧਾਇਕ ਬੈਂਸ ਭਰਾ ਨਿਭਾਉਣ ਵਿਚ ਕਾਮਯਾਬ ਰਹਿੰਦੇ ਹਨ। ਮੌਕਾ ਵਰਤਣਾ ਉਹ ਅਕਾਲੀਆਂ ਤੋਂ ਵੱਧ ਜਾਣਦੇ ਹਨ।

ਵਿਰੋਧੀ ਧਿਰ ਨੂੰ ਜੋ ਭੂਮਿਕਾ ਨਿਭਾਉਣੀ ਚਾਹੀਦੀ ਹੈ, ਉਹ ਨਿਭਾ ਨਹੀਂ ਸਕੀ, ਉਹ ਖੁਦ ਕਾਂਗਰਸ ਪਾਰਟੀ ਦੇ ਵਿਧਾਨ ਸਭਾ ਮੈਂਬਰਾਂ ਵਿਚੋਂ ਕੁਝ ਨੇ ਇਸ ਤਰ੍ਹਾਂ ਨਿਭਾਈ ਕਿ ਉਨ੍ਹਾਂ ਵਿਚੋਂ ਕਈਆਂ ਦੀ, ਅਤੇ ਖਾਸ ਕਰ ਪਰਗਟ ਸਿੰਘ ਦੀ ਹਰ ਪਾਸੇ ਚਰਚਾ ਹੁੰਦੀ ਸੁਣੀ ਹੈ। ਅਜੇ ਤੱਕ ਇਹ ਗੱਲ ਬਾਹਰ ਲੋਕਾਂ ਵਿਚ ਚਰਚਿਤ ਸੀ ਕਿ ਇਸ ਸਰਕਾਰ ਨੇ ਬਾਦਲ ਪਰਿਵਾਰ ਦੇ ਖਿਲਾਫ ਉਨ੍ਹਾਂ ਕੰਮਾਂ ਬਾਰੇ ਕੋਈ ਕਾਰਵਾਈ ਨਹੀਂ ਕੀਤੀ, ਜੋ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਵੇਲੇ ਮੁੱਦੇ ਵਜੋਂ ਲੋਕਾਂ ਵਿਚ ਉਭਾਰੇ ਸਨ। ਇਸ ਵਾਰੀ ਉਹੋ ਮੁੱਦੇ ਵਿਧਾਨ ਸਭਾ ਵਿਚ ਕਾਂਗਰਸੀ ਵਿਧਾਇਕਾਂ ਨੇ ਮੁੱਖ ਮੰਤਰੀ ਦੇ ਸਾਹਮਣੇ ਗਿਣਾ ਦਿੱਤੇ।

ਪੰਜਾਬ 'ਚ ਨਸ਼ਿਆਂ ਦੇ ਮੁੱਦੇ ਨੂੰ ਹੋਰ ਕਿਸੇ ਪਾਰਟੀ ਤੋਂ ਵੱਧ ਕਾਂਗਰਸ ਦੇ ਆਪਣੇ ਵਿਧਾਇਕਾਂ ਨੇ ਚੁੱਕਿਆ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਤੇ ਕੋਟਕਪੂਰਾ ਦੇ ਗੋਲੀ ਕਾਂਡ ਦੀ ਜਾਂਚ ਲਟਕਣ ਨੂੰ ਵੀ ਉਨ੍ਹਾਂ ਨੇ ਉਭਾਰਿਆ। ਕਾਂਗਰਸੀ ਵਿਧਾਇਕਾਂ ਨੇ ਪੰਜਾਬ ਵਿਚ ਥਾਂ-ਥਾਂ ਚਰਚਾ ਬਣਦੇ ਰੇਤ-ਬਜਰੀ ਦੇ ਮੁੱਦੇ ਨੂੰ ਵੀ ਜ਼ੋਰ ਨਾਲ ਉਭਾਰਿਆ ਅਤੇ ਇਹ ਵੀ ਗੱਲ ਚੁੱਕੀ ਕਿ ਸਰਕਾਰ ਦੀਆਂ ਰੋਡਵੇਜ਼ ਤੇ ਪੈਪਸੂ ਦੀਆਂ ਬੱਸਾਂ ਕਦੇ ਦਿੱਲੀ ਦੇ ਏਅਰਪੋਰਟ ਤੱਕ ਪੁੱਜਣ ਨਹੀਂ ਦਿੱਤੀਆਂ ਜਾਂਦੀਆਂ ਤੇ ਇਨ੍ਹਾਂ ਤੋਂ ਦੁੱਗਣੇ ਕਿਰਾਏ ਨਾਲ ਚੱਲਦੀਆਂ ਪਿਛਲੀ ਸਰਕਾਰ ਦੇ ਮੁਖੀ ਪਰਿਵਾਰ ਦੀਆਂ ਬੱਸਾਂ ਬਿਨਾ ਕਿਸੇ ਰੋਕ ਅੰਮ੍ਰਿਤਸਰ ਤੋਂ ਦਿੱਲੀ ਏਅਰਪੋਰਟ ਤੱਕ ਚੱਲਦੀਆਂ ਹਨ। ਇਸ ਸਬੰਧੀ ਅਦਾਲਤ ਤੋਂ ਮਿਲੇ ਸਟੇਅ ਦੀ ਦਲੀਲ ਦੀ ਹਕੀਕਤ ਵੀ ਕਾਂਗਰਸੀ ਵਿਧਾਇਕਾਂ ਨੇ ਲੋਕਾਂ ਸਾਹਮਣੇ ਰੱਖ ਦਿੱਤੀ।

ਪੰਜਾਬ ਵਿਧਾਨ ਸਭਾ ਦਾ ਸੈਸ਼ਨ ਹਾਲੇ ਸਿਰੇ ਨਹੀਂ ਲੱਗਾ ਸੀ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਰਹਿ ਚੁਕੇ ਪ੍ਰਤਾਪ ਸਿੰਘ ਬਾਜਵਾ ਦੀ ਕੇਂਦਰ ਸਰਕਾਰ ਦੇ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੂੰ ਲਿਖੀ ਚਿੱਠੀ ਬਾਹਰ ਆ ਗਈ। ਹੈਰਾਨੀਜਨਕ ਗੱਲ ਇਹ ਹੈ ਕਿ ਉਸ ਚਿੱਠੀ ਦੇ ਨਾਲ ਪ੍ਰਤਾਪ ਸਿੰਘ ਬਾਜਵਾ ਨੇ ਇੱਕ ਤਰ੍ਹਾਂ ਇਸ ਰਾਜ ਵਿਚ ਆਪਣੀ ਪਾਰਟੀ ਦੀ ਸਰਕਾਰ ਦੇ ਖਿਲਾਫ ਹੀ ਬੇਵਿਸ਼ਵਾਸੀ ਪ੍ਰਗਟ ਕੀਤੀ ਅਤੇ ਕੇਂਦਰੀ ਮੰਤਰੀ ਨੂੰ ਕਾਰਵਾਈ ਲਈ ਕਿਹਾ ਹੈ।

ਕੇਂਦਰ ਦੀ ਸਰਕਾਰ ਜਾਂ ਉਸ ਦਾ ਕਾਨੂੰਨ ਮੰਤਰੀ ਇਸ ਮੁੱਦੇ 'ਤੇ ਖੜੇ ਪੈਰ ਭਰੋਸਾ ਭਾਵੇਂ ਕੋਈ ਦੇ ਦੇਣ, ਕਾਰਵਾਈ ਦੇ ਰਾਹ ਉਹ ਕਦੇ ਨਹੀਂ ਪੈਣਗੇ, ਕਿਉਂਕਿ ਉਨ੍ਹਾਂ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਨਾਂਹ ਕਰ ਕੇ ਵੀ ਅਕਾਲੀਆਂ ਨਾਲ ਸਮਝੌਤੇ ਦੀ ਕੁਨੀਨ ਚੱਬਣੀ ਪੈ ਸਕਦੀ ਹੈ। ਉਹ ਅਕਾਲੀਆਂ ਨੂੰ ਡਰਾਉਣ ਵਾਸਤੇ ਬਣਾਈ ਮੋਟੀ ਫਾਈਲ ਦੇ ਨਾਲ ਪ੍ਰਤਾਪ ਸਿੰਘ ਬਾਜਵਾ ਦੀ ਚਿੱਠੀ ਵੀ ਜੋੜ ਲੈਣਗੇ, ਤਾਂ ਕਿ ਚੋਣਾਂ ਵਿਚ ਆਪਣੇ ਲਈ ਵੱਧ ਸੀਟਾਂ ਲੈਣ ਵਾਸਤੇ ਉਨ੍ਹਾਂ ਦੀ ਫੂਕ ਕੱਢਣ ਲਈ ਵਰਤ ਸਕਣ। ਦੂਸਰੇ ਪਾਸੇ ਉਹੋ ਕੇਂਦਰੀ ਆਗੂ ਕੋਰਟ ਵਿਚ ਪੇਸ਼ ਹੋ ਕੇ ਪੰਜਾਬ ਦੇ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਟੀਮ ਨੂੰ ਇਸ ਗੱਲ ਦਾ ਡਰਾਵਾ ਦੇਈ ਜਾਣਗੇ ਕਿ ਰਾਜ ਸਰਕਾਰ ਨੇ ਜੇ ਇਨ੍ਹਾਂ ਗੱਲਾਂ ਬਾਰੇ ਕੁਝ ਨਾ ਕੀਤਾ ਤਾਂ ਕੇਂਦਰ ਨੂੰ ਦਖਲ ਦੇਣਾ ਪੈ ਸਕਦਾ ਹੈ।

ਰਹਿੰਦੀ ਕਸਰ ਇਸ ਸ਼ੁੱਕਰਵਾਰ ਸੀ. ਬੀ. ਆਈ. ਅਦਾਲਤ ਵਿਚ ਸੁਣਵਾਈ ਨਾਲ ਨਿਕਲ ਗਈ ਹੈ। ਡੇਢ ਸਾਲ ਤੋਂ ਵੱਧ ਸਮਾਂ ਪਹਿਲਾਂ ਪੰਜਾਬ ਦੀ ਵਿਧਾਨ ਸਭਾ ਨੇ ਇੱਕ ਮਤਾ ਪਾਸ ਕਰ ਕੇ ਬਰਗਾੜੀ ਦੇ ਬੇਅਦਬੀ ਕੇਸ ਦੀ ਜਾਂਚ ਦਾ ਹੱਕ ਸੀ. ਬੀ. ਆਈ. ਤੋਂ ਵਾਪਸ ਲੈਣ ਦਾ ਫੈਸਲਾ ਕੀਤਾ ਸੀ। ਪੂਰਾ ਇੱਕ ਸਾਲ ਉਸ ਦੇ ਨੋਟੀਫਿਕੇਸ਼ਨ ਪਿਛੋਂ ਇਸ ਮਤੇ ਬਾਰੇ ਕੋਈ ਅਸਰ ਨਹੀਂ ਸੀ ਦਿੱਸਿਆ ਤੇ ਫਿਰ ਅਚਾਨਕ ਸੀ. ਬੀ. ਆਈ. ਨੇ ਅਦਾਲਤ ਵਿਚ ਇੱਕ ਕਲੋਜ਼ਰ ਰਿਪੋਰਟ ਪੇਸ਼ ਕਰ ਕੇ ਸਨਸਨੀ ਮਚਾ ਦਿੱਤੀ। ਰਿਪੋਰਟ ਪੇਸ਼ ਹੋਣ ਤੋਂ ਕੁਝ ਪਲਾਂ ਅੰਦਰ ਸੁਖਬੀਰ ਸਿੰਘ ਬਾਦਲ ਇਸ ਕਲੋਜ਼ਰ ਰਿਪੋਰਟ ਦਾ ਸਵਾਗਤ ਕਰ ਕੇ ਫਸ ਗਿਆ, ਪਰ ਜਿਵੇਂ ਫਸਿਆ ਸੀ, ਉਵੇਂ ਹੀ ਇਸ ਵਿਵਾਦ ਤੋਂ ਨਿਕਲ ਵੀ ਗਿਆ ਸੀ ਅਤੇ ਪੰਜਾਬ ਸਰਕਾਰ ਇਸ ਨਾਲ ਉਲਟਾ ਫਸ ਗਈ, ਕਿਉਂਕਿ ਉਸ ਦੇ ਵੱਡੇ ਵਕੀਲ 'ਤੇ ਕੇਸ ਦੀ ਪੈਰਵੀ ਨਾ ਕਰਨ ਜਾਂ ਨਾਲਾਇਕੀ ਦਾ ਦੋਸ਼ ਲੱਗਣ ਲੱਗ ਪਿਆ। ਫਿਰ ਇਹ ਕੇਸ ਹਾਈ ਕੋਰਟ ਗਿਆ ਤਾਂ ਉਥੇ ਪੰਜਾਬ ਸਰਕਾਰ ਦੇ ਪਾਸ ਕੀਤੇ ਨੋਟੀਫਿਕੇਸ਼ਨ ਨੂੰ ਜਾਇਜ਼ ਮੰਨਿਆ ਗਿਆ। ਪਿੱਛੋਂ ਸੁਪਰੀਮ ਕੋਰਟ ਨੇ ਵੀ ਪਿਛਲੇ ਮਹੀਨੇ ਠੀਕ ਕਰਾਰ ਦਿੱਤਾ ਸੀ।

ਸਰਕਾਰ ਉਸ ਪਿਛੋਂ ਵੀ ਸਰਗਰਮ ਨਹੀਂ ਹੋਈ ਅਤੇ ਹੱਥ 'ਤੇ ਹੱਥ ਧਰ ਕੇ ਉਹ ਕੇਸ ਸੀ. ਬੀ. ਆਈ. ਅਦਾਲਤ ਵਿਚੋਂ ਆਪਣੇ ਕੋਲ ਆਉਣ ਦੀ ਆਸ ਰੱਖਦੀ ਰਹੀ। ਉਥੇ ਪਤਾ ਲੱਗਾ ਕਿ ਸੀ. ਬੀ. ਆਈ. ਨੇ ਫਿਰ ਸੁਪਰੀਮ ਕੋਰਟ ਵਿਚ ਇਸ ਦੀ ਇੱਕ ਰੀਵਿਊ ਪਟੀਸ਼ਨ ਦਾਇਰ ਕਰ ਦਿੱਤੀ ਹੈ। ਜਿਸ ਸੀ. ਬੀ. ਆਈ. ਨੇ ਚਾਰ ਸਾਲ ਫੂਕਣ ਪਿੱਛੋਂ ਅਦਾਲਤ ਵਿਚ ਸਿਰਫ ਏਨੀ ਕੁ ਗੱਲ ਕਹੀ ਸੀ ਕਿ ਇਸ ਕੇਸ ਵਿਚ ਕੋਈ ਸਬੂਤ ਨਹੀਂ ਮਿਲਦਾ, ਉਸ ਨੇ ਰੀਵੀਊ ਪਟੀਸ਼ਨ ਇਸ ਵਾਸਤੇ ਨਹੀਂ ਪਾਈ ਕਿ ਅੱਗੋਂ ਜਾਂਚ ਕਰਨੀ ਹੈ, ਸਗੋਂ ਇਸ ਲਈ ਪਾਈ ਹੈ ਕਿ ਦੋਸ਼ੀਆਂ ਨੂੰ ਏਨਾ ਸਮਾਂ ਦਿਵਾਉਣਾ ਹੈ ਕਿ ਮੌਜੂਦਾ ਸਰਕਾਰ ਦੀ ਮਿਆਦ ਪੁੱਗ ਜਾਵੇ। ਅਕਾਲੀ ਆਗੂ ਅਗਲੀ ਵਾਰ ਆਪਣੀ ਸਰਕਾਰ ਬਣਨ ਦੀ ਆਸ ਲਾਈ ਬੈਠੇ ਹਨ।

ਜਦੋਂ ਇਸ ਵਕਤ ਦੀ ਸਰਕਾਰ ਨੂੰ ਦੋ ਸਾਲਾਂ ਬਾਅਦ ਉਲਟਾ ਦੇਣ ਦੀਆਂ ਗੱਲਾਂ ਚੱਲ ਰਹੀਆਂ ਹਨ, ਉਦੋਂ ਵੀ ਮੁੱਖ ਮੰਤਰੀ ਬਾਰੇ ਇਹੋ ਕਿਹਾ ਜਾਂਦਾ ਹੈ ਕਿ ਉਹ ਸਰਕਾਰੀ ਕੰਮਾਂ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ ਤੇ ਇਹ ਗੱਲ ਬਾਹਰ ਦੇ ਲੋਕ ਨਹੀਂ ਕਹਿ ਰਹੇ, ਉਨ੍ਹਾਂ ਦੀ ਆਪਣੀ ਪਾਰਟੀ ਦੇ ਵਿਧਾਇਕਾਂ ਤੋਂ ਬਾਅਦ ਮੰਤਰੀ ਵੀ ਕਹਿੰਦੇ ਸੁਣੇ ਜਾਣ ਲੱਗ ਪਏ ਹਨ।

ਕੈਪਟਨ ਅਮਰਿੰਦਰ ਸਿੰਘ ਆਪਣੀ ਪਾਰਟੀ ਵਿਚਲੇ ਵਿਰੋਧੀ ਆਗੂਆਂ ਨੂੰ ਬੇਸ਼ੱਕ ਟਿੱਚ ਜਾਣਦੇ ਹੋਣ, ਦਿੱਲੀ ਵਿਚ ਬੈਠੀ ਹਾਈ ਕਮਾਨ ਨੂੰ ਰੋਜ਼ ਮਿਲਣ ਵਾਲੇ ਪ੍ਰਤਾਪ ਸਿੰਘ ਬਾਜਵਾ ਜਾਂ ਕਦੇ-ਕਦਾਈਂ ਮਿਲਣ ਵਾਲੇ ਨਵਜੋਤ ਸਿੰਘ ਸਿੱਧੂ ਦੀ ਪ੍ਰਵਾਹ ਵੀ ਨਾ ਕਰਨ, ਪਰ ਆਮ ਲੋਕਾਂ ਵਿਚ ਜੋ ਪ੍ਰਭਾਵ ਹੈ, ਉਹ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਲੋਕਾਂ ਵਿਚ ਇਹ ਆਮ ਪ੍ਰਭਾਵ ਬਣੀ ਜਾਂਦਾ ਹੈ ਕਿ ਪੰਜਾਬ ਸਰਕਾਰ ਕੁਝ ਕਰ ਨਹੀਂ ਰਹੀ ਜਾਂ ਕੁਝ ਕਰਨਾ ਨਹੀਂ ਚਾਹੁੰਦੀ, ਜਿਸ ਕਰ ਕੇ ਇਸ ਸਰਕਾਰ ਦੇ ਵਕੀਲ ਵੀ ਅਦਾਲਤੀ ਕੰਮਾਂ ਨੂੰ ਦਫਤਰੀ ਗੇੜੇ ਦੀ ਸਰਕਾਰੀ ਰਵਾਇਤ ਸਮਝ ਕੇ ਵਕਤ ਸਾਰਦੇ ਹੋ ਸਕਦੇ ਹਨ। ਇਹ ਗੱਲ ਜਦੋਂ ਹਰ ਪਾਸੇ ਚਰਚਾ ਵਿਚ ਹੈ ਤਾਂ ਕਦੇ ਮੁੱਖ ਮੰਤਰੀ ਤੱਕ ਵੀ ਪਹੁੰਚ ਜਾਂਦੀ ਹੋਵੇਗੀ!

ਕਾਂਗਰਸੀ ਵਿਧਾਇਕਾਂ ਦੇ ਮੂੰਹੋਂ ਸੁਣਿਆ ਜਾਂਦਾ ਹੈ ਕਿ ਬਹੁਤੇ ਚਹੇਤੇ ਚਾਰ ਮੰਤਰੀਆਂ ਨੇ ਕੁਝ ਹਰੀ ਅੰਗੂਰੀ ਚਰ ਲਈ ਹੋਵੇਗੀ, ਪਰ ਅਸੀਂ ਜਦੋਂ ਲੋਕਾਂ ਵਿਚ ਜਾਣਾ ਹੈ ਤਾਂ ਲੋਕਾਂ ਨੂੰ ਦੱਸਣ ਲਈ ਸਾਡੇ ਕੋਲ ਕੁਝ ਨਹੀਂ ਹੋਣਾ। ਇਸ ਕਾਰਨ ਪਾਰਟੀ ਵਿਚ ਏਦਾਂ ਦੀ ਹਾਲਤ ਅਤੇ ਸਮਾਜ ਦੇ ਹਰ ਵਰਗ ਵਿਚ ਬੇਚੈਨੀ ਹੈ ਤਾਂ ਉਸ ਦੇ ਹੁੰਦਿਆਂ ਕੈਪਟਨ ਅਮਰਿੰਦਰ ਸਿੰਘ ਲਈ ਵੀ ਸਥਿਤੀ 'ਕੁਝ ਕਰਨਾ ਪਊ ਜਾਂ ਫਿਰ ਜਰਨਾ ਪਊ' ਵਾਲੀ ਬਣ ਚੁਕੀ ਹੈ। ਪਤਾ ਤਾਂ ਉਨ੍ਹਾਂ ਨੂੰ ਵੀ ਹੋਊਗਾ ਹੀ!

# 'ਸਿਮਰ ਚਕਰ' ਬਣੀ ਪਹਿਲੀ ਪੰਜਾਬਣ ਓਲੰਪੀਅਨ ਮੁੱਕੇਬਾਜ਼

ਪ੍ਰਿੰ. ਸਰਵਣ ਸਿੰਘ ਚਕਰ

ਸਿਮਰਨਜੀਤ ਕੌਰ ਬਾਠ ਨੇ ਭਾਰਤੀ ਮੁੱਕੇਬਾਜ਼ੀ ਵਿਚ ਪੰਜਾਬੀਆਂ ਦੀ ਲਾਜ ਰੱਖ ਵਿਖਾਈ ਹੈ। ਉਸ ਨੇ ਵਿਸ਼ਵ ਦੀ ਨੰਬਰ ਦੋ ਬੌਕਸਰ ਮੰਗੋਲੀਆ ਦੀ ਨਮੋਨਖੋਰ ਨੂੰ 5-0 ਅੰਕਾਂ ਨਾਲ ਹਰਾ ਕੇ ਟੋਕੀਓ ਦੀਆਂ ਓਲੰਪਿਕ ਖੇਡਾਂ ਲਈ ਟਿਕਟ ਪੱਕੀ ਕਰ ਲਈ ਹੈ। ਹੁਣ ਉਹਤੋਂ ਓਲੰਪਿਕ ਮੈਡਲ ਜਿੱਤਣ ਦੀਆਂ ਆਸਾਂ ਬੱਝ ਗਈਆਂ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ, ਭਾਰਤ ਦੇ ਖੇਡ ਮੰਤਰੀ, ਪੰਜਾਬ ਦੇ ਖੇਡ ਮੰਤਰੀ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਦੇਸ਼ ਵਿਦੇਸ਼ ਵਿਚ ਵਸਦੇ ਪੰਜਾਬੀਆਂ ਵੱਲੋਂ ਸਿਮਰਨਜੀਤ ਕੌਰ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

24 ਸਾਲਾ ਸਿਮਰ ਸਾਡੇ ਪਿੰਡ ਚਕਰ ਦੀ ਧੀ ਹੈ। 2008 ਤੋਂ ਉਸ ਨੇ ਚਕਰ ਦੀ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ 'ਚੋਂ ਮੁੱਕੇਬਾਜ਼ੀ ਸਿੱਖਣੀ ਸ਼ੁਰੂ ਕੀਤੀ ਸੀ। 1965-66 ਤੋਂ ਮੈਂ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਦਾ ਆ ਰਿਹਾਂ। ਮੇਰੀ ਚਿਰੋਕਣੀ ਰੀਝ ਸੀ ਕਿ ਸਾਡੇ ਪਿੰਡ ਦਾ ਕੋਈ ਲੜਕਾ/ਲੜਕੀ ਓਲੰਪੀਅਨ ਬਣੇ। ਨੈਸ਼ਨਲ ਚੈਂਪੀਅਨ ਤਾਂ ਮੇਰੇ ਦੋਵੇਂ ਪੁੱਤਰ ਵੀ ਬਣੇ, ਪਰ ਓਲੰਪੀਅਨ ਬਣਨ ਦੀ ਪਹਿਲ 'ਸਿਮਰ ਚਕਰ' ਨੇ ਹੀ ਕੀਤੀ ਹੈ।

ਸਿਮਰ ਚਕਰ, ਮੇਰੇ ਮਿੱਤਰ ਮਹਿੰਦਰ ਸਿੰਘ ਚਕਰ ਦੀ ਪੋਤਰੀ ਹੈ। ਉਹ ਹੋਣਹਾਰ ਲੇਖਕ ਸੀ ਅਤੇ ਪਿੰਡ ਦੀ ਸਹਿਕਾਰੀ ਸਭਾ ਦਾ ਸੈਕਟਰੀ। ਉਹਦੇ ਪਹਿਲੇ ਨਾਵਲ ਦਾ ਨਾਂ 'ਕੱਲਰ ਦੇ ਕੰਵਲ' ਸੀ ਤੇ ਦੂਜੇ ਦਾ 'ਸੂਰਾ ਸੋ ਪਹਿਚਾਨੀਏ।' ਕਾਮਰੇਡ ਮਹਿੰਦਰ ਸਿੰਘ ਨੂੰ ਖਾੜਕੂ ਦੌਰ ਵਿਚ ਦੋ ਅਣਜਾਣੇ ਬੰਦਿਆਂ ਨੇ ਏ. ਕੇ. 47 ਦਾ ਬ੍ਰੱਸਟ ਮਾਰ ਕੇ 'ਸ਼ਹੀਦ' ਕਰ ਦਿੱਤਾ ਸੀ। ਉਸ ਦਿਨ ਮੈਂ ਉਹਦੇ ਨਾਲ ਨਹੀਂ ਸਾਂ। ਹੁਣ ਤਾਂ ਸਿਮਰ ਦਾ ਪਿਤਾ ਕਮਲਜੀਤ ਵੀ ਜੱਗ 'ਤੇ ਨਹੀਂ ਰਿਹਾ। ਹਾਂ, ਉਹਦੀ ਮਾਂ ਜੱਗ 'ਤੇ ਜ਼ਰੂਰ ਹੈ ਜੋ ਔਖੇ ਸੌਖੇ ਦੋ ਧੀਆਂ ਤੇ ਦੋ ਪੁੱਤਰਾਂ ਨੂੰ ਪਾਲਦੀ ਰਹੀ ਹੈ। ਸਿਮਰ ਨੇ ਆਪਣੀ ਜਿੱਤ ਦਾ ਸਿਹਰਾ ਆਪਣੀ ਮਾਂ ਦੇ ਸਿਰ ਬੰਨ੍ਹਿਆ ਹੈ। ਪਰਿਵਾਰ ਦੀ ਅਜੋਕੀ ਆਰਥਿਕ ਹਾਲਤ ਅਜਿਹੀ ਹੈ ਕਿ ਮਹਿੰਦਰ ਸਿੰਘ ਦੀ ਅੱਠ ਕਿੱਲਿਆਂ ਦੀ ਜਾਇਦਾਦ ਚਾਰ ਪੁੱਤਰਾਂ ਵਿਚ ਵੰਡੀਦੀ ਹੁਣ ਤਕ ਸਾਰੀ ਦੀ ਸਾਰੀ ਹੀ ਖੁਰ ਚੁੱਕੀ ਹੈ। ਜ਼ਮੀਨ ਦਾ ਇਕ ਓਰਾ ਵੀ ਨਹੀਂ ਹੈ ਸਿਮਰ ਦੀ ਮਾਂ ਕੋਲ। ਮਾਂ ਕੋਲ ਕੇਵਲ ਮਜਦੂਰੀ ਤੇ ਮਜਬੂਰੀ ਹੈ।



ਪੰਜਾਬ ਦੀ ਮੈਰੀਕਾਮ ਕਹੀ ਜਾਂਦੀ ਸਿਮਰ ਚਕਰ ਨੇ 2018 ਵਿਚ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਦਿੱਲੀ 'ਚੋਂ ਕਾਸੀ ਦਾ ਮੈਡਲ ਜਿੱਤ ਕੇ ਆਪਣਾ ਪਿੰਡ ਚਕਰ ਚਰਚਾ ਵਿਚ ਲੈ ਆਂਦਾ ਸੀ। ਪਹਿਲਾਂ ਇਸੇ ਪਿੰਡ ਦੀ ਮਨਦੀਪ ਕੌਰ ਸੰਧੂ ਜੂਨੀਅਰ ਵਰਲਡ ਚੈਂਪੀਅਨ ਬਣੀ ਸੀ। ਇਹ ਪਹਿਲੀ ਵਾਰ ਹੋਇਆ ਸੀ ਕਿ ਪੰਜਾਬ ਦੀ ਕੋਈ ਲੜਕੀ ਔਰਤਾਂ ਦੀ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਦੇ ਜਿੱਤ ਮੰਚ 'ਤੇ ਚੜ੍ਹਨ ਵਿਚ ਕਾਮਯਾਬ ਹੋਈ ਸੀ। ਚਕਰ ਦੇ ਸਰਕਾਰੀ ਸਕੂਲ ਵਿਚ ਪੜ੍ਹੀ, ਚਕਰ ਦੀ ਸਪੋਰਟਸ ਅਕੈਡਮੀ ਦੀ ਤਰਾਸ਼ੀ ਮੁੱਕੇਬਾਜ਼ ਕੁੜੀ ਦਾ ਵਿਸ਼ਵ ਦੀਆਂ ਉਪਰਲੀਆਂ ਚਾਰ ਮੁੱਕੇਬਾਜ਼ਾਂ ਵਿਚ ਆ ਖੜ੍ਹਨਾ ਵੱਡੀ ਪ੍ਰਾਪਤੀ ਸੀ। ਸ਼ੇਰੇ ਪੰਜਾਬ ਅਕੈਡਮੀ ਦੀ ਜਿੰਦ ਜਾਨ, ਚਕਰ ਦਾ ਮਸੀਹਾ, ਸਵਰਗੀ ਅਜਮੇਰ ਸਿੰਘ ਸਿੱਧੂ ਅੱਜ ਜ਼ਿੰਦਾ ਹੁੰਦਾ ਤਾਂ ਪਤਾ ਨਹੀਂ ਕਿੰਨਾ ਖੁਸ਼ ਹੁੰਦਾ।

ਸਾਡੇ ਦੇਸ਼ ਦੀਆਂ ਕੁੜੀਆਂ ਨੂੰ ਸਹੀ ਸੇਧ ਮਿਲੇ ਤਾਂ ਉਹ ਕੁਝ ਦਾ ਕੁਝ ਕਰ ਕੇ ਵਿਖਾ ਸਕਦੀਆਂ ਹਨ। ਚਕਰ ਦੀਆਂ ਧੀਆਂ ਦੀ ਮਿਸਾਲ ਸਾਡੇ ਸਾਹਮਣੇ ਹੈ। ਮੁੱਕੇਬਾਜ਼ੀ ਵਰਗੀ ਜੁਝਾਰੂ ਖੇਡ ਵਿਚ ਚਕਰ ਦੀਆਂ ਕੁੜੀਆਂ ਨੇ ਪੰਜਾਬ, ਭਾਰਤ ਤੇ ਅੰਤਰਰਾਸ਼ਟਰੀ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ ਹਨ। 2006 ਵਿਚ ਸ਼ੁਰੂ ਹੋਈ ਚਕਰ ਅਕੈਡਮੀ ਦੀ ਪਹਿਲੀ ਮੁੱਕੇਬਾਜ਼ ਸ਼ਵਿੰਦਰ ਕੌਰ 2012 ਦੀ ਜੂਨੀਅਰ ਨੈਸ਼ਨਲ ਬਾਕਸਿੰਗ ਚੈਂਪੀਅਨ ਬਣੀ ਸੀ, ਜੋ ਭਾਰਤ ਦੀ ਸਰਬੋਤਮ ਮੁੱਕੇਬਾਜ਼ ਐਲਾਨੀ ਗਈ। ਉਹ ਭਾਰਤੀ ਟੀਮ ਦੀ ਮੈਂਬਰ ਬਣ ਕੇ ਸ੍ਰੀ ਲੰਕਾ ਦਾ ਬਾਕਸਿੰਗ ਕੱਪ ਵੀ ਖੇਡੀ। ਮਨਦੀਪ ਕੌਰ ਸੰਧੂ ਏਸ਼ੀਆ ਦੀ ਬੈੱਸਟ ਜੂਨੀਅਰ ਬੌਕਸਰ ਐਲਾਨੀ ਗਈ। ਸ਼ੇਰੇ ਪੰਜਾਬ ਅਕੈਡਮੀ ਚਕਰ ਦੀ ਇਹ ਲੜਕੀ 24 ਮਈ 2015 ਨੂੰ ਤੈਪਈ ਵਿਚ ਮੁੱਕੇਬਾਜ਼ੀ ਦੀ ਜੂਨੀਅਰ ਵਿਸ਼ਵ ਚੈਂਪੀਅਨ ਬਣੀ।

ਜਿਵੇਂ ਮਾਡਲ ਪਿੰਡ ਚਕਰ ਨੂੰ ਪਿੰਡਾਂ ਦਾ ਚਾਨਣ ਮੁਨਾਰਾ ਕਿਹਾ ਜਾਂਦੈ ਉਵੇਂ ਚਕਰ ਦੀ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਵੀ ਖੇਡ ਖੇਤਰ ਦਾ ਚਾਨਣ ਮੁਨਾਰਾ ਹੈ। ਅਕਾਲ ਤਖਤ ਵੱਲੋਂ ਪਿੰਡ ਵਿਚ ਇਕੋ ਗੁਰਦਵਾਰਾ ਰੱਖਣ ਦੀ ਮੁਹਿੰਮ ਵੀ ਪਿੰਡ ਚਕਰ ਤੋਂ ਹੀ ਸ਼ੁਰੂ ਕੀਤੀ ਗਈ ਸੀ।

ਪੁਰਸ਼ਾਂ ਵਿਚ ਸੁਖਦੀਪ ਚਕਰੀਆ ਭਾਰਤ ਦਾ ਨੈਸ਼ਨਲ ਚੈਂਪੀਅਨ ਬਣਿਆ, ਜੋ ਦੇਸ਼ ਦਾ ਸਰਬੋਤਮ ਮੁੱਕੇਬਾਜ਼ ਐਲਾਨਿਆ ਗਿਆ। ਉਹ ਭਾਰਤ ਵੱਲੋਂ ਕੌਮਾਂਤਰੀ ਮੁਕਾਬਲੇ ਲੜਦਾ ਰਿਹਾ ਅਤੇ ਹੁਣ ਪ੍ਰੋਫੈਸ਼ਨਲ ਮੁੱਕੇਬਾਜ਼ੀ ਕਰ ਰਿਹੈ। ਉਸ ਦੀ ਭੈਣ ਪਰਮਿੰਦਰ ਕੌਰ ਕੌਮੀ ਪੱਧਰ 'ਤੇ ਮੈਡਲ ਜਿੱਤ ਰਹੀ ਹੈ। ਅਮਨਦੀਪ ਕੌਰ ਪੰਜਾਬ ਦੀ ਚੈਂਪੀਅਨ ਬਣੀ ਤੇ ਸੀਨੀਅਰ ਨੈਸ਼ਨਲ ਵਿਚ ਜਿੱਤ ਮੰਚ 'ਤੇ ਚੜ੍ਹੀ। ਅਮਨਦੀਪ ਦੀ ਛੋਟੀ ਭੈਣ ਸਿਮਰ ਚਕਰ ਨੈਸ਼ਨਲ ਚੈਂਪੀਅਨ ਬਣਨ ਉਪਰੰਤ 2013 ਵਿਚ 'ਦੂਜੀ ਗੋਲਡਨ ਗਲੱਵਜ਼ ਇੰਟਰਨੈਸ਼ਨਲ ਯੂਥ ਬਾਕਸਿੰਗ ਚੈਂਪੀਅਨਸ਼ਿਪ' ਖੇਡਣ ਸਰਬੀਆ ਗਈ। ਫਿਰ ਸਤੰਬਰ 2013 ਵਿਚ ਉਸ ਨੇ ਬੁਲਗਾਰੀਆ ਵਿਖੇ ਹੋਈ 'ਯੂਥ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ' ਵਿਚੋਂ ਬਰਾਂਜ ਮੈਡਲ ਜਿੱਤਿਆ। ਭਾਰਤ ਦੇ ਦੋ ਮੈਡਲਾਂ ਵਿਚੋਂ ਇਕ ਮੈਡਲ ਚਕਰ ਅਕੈਡਮੀ ਯਾਨਿ ਪੰਜਾਬ ਦਾ ਸੀ। 2016 ਦੀ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਹਰਦੁਆਰ 'ਚੋਂ ਉਸ ਨੇ ਕਾਸੀ ਦਾ ਤਗਮਾ ਜਿੱਤਿਆ। 2017 ਵਿਚ ਆਇਰਲੈਂਡ ਤੋਂ ਚਾਂਦੀ ਦਾ ਤਗਮਾ, ਕਜ਼ਾਖਿਸਤਾਨ ਤੋਂ ਬਰਾਂਜ ਮੈਡਲ, ਜੂਨ 2017 ਵਿਚ ਓਪਨ ਨੈਸ਼ਨਲ ਨਵੀਂ ਦਿੱਲੀ ਵਿਚੋਂ ਤਾਂਬੇ ਦਾ ਤਗਮਾ ਤੇ ਸਤੰਬਰ ਨੈਸ਼ਨਲ ਰੋਹਤਕ ਤੋਂ ਚਾਂਦੀ ਦਾ ਅਤੇ ਸਤੰਬਰ 18 ਵਿਚ ਤੁਰਕੀ ਤੋਂ ਗੋਲਡ ਮੈਡਲ ਜਿੱਤਿਆ। ਨਵੰਬਰ 2018 ਦੀ ਵਰਲਡ ਬਾਕਸਿੰਗ ਚੈਂਪੀਅਨਸ਼ਿਪ ਦਿੱਲੀ ਲਈ ਪੰਜਾਬ ਤੋਂ ਉਹ ਇਕੋ-ਇਕ ਬੌਕਸਰ ਭਾਰਤੀ ਟੀਮ ਵਿਚ ਚੁਣੀ ਗਈ ਸੀ। ਉਹ ਤਿੰਨ ਮੁਕਾਬਲੇ ਜਿੱਤ ਕੇ ਸੈਮੀ ਫਾਈਨਲ ਵਿਚ ਪੁੱਜੀ ਸੀ, ਜਿਸ ਨਾਲ ਬਰਾਂਜ ਮੈਡਲ ਜਿੱਤੀ।

ਸਿਮਰ ਚਕਰ ਦਾ ਪਿਤਾ ਕਮਲਜੀਤ ਸਿੰਘ ਆਰਥਕ ਤੰਗੀ ਕਾਰਨ ਠੇਕੇ ਦਾ ਕਾਰਿੰਦਾ ਬਣਿਆ ਸੀ, ਜੋ ਅਧਖੜ ਉਮਰ ਵਿਚ ਹੀ ਜੁਲਾਈ 2018 'ਚ ਚਲਾਣਾ ਕਰ ਗਿਆ। ਵਿਧਵਾ ਰਾਜਪਾਲ ਕੌਰ ਦੋ ਕਮਰਿਆਂ ਦੇ ਨਿੱਕੇ ਜਿਹੇ ਘਰ ਵਿਚ ਘਰੇਲੂ ਤੇ ਬਾਹਰਲੇ ਨਿੱਕੇ ਮੋਟੇ ਕੰਮ ਕਰਦੀ ਆਪਣੇ ਚਾਰਾਂ ਬੱਚਿਆਂ ਨੂੰ ਪਾਲਦੀ ਰਹੀ। ਉਸ ਦੀਆਂ ਦੋਵੇਂ ਲੜਕੀਆਂ ਅਮਨਦੀਪ ਤੇ ਸਿਮਰਨਜੀਤ ਅਤੇ ਦੋਵੇਂ ਲੜਕੇ ਅਰਸ਼ਦੀਪ ਤੇ ਕੰਵਲਪ੍ਰੀਤ ਬੌਕਸਿੰਗ ਕਰ ਰਹੇ ਹਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਵਿਸ਼ਵ ਚੈਂਪੀਅਨਸ਼ਿਪ 'ਚੋਂ ਮੈਡਲ ਜਿੱਤਣ ਵਾਲੀ ਅਤੇ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦੀ ਪੂਰੀ ਸੰਭਾਵਨਾ ਰੱਖਣ ਵਾਲੀ ਗਰੀਬ ਘਰ ਦੀ ਇਸ ਹੋਣਹਾਰ ਬੀ. ਏ. ਪਾਸ ਹੁਸ਼ਿਆਰ ਲੜਕੀ ਨੂੰ ਚੱਜ ਦੀ ਨੌਕਰੀ ਦੇ ਕੇ ਪੰਜਾਬ ਵਿਚ ਰੱਖ ਲਵੇ, ਨਹੀਂ ਤਾਂ ਹਰਿਆਣੇ ਵਾਲੇ ਜਾਂ ਕਿਸੇ ਹੋਰ ਸੂਬੇ/ਮਹਿਕਮੇ ਵਾਲੇ ਲੈ ਜਾਣਗੇ। ਚਕਰੀਏ ਚਾਹੁੰਦੇ ਹਨ ਕਿ ਉਹ ਆਪਣੇ ਪਿੰਡ ਦੀ ਅਕੈਡਮੀ ਅਤੇ ਪੰਜਾਬ ਲਈ ਹੋਰ ਮੈਡਲ ਜਿੱਤੇ। ਇਸ ਮੌਕੇ ਪੰਜਾਬ ਸਰਕਾਰ ਨੂੰ ਸਿਮਰ ਚਕਰ ਦਾ ਉਚੇਚਾ ਮਾਣ ਸਨਮਾਨ ਕਰਨਾ ਚਾਹੀਦਾ ਹੈ। ਸ਼ੇਰੇ ਪੰਜਾਬ ਅਕੈਡਮੀ ਚਕਰ ਵੀ ਮਾਣ ਸਨਮਾਨ ਦੀ ਹੱਕਦਾਰ ਹੈ।

ਸ਼ੇਰੇ ਪੰਜਾਬ ਅਕੈਡਮੀ ਸਰਕਾਰੀ ਸਹਿਯੋਗ ਤੋਂ ਵਿਰਵੀ ਹੀ ਖਿਡਾਰੀਆਂ ਦੀ ਪਨੀਰੀ ਤਿਆਰ ਕਰਦੀ ਆ ਰਹੀ ਹੈ। ਮੁੱਕੇਬਾਜ਼ੀ ਤੇ ਫੁੱਟਬਾਲ ਇਸ ਦੀਆਂ ਮੁੱਖ ਖੇਡਾਂ ਹਨ। ਇਸ ਨੂੰ ਕੈਨੇਡਾ ਰਹਿੰਦਾ ਸਿੱਧੂ ਪਰਿਵਾਰ, ਅਕੈਡਮੀ ਦਾ ਮੁੱਢ ਬੰਨ੍ਹਣ ਵਾਲਾ ਪ੍ਰਿੰ. ਬਲਵੰਤ ਸਿੰਘ ਸੰਧੂ, ਸਾਬਕਾ ਪੁਲਿਸ ਅਫਸਰ ਦੇਵਿੰਦਰ ਸਿੰਘ, ਚੀਫ ਕੋਚ ਗੁਰਬਖਸ਼ ਸਿੰਘ ਸੰਧੂ, ਅਕੈਡਮੀ ਦੀ ਕਾਰਜਕਾਰੀ ਕਮੇਟੀ ਦੀ ਨਿਗਰਾਨੀ ਹੇਠ ਚਲਾ ਰਹੇ ਹਨ। ਅਕੈਡਮੀ ਦੇ ਬਾਨੀ ਅਜਮੇਰ ਸਿੰਘ ਸਿੱਧੂ ਦਾ ਦਸੰਬਰ 2014 ਵਿਚ ਦਿਹਾਂਤ ਹੋ ਗਿਆ ਸੀ ਜਿਸ ਦਾ ਅਕੈਡਮੀ ਤੇ ਪਿੰਡ ਚਕਰ ਨੂੰ ਵੱਡਾ ਸਦਮਾ ਲੱਗਾ ਸੀ। ਖੇਡਾਂ ਦਾ ਸਮਾਨ, ਟ੍ਰੈਕ ਸੂਟ, ਰਨਿੰਗ ਸੂਅ, ਰੈਫਰੈਸ਼ਮੈਂਟ, ਕੋਚਿੰਗ ਤੇ ਖੇਡ ਮੁਕਾਬਲਿਆਂ ਲਈ ਲਿਜਾਣ/ਲਿਆਉਣ ਦੇ ਪ੍ਰਬੰਧ ਅਕੈਡਮੀ ਵੱਲੋਂ ਕੀਤੇ ਜਾਂਦੇ ਹਨ।

ਸਿਮਰ ਚਕਰ ਜਿੱਦਣ ਜੌਰਡਨ ਤੋਂ ਦਿੱਲੀ, ਚੰਡੀਗੜ੍ਹ ਤੇ ਲੁਧਿਆਣੇ ਹੁੰਦੀ ਹੋਈ ਆਪਣੇ ਪਿੰਡ ਚਕਰ ਪਰਤੀ ਤਾਂ ਉਹਦਾ ਪਿੰਡ ਦੇ ਗੁਰਦੁਆਰੇ ਅਤੇ ਅਕੈਡਮੀ ਵਿਚ ਭਰਵਾਂ ਮਾਣ ਸਨਮਾਨ ਹੋਵੇਗਾ।

ਪੰਜਾਬ ਟਾਈਮਜ਼

*ਸਨਿਚਰਵਾਰ, 14 ਮਾਰਚ 2020*

## ਸਰਕਾਰੀ ਨਾਕਾਮੀਆਂ ਤੇ ਲੋਕਾਂ ਦੇ ਦੁਖੜੇ

ਪੰਜਾਬ ਤੇ ਮਹਾਰਾਸ਼ਟਰ ਕੋ-ਆਪਰੇਟਿਵ ਬੈਂਕ ਦਾ ਦਿਵਾਲਾ ਨਿਕਲਣ ਪਿਛੋਂ ਹੁਣ ਲੋਕ ਯੈੱਸ ਬੈਂਕ ਵਿਚ ਮੱਚੀ ਅਫਰਾ-ਤਫਰੀ ਤੋਂ ਪ੍ਰੇਸ਼ਾਨ ਹੋ ਉਠੇ ਹਨ। ਮਸਲਾ ਉਨ੍ਹਾਂ ਮੋਟੇ ਕਰਜ਼ਿਆਂ ਦਾ ਹੀ ਹੈ, ਜੋ ਵੱਡੀਆਂ ਕੰਪਨੀਆਂ ਲੈ ਤਾਂ ਲੈਂਦੀਆਂ ਹਨ ਪਰ ਵਾਪਸ ਨਹੀਂ ਕਰਦੀਆਂ। ਯੈੱਸ ਬੈਂਕ ਦੇ ਮਾਮਲੇ ਵਿਚ ਤਾਂ ਸਰਕਾਰ ਦੀ ਨਾ-ਅਹਿਲੀਅਤ ਸਾਫ ਝਲਕਦੀ ਹੈ। ਇਸ ਬੈਂਕ ਨੇ ਬਹੁਤੀ ਛਾਣਬੀਣ ਤੋਂ ਬਿਨਾ ਹੀ ਵੱਡੀਆਂ ਕੰਪਨੀਆਂ ਨੂੰ ਮੋਟੇ ਕਰਜ਼ੇ ਦੇ ਦਿੱਤੇ। ਉਂਜ, ਇਸ ਬੈਂਕ ਦੀਆਂ ਗੋਡਣੀਆਂ ਲੱਗਣ ਬਾਰੇ ਸੂਹ ਦੋ ਸਾਲ ਪਹਿਲਾਂ ਹੀ ਲੱਗ ਗਈ ਸੀ ਅਤੇ ਮੋਦੀ ਸਰਕਾਰ ਨੇ ਆਪਣੇ ਨੁਮਾਇੰਦੇ ਰਾਹੀਂ ਇਸ ਉਤੇ ਨਿਗਰਾਨੀ ਰੱਖਣੀ ਵੀ ਸ਼ੁਰੂ ਕਰ ਦਿੱਤੀ ਸੀ, ਪਰ ਇਸ ਦੇ ਬਾਵਜੂਦ ਮਾਮਲਾ ਵਿਗੜਦਾ-ਵਿਗੜਦਾ ਪੂਰੀ ਤਰ੍ਹਾਂ ਵਿਗੜ ਗਿਆ ਅਤੇ ਹੁਣ ਖਾਤਾਧਾਰਕਾਂ ਨੂੰ ਬੈਂਕ ਦੇ ਬਾਹਰ ਕਤਾਰਾਂ ਵਿਚ ਲੱਗਣਾ ਪੈ ਰਿਹਾ ਹੈ। ਇਹ ਅਸਲ ਵਿਚ ਬੇਭਰੋਸਗੀ ਦਾ ਆਲਮ ਹੈ। ਲੋਕਾਂ ਦੀ ਬੈਂਕ ਬਾਰੇ ਜੋ ਬੇਭਰੋਸਗੀ ਬਣ ਗਈ ਹੈ, ਉਸ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ; ਹਾਲਾਂਕਿ ਉਸ ਤੋਂ ਕਿਤੇ ਵੱਧ ਬੇਭਰੋਸਗੀ ਕੇਂਦਰ ਵਿਚਲੀ ਮੋਦੀ ਸਰਕਾਰ ਤੋਂ ਹੈ, ਜਿਸ ਕੋਲ ਮੰਦੀ ਦੇ ਇਸ ਦੌਰ ਵਿਚੋਂ ਨਿਕਲਣ ਲਈ ਰਣਨੀਤੀ ਹੀ ਕੋਈ ਨਹੀਂ ਹੈ, ਸਗੋਂ ਲੋਕ ਕਦਮ-ਦਰ-ਕਦਮ ਮੁਸੀਬਤਾਂ 'ਚ ਘਿਰ ਰਹੇ ਹਨ। ਭਾਰਤ ਦੇ ਲੋਕ ਇਸ ਵਕਤ ਜਿਸ ਮੰਦੀ ਅਤੇ ਬੇਰੁਜ਼ਗਾਰੀ ਜਿਹੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ, ਉਸ ਦੇ ਹੱਲ ਲਈ ਅੰਗਰੇਜ਼ ਅਰਥ-ਸ਼ਾਸਤਰੀ ਜੇ. ਐਮ. ਕੇਨਜ਼ ਨੇ ਇਕ ਨੁਸਖਾ ਸੁਝਾਇਆ ਸੀ। ਇਹ ਨੁਸਖਾ ਕਈ ਮੁਲਕਾਂ ਦੀਆਂ ਸਰਕਾਰਾਂ ਨੇ ਵੱਖ-ਵੱਖ ਸਮਿਆਂ ਦੌਰਾਨ ਅਜ਼ਮਾਇਆ ਅਤੇ ਉਹ ਮੌਕੇ ਦੇ ਆਰਥਕ ਸੰਕਟ ਵਿਚੋਂ ਨਿਕਲਣ ਵਿਚ ਕਾਮਯਾਬ ਵੀ ਰਹੀਆਂ। ਨੁਸਖਾ ਇਹ ਸੀ ਕਿ ਮੰਦੀ ਦੀ ਅਜਿਹੀ ਸੂਰਤ ਆਉਣ 'ਤੇ ਸਰਕਾਰੀ ਨਿਵੇਸ਼ ਚੋਖਾ ਵਧਾ ਦਿੱਤਾ ਜਾਵੇ, ਪਰ ਭਾਰਤ ਸਰਕਾਰ ਇਸ ਪਾਸੇ ਇਕ ਵੀ ਕਦਮ ਨਹੀਂ ਉਠਾ ਰਹੀ। ਸਿੱਟੇ ਵਜੋਂ ਮੁਲਕ ਦੀ ਆਰਥਕਤਾ ਹੋਰ ਰਸਾਤਲ ਵਲ ਜਾ ਰਹੀ ਹੈ ਅਤੇ ਵੱਖ-ਵੱਖ ਸੰਸਥਾਵਾਂ ਇਕ-ਇਕ ਕਰਕੇ ਡੋਲ ਰਹੀਆਂ ਹਨ।

ਦਰਅਸਲ, ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦਾ ਸਾਰਾ ਧਿਆਨ ਸਿਆਸਤ ਵਲ ਲੱਗਾ ਹੋਇਆ ਹੈ। ਹਾਲ ਹੀ ਵਿਚ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਪਿਛੋਂ ਇਸ ਪਾਰਟੀ ਦੇ ਆਗੂਆਂ ਨੇ ਦਿੱਲੀ ਵਿਚ ਵੱਡੀ ਪੱਧਰ ਉਤੇ ਦੰਗੇ ਭੜਕਾਉਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ ਚੋਣਾਂ ਦੌਰਾਨ ਧਰੁਵੀਕਰਨ ਰਾਹੀਂ ਮਾਹੌਲ ਆਪਣੇ ਹੱਕ ਵਿਚ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਗਿਆ। ਇਹੀ ਨਹੀਂ, ਹੁਣ ਮੱਧ ਪ੍ਰਦੇਸ਼ ਵਿਚ ਕਾਂਗਰਸ ਦੀ ਸਰਕਾਰ ਨੂੰ ਝਟਕਾ ਦੇਣ ਲਈ ਕਾਂਗਰਸ ਨਾਲ ਨਾਰਾਜ਼ ਚਲ ਰਹੇ ਪਾਰਟੀ ਆਗੂ ਜਿਓਤਿਰਦਿਤਿਆ ਸਿੰਧੀਆ ਨੂੰ ਫਾਹ ਲਿਆ ਹੈ। ਇਸ ਤੋਂ ਪਹਿਲਾਂ ਇਹੀ ਕੰਮ ਕਰਨਾਟਕ ਵਿਚ ਕੀਤਾ ਗਿਆ, ਜਿਥੇ ਪਹਿਲਾਂ ਕਾਂਗਰਸ ਅਤੇ ਜਨਤਾ ਦਲ (ਸੈਕੂਲਰ) ਨਾਲ ਰਲ ਕੇ ਸਰਕਾਰ ਬਣਾਈ ਸੀ। ਪਿਛਲੇ ਕੁਝ ਸਾਲਾਂ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਿਆਸਤ ਐਨ ਸਾਫ ਦਿਸ ਰਹੀ ਹੈ ਕਿ ਇਸ ਦਾ ਦਾਈਆ ਵੱਧ ਤੋਂ ਵੱਧ ਰਾਜਾਂ ਵਿਚ ਆਪਣੀਆਂ ਸਰਕਾਰਾਂ ਕਾਇਮ ਕਰਨਾ ਹੈ। ਇਸ ਪ੍ਰਸੰਗ ਵਿਚ ਇਹ ਕਾਮਯਾਬ ਵੀ ਹੋ ਗਈ ਸੀ, ਪਰ ਪਿਛਲੇ ਕੁਝ ਸਮੇਂ ਦੌਰਾਨ ਕੁਝ ਵਿਧਾਨ ਸਭਾ ਚੋਣਾਂ ਵਿਚ ਇਸ ਨੂੰ ਅੰਦਰ ਹਾਰ ਦਾ ਸਾਹਮਣਾ ਕਰਨਾ ਪਿਆ ਸੀ, ਜਿਨ੍ਹਾਂ ਵਿਚੋਂ ਮੱਧ ਪ੍ਰਦੇਸ਼ ਵੀ ਇਕ ਸੀ। ਹਰਿਆਣਾ ਵਿਚ ਵੀ ਇਸ ਨੂੰ ਪੂਰਨ ਬਹੁਮਤ ਹਾਸਲ ਨਹੀਂ ਹੋਇਆ, ਪਰ ਉਥੇ ਵੀ ਇਸ ਨੇ ਝੱਟ ਜਨਨਾਇਕ ਜਨਤਾ ਪਾਰਟੀ ਦੇ ਆਗੂ ਦੁਸ਼ਿਅੰਤ ਚੌਟਾਲਾ ਨਾਲ ਤਾਲਮੇਲ ਬਿਠਾ ਲਿਆ। ਜਾਹਰ ਹੈ ਕਿ ਭਾਜਪਾ ਨੇ ਸਰਕਾਰਾਂ ਕਾਇਮ ਕਰਨ ਲਈ ਸਿਆਸਤ ਦਾ ਹਰ ਹਰਬਾ ਵਰਤਿਆ, ਪਰ ਮੁਲਕ ਦੇ ਅਰਥਚਾਰੇ ਨੂੰ ਲੀਹ ਉਤੇ ਪਾਉਣ ਲਈ ਕੋਈ ਖਾਸ ਕਦਮ ਨਹੀਂ ਉਠਾਏ ਹਨ। ਨਿਵੇਸ਼ ਵਲੋਂ ਹੱਥ ਖਿੱਚਣ ਕਾਰਨ ਮੁਲਕ ਵਿਚ ਬੇਰੁਜ਼ਗਾਰੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਇਕ ਗੱਲ ਹੋਰ ਵੀ ਨੋਟ ਕਰਨ ਵਾਲੀ ਹੈ, ਸਰਕਾਰ ਨੇ ਇਸ ਦਾ ਕੋਈ ਹੱਲ ਕੱਢਣ ਦੀ ਥਾਂ ਅੰਕੜੇ ਲੁਕੋਣੇ ਹੀ ਅਰੰਭ ਕਰ ਦਿੱਤੇ ਹਨ।

ਇਸ ਤੋਂ ਪਹਿਲਾਂ ਸਰਕਾਰ ਦੇ ਦੋ ਵੱਡੇ ਫੈਸਲਿਆਂ ਨਾਲ ਮੁਲਕ ਦੀ ਆਰਥਕਤਾ ਪਹਿਲਾਂ ਹੀ ਬੁਰੀ ਤਰ੍ਹਾਂ ਹਿਲ ਚੁਕੀ ਹੈ। ਪਹਿਲਾਂ ਸਰਕਾਰ ਨੇ ਬਿਨਾ ਸੋਚੇ-ਸਮਝੇ ਨੋਟਬੰਦੀ ਲਾਗੂ ਕੀਤੀ। ਇਸ ਨਾਲ ਹਰ ਖੇਤਰ ਦੇ ਆਮ ਕਾਰੋਬਾਰੀ ਤਬਾਹ ਹੋ ਗਏ। ਇਵੇਂ ਹੀ ਜਿਸ ਤਰ੍ਹਾਂ ਕਾਹਲੀ ਵਿਚ ਜੀ. ਐਸ. ਟੀ. ਲਾਗੂ ਕੀਤਾ ਗਿਆ, ਉਸ ਨੇ ਟੈਕਸ ਇਕੱਠੇ ਕਰਨ ਦੀ ਪ੍ਰਕ੍ਰਿਆ 'ਤੇ ਡਾਢਾ ਅਸਰ ਪਾਇਆ। ਇਨ੍ਹਾਂ ਦੋਹਾਂ ਮਾਮਲਿਆਂ ਬਾਰੇ ਸਰਕਾਰ ਪਹਿਲਾਂ ਕਹਿੰਦੀ ਰਹੀ ਕਿ ਬੱਸ, ਕੁਝ ਦਿਨਾਂ ਦੀ ਹੀ ਗੱਲ ਹੈ, ਪਰ ਅੱਜ ਤਕ ਗੱਡੀ ਲੀਹੇ ਨਹੀਂ ਪੈ ਸਕੀ। ਜਿਥੋਂ ਤਕ ਸਿਆਸਤ ਦੀ ਗੱਲ ਹੈ, ਪਿਛਲੇ ਕਈ ਮਹੀਨਿਆਂ ਤੋਂ ਦਿੱਲੀ ਦੇ ਸ਼ਾਹੀਨ ਬਾਗ ਸਮੇਤ ਮੁਲਕ ਵਿਚ ਕਈ ਥਾਂਈਂ ਕੌਮੀ ਨਾਗਰਿਕਤਾ ਕਾਨੂੰਨ ਖਿਲਾਫ ਮੋਰਚਾ ਚੱਲ ਰਿਹਾ ਹੈ, ਪਰ ਸਰਕਾਰ ਨੇ ਅਜੇ ਤਕ ਵਿਖਾਵਾਕਾਰੀਆਂ ਨਾਲ ਕਿਸੇ ਤਰ੍ਹਾਂ ਵੀ ਰਾਬਤਾ ਬਣਾਉਣ ਲਈ ਕੋਈ ਜ਼ਹਿਮਤ ਨਹੀਂ ਉਠਾਈ ਹੈ, ਸਗੋਂ ਉਨ੍ਹਾਂ ਨੂੰ ਦੇਸ਼ਧ੍ਰੋਹੀ ਗਰਦਾਨ ਕੇ ਬਦਨਾਮ ਕੀਤਾ ਜਾ ਰਿਹਾ ਹੈ। ਇਸ ਕਾਨੂੰਨ ਰਾਹੀਂ ਸਰਕਾਰ ਨੇ ਮੁਸਲਮਾਨ ਘੱਟਗਿਣਤੀ ਨੂੰ ਨਿਸ਼ਾਨੇ 'ਤੇ ਰੱਖਿਆ ਹੈ। ਸਰਕਾਰ ਆਪਣੇ ਜਵਾਬ ਵਿਚ ਵਾਰ-ਵਾਰ ਇਹ ਕਹਿ ਰਹੀ ਹੈ ਕਿ ਇਹ ਕਾਨੂੰਨ ਨਾਗਰਿਕਤਾ ਦੇਣ ਦਾ ਹੈ, ਕਿਸੇ ਤੋਂ ਨਾਗਰਿਕਤਾ ਖੋਹਣ ਦਾ ਨਹੀਂ, ਪਰ ਹਕੀਕਤ ਇਹ ਹੈ ਕਿ ਜਿਸ ਤਰ੍ਹਾਂ ਸਰਕਾਰ ਕੌਮੀ ਵਸੋਂ ਰਜਿਸਟਰ (ਐਨ. ਪੀ. ਆਰ.) ਲੈ ਆਈ ਹੈ ਅਤੇ ਕੌਮੀ ਨਾਗਰਿਕਤਾ ਰਜਿਸਟਰ (ਐਨ. ਸੀ. ਆਰ.) ਹਰ ਹਾਲ ਆਉਣ ਦਾ ਖਦਸ਼ਾ ਹੈ, ਇਹ ਕਾਨੂੰਨ ਘੱਟ-ਗਿਣਤੀਆਂ ਅਤੇ ਆਮ ਬੰਦੇ ਦੇ ਖਿਲਾਫ ਹੀ ਜਾਵੇਗਾ। ਜਿਸ ਤਰ੍ਹਾਂ ਮੁਲਕ ਦੀ ਆਰਥਕਤਾ ਡਾਵਾਂਡੋਲ ਹੋਈ ਪਈ ਹੈ ਅਤੇ ਸਮਾਜਕ ਤਾਣਾ-ਬਾਣਾ ਬੁਰੀ ਤਰ੍ਹਾਂ ਉਲਝ ਰਿਹਾ ਹੈ, ਸਰਕਾਰ ਨੂੰ ਚਾਹੀਦਾ ਹੈ ਕਿ ਧਰੁਵੀਕਰਨ ਦੀ ਮਾਰੂ ਨੀਤੀ ਛੱਡ ਕੇ ਧਿਆਨ ਮੁਲਕ ਦੀਆਂ ਸਮੱਸਿਆਵਾਂ ਵਲ ਲਾਵੇ ਤਾਂ ਕਿ ਲੋਕਾਂ ਨੂੰ ਸੁਖ ਦਾ ਸਾਹ ਆ ਸਕੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵੰਗਾਰਾਂ ਦੇ ਗੀਤ*

ਹਰ ਇਕ ਮੋੜ ਉਤੇ ਬੈਠੀਆਂ ਮੁਸੀਬਤਾਂ, ਤੇ ਸਾਡੀ ਸਰਕਾਰ ਲੱਲੇ-ਪੱਪੇ ਕਰੀ ਜਾਂਦੀ ਆ।
ਚੋਣਾਂ ਅਜੇ ਐਨੀਆਂ ਵੀ ਨੇੜੇ ਨਹੀਓਂ ਢੁੱਕੀਆਂ, ਨਿਤ ਹੀ ਐਲਾਨਾਂ ਵਾਲੀ ਹਵਾ ਭਰੀ ਜਾਂਦੀ ਆ।
ਵਿਰੋਧੀਆਂ ਦੀ ਦਾਲ ਵੀ ਨਾ ਗਲ ਰਹੀ ਪਿੜ ਵਿਚ, ਸੈਸ਼ਨਾਂ ਦੇ ਵਿਚ ਵੀ ਮਰੀ ਮਰੀ ਜਾਂਦੀ ਆ।
ਕਵੀ ਪੁੱਛੇ ਰਾਜਿਆ ਵੇ ਕਿਥੇ ਆ ਵੇ ਰਾਜ ਤੇਰਾ, ਕੇਹੇ ਵੇਲੇ ਆਏ ਬਿਨਾ ਕੰਮ ਸਰੀ ਜਾਂਦੀ ਆ।
ਲੋਕੋ ਉਠੋ ਕੇਰਾਂ ਲਲਕਾਰ ਬਣ ਕੇ, ਵਾਂਗ ਬੱਦਲਾਂ ਅਸਮਾਨ ਵਿਚ ਛਾ ਜਾਓ ਤਾਂ।
ਕੁਝ ਨਹੀਂ ਹੋਣਾ ਜੇ ਘਰੋਂ ਨਿਕਲੇ ਬਾਹਰ ਨਾ, ਕੋਈ ਗੀਤ ਵੰਗਾਰਾਂ ਦੇ ਗਾ ਜਾਓ ਤਾਂ।

# ਸ਼ਾਮਲਾਟਾਂ ਬਾਰੇ ਪੰਜਾਬ ਸਰਕਾਰ ਦਾ ਫੈਸਲਾ ਪਿੰਡ ਵਿਰੋਧੀ

***ਪੰਜਾਬ ਸਰਕਾਰ ਵਲੋਂ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਪ੍ਰਾਈਵੇਟ ਸਨਅਤਕਾਰਾਂ ਨੂੰ ਵੇਚਣ ਦੇ ਫੈਸਲੇ ਦੀ ਭਾਵੇਂ ਹਰ ਪਾਸਿਓਂ ਤਿੱਖੀ ਨੁਕਤਾਚੀਨੀ ਹੋਈ ਹੈ, ਪਰ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਇਸ ਫੈਸਲੇ ਤੋਂ ਰੱਤੀ ਭਰ ਵੀ ਪਿਛਾਂਹ ਨਹੀਂ ਹਟ ਰਹੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਉਘੇ ਸਮਾਜ ਸ਼ਾਸਤਰੀ ਨੇ ਇਸ ਸਮੁੱਚੇ ਮਸਲੇ ਆਪਣੇ ਵਿਚਾਰ ਇਸ ਲੇਖ ਵਿਚ ਸਾਂਝੇ ਕੀਤੇ ਹਨ। -ਸੰਪਾਦਕ***

ਪੰਜਾਬ ਸਰਕਾਰ ਵਲੋਂ ਪਿੰਡਾਂ ਦੀ ਪੰਚਾਇਤੀ ਜ਼ਮੀਨ ਹਾਸਲ ਕਰਕੇ ਪ੍ਰਾਈਵੇਟ ਸਨਅਤਕਾਰਾਂ ਅਤੇ ਕਾਰਪੋਰੇਟ ਸੈਕਟਰ ਨੂੰ ਵੇਚਣ ਦੇ ਫੈਸਲੇ ਨੇ ਹਰ ਸੰਵੇਦਨਸ਼ੀਲ ਪੰਜਾਬੀ ਨੂੰ ਸੋਚਣ ਲਈ ਮਜਬੂਰ ਕੀਤਾ ਹੈ। ਪ੍ਰਸ਼ਨ ਉਠਦਾ ਹੈ: ਕੀ ਪੰਚਾਇਤੀ ਜ਼ਮੀਨ ਉਪਰ ਹੀ ਸਨਅਤ ਲਗਾਈ ਜਾ ਸਕਦੀ ਹੈ ਜਾਂ ਸਨਅਤੀਕਰਨ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ? ਕੀ ਯਕੀਨ ਹੈ ਕਿ ਸਨਅਤਕਾਰ ਸਸਤੀਆਂ ਜਾਂ ਸਬਸਿਡੀਆਂ ਉਤੇ ਲਈਆਂ ਜ਼ਮੀਨਾਂ ਹਾਸਲ ਕਰਕੇ ਉਥੇ ਸਨਅਤ ਹੀ ਲਾਉਣਗੇ? ਕੀ ਪੰਚਾਇਤੀ ਜ਼ਮੀਨਾਂ ਹਾਸਲ ਕਰਕੇ ਪਿੰਡ ਵਾਲਿਆਂ ਦੇ ਉਹ ਹੱਕ ਨਹੀਂ ਮਾਰ ਰਹੇ ਜਿਨ੍ਹਾਂ ਲਈ ਲਈ ਇਹ ਭੋਇੰ ਰਾਖਵੀਂ ਰੱਖੀ ਗਈ ਸੀ? ਕੀ ਸਰਕਾਰਾਂ ਨੇ ਇਸ ਬਾਬਤ ਪਿੰਡਾਂ ਵਾਲਿਆਂ ਦੇ ਵਿਚਾਰਾਂ ਲਏ ਹਨ? ਸਾਰਾ ਮੁੱਦਾ ਵਿਚਾਰ ਦੀ ਮੰਗ ਕਰਦਾ ਹੈ।

ਮੰਨਿਆ ਗਿਆ ਹੈ ਕਿ ਕਬਾਇਲੀ ਯੁੱਗ ਤੋਂ ਬਾਅਦ ਜਦੋਂ ਸੰਗਠਤ ਤੇ ਸਥਾਈ ਪਿੰਡਾਂ ਦੀ ਸਥਾਪਨਾ ਸ਼ੁਰੂ ਹੋਈ, ਸਿਆਣਿਆਂ ਨੇ ਜ਼ਮੀਨਾਂ ਦਾ ਕੁੱਝ ਹਿੱਸਾ ਪਿੰਡਾਂ ਦੇ ਸਾਂਝੇ ਕੰਮਾਂ ਲਈ ਰਾਖਵਾਂ ਰੱਖ ਲਿਆ ਤਾਂ ਜੋ ਪੇਂਡੂ ਜੀਵਨ-ਪ੍ਰਵਾਹ ਚਲਦਾ ਰੱਖਿਆ ਜਾ ਸਕੇ, ਜਿਵੇਂ ਕਿਸੇ ਵੀ ਸਮਾਜਿਕ ਸਮੂਹ ਨੂੰ ਚਲਾਉਣ ਹਿੱਤ ਕਿਸੇ ਲੀਡਰ ਜਾਂ ਨੁਮਾਇੰਦਿਆਂ ਦੀ ਜ਼ਰੂਰਤ ਹੁੰਦੀ ਹੈ। ਇਸੇ ਸੋਚ ਵਿਚੋਂ ਹੀ ਭਾਰਤ ਵਿਚ ਪੰਚਾਇਤੀ ਢਾਂਚੇ ਦਾ ਉਦਗਮ ਮੰਨਿਆ ਗਿਆ ਹੈ, ਭਾਵੇਂ ਰਵਾਇਤੀ ਸਮਾਜਾਂ ਵਿਚ ਪੰਚਾਇਤਾਂ ਦੀ ਬਣਤਰ ਅਜੋਕੇ ਢਾਂਚੇ ਤੋਂ ਹਟ ਕੇ ਸੀ। ਪ੍ਰਾਚੀਨ ਕਾਲ ਦੇ ਸਾਹਿਤ ਮੁਤਾਬਿਕ, ਪਿੰਡ ਇੱਕ ਥਾਂ 'ਤੇ ਵਸਦੇ ਪਰਿਵਾਰਾਂ ਦਾ ਜੁੱਟ ਹੈ। ਰਿਗ ਵੇਦ ਅਤੇ ਮਹਾਂਭਾਰਤ ਦੇ ਹਵਾਲੇ ਦੱਸਦੇ ਹਨ ਕਿ ਪੇਂਡੂ ਲੀਡਰ ਨੂੰ 'ਗ੍ਰਾਮਿਨੀ' ਕਿਹਾ ਜਾਂਦਾ ਸੀ। ਇਤਿਹਾਸਕ ਤੇ ਮਿਥਿਹਾਸਕ ਲਿਖਤਾਂ ਇਸ਼ਾਰਾ ਕਰਦੀਆਂ ਹਨ ਕਿ ਵੱਖ-ਵੱਖ ਰਾਜ ਕਾਲਾਂ ਵਿਚ ਭਿੰਨ-ਭਿੰਨ ਰੂਪਾਂ ਵਿਚ ਪੰਚਾਇਤ ਦੀ ਹੋਂਦ ਬਣੀ ਰਹੀ ਅਤੇ ਸਾਂਝੀ, ਸ਼ਾਮਲਾਟ ਜਾਂ ਪੰਚਾਇਤੀ ਜ਼ਮੀਨ ਆਦਿ ਨਾਵਾਂ ਨਾਲ ਜਾਣੀ ਜਾਂਦੀ ਰਹੀ। ਜ਼ਮੀਨ ਪਿੰਡ ਪੰਚਾਇਤ ਦਾ ਹਿੱਸਾ ਬਣੀ ਰਹੀ।



**ਡਾ. ਸੁਖਦੇਵ ਸਿੰਘ**
**ਫੋਨ: +91-95016-15730**

ਚੰਦਰ ਗੁਪਤ ਮੌਰਿਆ, ਬਾਦਸ਼ਾਹ ਅਕਬਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲਾਂ ਦੌਰਾਨ ਪੰਚਾਇਤੀ ਰਾਜ ਦਾ ਇਤਿਹਾਸ ਸੁਨਿਹਰੀ ਅੱਖਰਾਂ ਦਾ ਦਸਿਆ ਜਾਂਦਾ ਹੈ ਜਦਕਿ ਹੋਰ ਵਿਦੇਸ਼ੀ ਰਾਜਿਆਂ, ਸਮੇਤ ਅੰਗਰੇਜਾਂ ਦੇ ਰਾਜ ਕਾਲਾਂ ਦੌਰਾਨ ਜਗੀਰਦਾਰੀ ਤੇ ਸਰਕਾਰੀ ਟਾਊਟਾਂ ਦਾ ਬੋਲਬਾਲਾ ਰਿਹਾ। ਪਿੰਡ ਪੱਧਰੀ ਪੰਚਾਇਤੀ ਢਾਂਚੇ ਨੂੰ ਬਹੁਤ ਢਾਹ ਲੱਗੀ। ਮਹਾਤਮਾ ਗਾਂਧੀ ਨੇ ਤਾਂ ਪਿੰਡਾਂ ਨੂੰ ਖੁਦਮੁਖਤਾਰ (ਵਿਲੇਜ਼ ਰਿਪਬਲਿਕ) ਬਿਆਨਿਆ, ਕਿਉਂਕਿ ਪਿੰਡ ਇੱਕ ਸਾਬਤ ਪ੍ਰਸ਼ਾਸਨਕ ਇਕਾਈ ਸੀ। ਅਠਾਰਵੀਂ ਸਦੀ ਦੇ ਇੰਗਲੈਂਡ ਵਿਚ ਸਨਅਤੀ ਵਿਕਾਸ ਨੇ ਸੰਸਾਰ ਦੀ ਹਰ ਸਮਾਜਿਕ ਬਣਤਰ ਉਪਰ ਅਸਰ ਪਾਇਆ ਹੈ ਅਤੇ ਹੁਣ ਇਹ ਕਬੀਲਿਆਂ ਤੇ ਪਿੰਡਾਂ ਤਕ ਪੁੱਜਣ ਲੱਗਾ ਹੈ।

ਸ਼ਾਮਲਾਟ ਜ਼ਮੀਨ ਵੱਖ-ਵੱਖ ਪਿੰਡਾਂ ਵਿਚ ਵੱਖਰੇ ਆਕਾਰ ਦੀ ਹੈ। ਕਿਸੇ ਪਿੰਡ ਕੋਲ 5 ਏਕੜ, ਕਿਸੇ ਕੋਲ 100 ਜਾਂ ਇਸ ਤੋਂ ਵੱਧ ਘੱਟ ਅਤੇ ਕਈਆਂ ਕੋਲ ਹੈ ਹੀ ਨਹੀਂ। ਪੰਚਾਇਤੀ ਐਕਟ 1994 ਦੀ ਧਾਰਾ 8.5 ਮੁਤਾਬਿਕ ਸ਼ਾਮਲਾਟ ਸੰਪਤੀਆਂ, ਜਨਤਕ ਢਾਂਚੇ, ਖੂਹ, ਜਲ ਮਾਰਗ, ਪੁਲ ਆਦਿ ਦੀ ਦੇਖ-ਰੇਖ ਪੰਚਾਇਤ ਕਰੇਗੀ। ਪੰਚਾਇਤ ਆਪਣੀ ਆਮਦਨ ਖਾਤਿਰ, ਕੁਦਰਤੀ ਆਫਤਾਂ ਵੇਲੇ ਇਨਸਾਨਾਂ ਤੇ ਪਸ਼ੂ ਧਨ ਬਚਾਅ ਲਈ ਸਾਂਝੀ ਚਰਾਂਦ, ਪੇਂਡੂ ਖੇਡ ਮੇਲਿਆਂ ਜਾਂ ਲੋੜ ਮੁਤਾਬਿਕ ਸਾਂਝੇ ਕੰਮਾਂ ਲਈ ਸ਼ਾਮਲਾਟ ਜ਼ਮੀਨ ਦੀ ਵਰਤੋਂ ਕਰ ਸਕਦੀ ਹੈ। ਕਈ ਪਿੰਡਾਂ ਨੇ ਅਜਿਹੀ ਜ਼ਮੀਨ ਉਪਰ ਲੋਪ ਹੋ ਰਹੇ ਦਰੱਖਤ/ਬੂਟੇ ਲਾਏ ਹਨ ਤਾਂ ਜੋ ਆਉਣ ਵਾਲੀਆਂ ਨਸਲਾਂ ਨੂੰ ਕੁਦਰਤੀ ਵਾਤਾਵਰਨ ਦਿਖਾਇਆ ਜਾ ਸਕੇ, ਕਿਉਂਕਿ ਨਿਜੀ ਮਾਲਕੀ ਵਾਲੀਆਂ ਜ਼ਮੀਨਾਂ ਤਾਂ ਲੋਕਾਂ ਨੇ ਰੁੰਡ-ਮਰੁੰਡ ਕਰ ਦਿੱਤੀਆਂ ਹਨ। ਕੁਝ ਪਿੰਡਾਂ ਨੇ ਸਹਿਕਾਰੀ ਖੇਤੀ ਦਾ ਤਜਰਬਾ ਵੀ ਕੀਤਾ ਹੈ ਅਤੇ ਕਈਆਂ ਨੇ ਆਮਦਨ ਵਾਸਤੇ ਜ਼ਮੀਨ ਠੇਕੇ ਉਤੇ ਦਿੱਤੀ ਹੈ। ਪੰਚਾਇਤ ਆਪਣੀ ਆਮਦਨ ਤੋਂ ਵਿਕਾਸ ਦੇ ਕੰਮ ਨੇਪਰੇ ਚਾੜ੍ਹ ਸਕਦੀ ਹੈ।

ਸਨਅਤਾਂ ਦੀ ਸਥਾਪਨਾ ਅਜੋਕੇ ਯੁੱਗ ਵਿਚ ਬੇਹੱਦ ਜ਼ਰੂਰਤ ਹੈ, ਕਿਉਂਕਿ ਇਸ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ। ਇਸ ਨਾਲ ਸਿੱਧੇ ਅਤੇ ਅਸਿੱਧੇ ਰੂਪ ਵਿਚ ਵੀ ਰੁਜ਼ਗਾਰ ਵਿਚ ਵਾਧਾ ਹੁੰਦਾ ਹੈ। ਬੇਰੁਜ਼ਗਾਰੀ ਤੇ ਗਰੀਬੀ ਉਤੇ ਕਾਬੂ ਪਾਇਆ ਜਾ ਸਕਦਾ ਹੈ। ਸਰਕਾਰਾਂ ਦੇ ਮਾਲੀਏ ਵਿਚ ਵਾਧਾ ਹੁੰਦਾ ਹੈ। ਖੇਤੀ ਸੈਕਟਰ ਵਿਚ ਰੁਜ਼ਗਾਰ ਵਧਾਉਣ ਦੀ ਸੀਮਾ ਵਡੇਰੀ ਨਹੀਂ ਜੋ ਵਧ ਰਹੀ ਆਬਾਦੀ ਨੂੰ ਸਮੋ ਸਕੇ। ਖੇਤੀ ਵਿਚ ਮਸ਼ੀਨੀਕਰਨ ਨੇ ਵਿਹਲ ਹੋਰ ਵਧਾਈ ਹੈ। ਮੰਨਿਆ ਗਿਆ ਹੈ ਕਿ ਹਰਿਆਣੇ ਵਰਗੇ ਰਾਜ ਵਿਚ ਵਧੇਰੇ ਮਾਲੀਆ ਦਿੱਲੀ ਨਾਲ ਲਗਦੇ ਇਲਾਕੇ ਗੁਰੂਗਰਾਮ ਆਦਿ ਤੋਂ ਆਉਂਦਾ ਹੈ ਪਰ ਇਹ ਇਸ ਕਰਕੇ ਕਿ ਉਹ ਇਲਾਕੇ ਮੈਟਰੋਪਾਲਿਟਨ ਸ਼ਹਿਰ ਨਾਲ ਲਗਦੇ ਹਨ। ਕਿਸੇ ਵੀ ਸਥਾਨ ਤੇ ਸਨਅਤਾਂ ਦੀ ਸਥਾਪਨਾ ਲਈ ਮੂਲ ਢਾਂਚਾ ਸਹੂਲਤਾਂ ਜਿਵੇਂ ਪੱਕੀਆਂ ਸੜਕਾਂ, ਬਿਜਲੀ, ਪਾਣੀ, ਸਟੋਰ, ਬੈਂਕ, ਸੰਚਾਰ ਸਾਧਨ, ਮੈਡੀਕਲ ਸਹੂਲਤਾਂ, ਸਥਾਈ ਤੇ ਚਲੰਤ ਪੂੰਜੀ, ਢੁਕਵੀਂ ਲੇਬਰ, ਆਵਾਜਾਈ ਦੇ ਸਾਧਨ ਆਦਿ ਦੀ ਜ਼ਰੂਰਤ ਪੈਂਦੀ ਹੈ।

ਇਸ ਤੋਂ ਛੁੱਟ ਕੱਚੇ ਮਾਲ ਦੀ ਸਪਲਾਈ ਦੀ ਲਗਾਤਾਰਤਾ ਵੀ ਬਣਾਉਣੀ ਪੈਂਦੀ ਹੈ। ਜੇ ਕੱਚਾ ਮਾਲ ਬਹੁਤ ਦੂਰ ਤੋਂ ਆਉਂਦਾ ਹੋਵੇ ਤਾਂ ਦੁਰਾਡੇ ਪਿੰਡਾਂ ਵਿਚ ਪਹੁੰਚਾਉਣਾ ਪਹਾੜ ਖੋਦਣ ਵਾਲੀ ਗੱਲ ਹੁੰਦੀ ਹੈ। ਇਸ ਕਰਕੇ ਸਨਅਤਾਂ ਦੀ ਸਥਾਪਨਾ ਛੋਟੇ-ਛੋਟੇ ਥਾਵਾਂ ਦੀ ਬਜਾਏ ਵੱਡੀ ਅਤੇ ਪਹੁੰਚ ਵਾਲੀ ਜਗ੍ਹਾ 'ਤੇ ਹੋਣੀ ਹੀ ਫਾਇਦੇਮੰਦ ਹੁੰਦੀ ਹੈ। ਇਸ ਤੋਂ ਇਲਾਵਾ ਵਧੇਰੇ ਕਰ ਕੇ ਸਨਅਤਾਂ ਦੀ ਸਥਾਪਨਾ ਅਣਉਪਜਾਊ ਤੇ ਅਵਿਕਸਿਤ ਥਾਵਾਂ ਉਪਰ ਲਗਾਉਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਬਿਹਾਰ, ਛੱਤੀਸਗੜ੍ਹ, ਝਾਰਖੰਡ, ਮੱਧ ਪ੍ਰਦੇਸ਼ ਆਦਿ ਅਜਿਹੀ ਹੀ ਪਾਲਿਸੀ ਬਣਾ ਕੇ ਘੱਟ ਰੇਟਾਂ ਤੇ ਜ਼ਮੀਨਾਂ ਸਨਅਤਕਾਰਾਂ ਨੂੰ ਮੁਹਈਆ ਕਰਵਾ ਰਹੇ ਹਨ। ਇਸ ਦੇ ਨਾਲ-ਨਾਲ ਉਹ ਕਾਰਖਾਨੇਦਾਰਾਂ ਨੂੰ ਢੁਕਵਾਂ ਭਰੋਸਾ ਤੇ ਸੁਰੱਖਿਆ ਵੀ ਦਿਵਾ ਰਹੇ ਹਨ। ਸ਼ਾਇਦ ਇਸੇ ਕਰਕੇ ਹੀ ਪੰਜਾਬ ਵਿਚੋਂ ਬਹੁਤ ਸਾਰੀਆਂ ਸਨਅਤੀ ਇਕਾਈਆਂ ਉਧਰ ਜਾ ਰਹੀਆਂ ਹਨ।

ਸਨਅਤਾਂ ਲਈ ਜ਼ਮੀਨ ਪ੍ਰਾਪਤੀ ਦਾ ਢੰਗ ਜਾਂ ਰਾਹ ਸਿਰਫ ਪੰਚਾਇਤੀ ਭੋਇੰ ਹੀ ਨਹੀਂ ਬਲਕਿ ਹੋਰ ਇਲਾਕੇ ਵੀ ਹਨ ਜੋ ਨਿਸ਼ਚਤ ਪ੍ਰਕਿਰਿਆ ਰਾਹੀਂ ਹਾਸਲ ਕੀਤੇ ਜਾ ਸਕਦੇ ਹਨ। ਕੇਂਦਰ ਸਰਕਾਰ ਵਲੋਂ ਬਣਾਇਆ 'ਰਾਈਟ ਟੂ ਫੇਅਰ ਕੰਪਸ਼ੇਸ਼ਨ ਐਂਡ ਟਰਾਂਸਪੇਰੈਂਸੀ ਇਨ ਲੈਂਡ ਅਕੁਈਜੀਸ਼ਨ ਐਂਡ ਰੀਸੈਟਲਮੈਂਟ ਐਕਟ' (2013) ਇਸ ਮੰਤਵ ਦੀ ਪੂਰਤੀ ਕਰਦਾ ਹੈ। ਇਸ ਐਕਟ ਅਧੀਨ ਕਿਸੇ ਲੌੜੀਂਦੇ ਇਲਾਕੇ ਦੇ ਸਮਾਜਿਕ ਆਰਥਿਕ ਪ੍ਰਭਾਵ ਦਾ ਵਿਸ਼ਲੇਸ਼ਣ ਕਰਵਾ ਕੇ 80 ਫੀਸਦੀ ਜ਼ਮੀਨ ਮਾਲਕਾਂ ਦੀ ਰਜ਼ਾਮੰਦੀ ਨਾਲ ਜ਼ਮੀਨ ਪ੍ਰਾਪਤ ਕੀਤੀ ਜਾ ਸਕਦੀ ਹੈ। ਚੰਡੀਗੜ੍ਹ ਅਤੇ ਨੇੜੇ-ਤੇੜੇ ਦੇ ਇਲਾਕਿਆਂ ਵਿਚ ਇਸੇ ਤਰ੍ਹਾਂ ਹੀ ਜ਼ਮੀਨ ਹਾਸਲ ਕੀਤੀ ਜਾ ਰਹੀ ਹੈ ਅਤੇ ਮਾਲਕਾਂ ਨੂੰ ਚੰਗਾ ਰੇਟ ਮਿਲਣ ਕਰਕੇ ਕੋਈ ਇਤਰਾਜ਼ ਵੀ ਨਹੀਂ ਨਜ਼ਰ ਆਇਆ। ਕਈ ਕਿਸਾਨਾਂ ਨੇ ਤਾਂ ਦੂਰ ਦੁਰਾਡੇ ਜਾ ਕੇ ਵੱਧ ਜ਼ਮੀਨਾਂ ਬਣਾ ਲਈਆਂ ਹਨ ਅਤੇ ਆਪਣਾ ਜੀਵਨ ਪੱਧਰ ਵੀ ਸੁਧਾਰਿਆ ਹੈ। ਕਈ ਥਾਵਾਂ ਤੇ ਪ੍ਰਾਈਵੇਟ ਕੰਪਨੀਆਂ ਨੇ ਕਿਸਾਨਾਂ ਤੋਂ ਸਿੱਧੇ ਹੀ ਜ਼ਮੀਨਾਂ ਖਰੀਦ ਕੇ ਕਲੋਨੀਆਂ ਕੱਟੀਆਂ ਜਾਂ ਸਨਅਤਾਂ ਲਾਈਆਂ ਹਨ।

ਸਰਕਾਰੀ ਪ੍ਰੋਜੈਕਟਾਂ ਅਤੇ ਸਬਸਿਡੀਆ ਆਧਾਰਤ ਸਨਅਤਕਾਰਾਂ ਨੂੰ ਕਾਰਖਾਨੇ ਲਗਾਉਣ ਹਿੱਤ ਦਿੱਤੀਆਂ ਜ਼ਮੀਨਾਂ ਬਾਬਤ ਮਿਲੇ ਪਹਿਲੇ ਸਿੱਟੇ ਕੋਈ ਬਹੁਤੇ ਉਤਸ਼ਾਹਜਨਕ ਨਜ਼ਰ ਨਹੀਂ ਆਏ। 1985 ਦੇ ਕਰੀਬ ਲੁਧਿਆਣੇ ਨੇੜੇ ਹੰਬੜਾਂ ਸਨਅਤੀ ਕੰਪਲੈਕਸ ਲਈ ਜ਼ਮੀਨ ਦਿਵਾਈ ਗਈ ਅਤੇ ਪੰਜਾਬ ਵਿਤ ਨਿਗਮ ਦੀ ਸਹਾਇਤਾ ਨਾਲ ਵੱਖ-ਵੱਖ ਤਰ੍ਹਾਂ ਦੇ ਸਨਅਤਾਂ ਲਗਵਾਈਆਂ। ਮੰਤਵ ਸੀ, ਇਲਾਕੇ ਦੇ ਵਿਕਾਸ ਦੇ ਨਾਲ-ਨਾਲ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਖੇਤੀ ਆਧਾਰਤ ਸਨਅਤਾਂ ਲੋਕਲ ਮਾਲ ਖਰੀਦਣਗੀਆਂ ਤਾਂ ਜੋ ਕਿਸਾਨਾਂ ਨੂੰ ਲਾਭ ਮਿਲ ਸਕੇ। ਸਰਵੇਖਣ ਵੇਲੇ ਪਤਾ ਲੱਗਿਆ ਕਿ 38 ਯੂਨਿਟਾਂ ਵਿਚੋਂ ਅੱਧੇ ਕੁ ਕਾਰਖਾਨੇ ਕਾਮਯਾਬ ਹੋਏ। ਆਸੇ-ਪਾਸੇ 100 ਦੇ ਕਰੀਬ ਦੁਕਾਨਾਂ ਹੋਂਦ ਵਿਚ ਆਈਆਂ। ਜ਼ਮੀਨਾਂ ਦੇ ਰੇਟ ਵਧ ਗਏ। ਕੁਝ ਲੋਕਾਂ ਨੂੰ ਸਿੱਧੇ ਅਤੇ ਕੁਝ ਨੂੰ ਅਸਿੱਧੇ ਤੌਰ ਤੇ ਰੁਜ਼ਗਾਰ ਮਿਲਿਆ ਪਰ 70 ਫੀਸਦੀ ਤੋਂ ਵਧੇਰੇ ਰੁਜ਼ਗਾਰ ਦੇ ਮੌਕੇ ਸਥਾਨਕ ਲੋਕਾਂ ਦੀ ਥਾਂ ਬਾਹਰਲੇ ਲੋਕਾਂ ਨੂੰ ਪ੍ਰਾਪਤ ਹੋਏ, ਕਿਉਂਕਿ ਮਾਲਕਾਂ ਮੁਤਾਬਿਕ ਲੋਕਲ ਲੇਬਰ ਖਰਾਬ ਕਰਦੀ ਸੀ। ਕਈ ਕਾਰਖਾਨੇਦਾਰ ਪੈਸਾ ਮਾਰ ਕੇ ਹੀ ਭੱਜ ਗਏ ਅਤੇ ਪਲਾਟਾਂ ਨੂੰ ਤਾਲੇ ਲੱਗੇ ਹਨ। ਕਈ ਪੋਪਲਰ ਦੀ ਲਕੜੀ ਆਧਾਰਤ ਯੂਨਿਟਾਂ ਇਸ ਲਈ ਬੰਦ ਹੋ ਗਈਆਂ, ਕਿਉਂਕਿ ਕੱਚਾ ਮਾਲ ਲੋਕਲ ਪੱਧਰ 'ਤੇ ਨਹੀਂ ਸੀ ਮਿਲਦਾ ਜਦੋਂ ਕਿ ਪਹਿਲਾਂ ਮੰਨਿਆ ਗਿਆ ਸੀ ਕਿ ਬੇਟ ਦੇ ਇਲਾਕੇ ਵਿਚੋਂ ਪੈਦਾ ਹੋਣ ਵਾਲਾ ਪੋਪਲਰ ਕਾਰਖਾਨਿਆਂ ਵਿਚ ਵਰਤਿਆ ਜਾਵੇਗਾ। ਬਿਜਲੀ ਦੀ ਘੱਟ ਵੋਲਟੇਜ਼ ਤੇ ਲੰਮੇ ਕੱਟ, ਸੇਲ ਟੈਕਸ ਵਿਚ ਘੱਟ ਛੋਟ ਅਤੇ ਲੇਬਰ ਦਾ ਨਾ ਟਿਕਣਾ ਵੀ ਪੇਂਡੂ ਇਲਾਕਿਆਂ ਕਰਕੇ ਵੱਡੀਆਂ ਦਿੱਕਤਾਂ ਹਨ। ਬਹੁਤੀ ਲੇਬਰ ਇਸ ਕਰਕੇ ਨਹੀਂ ਟਿਕਦੀ, ਕਿਉਂਕਿ ਉਨ੍ਹਾਂ ਨੂੰ ਸ਼ਹਿਰ ਵਿਚ ਜ਼ਿਆਦਾ ਤਨਖਾਹ ਮਿਲਦੀ ਹੈ ਅਤੇ ਬੱਚਿਆਂ ਲਈ ਚੰਗੇ ਸਕੂਲ ਹਨ।

ਦੂਜੀ ਵੱਡੀ ਉਦਾਹਰਨ ਪ੍ਰਾਈਵੇਟ ਥਰਮਲ ਪਲਾਟਾਂ ਦੀ ਹੈ ਜਿਨ੍ਹਾਂ ਨੇ ਪੰਚਾਇਤੀ ਅਤੇ ਹੋਰ ਜ਼ਮੀਨਾਂ ਦੀ ਮਾਲਕੀ ਤਾਂ ਹਾਸਲ ਕੀਤੀ ਹੀ ਹੈ ਪਰ ਨਾਲ ਹੀ ਡਾਢੀਆਂ ਸ਼ਰਤਾਂ ਤਹਿਤ ਕੀਤੇ ਇਕਰਾਰਨਾਮੇ ਤੇ ਦਿਤੀਆਂ ਸਹੂਲਤਾਂ ਦਾ ਖਮਿਆਜ਼ਾ ਮਹਿੰਗੇ ਬਿਜਲੀ ਬਿਲਾਂ ਰਾਹੀਂ ਹਰ ਪੰਜਾਬੀ ਭਰ ਰਿਹਾ ਹੈ ਜੋ ਹੁਣ ਨਾ ਚਾਹ ਕੇ ਵੀ ਗਲ ਪਿਆ ਢੋਲ ਵਜਾਉਣਾ ਪੈ ਰਿਹਾ ਹੈ। ਇਸ ਤੋਂ ਛੁੱਟ ਸਰਕਾਰਾਂ ਵਲੋਂ ਫੋਕਲ ਪੁਆਇੰਟਾਂ ਦੀ ਸਥਾਪਨਾ ਦੀ ਸਫਲਤਾ ਦੇਖੀਏ ਤਾਂ ਛੁਟ-ਪੁਟ ਨੂੰ ਛੱਡ ਕੇ ਬਾਕੀ ਥਾਵਾਂ ਤੇ ਭੰਗ ਭੁੱਜਦੀ ਹੈ ਜਦਕਿ ਜ਼ਰਖੇਜ਼ ਜ਼ਮੀਨ ਜਾਂਦੀ ਲੱਗੀ ਹੈ।

ਕਿਸੇ ਵੀ ਸਮਾਜ ਨੂੰ ਵਿਕਾਸ ਦਾ ਲਾਭ ਤਾਂ ਹੀ ਮਿਲ ਸਕਦਾ ਹੈ, ਜੇ ਉਹ ਲੋਕ-ਪੱਖੀ ਨੀਤੀਆਂ ਤਹਿਤ ਕੀਤਾ ਜਾਵੇ। ਨਾਲ ਹੀ ਵਿਕਾਸ ਨੂੰ ਸਮੇਂ ਦੀ ਜ਼ਰੂਰਤ, ਉਪਲਭਧ ਸਾਧਨਾਂ ਅਤੇ ਸਮਾਜ ਤੇ ਪੈਣ ਵਾਲੇ ਸਮਾਜਿਕ ਤੇ ਸਭਿਆਚਾਰਕ ਪ੍ਰਭਾਵਾਂ ਦੇ ਮੱਦੇਨਜ਼ਰ ਹੀ ਸਾਰਥਕ ਕਿਹਾ ਜਾ ਸਕਦਾ ਹੈ। ਸ਼ਾਮਲਾਟ ਜ਼ਮੀਨ ਸਾਂਝੇ ਪੇਂਡੂ ਜੀਵਨ ਦੀ ਧੜਕਣ ਸਮਾਨ ਹੈ ਜਿਸ ਨੂੰ ਬਰਕਰਾਰ ਰੱਖਣ ਦੀ ਜ਼ਰੂਰਤ ਹੈ। ਇਸ ਲਈ ਪੰਜਾਬ ਸਰਕਾਰ ਨੂੰ ਆਪਣੇ ਫੈਸਲੇ ਤੇ ਮੁੜ ਗੌਰ ਕਰਨਾ ਚਾਹੀਦਾ ਹੈ ਅਤੇ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਦੀ ਥਾਂ ਸਨਅਤਾਂ ਵਾਸਤੇ ਹੋਰ ਯੋਗ ਥਾਵਾਂ ਸਨਅਤਾਂ ਨੂੰ ਮੁਹਈਆ ਕਰਵਾਈਆਂ ਜਾਣ ਤਾਂ ਜੋ ਸਨਅਤੀ ਵਿਕਾਸ ਦੇ ਨਾਲ-ਨਾਲ ਪੇਂਡੂ ਜੀਵਨ ਦੀ ਤੋਰ ਵੀ ਰਵਾਂ ਬਣੀ ਰਹੇ।

*ਹੁਣ ਐਨ ਸਪਸ਼ਟ ਹੋ ਗਿਆ ਹੈ ਕਿ ਦਿੱਲੀ ਵਿਚ ਹਾਲ ਹੀ ਵਿਚ ਹੋਏ ਦੰਗੇ ਕੇਂਦਰੀ ਸਰਕਾਰ ਦੀ ਸੋਚੀ-ਸਮਝੀ ਰਣਨੀਤੀ ਦਾ ਹਿੱਸਾ ਸਨ। ਇਨ੍ਹਾਂ ਦੰਗਿਆਂ ਤੋਂ ਬਾਅਦ ਸਰਕਾਰ ਦਾ ਜੋ ਵਿਹਾਰ ਸਾਹਮਣੇ ਆ ਰਿਹਾ ਹੈ, ਉਸ ਤੋਂ ਸਾਫ ਹੋ ਜਾਣਾ ਚਾਹੀਦਾ ਹੈ ਕਿ ਨੇੜਲੇ ਭਵਿਖ ਵਿਚ ਭਾਰਤ ਅੰਦਰ ਹੋਰ ਥਾਂਈਂ ਵੀ ਅਜਿਹੀਆਂ ਵਾਰਦਾਤਾਂ ਹੋ ਸਕਦੀਆਂ ਹਨ। ਧਰੁਵੀਕਰਨ ਦੀ ਸਿਆਸਤ ਰਾਹੀਂ ਹਿੰਦੂਤਵਵਾਦੀਆਂ ਦੇ ਹੱਕ ਵਿਚ ਪਹਿਲਾਂ ਹੀ ਮਾਹੌਲ ਬਣਾਇਆ ਜਾ ਚੁਕਾ ਹੈ। ਇਸ ਲਈ ਸੰਜੀਦਾ ਲੋਕਾਂ ਅਤੇ ਜਥੇਬੰਦੀਆਂ ਨੂੰ ਇਸ ਫਿਰਕੂਵਾਦ ਦਾ ਸਾਹਮਣਾ ਕਰਨ ਲਈ ਆਪਣੀਆਂ ਭਵਿਖ ਦੀਆਂ ਰਣਨੀਤੀਆਂ ਬਾਰੇ ਗੰਭੀਰਤਾ ਨਾਲ ਸੋਚ-ਵਿਚਾਰ ਕਰਨੀ ਚਾਹੀਦੀ ਹੈ। -ਸੰਪਾਦਕ*

# ਦਿੱਲੀ ਹਿੰਸਾ ਲਈ ਜ਼ਿੰਮੇਵਾਰ ਕੌਣ?

**ਅਭੈ ਕੁਮਾਰ ਦੂਬੇ**

ਦਿੱਲੀ ਦੰਗਿਆਂ ਬਾਰੇ ਇਕ ਤੋਂ ਬਾਅਦ ਇਕ, ਕਈ ਵੀਡੀਓ ਸਾਹਮਣੇ ਲਿਆਂਦੇ ਜਾ ਰਹੇ ਹਨ। ਇਹ ਕੰਮ ਸਰਕਾਰ ਅਤੇ ਪੁਲਿਸ ਦੀ ਤਰਫਦਾਰੀ ਕਰਨ ਵਾਲੇ ਪੱਖ ਵਲੋਂ ਵੀ ਹੋ ਰਿਹਾ ਹੈ ਅਤੇ ਖੁਦ ਨੂੰ ਧਰਮ-ਨਿਰਪੱਖ ਅਤੇ ਘੱਟ-ਗਿਣਤੀਆਂ ਲਈ ਫਿਕਰਮੰਦ ਹੋਣ ਵਾਲਿਆਂ ਵਲੋਂ ਵੀ ਹੋ ਰਿਹਾ ਹੈ। ਦੋਵਾਂ ਪਾਸਿਆਂ ਨੂੰ ਦੇਖ ਕੇ ਇਕ ਨਤੀਜੇ 'ਤੇ ਪਹੁੰਚਣਾ ਸੌਖਾ ਹੈ ਕਿ ਜਾਫਰਾਬਾਦ ਵਿਚ ਨਵੇਂ ਨਾਗਰਿਕਤਾ ਕਾਨੂੰਨ ਦਾ ਵਿਰੋਧ ਕਰਨ ਵਾਲੀਆਂ ਔਰਤਾਂ ਵਲੋਂ ਸੜਕ 'ਤੇ ਧਰਨਾ ਦਿੱਤੇ ਜਾਣ ਤੋਂ ਬਾਅਦ ਕਾਨੂੰਨ ਦੇ ਸਮਰਥਕਾਂ ਨੇ ਹਮਲਾਵਰ ਰਵੱਈਆ ਅਪਨਾਇਆ। ਉਨ੍ਹਾਂ ਦਾ ਜਵਾਬ ਘੱਟ-ਗਿਣਤੀਆਂ ਵਲੋਂ ਵੀ ਦਿੱਤਾ ਗਿਆ। ਇਸ ਤਰ੍ਹਾਂ ਹਿੰਸਾ ਬਨਾਮ ਹਿੰਸਾ ਦਾ ਕੁਟਲ ਚੱਕਰ ਸ਼ੁਰੂ ਹੋ ਗਿਆ ਸੀ।

ਦੰਗਾਕਾਰੀ ਅਨਸਰਾਂ ਨੂੰ ਨਿਰਪੱਖ ਦ੍ਰਿਸ਼ਟੀ ਨਾਲ ਦੇਖਣ ਨਾਲ ਦੋ ਗੱਲਾਂ ਸਮਝ 'ਚ ਆਉਂਦੀਆਂ ਹਨ। ਪਹਿਲੀ ਸ਼ਾਹੀਨ ਬਾਗ ਦੀ ਤਰਜ਼ 'ਤੇ ਜਾਫਰਾਬਾਦ ਵਿਚ ਵੀ ਸੜਕ ਜਾਮ ਧਰਨਾ ਸ਼ੁਰੂ ਕਰਨ ਦੀ ਪ੍ਰੇਰਨਾ ਅੰਦੋਲਨਕਾਰੀ ਔਰਤਾਂ ਨੂੰ ਸ਼ਾਇਦ ਕੁਝ ਸਿਆਸੀ ਅਨਸਰਾਂ ਤੋਂ ਹੀ ਮਿਲੀ ਹੋਵੇਗੀ। ਇਸ ਵਿਚ ਭੀਮ ਆਰਮੀ ਵਲੋਂ ਕੀਤੀ ਗਈ ਭਾਰਤ ਬੰਦ ਦੀ ਅਪੀਲ ਦੀ ਵੀ ਕੁਝ ਨਾ ਕੁਝ ਭੂਮਿਕਾ ਹੋਵੇਗੀ। ਕੁਝ ਦਿਨਾਂ ਤੋਂ ਇਸ ਤਰ੍ਹਾਂ ਦੇ ਚਰਚੇ ਸੁਣਨ ਨੂੰ ਮਿਲਣ ਲੱਗੇ ਸਨ ਕਿ ਘੱਟ-ਗਿਣਤੀਆਂ ਅਤੇ ਦਲਿਤਾਂ ਦਰਮਿਆਨ ਨਾਗਰਿਕਤਾ ਦੇ ਸਵਾਲ 'ਤੇ ਇਕ ਤਰ੍ਹਾਂ ਦਾ ਗੱਠਜੋੜ ਹੋ ਸਕਦਾ ਹੈ। ਦੂਜੇ ਪਾਸੇ, ਉਸ ਧਰਨੇ ਨੂੰ ਨਾਕਾਮ ਕਰਨ ਦੇ ਨਾਲ-ਨਾਲ ਕਾਨੂੰਨ ਦੇ ਵਿਰੋਧੀਆਂ ਨੂੰ ਸਬਕ ਸਿਖਾਉਣ ਦੀ ਯੋਜਨਾ ਪਿੱਛੇ ਵੀ ਰਾਜਨੀਤਕ ਪ੍ਰੇਰਨਾ ਹੋਵੇਗੀ। ਜਿਥੋਂ ਤੱਕ ਪੁਲਿਸ ਦੀ ਭੂਮਿਕਾ ਦਾ ਸਵਾਲ ਹੈ, ਬਿਨਾਂ ਕਿਸੇ ਸ਼ੱਕ ਦੇ ਕਿਹਾ ਜਾ ਸਕਦਾ ਹੈ ਕਿ ਉਹ ਪੂਰੀ ਤਰ੍ਹਾਂ ਨਾਲ ਨਾਗਰਿਕਤਾ ਕਾਨੂੰਨ ਦੇ ਹਿੰਸਕ ਸਮਰਥਕਾਂ ਦੇ ਨਾਲ ਸੀ।

ਕਰੋਨਾ ਵਾਇਰਸ ਦੀਆਂ ਖਬਰਾਂ ਦੇ ਪ੍ਰਮੁੱਖਤਾ ਪ੍ਰਾਪਤ ਕਰ ਲੈਣ ਨਾਲ ਹੋਇਆ ਇਹ ਹੈ ਕਿ ਮੀਡੀਆ ਵਿਚ ਸ਼ਾਹੀਨ ਬਾਗ ਦੀਆਂ ਔਰਤਾਂ ਦੇ ਧਰਨੇ ਅਤੇ ਉਤਰ ਪੂਰਬੀ ਦਿੱਲੀ ਦੀਆਂ ਫਿਰਕੂ ਹਿੰਸਾ ਦੀਆਂ ਖਬਰਾਂ ਹਾਸ਼ੀਏ 'ਤੇ ਚਲੀਆਂ ਗਈਆਂ ਹਨ ਪਰ ਇਸ ਦੇ ਬਾਵਜੂਦ ਇਸ ਬਹਿਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਇਸ ਲਈ ਜ਼ਿੰਮੇਵਾਰ ਕਿਸ ਨੂੰ ਠਹਿਰਾਇਆ ਜਾਣਾ ਚਾਹੀਦਾ ਹੈ? ਯਾਦ ਰਹੇ ਕਿ ਦਿੱਲੀ ਨੂੰ ਹਿੰਦੂ-ਮੁਸਲਮਾਨ ਫਿਰਕੂ ਹਿੰਸਾ ਦੇ ਪ੍ਰਸੰਗ ਵਿਚ ਸੰਵੇਦਨਸ਼ੀਲ ਸ਼ਹਿਰਾਂ ਦੀ ਸ਼੍ਰੇਣੀ ਵਿਚ ਨਹੀਂ ਰੱਖਿਆ ਜਾਂਦਾ। 1950 ਤੋਂ 1995 ਤੱਕ ਪੂਰੇ ਪੰਤਾਲੀ ਸਾਲਾਂ ਵਿਚ ਇਸ ਮਹਾਨਗਰ ਵਿਚ ਇਸ ਤਰ੍ਹਾਂ ਦੀ ਹਿੰਸਾ ਕਾਰਨ ਸਿਰਫ 50 ਲੋਕ ਮਾਰੇ ਜਾਣ ਦਾ ਤੱਥ ਰਿਕਾਰਡ ਵਿਚ ਦਰਜ ਹੈ।

ਦੂਜੇ ਪਾਸੇ ਇਹ ਵੀ ਇਕ ਸੱਚਾਈ ਹੈ ਕਿ 1990 ਦੇ ਦਹਾਕੇ ਤੋਂ ਹੀ ਇਸ ਸ਼ਹਿਰ ਵਿਚ ਮੁਸਲਮਾਨਾਂ ਦੀਆਂ ਰਿਹਾਇਸ਼ਾਂ ਹਿੰਦੂਆਂ ਨਾਲੋਂ ਵੱਖ-ਵੱਖ ਹੋ ਰਹੀਆਂ ਹਨ ਅਤੇ ਹੌਲੀ-ਹੌਲੀ ਮਿਲੀਆਂ-ਜੁਲੀਆਂ ਰਿਹਾਇਸ਼ਾਂ ਦੀਆਂ ਬਸਤੀਆਂ ਨਾ ਦੇ ਬਰਾਬਰ ਹੀ ਰਹਿ ਗਈਆਂ ਹਨ। ਅਜਿਹੀ ਹਾਲਤ ਵਿਚ ਫਿਰਕੂ ਵਾਰਦਾਤਾਂ ਨਾ ਹੋਣ ਦੀ ਉਪਲਬਧੀ ਮੁੱਖ ਰੂਪ ਨਾਲ ਧਾਰਮਿਕ ਵੱਖਵਾਦ ਦੀ ਦੇਣ ਹੁੰਦੀ ਹੈ, ਨਾ ਕਿ ਧਾਰਮਿਕ ਮਿਸ਼ਰਨ ਦੇ ਬਾਵਜੂਦ ਸਾਂਝ ਦੀ। ਫਿਰਕੂ ਹਿੰਸਾ ਦੇ ਮੌਜੂਦਾ ਪ੍ਰਸੰਗ ਵਿਚ ਭਾਜਪਾ ਦੇ ਸਮਰਥਕਾਂ ਦਾ ਸਪਸ਼ਟ ਦੋਸ਼ ਹੈ ਕਿ ਅਮਰੀਕੀ ਰਾਸ਼ਟਰਪਤੀ ਦੇ ਭਾਰਤ ਦੌਰੇ 'ਤੇ ਉਨ੍ਹਾਂ ਦਾ ਧਿਆਨ ਖਿੱਚਣ ਲਈ ਨਵੇਂ ਨਾਗਰਿਤਾ ਕਾਨੂੰਨ ਦੇ ਵਿਰੋਧੀਆਂ ਨੇ (ਭਾਜਪਾ ਦੀ ਭਾਸ਼ਾ ਵਿਚ ਇਸ ਦਾ ਭਾਵ ਹੁੰਦਾ ਹੈ ਵਿਰੋਧੀ ਧਿਰ ਅਤੇ ਮੁਸਲਮਾਨ ਭਾਈਚਾਰਾ) ਜਾਫਰਾਬਾਦ, ਮੌਜਪੁਰ, ਚਾਂਦਪੁਰ ਅਤੇ ਖਜੂਰੀ ਖਾਸ ਜਿਹੀਆਂ ਥਾਂਵਾਂ 'ਤੇ ਯੋਜਨਾਬੱਧ ਤਰੀਕੇ ਨਾਲ ਫਿਰਕੂ ਤਣਾਅ ਦੀ ਹਾਲਤ ਬਣਾਈ। ਸਬੂਤ ਦੇ ਤੌਰ 'ਤੇ ਪਿਸਤੌਲ ਲਹਿਰਾਉਂਦੇ ਹੋਏ ਸ਼ਾਹਰੁਖ ਨਾਂ ਦੇ ਨੌਜਵਾਨ ਅਤੇ ਕਥਿਤ ਤੌਰ 'ਤੇ ਆਮ ਆਦਮੀ ਪਾਰਟੀ ਦੇ ਕੌਂਸਲਰ ਦੇ ਘਰ ਹੋਈ ਆਈ.ਬੀ. ਦੇ ਇਕ ਕਾਂਸਟੇਬਲ ਦੀ ਹੱਤਿਆ ਨੂੰ ਪੇਸ਼ ਕਰਦੇ ਹਨ।

ਭਾਜਪਾ ਅਤੇ ਸੰਘ ਪਰਿਵਾਰ ਦੇ ਸਮਰਥਕਾਂ ਨੂੰ ਛੱਡ ਕੇ ਬਾਕੀ ਸਾਰੇ ਸਿਆਸੀ ਦਲ (ਇਨ੍ਹਾਂ ਵਿਚ ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ, ਰਾਸ਼ਟਰੀ ਲੋਕ ਜਨ ਸ਼ਕਤੀ ਪਾਰਟੀ ਦੇ ਰਾਮ ਵਿਲਾਸ ਪਾਸਵਾਨ ਜਿਹੇ ਭਾਜਪਾ ਦੇ ਸਹਿਯੋਗੀ ਵੀ ਸ਼ਾਮਿਲ ਹਨ) ਦੀ ਮਾਨਤਾ ਹੈ ਕਿ ਇਹ ਸਭ ਭਾਜਪਾ ਦਾ ਕੀਤਾ ਕਰਾਇਆ ਹੈ। ਹਿੰਦੂ ਰਾਸ਼ਟਰਵਾਦੀ ਇਸ ਖੇਤਰ ਦੇ ਮੁਸਲਮਾਨਾਂ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ, ਕਿਉਂਕਿ ਉਨ੍ਹਾਂ ਨੇ ਚੋਣਾਂ ਵਿਚ ਭਾਜਪਾ ਵਿਰੋਧੀ ਵੋਟਾਂ ਪਾਈਆਂ ਸਨ ਅਤੇ ਇਸ ਲਈ ਭਾਜਪਾ ਦੇ ਉਮੀਦਵਾਰ ਥੋੜ੍ਹੇ-ਥੋੜ੍ਹੇ ਫਰਕ ਨਾਲ ਚੋਣਾਂ ਹਾਰ ਗਏ ਸਨ। ਇਸ ਧਿਰ ਕੋਲ ਵੀ ਆਪਣੀ ਗੱਲ ਨੂੰ ਸਹੀ ਸਾਬਤ ਕਰਨ ਦੇ ਲਈ ਸਬੂਤਾਂ ਦੀ ਘਾਟ ਨਹੀਂ ਹੈ।



ਦਰਅਸਲ, ਇਸ ਧਿਰ ਦੇ ਕੋਲ ਬਹੁਤ ਸਬੂਤ ਹਨ ਜਿਨ੍ਹਾਂ ਵਿਚ ਮੁੱਖ ਹੈ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਚੁੱਕੇ ਕਪਿਲ ਮਿਸ਼ਰਾ ਦੀ ਖੁੱਲ੍ਹੀ ਧਮਕੀ, ਜ਼ਹਿਰੀ ਭਾਸ਼ਣ, ਬਜਰੰਗ ਦਲ ਦੇ ਲੋਕਾਂ ਵਲੋਂ ਇਲਾਕੇ ਵਿਚ ਦੋ ਟਰੱਕ ਭਰ ਕੇ ਪੱਥਰ ਲਿਆਉਣਾ ਅਤੇ ਦਿੱਲੀ ਪੁਲਿਸ ਦਾ ਉਹ ਰਵੱਈਆ ਜਿਸ ਦੇ ਤਹਿਤ ਉਹ ਸਾੜਫੂਕ, ਪੱਥਰਬਾਜ਼ੀ ਅਤੇ ਹਿੰਸਾ ਕਰਨ ਵਾਲੇ ਨਾਗਰਿਕਤਾ ਕਾਨੂੰਨ ਸਮਰਥਕਾਂ ਦੇ ਸੜਕਾਂ 'ਤੇ ਉਤਰਦਿਆਂ ਹੀ ਹੱਥਾਂ 'ਤੇ ਹੱਥ ਧਰ ਕੇ ਪਾਸੇ ਹੋ ਜਾਂਦੇ ਸਨ।

ਇਨ੍ਹਾਂ ਦੰਗਿਆਂ ਦੇ ਬਾਰੇ ਸਮਾਜ-ਵਿਗਿਆਨਕ ਮਾਹਿਰਾਂ ਦੇ ਪ੍ਰਤੀਕਰਮਾਂ ਵਿਚ ਵੀ ਕਾਫੀ ਤਣਾਤਣੀ ਹੈ। ਮਸਲਨ, ਜਿਆਂ ਦ੍ਰੇਜ਼ ਜਿਹੇ ਬੁੱਧੀਜੀਵੀ ਕਾਰਕੁਨ ਮੰਨਦੇ ਹਨ ਕਿ ਦਿੱਲੀ ਵਿਚ ਜੋ ਕੁਝ ਹੋ ਰਿਹਾ ਹੈ, ਉਹ ਉਚ ਜਾਤੀਆਂ (ਬ੍ਰਾਹਮਣ, ਠਾਕੁਰ, ਬਾਣੀਆ) ਵਲੋਂ ਹਿੰਦੁਤਵ ਦੀ ਨੁਮਾਇੰਦਗੀ ਕਰਨ ਵਾਲਾ ਹਮਲਾਵਰ ਅਕਸ ਹੈ। ਸ਼ਾਇਦ ਉਹ ਕਹਿਣਾ ਇਹ ਚਾਹੁੰਦੇ ਹਨ ਕਿ ਇਸ ਦਾ ਨਿਸ਼ਾਨਾ ਕਮਜ਼ੋਰ ਜਾਤੀਆਂ ਅਤੇ ਮੁਸਲਮਾਨਾਂ ਦੀ ਨਾਗਰਿਕਤਾ ਕਾਨੂੰਨ ਵਿਰੋਧੀ ਅੰਦੋਲਨਕਾਰੀ ਏਕਤਾ ਹੈ। ਦੂਜੇ ਪਾਸੇ ਕ੍ਰਿਸਟੋਫ ਜੈਫ੍ਰਲੋ ਜਿਹੇ ਵਿਦਵਾਨ ਦਿਖਾ ਰਹੇ ਹਨ ਕਿ ਇਹ 'ਗੈਰ ਬ੍ਰਾਹਮਣਵਾਦੀ ਹਿੰਦੁਤਵ' ਦੀਆਂ ਤਾਕਤਾਂ ਦਾ ਕੀਤਾ ਕਰਾਇਆ ਹੈ। ਜੈਫ੍ਰਲੋ ਨੇ ਸੁਧਾ ਪਾਈ ਅਤੇ ਸੱਜਣ ਕੁਮਾਰ ਦੀ ਲਿਖੀ ਕਿਤਾਬ 'ਐਵਰੀਡੇਅ ਕਮਿਊਨਲਿਜ਼ਮ: ਰਾਇਟਸ ਇਨ ਕੰਟੈਮਪਰੇਰੀ ਉਤਰ ਪ੍ਰਦੇਸ਼' ਦੇ ਸਿੱਟਿਆਂ ਦਾ ਹਵਾਲਾ ਦਿੰਦਿਆਂ ਦਲੀਲ ਦਿੱਤੀ ਹੈ ਕਿ ਹਿੰਦੂ ਬਹੁਗਿਣਤੀਵਾਦ ਦੀ ਨਵੀਂ ਰਣਨੀਤੀ ਦੇ ਦੋ ਪਹਿਲੂ ਹਨ। ਪਹਿਲਾ, ਹੁਣ ਉਹ ਕਦੀ-ਕਦੀ ਕਰਵਾਏ ਜਾਣ ਵਾਲੇ ਵੱਡੇ ਪੱਧਰ ਦੇ ਦੰਗਿਆਂ ਵਿਚ ਵਿਸ਼ਵਾਸ ਨਹੀਂ ਰੱਖਦਾ ਅਤੇ ਫਿਰਕੂ ਹਿੰਸਾ ਦੇ ਤਵੇ ਹੇਠਾਂ ਮੱਠੀ ਅੱਗ 'ਤੇ ਸੁਲਗਈ ਰੱਖਣ ਦੀ ਰਣਨੀਤੀ 'ਤੇ ਚਲਦਾ ਹੈ ਤਾਂ ਕਿ ਫਿਰਕੂ ਤਣਾਅ ਹਮੇਸ਼ਾ ਬਰਕਰਾਰ ਰਹੇ ਅਤੇ ਨਤੀਜੇ ਵਜੋਂ ਹਿੰਦੁਤਵਵਾਦੀ ਚੇਤਨਾ 'ਤੇ ਲਗਾਤਾਰ ਪੁੱਠ ਚੜ੍ਹਾਈ ਜਾਂਦੀ ਰਹੇ। ਦੂਜਾ, ਇਸ ਫਿਰਕੂ ਰਣਨੀਤੀ ਦੇ ਕੇਂਦਰ ਵਿਚ ਮੁੱਖ ਤੌਰ 'ਤੇ ਓ.ਬੀ.ਸੀ. ਅਤੇ ਹੋਰ ਕਮਜ਼ੋਰ ਜਾਤੀਆਂ ਨਾਲ ਸਬੰਧਿਤ ਅੰਸ਼ ਹਨ। ਇਨ੍ਹਾਂ ਲੋਕਾਂ ਦੀ ਗਊ ਰੱਖਿਆ, ਘਰ ਵਾਪਸੀ ਅਤੇ ਲਵ ਜਹਾਦ ਜਿਹੀਆਂ ਫੁੱਟ ਪਾਉਣ ਵਾਲੀਆਂ ਮੁਹਿੰਮਾਂ ਰਾਹੀਂ ਲਗਾਤਾਰ ਲਾਮਬੰਦੀ ਹੁੰਦੀ ਰਹਿੰਦੀ ਹੈ। ਪਿਛਲੇ ਸਾਢੇ ਪੰਜ ਸਾਲ ਵਿਚ ਸੰਘ ਪਰਿਵਾਰ ਦੀ ਇਸ 'ਘੱਟ ਤੀਬਰਤਾ ਵਾਲੀ ਰਣਨੀਤੀ' ਨਾਲ ਹਿੰਦੂ ਸਮਾਜ ਵਿਚ ਹਿੰਦੁਤਵਵਾਦੀ ਚੇਤਨਾ ਬਹੁਤ ਮਜ਼ਬੂਤ ਹੋਈ ਹੈ।

ਇਕ ਤੀਜਾ ਵਿਸ਼ਲੇਸ਼ਣ ਸਵਾਮੀਨਾਥਨ ਅਈਅਰ ਦਾ ਹੈ। ਉਹ ਮੰਨਦੇ ਹਨ ਕਿ ਦਿੱਲੀ ਦੇ ਦੰਗਿਆਂ ਨੇ ਮੋਦੀ ਸਰਕਾਰ ਦੇ 'ਗੁੱਡ ਗਵਰਨੈਂਸ' ਦੇ ਦਾਅਵੇ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ। ਇਸ ਪ੍ਰਕਿਰਿਆ ਨੇ 1984 ਦੀ ਦਿੱਲੀ ਦੀ ਸਿੱਖ ਵਿਰੋਧੀ ਹਿੰਸਾ ਅਤੇ 2002 ਦੀ ਗੁਜਰਾਤ ਦੀ ਮੁਸਲਮਾਨ ਵਿਰੋਧੀ ਹਿੰਸਾ ਦੀ ਯਾਦ ਦਿਵਾ ਦਿੱਤੀ ਹੈ। ਦਿਲਚਸਪ ਗੱਲ ਇਹ ਹੈ ਕਿ ਸਵਾਮੀਨਾਥਨ ਸ਼ਾਹੀਨ ਬਾਗ ਦੇ ਧਰਨੇ ਦੇ ਲੋਕਤੰਤਰੀ ਕਿਰਦਾਰ ਦੀ ਸਿਫਤ ਕਰਦਿਆਂ ਵੀ ਉਸ ਦੇ ਅੰਦੋਲਨਕਾਰੀ ਮਾਡਲ ਨੂੰ ਆੜੇ ਹੱਥੀਂ ਲੈਂਦੇ ਹਨ। ਉਹ ਮੰਨਦੇ ਹਨ ਕਿ ਜੇ ਇਸ ਧਰਨੇ ਨੂੰ ਪਹਿਲਾਂ ਹੀ ਸੜਕ ਤੋਂ ਹਟਾ ਕੇ ਨੇੜਲੇ ਸਥਾਨ 'ਤੇ ਕਰ ਦਿੱਤਾ ਜਾਂਦਾ ਤਾਂ ਇਸ ਦੇ ਦੋ ਲਾਭ ਹੁੰਦੇ। ਭਾਜਪਾ ਇਸ ਨੂੰ ਫਿਰਕੂ ਤਣਾਅ ਦੇ ਸਰੋਤ ਵਾਂਗ ਨਾ ਵਰਤ ਸਕਦੀ ਅਤੇ ਹਜ਼ਾਰਾਂ ਲੋਕਾਂ ਨੂੰ ਆਵਾਜਾਈ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪੈਂਦਾ।

ਇਨ੍ਹਾਂ ਵਿਸ਼ਲੇਸ਼ਣਾਂ ਦੀ ਰੌਸ਼ਨੀ ਵਿਚ ਨਾਗਰਿਕ ਸਮਾਜ ਨੂੰ ਫਿਰਕੂਵਾਦ ਦਾ ਸਾਹਮਣਾ ਕਰਨ ਲਈ ਆਪਣੀਆਂ ਭਵਿਖ ਦੀਆਂ ਰਣਨੀਤੀਆਂ 'ਤੇ ਠੰਢੇ ਦਿਮਾਗ ਨਾਲ ਸੋਚਣਾ ਚਾਹੀਦਾ ਹੈ। ਨੇੜਲੇ ਭਵਿਖ ਵਿਚ ਸ਼ਾਹੀਨ ਬਾਗ ਜਿਹੀਆਂ ਘਟਨਾਵਾਂ ਵੀ ਹੋਰ ਵਾਪਰਨਗੀਆਂ, ਨਾਲ ਹੀ ਦੇਸ਼ ਵਿਚ ਪਤਾ ਨਹੀਂ ਕਿੰਨੀਆਂ ਥਾਂਵਾਂ 'ਤੇ ਉਤਰ ਪੂਰਬੀ ਦਿੱਲੀ ਦੀ ਕਹਾਣੀ ਵਾਰ-ਵਾਰ ਵਾਪਰੇਗੀ।

# ਦਿੱਲੀ ਪੁਲਿਸ ਦੀ 'ਹਿੰਸਾ'

**ਉਪੇਂਦਰ ਪ੍ਰਸਾਦ**

1984 ਤੋਂ ਬਾਅਦ ਦਿੱਲੀ ਇਕ ਵਾਰ ਫਿਰ ਦੰਗਿਆਂ ਦੇ ਦੌਰ 'ਚੋਂ ਗੁਜ਼ਰ ਰਹੀ ਹੈ; ਹਾਲਾਂਕਿ ਹੁਣ ਇਹ ਸ਼ਾਂਤੀ ਵੱਲ ਪਰਤ ਰਹੀ ਹੈ ਪਰ ਹਿੰਸਾ ਫੈਲਾਉਣ ਵਾਲੇ ਲੋਕ ਸੋਸ਼ਲ ਮੀਡੀਆ ਅਤੇ ਮੁੱਖਧਾਰਾ ਦੇ ਮੀਡੀਏ ਦੀ ਸਹਾਇਤਾ ਨਾਲ ਅਜੇ ਵੀ ਨਫਰਤ ਅਤੇ ਘ੍ਰਿਣਾ ਫੈਲਾਉਣ ਦੀ ਕੋਸ਼ਿਸ਼ ਵਿਚ ਰੁੱਝੇ ਹੋਏ ਹਨ। ਹੁਣ ਤੱਕ 50 ਤੋਂ ਉਪਰ ਮੌਤਾਂ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਦੋਵਾਂ ਭਾਈਚਾਰਿਆਂ ਦੇ ਲੋਕ ਸ਼ਾਮਿਲ ਹਨ। ਕੁਝ ਲਾਸ਼ਾਂ ਦੀ ਤਾਂ ਅਜੇ ਸ਼ਨਾਖਤ ਵੀ ਨਹੀਂ ਹੋ ਸਕੀ। ਦੇਸ਼ ਦੀ ਰਾਜਧਾਨੀ ਦਿੱਲੀ ਦੀ ਇਹ ਹਿੰਸਾ ਪੂਰੀ ਦੁਨੀਆਂ ਵਿਚ ਭਾਰਤ ਦੀ ਬਦਨਾਮੀ ਦਾ ਕਾਰਨ ਬਣ ਰਹੀ ਹੈ ਅਤੇ ਮਹਾਤਮਾ ਬੁੱਧ, ਮਹਾਂਵੀਰ ਤੇ ਮਹਾਤਮਾ ਗਾਂਧੀ ਦਾ ਇਹ ਦੇਸ਼ ਹਿੰਸਕ ਦੇਸ਼ ਦਾ ਅਕਸ ਪ੍ਰਾਪਤ ਕਰ ਰਿਹਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਦਿੱਲੀ ਪੁਲਿਸ ਚਾਹੁੰਦੀ ਤਾਂ ਦੰਗੇ ਨਾ ਹੁੰਦੇ। ਪੁਲਿਸ ਨੇ ਵੇਲੇ ਸਿਰ ਕਾਰਵਾਈ ਨਹੀਂ ਕੀਤੀ ਅਤੇ ਨਾ ਸਿਰਫ ਕਈ ਮੌਕਿਆਂ 'ਤੇ ਮੂਕ ਦਰਸ਼ਕ ਬਣੀ ਰਹੀ, ਸਗੋਂ ਕੁਝ ਮੌਕਿਆਂ 'ਤੇ ਤਾਂ ਖੁਦ ਦੰਗੇ ਕਰਦੀ ਵੀ ਦਿਸੀ। ਦਿੱਲੀ ਪੁਲਿਸ ਦੀ ਭੂਮਿਕਾ ਦਾ ਜਿਥੋਂ ਤੱਕ ਸਵਾਲ ਹੈ ਤਾਂ ਉਹ 1984 ਦੀ ਭੂਮਿਕਾ ਵਿਚ ਦਿਖਾਈ ਦੇ ਰਹੀ ਸੀ। 1984 ਵਿਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਪੁਲਿਸ ਨੇ ਇਹੀ ਭੂਮਿਕਾ ਨਿਭਾਈ ਸੀ। ਉਸ ਸਮੇਂ ਸਿੱਖਾਂ ਨੂੰ ਮਾਰਿਆ ਜਾ ਰਿਹਾ ਸੀ ਅਤੇ ਪੁਲਿਸ ਤਮਾਸ਼ਬੀਨ ਬਣੀ ਹੋਈ ਸੀ। ਮਰ ਰਹੇ ਲੋਕ ਪੁਲਿਸ ਨੂੰ ਮਦਦ ਦੀ ਚੀਕ ਰਹੇ ਸਨ ਪਰ ਪੁਲਿਸ ਅਜਿਹਾ ਵਿਹਾਰ ਕਰ ਰਹੀ ਸੀ, ਜਿਵੇਂ ਉਸ ਨੂੰ ਕੁਝ ਪਤਾ ਹੀ ਨਾ ਹੋਵੇ।

ਐਤਕੀਂ ਵੀ ਇਸੇ ਤਰ੍ਹਾਂ ਹੋਇਆ ਹਾਲਾਂਕਿ ਫਰਕ ਇਹ ਸੀ ਕਿ 1984 ਵਿਚ ਦੰਗਾਕਾਰੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਇਸੇ ਕਾਰਨ ਉਹ 1984 ਨੂੰ ਦੁਹਰਾਅ ਨਹੀਂ ਸਕੇ। ਦੰਗਾਕਾਰੀਆਂ ਵਲੋਂ 1984 ਨੂੰ ਦੁਹਰਾਉਣ ਵਿਚ ਅਸਫਲ ਰਹਿਣ ਦਾ ਇਕ ਕਾਰਨ ਇਹ ਵੀ ਸੀ ਕਿ ਹਿੰਦੂਆਂ ਨੇ ਮੁਸਲਮਾਨਾਂ ਨੂੰ ਜਿਵੇਂ ਕਿਵੇਂ ਬਚਾਇਆ ਅਤੇ ਆਪਣੇ ਘਰਾਂ ਵਿਚ ਸ਼ਰਨ ਵੀ ਦਿੱਤੀ। ਮੁਸਲਮਾਨ ਬਹੁਗਿਣਤੀ ਇਲਾਕਿਆਂ ਵਿਚ ਮੁਸਲਮਾਨਾਂ ਨੇ ਵੀ ਆਪਣੇ ਹਿੰਦੂ ਗੁਆਂਢੀਆਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਪਰ ਜੋ ਹੋਇਆ, ਉਹ ਵੀ ਘੱਟ ਨਹੀਂ ਸੀ। ਇਸ ਦੰਗੇ ਦੀ ਸ਼ੁਰੂਆਤ ਵਿਚ ਇਕ ਪੁਲਿਸ ਜਵਾਨ ਦੀ ਮੌਤ ਹੋਈ ਅਤੇ ਡੀ.ਸੀ.ਪੀ. ਪੱਧਰ ਦਾ ਇਕ ਅਧਿਕਾਰੀ ਮਰਦੇ-ਮਰਦੇ ਬਚਿਆ। ਹੈਰਾਨੀ ਦੀ ਗੱਲ ਇਹ ਹੈ ਕਿ ਜੋ ਡੀ.ਸੀ.ਪੀ. ਅਜੇ ਹਸਪਤਾਲ ਵਿਚ ਹੈ, ਸਭ ਤੋਂ ਵੱਡੀ ਗਲਤੀ ਉਸੇ ਨੇ ਕੀਤੀ ਸੀ। ਦੰਗਿਆਂ ਲਈ ਜੇ ਪੁਲਿਸ ਦਾ ਕੋਈ ਅਧਿਕਾਰੀ ਨਿੱਜੀ ਤੌਰ 'ਤੇ ਸਭ ਤੋਂ ਜ਼ਿਆਦਾ ਜ਼ਿੰਮੇਵਾਰ ਹੈ ਤਾਂ ਉਹ ਉਹੀ ਹੈ; ਕਿਉਂਕਿ ਉਸ ਦੇ ਸਾਹਮਣੇ ਖੜ੍ਹੇ ਹੋ ਕੇ ਹੀ ਭਾਜਪਾ ਦਾ ਹਾਰਿਆ ਹੋਇਆ ਵਿਧਾਨ ਸਭਾ ਉਮੀਦਵਾਰ ਹਿੰਸਾ ਦੀ ਧਮਕੀ ਦੇ ਰਿਹਾ ਸੀ। ਹਿੰਸਾ ਉਸ ਧਮਕੀ ਤੋਂ ਬਾਅਦ ਹੀ ਹੋਈ। ਜੇ ਧਮਕੀ ਦੇਣ ਸਮੇਂ ਹੀ ਕਪਿਲ ਮਿਸ਼ਰਾ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਤਾਂ ਦੰਗੇ ਹੁੰਦੇ ਹੀ ਨਾ। ਮਿਸ਼ਰਾ ਨੇ ਉਹ ਧਮਕੀ ਸੈਂਕੜੇ ਦੰਗਾਕਾਰੀਆਂ ਦੀ ਹਾਜ਼ਰੀ ਵਿਚ ਪੁਲਿਸ ਨੂੰ ਦਿੱਤੀ ਸੀ ਅਤੇ ਕਿਹਾ ਸੀ ਕਿ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧੀਆਂ ਨੂੰ ਉਹ ਛੇਤੀ ਹਟਾਏ; ਜੇ ਅਜਿਹਾ ਨਾ ਹੋਇਆ ਤਾਂ ਫਿਰ ਉਹ ਹਟਾਉਣਗੇ। ਧਮਕੀ ਦੀ ਸਮਾਂ-ਸੀਮਾ ਵੀ ਉਸ ਨੇ ਬੰਨ੍ਹ ਦਿੱਤੀ ਸੀ ਅਤੇ ਕਿਹਾ ਸੀ ਕਿ ਟਰੰਪ ਦੇ ਜਾਣ ਤੱਕ ਪੁਲਿਸ ਆਪਣਾ ਕੰਮ ਪੂਰਾ ਕਰੇ, ਨਹੀਂ ਤਾਂ ਉਹ ਕਰੇਗਾ। ਦਿੱਲੀ ਦੇ ਉਤਰ-ਪੂਰਬੀ ਜ਼ਿਲ੍ਹੇ ਦੇ ਪੁਲਿਸ ਕਪਤਾਨ ਦੇ ਸਾਹਮਣੇ ਉਹ ਧਮਕੀ ਦਿੱਤੀ ਗਈ ਅਤੇ ਫਿਰ ਵੀ ਉਹ ਚੁੱਪਚਾਪ ਸੁਣਦਾ ਰਿਹਾ। ਉਸ ਨੇ ਨਾ ਤਾਂ ਉਸ ਸਮੇਂ ਮਿਸ਼ਰਾ ਨੂੰ ਗ੍ਰਿਫਤਾਰ ਕੀਤਾ ਅਤੇ ਨਾ ਹੀ ਬਾਅਦ ਵਿਚ। ਉਸ ਦਾ ਨਤੀਜਾ ਇਹ ਹੋਇਆ ਕਿ ਹਿੰਸਾ ਫੈਲ ਗਈ, ਦੰਗੇ ਵਧਦੇ ਗਏ ਅਤੇ ਉਸ ਦੀ ਲਪੇਟ ਵਿਚ ਖੁਦ ਉਹ ਡੀ.ਸੀ.ਪੀ. ਵੀ ਆ ਗਿਆ।



ਜੇ ਕਪਿਲ ਮਿਸ਼ਰਾ ਦੀ ਗ੍ਰਿਫਤਾਰੀ ਹੋ ਜਾਂਦੀ ਤਾਂ ਇਹ ਸੰਦੇਸ਼ ਜਾਂਦਾ ਕਿ ਪੁਲਿਸ ਉਨ੍ਹਾਂ ਸਾਰਿਆਂ ਦੇ ਖਿਲਾਫ ਹੈ ਜੋ ਹਿੰਸਾ ਕਰਨ ਦਾ ਇਰਾਦਾ ਰੱਖਦੇ ਹਨ। ਉਸ ਨੂੰ ਨਾ ਫੜਨ ਕਾਰਨ ਦੰਗਾਕਾਰੀਆਂ ਵਿਚ ਸੰਦੇਸ਼ ਗਿਆ ਕਿ ਪੁਲਿਸ ਉਨ੍ਹਾਂ ਦੇ ਨਾਲ ਹੈ। ਦੰਗਾਕਾਰੀ ਨਆਰੇ ਲਾਉਂਦੇ ਸਨ, 'ਯਹ ਅੰਦਰ ਕੀ ਬਾਤ ਹੈ, ਪੁਲਿਸ ਹਮਾਰੇ ਸਾਥ ਹੈ'। ਕਪਿਲ ਮਿਸ਼ਰਾ ਦੇ ਗ੍ਰਿਫਤਾਰ ਨਾ ਹੋਣ ਨਾਲ ਉਨ੍ਹਾਂ ਨੂੰ ਇਹ ਲੱਗਣ ਲੱਗਾ ਸੀ ਕਿ ਇਹ ਸਿਰਫ ਅੰਦਰ ਦੀ ਗੱਲ ਹੀ ਨਹੀਂ ਹੈ, ਸਗੋਂ ਸਪਸ਼ਟ ਤੱਥ ਹੈ ਕਿ ਪੁਲਿਸ ਉਨ੍ਹਾਂ ਦੇ ਨਾਲ ਹੀ ਹੈ। ਇਸੇ ਕਾਰਨ ਦੰਗਾਕਾਰੀਆਂ ਦੇ ਹੌਸਲੇ ਤਾਂ ਵਧੇ ਹੀ, ਉਨ੍ਹਾਂ ਦੀ ਗਿਣਤੀ ਵੀ ਵਧੀ ਅਤੇ ਉਹ ਆਪਣੇ ਘਿਨਾਉਣੇ ਕਾਰਨਾਮਿਆਂ ਨੂੰ ਅੰਜਾਮ ਦੇਣ ਵਿਚ ਜੁਟ ਗਏ। 'ਦਿੱਲੀ ਪੁਲਿਸ ਜ਼ਿੰਦਾਬਾਦ' ਦੰਗਾਕਾਰੀਆਂ ਦਾ ਮੁੱਖ ਨਾਅਰਾ ਬਣ ਗਿਆ। ਜਿਥੇ ਕਿਤੇ ਵੀ ਉਨ੍ਹਾਂ ਨੂੰ ਪੁਲਿਸ ਦਿਖਾਈ ਦਿੰਦੀ, ਉਹ ਦਿੱਲੀ ਪੁਲਿਸ ਦਾ ਨਆਰਾ ਲਾਉਣ ਲਗਦੇ। ਜਿਥੇ ਪੁਲਿਸ ਨਹੀਂ ਵੀ ਹੁੰਦੀ, ਉਥੇ ਵੀ ਉਹ ਅਜਿਹੇ ਨਆਰੇ ਲਾਉਂਦੇ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਆਪਣੇ ਗਰੋਹ ਵਿਚ ਸ਼ਾਮਿਲ ਕਰ ਸਕਣ। ਇਸ ਤਰ੍ਹਾਂ ਦੇ ਨਆਰੇ ਲਾ ਕੇ ਉਹ ਲੋਕਾਂ ਨੂੰ ਆਪਣੇ ਗਰੋਹ ਵਿਚ ਸ਼ਾਮਿਲ ਕਰਨ ਦਾ ਸੱਦਾ ਦਿੰਦੇ ਸਨ ਤਾਂ ਕਿ ਲੋਕ ਸਮਝਣ ਕਿ ਦੰਗਾ ਕਰਨ 'ਤੇ ਦਿੱਲੀ ਪੁਲਿਸ ਵਲੋਂ ਉਨ੍ਹਾਂ ਨੂੰ ਕੋਈ ਖਤਰਾ ਨਹੀਂ ਹੈ। ਉਹ ਗਲਤ ਵੀ ਨਹੀਂ ਸਨ। ਸ਼ੁਰੂਆਤੀ ਦਿਨਾਂ ਵਿਚ ਪੁਲਿਸ ਨੇ ਜਾਂ ਤਾਂ ਤਮਾਸ਼ਬੀਨ ਦੀ ਭੂਮਿਕਾ ਨਿਭਾਈ ਜਾਂ ਉਨ੍ਹਾਂ ਵਿਚੋਂ ਕੁਝ ਦੰਗਾਕਾਰੀਆਂ ਦੇ ਨਾਲ ਖੜ੍ਹੇ ਦਿਖਾਈ ਦਿੱਤੇ। ਇਸ ਦੇ ਕਈ ਵੀਡੀਓ ਸਾਹਮਣੇ ਆ ਚੁੱਕੇ ਹਨ। ਖੁਦ ਸੁਪਰੀਮ ਕੋਰਟ ਨੇ ਸਵਾਲ ਖੜ੍ਹੇ ਕਰਦਿਆਂ ਕਿਹਾ ਹੈ ਕਿ ਦਿੱਲੀ ਪੁਲਿਸ ਦੰਗਿਆਂ ਦੌਰਾਨ ਪੇਸ਼ੇਵਰ ਨਹੀਂ ਸੀ। ਹਾਈ ਕੋਰਟ ਵਿਚ ਤਾਂ ਇਕ ਪੁਲਿਸ ਅਧਿਕਾਰੀ ਇਥੋਂ ਤੱਕ ਕਹਿੰਦਾ ਹੈ ਕਿ ਵਿਭਾਗ ਨੂੰ ਕਪਿਲ ਮਿਸ਼ਰਾ ਦੀ ਧਮਕੀ ਦੇ ਵੀਡੀਓ ਬਾਰੇ ਕੋਈ ਜਾਣਕਾਰੀ ਨਹੀਂ ਹੈ। ਫਿਰ ਅਦਾਲਤ ਹੀ ਉਸੇ ਵਕਤ ਪੁਲਿਸ ਨੂੰ ਵੀਡੀਓ ਦਿਖਾਉਂਦੀ ਹੈ ਅਤੇ ਪੁੱਛਦੀ ਹੈ ਕਿ ਉਹ ਪੁਲਿਸ ਅਧਿਕਾਰੀ ਕੌਣ ਹੈ ਜਿਸ ਨੂੰ ਸੰਬੋਧਨ ਕਰਦਿਆਂ ਮਿਸ਼ਰਾ ਧਮਕੀ ਦੇ ਰਿਹਾ ਹੈ? ਹਾਲਾਂਕਿ ਪੁਲਿਸ ਵਲੋਂ ਪੇਸ਼ ਹੋਣ ਵਾਲੇ ਵਕੀਲ ਅਤੇ ਪੁਲਿਸ ਅਧਿਕਾਰੀ ਇਹ ਨਹੀਂ ਦੱਸਦੇ ਕਿ ਉਹ ਪੁਲਿਸ ਵਾਲਾ ਕੋਈ ਹੋਰ ਨਹੀਂ ਸਗੋਂ ਹਿੰਸਾ ਪ੍ਰਭਾਵਿਤ ਉਤਰ-ਪੂਰਬੀ ਦਿੱਲੀ ਜ਼ਿਲ੍ਹੇ ਦਾ ਪੁਲਿਸ ਕਪਤਾਨ ਹੀ ਸੀ।

ਸੱਚ ਤਾਂ ਇਹ ਹੈ ਕਿ ਕਪਿਲ ਮਿਸ਼ਰਾ ਦੀ ਉਸ ਧਮਕੀ ਤੋਂ ਪਹਿਲਾਂ ਹੀ ਦਿੱਲੀ ਪੁਲਿਸ ਆਪਣੇ ਫਰਜ਼ ਦਾ ਪਾਲਣ ਨਹੀਂ ਕਰ ਰਹੀ ਸੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਵਿਦਿਆਰਥੀਆਂ 'ਤੇ ਹਮਲਾ ਕਰਨ ਵਾਲੇ ਨਕਾਬਪੋਸ਼ਾਂ ਦੇ ਚਿਹਰਿਆਂ ਤੋਂ ਨਕਾਬ ਉਤਰ ਚੁੱਕੇ ਹਨ ਪਰ ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਜਾਮੀਆ ਮਿਲੀਆ ਇਸਲਾਮੀਆ ਵਿਚ ਪੁਲਿਸ ਵਾਲਿਆਂ ਦੇ ਸਾਹਮਣੇ ਇਕ ਨੌਜਵਾਨ ਨੇ ਲੋਕਾਂ 'ਤੇ ਗੋਲੀ ਚਲਾਈ। ਪੁਲਿਸ ਕੋਲ ਉਸ ਨੂੰ ਰੋਕਣ ਲਈ ਲੋੜੀਂਦਾ ਸਮਾਂ ਸੀ ਪਰ ਉਸ ਨੂੰ ਨਹੀਂ ਰੋਕਿਆ ਗਿਆ। ਕਪਿਲ ਮਿਸ਼ਰਾ ਦੇ ਮਾਮਲੇ ਵਿਚ ਵੀ ਪੁਲਿਸ ਨੇ ਉਹੀ ਕੀਤਾ ਅਤੇ ਇਸ ਦੇ ਸਿੱਟੇ ਵਜੋਂ ਦਿੱਲੀ ਵਿਚ ਵੱਡੀ ਪੱਧਰ 'ਤੇ ਸਾੜਫੂਕ ਹੋਈ।

# ਸੁਣ ਵੇ ਪੰਜਾਬਿਆ, ਤੇ ਸੋਚ ਵੇ ਪੰਜਾਬਿਆ...

*ਪੰਜਾਬ ਵਿਚ ਇਸ ਸਮੇਂ 'ਸਭ ਅੱਛਾ' ਨਹੀਂ ਹੈ। ਆਪਾ-ਧਾਪੀ ਦੀ ਸਿਆਸਤ ਨੇ ਅੱਜ ਪੰਜਾਬ ਨੂੰ ਤਬਾਹੀ ਵਲ ਤੋਰ ਦਿੱਤਾ ਹੋਇਆ ਹੈ। ਇਸੇ ਕਰਕੇ ਪੰਜਾਬ ਦਾ ਨੌਜਵਾਨ ਪਰਦੇਸਾਂ ਵਲ ਵਹੀਰਾਂ ਘੱਤੀ ਬੈਠਾ ਹੈ। ਗੁਰਪ੍ਰੀਤ ਸਿੰਘ ਤੂਰ ਨੇ ਇਸ ਲੇਖ ਵਿਚ ਪੰਜਾਬ ਲਈ ਹਾਅ ਦਾ ਨਾਅਰਾ ਮਾਰਿਆ ਹੈ। ਜੋ ਵੀ ਕੋਈ ਉਠਦਾ ਹੈ, ਦੋਸ਼ ਨੌਜਵਾਨਾਂ ਸਿਰ ਮੜ੍ਹਨ ਲੱਗ ਪੈਂਦਾ ਹੈ। ਅਸਲ ਵਿਚ, ਸਿਆਸਤ ਦੀਆਂ ਵੱਡੀਆਂ ਮਾਰਾਂ ਦਾ ਸਤਾਇਆ ਨੌਜਵਾਨ ਹੁਣ ਨਿੱਜਵਾਦੀ ਹੋ ਕੇ ਸਿਰਫ 'ਤੇ ਸਿਰਫ ਆਪਣੇ ਬਾਰੇ ਹੀ ਸੋਚ ਰਿਹਾ ਹੈ। ਅਜਿਹੇ ਮਾਹੌਲ ਵਿਚ ਸਰਬੱਤ ਦੇ ਭਲੇ ਵਾਲਾ ਹੋਕਾ ਲਾਉਣ ਦੀ ਬਹੁਤ ਲੋੜ ਹੈ। ਇਸ ਲੇਖ ਵਿਚ ਲਾਏ ਚਿੱਤਰ ਇੰਗਲੈਂਡ ਵੱਸਦੇ ਚਿੱਤਰਕਾਰ ਸੁਖਪਾਲ ਗਰੇਵਾਲ ਦੇ ਹਨ, ਜਿਸ ਦੀਆਂ ਕਲਾ ਕਿਰਤਾਂ ਵਿਚ ਪੰਜਾਬ ਦੀ ਧੜਕਣ ਸੁਣਾਈ ਦਿੰਦੀ ਹੈ। -ਸੰਪਾਦਕ*

ਖੇਤਾਂ ਵਿਚ ਹੱਥੀਂ ਕੰਮ ਕਰਦੇ ਮਿਹਨਤ-ਮੁਸ਼ੱਕਤ ਵਿਚ ਰੁੱਝੇ ਲੋਕ ਕਿਰਤੀ ਅਖਵਾਏ। ਪਹੁ ਫੁਟਦੀ ਨੂੰ ਖੇਤ ਵਾਹੁੰਦੇ ਕਿਸਾਨ, ਹੱਥੀਂ ਕੰਮ ਕਰਦੇ ਕਾਮੇਂ, ਕੰਧਾਂ-ਕੋਠੇ ਲਿਪਦੀਆਂ ਔਰਤਾਂ, ਪਸ਼ੂ ਚਾਰਦੇ ਬਾਗੀ ਮੁੰਡੇ, ਆਟਾ ਪੀਂਹਦੀ ਮਸ਼ੀਨ ਦੇ ਘੁੱਗੂ ਦੀ ਆਵਾਜ਼, ਫੇਰੀ ਲਾਉਂਦੇ ਸਬਜ਼ੀ ਵੇਚਣ ਵਾਲੇ, ਮੁਹਾਰੇ ਭੁੰਗਦੇ ਪਰਿਵਾਰ, ਇੰਜ ਕੰਮ-ਧੰਦੇ ਲੱਗੇ ਪੰਜਾਬ ਨੇ ਜਵਾਨੀ ਨੂੰ ਜਦੋਂ ਸਟੇਜ 'ਤੇ ਪੇਸ਼ ਕੀਤਾ ਤਾਂ ਉਹ ਸਨ ਸਾਊ ਤੇ ਕਾਮੇ, ਪਤਲੇ ਤੇ ਛਾਂਟਵੇ ਸਰੀਰਾਂ ਵਾਲੇ, ਕੁੜਤੇ-ਪਜਾਮੇ ਪਹਿਨਣ ਵਾਲੇ, ਸੁਹਜ ਤੇ ਸਲੀਕੇ ਨਾਲ ਭਰਪੂਰ, ਛੂਹਲੇ ਤੇ ਨਾਜ਼ੁਕ। ਸਮੇਂ ਦੀ ਕਰਵਟ ਵਿਚ ਨਵੀਂ ਪੀੜ੍ਹੀ ਖੇਤਾਂ ਨਾਲੋਂ ਟੁੱਟ ਕੇ ਹੱਥੀਂ ਕੰਮ ਕਰਨ ਤੋਂ ਵਾਂਝੀ ਰਹਿ ਗਈ। ਅਜਿਹੇ ਹਾਲਾਤ ਵਿਚ ਜਵਾਨੀ ਦੀ ਜੋ ਤਸਵੀਰ ਸਾਹਮਣੇ ਆਈ, ਉਹ ਹੈ ਵਿਹਲੜ ਤੇ ਗਵਾਰ, ਬੋਝਲ ਤੇ ਭਾਰੇ, ਸਿਰ ਦੇ ਵਾਲਾਂ ਨੂੰ ਰੰਗ ਤੇ ਕੰਨਾਂ ਵਿਚ ਵਾਲੀਆਂ, ਟੈਟੂ ਤੇ ਫਟੀਆਂ ਜੀਨਜ਼, ਮੋਟਰ ਬਾਈਕ ਤੇ ਖੁੱਲ੍ਹੀਆਂ ਜੀਪਾਂ, ਪੀਜ਼ੇ ਤੇ ਬਰਗਰ। ਇਸ ਸਫਰ ਦੀ ਦਾਸਤਾਨ ਲੰਮੀ ਹੈ।

ਕਿਰਤ ਵਿਚੋਂ ਸਾਡਾ ਸਭਿਆਚਾਰ ਉਪਜਿਆ ਅਤੇ ਕਣਕ, ਮੱਕੀ ਤੇ ਕਪਾਹ ਦੀਆਂ ਫੁੱਟੀਆਂ

**ਗੁਰਪ੍ਰੀਤ ਸਿੰਘ ਤੂਰ**

ਵਾਂਗ ਕਿਰਤੀਆਂ ਤੇ ਸੁਆਣੀਆਂ ਦੇ ਹੱਥਾਂ ਵਿਚ ਪਰਵਾਨ ਚੜ੍ਹਿਆ। ਹੱਥੀਂ ਕੰਮ ਕਰਨ ਵਿਚ ਰੁੱਝਿਆ ਮਨ ਆਪਣਾ ਆਪ ਭੁੱਲ ਜਾਂਦਾ ਹੈ। ਕੁਦਰਤ ਦੇ ਰੰਗ ਉਸ ਨੂੰ ਅਮੀਰੀ ਬਖਸ਼ਦੇ ਹਨ। ਕਾਮਿਆਂ ਦੇ ਸਰੀਰਾਂ ਵਿਚ ਖੇੜੇ ਬਖਸ਼ਣ ਵਾਲੇ ਤੰਦਰੁਸਤ ਤੱਤ ਪੈਦਾ ਹੁੰਦੇ ਹਨ। ਇਹੋ ਕਾਰਨ ਹੈ ਕਿ ਕੰਮ ਵਿਚ ਰੁੱਝਿਆ ਬੰਦਾ ਰੋਟੀ ਵੇਲਾ ਭੁੱਲ ਜਾਂਦਾ ਹੈ ਤੇ ਉਸ ਕੋਲ ਪਿਆ ਚਾਹ ਦਾ ਗਿਲਾਸ ਠੰਢਾ ਹੋ ਜਾਂਦਾ ਹੈ। ਕੰਮ ਵਿਚ ਰੁੱਝੇ ਬੰਦੇ ਨੂੰ ਮਨ ਪ੍ਰਚਾਵੇ ਅਤੇ ਸੰਗੀਤ ਦੀ ਲੋੜ ਨਹੀਂ ਪੈਂਦੀ। ਇਸ ਅਵਸਥਾ ਵਿਚ ਉਹ ਜੋ ਬੋਲੇਗਾ ਉਹ ਗੀਤ ਬਣੇਗਾ, ਸਾਡੇ ਲੋਕ ਗੀਤਾਂ ਦਾ ਜਨਮ ਇੰਜ ਹੀ ਹੋਇਆ ਹੈ। ਉਹ ਗੁਣ-ਗੁਣਾਉਣ ਲੱਗਦਾ ਹੈ ਤੇ ਉਸ ਦੇ ਬੋਲ ਸੰਗੀਤ ਦੀ ਚਾਸ਼ਨੀ ਵਿਚ ਡੁੱਬੇ ਹੁੰਦੇ ਹਨ। ਪੋਹ ਮਾਘ ਦੀ ਰਾਤ ਨੂੰ ਕਣਕ ਦੇ ਖੇਤ ਨੂੰ ਪਾਣੀ ਲਾਉਂਦੇ ਕਿਸਾਨ ਦਾ ਗਾਉਣ ਲੱਗ ਜਾਣਾ ਅਤੇ ਕਪਾਹ ਚੁਗਦੀਆਂ ਔਰਤਾਂ ਦੇ ਗੀਤ ਇਸੇ ਅਵਸਥਾ ਦਾ ਪ੍ਰਤੀਕ ਹਨ। 'ਜਦ ਪੈਣ ਕਪਾਹੀਂ ਫੁੱਲ ਵੇ ਧਰਮੀ ਬਾਬਲਾ, ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ ਧਰਮੀ ਬਾਬਲਾ' ਫਸਲਾਂ ਵਾਂਗ ਸਾਡੇ ਗੀਤ ਵੀ ਖੇਤਾਂ ਵਿਚੋਂ ਹੀ ਉਪਜੇ ਹਨ। ਇਨ੍ਹਾਂ ਗੀਤਾਂ ਨੂੰ ਖੇਤਾਂ ਦੇ ਸੁਹੱਪਣ ਦੀ ਛੂਹ ਅਤੇ ਰਿਸ਼ਤਿਆਂ ਦਾ ਨਿੱਘ ਪ੍ਰਾਪਤ ਹੈ। ਇੰਜ ਹੋਂਦ ਵਿਚ ਆਏ ਸਭਿਆਚਾਰ ਵਿਚ ਮਿੱਟੀ ਦੀ ਮਹਿਕ ਅਤੇ ਸ਼ੱਕਰ ਦੀ ਮਿਠਾਸ ਹੈ। ਕੰਮ ਤੇ ਖੇਤਾਂ ਨਾਲੋਂ ਟੁੱਟ ਕੇ ਪੰਜਾਬੀ ਗੱਭਰੂ ਵਿਰਸੇ ਤੇ ਸਭਿਆਚਾਰ ਦੀਆਂ ਖੁਸ਼ੀਆਂ ਅਤੇ ਖੇੜਿਆਂ ਤੋਂ ਵਾਂਝੇ ਰਹਿ ਗਏ ਹਨ। ਆਪਣੇ ਵਿਰਸੇ ਅਤੇ ਸਭਿਆਚਾਰ ਨਾਲੋਂ ਟੁੱਟ ਜਾਣਾ ਆਪਣੇ ਆਪ ਨਾਲੋਂ ਟੁੱਟ ਜਾਣ ਵਾਂਗ ਹੈ।

ਸਭਿਆਚਾਰ ਨੂੰ ਜਦ ਫੁੱਲ ਪੈਣ ਲੱਗੇ ਤਾਂ ਉਸ ਦੀ ਖੁਸ਼ਬੋ ਮੇਲਿਆਂ ਦੇ ਰੂਪ ਵਿਚ ਪੰਜਾਬੀਅਤ ਦੇ ਕਣ-ਕਣ ਵਿਚ ਫੈਲ ਗਈ। ਮੇਲੇ ਸਾਡੇ ਸਭਿਆਚਾਰ ਦੀ ਮਹਿਕ ਹਨ, ਸਭਿਆਚਾਰ ਦੀ ਜਵਾਨੀ ਮੇਲਿਆਂ ਦੇ ਰੂਪ ਵਿਚ ਪ੍ਰਗਟ ਹੋਈ। ਮਿਹਨਤ ਮੁਸ਼ੱਕਤ ਤੋਂ ਬਾਅਦ ਜਦ ਮਨ ਖੁਸ਼ੀ ਵਿਚ ਖੀਵਾ ਹੋ ਕੇ ਨੱਚਣ-ਟੱਪਣ ਲੱਗਾ ਤਾਂ ਮੇਲਿਆਂ ਦੀ ਹੋਂਦ ਸਾਹਮਣੇ ਆਈ। ਚਿੱਟੇ ਚਾਦਰੇ ਗਲਾਂ ਦੇ ਵਿਚ ਗਾਨੀਆਂ, ਮੇਲੇ ਸੁਹੱਪਣ, ਖੁਸ਼ੀਆਂ ਅਤੇ ਜ਼ਿੰਦਾਦਿਲੀ ਦਾ ਪ੍ਰਤੀਕ ਹਨ। ਵਿਸਾਖੀ, ਪੱਕੀ ਫਸਲ ਨੂੰ ਦੇਖ ਕੇ ਖੁਸ਼ੀ ਵਿਚ ਖੀਵੇ ਹੋਏ ਮਨ ਦੀ ਮੌਜ ਹੈ ਅਤੇ ਹੋਲਾ-ਮਹੱਲਾ ਗੁਰੂ ਸਾਹਿਬ ਵਲੋਂ ਚੜ੍ਹਦੀ ਕਲਾ ਵਿਚ ਰਹਿਣ ਦਾ ਸੁਨੇਹਾ ਹੈ। ਇਨ੍ਹਾਂ ਮੇਲਿਆਂ ਵਿਚ ਧਾਰਮਿਕ ਅਤੇ ਇਤਿਹਾਸਕ ਵਾਰਾਂ ਦੇ ਗਾਉਣ ਲੱਗਦੇ ਰਹੇ ਹਨ। ਚਿੱਠਿਆਂ ਤੇ ਰਸਾਲਿਆਂ ਦੇ ਰੂਪ ਵਿਚ ਸਾਹਿਤ ਦੀ ਵਿਕਰੀ ਇਨ੍ਹਾਂ ਮੇਲਿਆਂ ਦਾ ਵਿਸ਼ੇਸ਼ ਅੰਗ ਰਹੀ ਹੈ। ਇਹ



ਮੇਲੇ ਮਨ ਤੇ ਤਨ ਦਾ ਰੱਜ ਹੁੰਦੇ ਸਨ। ਜਿਸ ਨੇ ਇਨ੍ਹਾਂ ਮੇਲਿਆਂ ਵਿਚ ਢੋਲ ਵੱਜਦਾ ਨਹੀਂ ਸੁਣਿਆ ਤੇ ਜਲੇਬੀਆਂ ਨਹੀਂ ਖਾਧੀਆਂ, ਸਮਝੋ ਉਹ ਹਾਲੇ ਪੰਜਾਬੀ ਸਭਿਆਚਾਰ ਦੇ ਮੀਲ ਪੱਥਰ ਤੋਂ ਪਿਛਾਂਹ ਖੜ੍ਹਾ ਹੈ। ਪਸ਼ੂਆਂ ਦੀਆਂ ਰੰਗ-ਬਿਰੰਗੀਆਂ ਗਾਨੀਆਂ ਤੇ ਚਮਕਦੇ ਧਲਿਆਰੇ, ਪਸ਼ੂ ਮੇਲੇ ਕਿਸਾਨਾਂ ਦੀ ਆਰਥਿਕਤਾ ਦੇ ਨਾਪ-ਤੋਲ ਦਾ ਪ੍ਰਤੀਕ ਮੰਨੇ ਜਾਂਦੇ ਰਹੇ ਹਨ। ਸਮੇਂ ਦੀ ਪੈੜ ਵਿਚ ਇਨ੍ਹਾਂ ਮੇਲਿਆਂ ਦੇ ਸਰੂਪ ਬਦਲਣ ਲੱਗੇ, ਪਸ਼ੂਆਂ ਦੀ ਥਾਂ ਟਰੈਕਟਰਾਂ ਅਤੇ ਮੋਟਰਸਾਈਕਲਾਂ ਦੀਆਂ ਮੰਡੀਆਂ ਲੱਗਦੀਆਂ ਹਨ। ਪੰਜਾਬ ਦੀ ਜਵਾਨੀ ਮੇਲਿਆਂ ਦੇ ਅਮੀਰ ਖਜ਼ਾਨੇ ਤੋਂ ਵਾਂਝੀ ਰਹਿ ਗਈ ਹੈ।

ਪੁਰਾਣੇ ਸਮਿਆਂ ਦੀ ਗੱਲ ਹੈ ਜਦੋਂ ਰਾਜੇ-ਮਹਾਰਾਜੇ ਗਵੰਤਰੀਆਂ ਤੋਂ ਗਾਉਣ ਸੁਣ ਕੇ ਮਨਪ੍ਰਚਾਵਾ ਕਰਦੇ ਸਨ। ਅਹਿਲਕਾਰ ਰਾਜੇ ਨੂੰ ਖੁਸ਼ ਕਰਨ ਲਈ ਕਿਸੇ ਗਵੰਤਰੀ ਨੂੰ ਸੱਦਣ ਲਈ ਘਰੋਂ ਨਿਕਲੇ ਪਰ ਉਹ ਮਸ਼ਹੂਰ ਗਵੰਤਰੀ ਪਹਿਲਾਂ ਹੀ ਕਿਤੇ ਗਿਆ ਹੋਇਆ ਸੀ। ਲੋਕਾਂ ਕਿਸੇ ਹੋਰ ਗਵੰਤਰੀ ਦੀ ਦੱਸ ਪਾਈ। ਜੱਕੋ-ਤੱਕੀ ਵਿਚ ਅਹਿਲਕਾਰ ਉਸ ਘਰ ਪਹੁੰਚੇ, ਉਹ ਝੱਟ-ਪੱਟ ਤਿਆਰ ਹੋ ਗਿਆ ਪਰ ਉਹ ਦੁਚਿੱਤੀ ਵਿਚ ਸਨ, ਜੇ ਰਾਜੇ ਨੂੰ ਗਾਉਣ ਪਸੰਦ ਨਾ ਆਇਆ ਤਾਂ ਸ਼ਾਬਾਸ਼ ਨਾਰਾਜ਼ਗੀ ਵਿਚ ਵੀ ਬਦਲ ਸਕਦੀ ਹੈ। ਆਪਣੇ ਸਾਜ਼ਾਂ ਨੂੰ ਠੀਕ ਕਰਦਿਆਂ ਗਵੰਤਰੀ ਨੇ ਅਹਿਲਕਾਰਾਂ ਨੂੰ ਵਿਸ਼ਵਾਸ ਦੁਆਇਆ ਕਿ ਜੇ ਰਾਜਾ ਖੁਸ਼ ਨਾ ਹੋਇਆ ਤਾਂ ਨਾਰਾਜ਼ ਵੀ ਨਹੀਂ ਹੋਵੇਗਾ। ਤਿੰਨੋ ਮਹਿਲਾਂ ਵੱਲ ਚੱਲ ਪਏ। ਰਾਜੇ ਦਾ ਆਸਣ ਦੇਖਦਿਆਂ ਹੀ ਅਹਿਲਕਾਰਾਂ ਦਾ ਵਿਸ਼ਵਾਸ ਫੇਰ ਥਿੜਕਿਆ। ਗਵੰਤਰੀ ਦਾ ਆਤਮ ਵਿਸ਼ਵਾਸ ਝੰਜੋੜਿਆ ਗਿਆ, ਇਥੋਂ ਵਾਪਸ ਮੁੜਨਾ ਉਸ ਨੂੰ ਆਪਣੀ ਤੌਹੀਨ ਜਾਪੀ। ਪਿੰਡ ਵਾਪਸ ਕਿਵੇਂ ਜਾਵਾਂਗਾ, ਇਹ ਸਵਾਲ ਉਸ ਦੇ ਜ਼ਹਿਨ ਵਿਚ ਆਇਆ ਤੇ ਉਸ ਨੂੰ ਤਹਿਸ-ਨਹਿਸ ਕਰ ਗਿਆ। ਨੀਵੀਂ ਪਾ ਕੇ ਤਰਸ ਭਰੀਆਂ ਨਜ਼ਰਾਂ ਨਾਲ ਉਸ ਨੇ ਆਪਣੇ ਸਾਜ਼ਾਂ ਨੂੰ ਦੇਖਿਆ ਅਤੇ ਉਸ ਦੀਆਂ ਅੱਖਾਂ ਭਰ ਗਈਆਂ। ਰਾਜੇ ਦੇ ਆਸਣ ਵੱਲ ਝਾਤੀ ਮਾਰ ਕੇ ਉਹ ਕਹਿਣ ਲੱਗਾ, ਤੁਸੀਂ ਰਾਜੇ ਦੇ ਆਸਣ ਦੇ ਆਸੇ-ਪਾਸੇ ਮੁੱਠੀ-ਮੁੱਠੀ ਰੇਤਾ ਵਿਛਾ ਦਿਓ, ਮੈਂ ਸੱਸੀ ਸੁਣਾਵਾਂਗਾ ਤੇ ਉਸ ਰੇਤੇ 'ਤੇ ਡਾਚੀ ਤੇ ਸੱਸੀ ਦੀਆਂ ਪੈੜਾਂ ਦਿਖਾ ਦੇਵਾਂਗਾ। ਸੱਚ-ਮੁੱਚ ਸੰਗੀਤ ਇਸ ਤੋਂ ਵੀ ਵਧੇਰੇ ਤਾਕਤ ਰੱਖਦਾ ਹੈ ਪਰ ਅਜੋਕੇ ਦੌਰ ਵਿਚ ਗੀਤਕਾਰਾਂ ਅਤੇ ਗਵੱਈਆਂ ਨੇ ਜਵਾਨੀ ਅੱਗੇ ਜੋ ਪਰੋਸਿਆ, ਉਸ ਨੇ ਪੰਜਾਬ ਦੀ ਧਰਤੀ 'ਤੇ ਗੈਂਗਸਟਰਾਂ ਦੀਆਂ ਪੈੜਾਂ ਦਿਖਾ ਦਿੱਤੀਆਂ। ਹੁਣ ਗੀਤ ਇੰਡਸਟਰੀ ਬਣ ਗਏ ਨੇ ਜਦੋਂ ਕਿ ਗੀਤਾਂ ਦੀ ਹੋਂਦ ਤਾਂ ਪੁੰਗਰ ਰਹੇ ਬੀਜਾਂ ਵਾਂਗ ਕੋਮਲ ਤੇ ਰੂਹ ਨੂੰ ਖੇੜਾ ਦੇਣ ਵਾਂਗ ਤਾਜ਼ਗੀ ਭਰਪੂਰ ਹੋਣੀ ਚਾਹੀਦੀ ਹੈ।

ਸਰਕਾਰੀ ਸੇਵਾ ਨਿਭਾਉਂਦਿਆਂ ਨਸ਼ਿਆਂ ਅਤੇ ਜੁਰਮਾਂ ਵਿਚ ਫਸੇ ਨੌਜਵਾਨ ਮੇਰਾ ਵੱਡਾ ਫਿਕਰ ਰਹੇ ਹਨ। ਇੱਕ ਕਸਬੇ ਵਿਚ ਪੰਜ-ਛੇ ਨੌਜਵਾਨਾਂ 'ਤੇ ਲੜਾਈਆਂ ਝਗੜਿਆਂ ਦੇ ਸੱਤ-ਸੱਤ, ਅੱਠ-ਅੱਠ ਮੁਕੱਦਮੇ ਦਰਜ ਹੋ ਗਏ ਸਨ। ਅਦਾਲਤਾਂ ਵਿਚ ਤਰੀਕਾਂ 'ਤੇ ਆਉਂਦੇ-ਜਾਂਦੇ ਉਹ ਆਪਸ ਵਿਚ ਫਿਰ ਉਲਝ ਜਾਂਦੇ। ਉਨ੍ਹਾਂ ਦੇ ਪਰਿਵਾਰ ਜੇਲ੍ਹ ਵਿਚ ਮੁਲਾਕਾਤਾਂ ਕਰਦੇ ਤੇ ਕਚਹਿਰੀ ਤਰੀਕਾਂ 'ਤੇ ਆਉਂਦੇ ਜਾਂਦੇ, ਠੇਡੇ ਖਾਂਦੇ ਫਿਰਦੇ। ਮੈਂ ਨਾਪਣ-ਤੋਲਣ ਦੀ ਕੋਸ਼ਿਸ਼ ਕੀਤੀ ਕਿ ਇਸ ਕਸਬੇ ਵਿਚ ਅਜਿਹਾ ਕਿਉਂ ਹੈ? ਪਹਿਲੀ ਲੜਾਈ ਪਿੰਡ ਵਿਚ ਹੋ ਰਹੇ ਖੇਡ ਮੇਲੇ ਦੀ ਇਸ਼ਤਿਹਾਰਬਾਜ਼ੀ ਤੋਂ ਸ਼ੁਰੂ ਹੋਈ ਤੇ ਵੱਢਣ-ਟੁੱਕਣ ਦੇ ਸਿਖਰ ਤਕ ਪੁੱਜ ਗਈ। ਖੇਡ ਮੇਲੇ ਦੇ ਇਸ਼ਤਿਹਾਰ ਬੋਰਡ 'ਤੇ ਫੋਟੋਆਂ ਦੀ ਚੋਣ ਲੜਾਈ ਦਾ ਕਾਰਨ ਬਣੀ। ਇੱਕ ਨੇ ਬਾਹਰੋਂ ਮੁੰਡੇ ਬੁਲਾ ਕੇ ਦੂਜੇ ਨੂੰ ਕੁੱਟਿਆ ਤੇ ਦੂਜੇ ਨੇ ਪਹਿਲੇ ਤੋਂ ਬਦਲਾ ਲਿਆ। ਇੱਕ ਹੋਰ ਨੌਜਵਾਨ ਕੋਈ ਰੁਜ਼ਗਾਰ ਨਾ ਮਿਲਦਾ ਦੇਖ ਕੇ ਸ਼ਰਾਬ ਦੇ ਠੇਕੇਦਾਰਾਂ ਨਾਲ ਜੁੜ ਗਿਆ। ਇੱਕ ਘਟਨਾ ਦੌਰਾਨ ਨਾਜਾਇਜ਼ ਸ਼ਰਾਬ ਵੇਚਣ ਵਾਲਿਆਂ ਨੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ। ਠੇਕੇਦਾਰਾਂ ਨੇ ਸਲਾਹ ਦਿੱਤੀ ਕਿ ਤੁਸੀਂ ਵੀ ਹਥਿਆਰ ਰੱਖ ਲਵੋ। ਇੱਕ-ਦੋ ਲੜਾਈਆਂ ਹੋਈਆਂ ਤੇ ਫਿਰ ਅਚਾਨਕ ਤਕਰਾਰ ਤੋਂ ਬਾਅਦ ਉਨ੍ਹਾਂ ਤੋਂ ਇੱਕ ਆਦਮੀ ਗੰਭੀਰ ਜ਼ਖਮੀ ਹੋ ਗਿਆ। ਉਸ ਘਟਨਾ ਮੌਕੇ ਉੱਥੇ ਹਾਜ਼ਰ ਚਾਰੋਂ ਨੌਜਵਾਨ ਜੇਲ੍ਹ ਚਲੇ ਗਏ। ਤਿੰਨ-ਚਾਰ ਅਜਿਹੇ ਨੌਜਵਾਨ ਲੜਾਈ ਝਗੜਿਆਂ ਤੋਂ ਸੰਗੀਨ ਜੁਰਮਾਂ ਤੱਕ ਦਾ ਸਫਰ ਤੇਜ਼ੀ ਨਾਲ ਤੈਅ ਕਰ ਗਏ। ਜੇਲ੍ਹ ਜਾ ਕੇ ਉਨ੍ਹਾਂ ਦਾ ਮੇਲ-ਮਿਲਾਪ ਹੋਰ ਅਪਰਾਧੀਆਂ ਨਾਲ ਹੋਇਆ ਤੇ ਸਥਿਤੀ ਲਗਾਤਾਰ ਗੰਭੀਰ ਹੁੰਦੀ ਗਈ। ਅਜਿਹੇ ਨੌਜਵਾਨਾਂ ਨੂੰ ਲੜਾਈ ਝਗੜਿਆਂ ਦੇ ਚੱਕਰ ਤੋਂ ਬਾਹਰ ਕੱਢਣ ਲਈ ਵਿਸ਼ੇਸ਼ ਉਪਰਾਲਿਆਂ ਦੀ ਲੋੜ ਹੈ ਜਦੋਂ ਕਿ ਸਮਾਜ ਅਤੇ ਸਿਸਟਮ ਨਾਲ ਜੁੜੇ ਲੋਕ ਆਪਣੇ ਆਪ ਤਕ ਹੀ ਸੀਮਤ ਰਹਿ ਜਾਂਦੇ ਹਨ।

ਦੋ ਔਰਤਾਂ ਦਿਨ ਦੇ ਦੂਜੇ ਪਹਿਰ ਦਫਤਰ ਆਈਆਂ। ਇੱਕ ਨੇ ਗੱਲ ਸ਼ੁਰੂ ਕੀਤੀ ਕਿ ਇਹਦਾ ਪੁੱਤਰ ਨਸ਼ਿਆਂ ਲਈ ਪੈਸੇ ਲੈਣ ਲਈ ਇਸ ਨੂੰ ਕੁੱਟਦਾ ਮਾਰਦਾ ਹੈ। ਅਗਲੀ ਗੱਲ ਉਸ ਔਰਤ ਨੇ ਆਪਣੇ-ਆਪ ਸ਼ੁਰੂ ਕੀਤੀ। ਘਰ ਦਾ ਸਭ ਕੁਝ ਵੇਚ ਦਿੱਤਾ ਹੈ। ਕਈ ਵਾਰ ਹਸਪਤਾਲ ਭਰਤੀ ਕਰਵਾਇਆ ਪਰ ਫਿਰ ਨਸ਼ਾ ਕਰਨ ਲੱਗ ਜਾਂਦਾ ਹੈ। ਹਫਤੇ ਬਾਅਦ ਪੰਜ ਹਜ਼ਾਰ ਰੁਪਏ ਮੰਗ ਲੈਂਦਾ ਹੈ। ਅੱਜ ਮੈਂ ਅਸਮਰੱਥਾ ਪ੍ਰਗਟਾਈ ਤਾਂ ਉਸ ਨੇ ਮੈਨੂੰ ਕੁੱਟ ਕੇ ਕਮਰੇ ਅੰਦਰ ਬੰਦ ਕਰ ਦਿੱਤਾ। ਤਿੰਨ ਘੰਟੇ ਅੰਦਰੋਂ ਦਰਵਾਜ਼ੇ ਭੰਨਦੀ ਰਹੀ ਤਾਂ ਕਿਤੇ ਇਨ੍ਹਾਂ ਨੂੰ ਪਤਾ ਲੱਗਾ। ਉਸ ਨੇ ਨਾਲ ਆਈ ਔਰਤ ਵੱਲ ਇਸ਼ਾਰਾ ਕੀਤਾ। ਹੁਣ ਦੂਜੀ ਔਰਤ ਬੋਲਣ ਲੱਗੀ, ਦਰਵਾਜ਼ਿਆਂ ਦਾ ਖੜਕਾ ਜ਼ਰੂਰ ਹੁੰਦਾ ਰਿਹਾ, ਪਰ ਅਸੀਂ ਸੋਚਿਆ ਹੀ ਨਾ ਕਿ ਅਜਿਹਾ ਹੋਇਆ ਹੋਵੇਗਾ, ਇਸ ਨੂੰ ਕੁੱਟਿਆ ਵੀ ਹੈ, ਉਹ ਔਰਤ ਝੁਕ ਕੇ ਉਸ ਦਾ ਚਿਹਰਾ ਵੇਖਣ ਲੱਗੀ। ਉਸ ਔਰਤ ਦੀ ਇੱਕ ਅੱਖ ਲਾਲ ਤੇ ਮੂੰਹ ਦੇ ਉਸ ਪਾਸੇ ਸੋਜ ਸੀ। ਭਾਵੇਂ ਹਰ ਮਾਂ ਸੋਚਦੀ ਹੈ



ਕਿ ਉਸਦੇ ਪੁੱਤ ਉਸ ਦੀ ਅਰਥੀ ਨੂੰ ਮੋਢਾ ਦੇਣ, ਪਰ ਇਸ ਮਾਂ ਨੇ ਜੋ ਅਰਜ਼ੀ ਪੇਸ਼ ਕੀਤੀ ਉਸ ਦੀ ਆਖਰੀ ਲਾਈਨ ਸੀ ਕਿ ਮੇਰਾ ਪੁੱਤ ਨਸ਼ੇ ਦਾ ਗੰਭੀਰ ਆਦੀ ਹੋ ਚੁੱਕਾ ਹੈ, ਇਹ ਆਪਣੀ ਜ਼ਿੰਦਗੀ ਦਾ ਆਪ ਜ਼ਿੰਮੇਵਾਰ ਹੋਵੇਗਾ। ਹਰ ਪਲ ਪੁੱਤਾਂ ਦੀ ਸੁੱਖ ਮੰਗਦੀਆਂ ਮਾਂਵਾਂ ਜ਼ਿੰਦਗੀ ਦੇ ਕਿਸ ਮੁਕਾਮ 'ਤੇ ਆਣ ਖੜੀਆਂ ਹਨ।

ਪੰਜਾਬੀ ਫਿਲਮਾਂ ਜਦ ਹੋਂਦ ਵਿਚ ਆਈਆਂ ਤਾਂ ਪੇਂਡੂ ਲੋਕ ਇਕੱਠੇ ਹੋ ਕੇ ਸਿਨਮਾ ਘਰਾਂ ਵਿਚ ਫਿਲਮ ਵੇਖਣ ਜਾਂਦੇ ਸਨ। ਸਲਾਹਾਂ ਹੁੰਦੀਆਂ, ਸੁਨੇਹੇ ਦਿੱਤੇ ਜਾਂਦੇ ਅਤੇ ਸਾਲਮ ਟਾਂਗੇ ਬੁੱਕ ਕਰਵਾ ਲਏ ਜਾਂਦੇ। ਪਜਾਮਿਆਂ ਤੇ ਚਾਦਰਿਆਂ ਵਾਲੇ ਕਿਰਤੀ ਲੋਕ ਇੱਕ ਦੂਜੇ ਤੋਂ ਮੂਹਰੇ ਹੋ-ਹੋ ਸਿਨਮਾ ਘਰਾਂ ਵਿਚ ਦਾਖਲ ਹੁੰਦੇ। ਕੋਈ ਚੰਗਾ ਡਾਇਲਾਗ ਬੋਲਿਆ ਜਾਂਦਾ ਤਾਂ ਤਾੜੀਆਂ ਵੱਜਦੀਆਂ। ਕੋਈ ਧਾਰਮਿਕ ਦ੍ਰਿਸ਼ ਸਾਹਮਣੇ ਆਉਂਦਾ ਤਾਂ ਲੋਕ ਸ਼ਰਧਾ ਨਾਲ ਸਿਰ ਝੁਕਾਉਂਦੇ। ਦਿਲ ਨੂੰ ਛੂਹ ਜਾਣ ਵਾਲਾ ਕੋਈ ਗੀਤ ਆਉਂਦਾ ਤਾਂ ਲੋਕ ਵਾਹ-ਵਾਹ ਕਰਦੇ ਤੇ ਸਤਿਕਾਰ ਵੱਜੋਂ ਖੜੇ ਹੋ ਕੇ ਆਨੇ ਦੋ ਆਨੇ ਸਕਰੀਨ ਵੱਲ ਵਗ੍ਹਾ-ਵਗ੍ਹਾ ਮਾਰਦੇ। ਫਿਲਮ ਚਲਾਉਣ ਵਾਲੇ ਅਗਲਾ ਸ਼ੋਅ ਸ਼ੁਰੂ ਹੋਣ ਤੋਂ ਪਹਿਲਾਂ ਦੁਆਨੀਆਂ-ਚੁਆਨੀਆਂ ਇਕੱਠੀਆਂ ਕਰ ਲੈਂਦੇ ਸਨ। ਕੰਮਾਂ-ਧੰਦਿਆਂ ਵਿਚ ਥੱਕਿਆ ਸਰੀਰ ਮਨ ਦੀ ਲੋਰ ਵਿਚ ਆ ਕੇ ਸਾਵਾਂ ਹੋ ਜਾਂਦਾ ਸੀ। ਇਸ ਵਰ੍ਹੇ ਅਪਰੈਲ ਮਹੀਨੇ ਮੈਂ ਵੀਹ-ਪੰਜੀ ਸਾਲ ਪੁਰਾਣੇ ਪੰਜਾਬ ਦੀ ਪੇਸ਼ਕਾਰੀ ਕਰਦੀ ਫਿਲਮ ਵੇਖਣ ਚਲਾ ਗਿਆ। ਰਾਤ ਅੱਠ ਵਜੇ ਸ਼ੋਅ ਸ਼ੁਰੂ ਹੋਇਆ, ਅਗਲੀ ਕਤਾਰ ਵਿਚ ਸੱਤ-ਅੱਠ ਮੁੰਡਿਆਂ ਦਾ ਇੱਕ ਗਰੁੱਪ ਬੈਠਾ ਸੀ। ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਆਪਸ ਵਿਚ ਗੱਲਾਂ ਕਰਦਿਆਂ ਅਜਿਹੇ ਸ਼ਬਦ ਵਰਤੇ ਜੋ ਪਰਿਵਾਰ ਦੀ ਮੌਜੂਦਗੀ ਵਿਚ ਸੁਣੇ ਨਹੀਂ ਜਾ ਸਕਦੇ ਸਨ। ਕਾਸਟਿੰਗ ਗੀਤ ਸ਼ੁਰੂ ਹੁੰਦਿਆਂ ਹੀ ਉਨ੍ਹਾਂ ਵਿਚੋਂ ਦੋ ਨੇ ਬਾਹਾਂ ਉਲਾਰ-ਉਲਾਰ ਕੇ ਕਿਲਕਾਰੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਫਿਰ ਦੋ ਜਾਣੇ ਚੀਕਾਂ ਮਾਰਨ ਲੱਗੇ। ਦਰਸ਼ਕਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਕੁਝ ਖਾਧਾ-ਪੀਤਾ ਹੋਇਆ ਸੀ। ਆਖਰ ਫਿਲਮ ਰੋਕ ਕੇ ਪ੍ਰਬੰਧਕਾਂ ਨੇ ਬਾਊਂਸਰਾਂ ਦੀ ਮਦਦ ਨਾਲ ਉਨ੍ਹਾਂ ਨੂੰ ਸਿਨਮਾ ਹਾਲ ਤੋਂ ਬਾਹਰ ਕੱਢਿਆ। ਸੱਤਰ-ਪਚੱਤਰ ਵਰ੍ਹਿਆਂ ਵਿਚ ਪੰਜਾਬੀਅਤ ਪਲਿਓਂ ਬਹੁਤ ਕੁਝ ਕਿਰ ਚੁੱਕਾ ਹੈ।

ਜ਼ਿੰਦਗੀ ਸਿਖਰ ਦਾ ਸਿਰੜ ਤੇ ਮਿਹਨਤ ਦੀ ਮੰਗ ਕਰਦੀ ਹੈ। ਖੇਡ ਮੁਕਾਬਲਿਆਂ ਵਿਚ ਇਸ ਨੂੰ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਚੈਂਪੀਅਨਜ਼ ਟਰਾਫੀ ਦੌਰਾਨ ਪਾਕਿਸਤਾਨੀ ਖਿਡਾਰੀਆਂ ਨੇ ਇਸ ਦਾ ਭਰਪੂਰ ਪ੍ਰਗਟਾਵਾ ਕੀਤਾ। ਟੂਰਨਾਮੈਂਟ ਜਿੱਤ ਕੇ ਜਦੋਂ ਉਹ ਵਤਨ ਪਰਤੇ ਤਾਂ ਉਨ੍ਹਾਂ ਦਾ ਹਰ ਕਦਮ ਫੁੱਲ ਪੱਤੀਆਂ ਨਾਲ ਢੱਕ ਲਿਆ ਗਿਆ। ਉਸ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਹਸਨ ਅਲੀ ਗੁਜਰਾਂਵਾਲਾ ਦੇ ਪਿੰਡ ਲੱਧੇ ਵਾਲਾ ਵੜੈਚ ਦਾ ਵਸਨੀਕ ਹੈ। ਦੇਸ਼ ਵੰਡ ਸਮੇਂ ਇਸ ਪਿੰਡ ਵਿਚ ਹਿੰਦੂਆਂ ਤੇ ਸਿੱਖਾਂ ਦੇ ਕਈ ਘਰ ਸਨ। 'ਲੱਧੇ ਵਾਲਾ ਵੜੈਚ' ਦੇਸ਼ ਵੰਡ ਦਾ ਦੁਖਾਂਤ ਪੇਸ਼ ਕਰਦੀ ਮਹਿੰਦਰ ਸਿੰਘ ਸਰਨਾ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਕਹਾਣੀ ਹੈ। ਸੰਸਾਰ ਜਿੱਤ ਕੇ ਜਦੋਂ ਹਸਨ ਅਲੀ ਆਪਣੇ ਘਰ ਵਤਨ ਲੱਗਾ ਤਾਂ ਮੀਡੀਆ ਨੇ ਉਸ ਅੱਗੇ ਸਵਾਲਾਂ ਦੀ ਝੜੀ ਲਗਾ ਦਿੱਤੀ, ਇਹ ਮੁਕਾਮ ਕਿਵੇਂ ਹਾਸਲ ਹੋਇਆ, ਕਈ ਸਵਾਲਾਂ ਵਿਚੋਂ ਇਹ ਉੱਚੀ ਆਵਾਜ਼ ਸੀ। ਆਪਣੇ ਨਾਲ ਖੜੀ ਵੱਡੀ ਭੈਣ ਵੱਲ ਇਸ਼ਾਰਾ ਕਰਕੇ ਉਹ ਕਹਿੰਦਾ ਭੈਣਾਂ ਦੀਆਂ ਦੁਆਵਾਂ ਕਰਕੇ, ਵੱਡੀ ਭੈਣ ਮਾਂ ਵਰਗੀ, ਉਹ ਮੁਸਕਰਾਇਆਂ ਤੇ ਉਸ ਨੇ ਆਪਣਾ ਸਿਰ ਘਰ ਦੀ ਦੇਹਲੀ 'ਤੇ ਰੱਖ ਦਿੱਤਾ। ਭਾਰਤ ਤੇ ਭਾਰਤੀ ਖਿਡਾਰੀਆਂ ਬਾਰੇ ਟਿੱਪਣੀ ਕਰਨ ਤੇ ਮੀਡੀਆ ਵੱਲੋਂ ਉਕਸਾਉਣ 'ਤੇ ਵੀ ਉਹ ਇੱਕ ਵੀ ਸ਼ਬਦ ਵਿਰੋਧ ਵਿਚ ਨਹੀਂ ਬੋਲਿਆ। ਉਹ ਕਹਿੰਦਾ ਕਦੇ ਉਹ ਜਿੱਤ ਜਾਂਦੇ ਨੇ ਤੇ ਕਦੇ ਅਸੀਂ ਜਿੱਤ ਜਾਂਦੇ ਹਾਂ। ਉਸ ਸਮੇਂ ਉਸ ਦੇ ਘਰ ਦੇ ਬਾਹਰ ਲੋਕਾਂ ਦੀ ਵੱਡੀ ਭੀੜ ਸੀ, ਉਹ ਕੋਠੇ ਚੜ੍ਹਿਆ ਤੇ ਉਸ ਨੇ ਦੋਵੇਂ ਬਾਹਵਾਂ ਖੋਲ੍ਹੀਆਂ ਤੇ ਇੰਜ ਇਸ਼ਾਰਾ ਕੀਤਾ ਜਿਵੇਂ ਉਹ ਵਿਕਟ ਲੈਣ ਤੋਂ ਬਾਅਦ ਕਰਦਾ ਹੈ। ਮੁੰਡਿਆਂ ਨੂੰ ਸੰਬੋਧਨ ਹੁੰਦਿਆਂ ਉਹ ਇੱਕੋ ਵਾਕ ਬੋਲਿਆ: ਮਿਹਨਤ ਕਰਿਓ, ਤੁਸੀਂ ਸੰਸਾਰ ਜਿੱਤ ਸਕਦੇ ਹੋ।

ਛੈਲ ਨਵਾਬਾਂ ਦੇ ਘਰ ਢੁਕਣਾ,  
ਸਰਦਾਰਾਂ ਦੇ ਘਰ ਢੁਕਣਾ,  
ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ।  
ਸੋਹਣੇ ਤੇ ਚੀਰੇ ਵਾਲਿਆ ਵੇ,  
ਚੀਰਾ ਕਲਗੀ ਦੇ ਨਾਲ ਸ਼ਿੰਗਾਰਿਆ ਈ।

ਲੋਰੀਆਂ, ਘੋੜੀਆਂ, ਮਾਹੀਆ, ਸੁਹਾਗ ਲੋਕਧਾਰਾ ਦੇ ਹਰ ਰੂਪ ਵਿਚ ਮਨੁੱਖ ਨੂੰ ਅਥਾਹ ਲਾਡ-ਪਿਆਰ ਤੇ ਸਤਿਕਾਰ ਮਿਲਿਆ ਹੈ। ਨੌਜਵਾਨਾਂ ਨੂੰ ਇਸ ਮਾਣ-ਸਨਮਾਨ ਦਾ ਮੁੱਲ ਮੋੜਨਾ ਚਾਹੀਦਾ ਹੈ। ਕੋਈ ਗੱਭਰੂ ਲੋਕਧਾਰਾ ਦੇ ਇਨ੍ਹਾਂ ਬੋਲਾਂ ਨੂੰ ਗੁਣ-ਗੁਣਾਉਂਦਾ ਹੋਇਆ ਜ਼ਿੰਦਗੀ ਦੀ ਸਟੇਜ ਤੋਂ ਲੰਘ ਜਾਵੇ ਇਸ ਲੇਖ ਦਾ ਇਹੋ ਉਦੇਸ਼ ਹੈ।

## ਦੁਖਿਆਰੀ

ਜੱਗ ਦੀ ਜਨਨੀ ਹੈ ਜੀ।  
ਮਾਂ, ਭੈਣ, ਪਤਨੀ ਹੈ ਜੀ।  
ਭੂਆ, ਮਾਸੀ, ਨਿੱਕੀ ਧੀ।  
ਪਰ ਜੱਗ ਨੇ ਦਿੱਤਾ ਕੀ?

ਦੁਨੀਆਂ ਲਿਤਾੜਦੀ ਹੈ।  
ਜੀਂਦੇ ਜੀਅ ਸਾੜ੍ਹਦੀ ਹੈ।  
ਕੁੱਖਾਂ ਵਿਚ ਮਾਰਦੀ ਹੈ।  
ਕਹਿਰ ਗੁਜ਼ਾਰਦੀ ਹੈ।

ਅੱਖਾਂ ਨੀਵੀਆਂ ਰੱਖਦੀ।  
ਭੈੜੀ ਨਜ਼ਰ ਤੋਂ ਬਚਦੀ।  
ਲਾਜ ਬਾਪੂ ਦੀ ਰੱਖਦੀ।  
ਨਾ ਦਿਲਾਂ ਦੀ ਦੱਸਦੀ।

ਬੋਲ ਕਬੋਲ ਹੈ ਸਹਿੰਦੀ।  
ਨਾ ਕੁਝ ਮੂੰਹ ਤੋਂ ਕਹਿੰਦੀ।  
ਸਭ ਮਮਤਾ 'ਚ ਸਹਿੰਦੀ।  
ਅੰਦਰੋਂ ਹੈ ਘੁਟੀ ਰਹਿੰਦੀ।

ਨਾ ਸੰਤਾਨ ਖੁਦ ਦੇ ਨਾਂ।  
ਨਾ ਜਗੀਰ ਕੋਈ ਹੈ ਨਾਂ।  
ਆਖਣ ਨੂੰ ਮਾਂ ਉਚੇ ਥਾਂ।  
ਤੈਥੋਂ ਮਾਂ ਲੱਖ ਵਾਰੀ ਜਾਂ।

ਮਰਦਾਂ ਦੀ ਤੱਕੋ ਹਉਮੈ।  
ਨਿਆਂ ਵੀ ਲੈਂਦਾ ਨਾ ਜ਼ਿੰਮੇ।  
ਹੱਕ ਮੰਗੇ ਤਾਂ ਕੌੜੀ ਤੁੰਮੇ।  
ਜਿਉਣ ਦੀ ਚਾਹ ਹੈ ਗੁੰਮੇ।

ਭਾਰਤ ਜਾਂ ਹੋਵੇ ਅਮਰੀਕਾ।  
ਮਰਦਾਂ ਦਾ ਇਹੋ ਤਰੀਕਾ।  
ਵਰਤਦਾ ਕਦੇ ਨਾ ਸਲੀਕਾ।  
ਬਦਨਸੀਬ ਦਾ ਹੈ ਵਸੀਕਾ।

-ਸੇਵਾ ਸਿੰਘ ਨੂਰਪੁਰੀ

# ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ (ਮਿਸ਼ੀਗਨ)

4701 Pleasant Grove, Lansing, MI 48910 Ph: 517-272-0231

www.LansingGurdwara.Org Facebook page: Gurdwara Sahib Guru Nanak Sikh Centre Lansing, MI USA

## ਲੈਨਸਿੰਗ, ਮਿਸ਼ੀਗਨ ਵਿਚ ਖਾਲਸੇ ਦੇ ਜਨਮ ਦਿਹਾੜੇ ‘ਤੇ

ਸ਼ਿਕਾਗੋ, ਕਰਾਉਨ ਪੁਆਇੰਟ, ਇੰਡੀਅਨਐਪੋਲਿਸ, ਸਾਊਥਬੈਂਡ, ਮਿਲਵਾਕੀ, ਡਿਟਰਾਇਟ, ਗਰੈਂਡ ਰੈਪਿਡਜ਼, ਮਸਕੀਗਨ, ਜੈਕਸਨ, ਫਲਿੰਟ, ਸਾਗੀਨਾਅ, ਕੈਲਮਜ਼ੂ, ਬੈਟਲ ਕਰੀਕ, ਬੈਂਟਨ ਹਾਰਬਰ ਅਤੇ ਹੋਰ ਦੂਰ-ਨੇੜੇ ਦੀ ਸੰਗਤ ਦੇ ਸਹਿਯੋਗ ਨਾਲ

# ਮਹਾਨ ਨਗਰ ਕੀਰਤਨ

ਉਪਰੰਤ **ਵਿਸਾਖੀ ਮੇਲਾ**

## ਸਨਿਚਰਵਾਰ, 9 ਮਈ 2020

Adado Riverfront Park: 300 N. Grand Ave., Lansing MI 48933. (Downtown Lansing)

## ਪ੍ਰੋਗਰਾਮ

ਸਨਿਚਰਵਾਰ, 9 ਮਈ 2020 ਨੂੰ ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠ ਦਾ ਭੋਗ ਸਵੇਰੇ 7.00 ਵਜੇ ਪਾਇਆ ਜਾਵੇਗਾ। ਇਸ ਉਪਰੰਤ ਸੰਗਤਾਂ ਅਡੈਡੋ ਰਿਵਰਫਰੰਟ ਪਾਰਕ (300 ਨਾਰਥ ਗਰੈਂਡ ਐਵੇਨਿਊ, ਲੈਨਸਿੰਗ, ਮਿਸ਼ੀਗਨ 48933) ਵਿਚ ਇਕੱਤਰ ਹੋਣਗੀਆਂ। ਇਸੇ ਪਾਰਕ ਤੋਂ ਪਰੇਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਅਰੰਭ ਹੋਵੇਗੀ। ਪਰੇਡ ਦੇ ਸਭ ਤੋਂ ਅੱਗੇ ਪੰਜ ਪਿਆਰੇ ਆਪਣੀਆਂ ਰਵਾਇਤੀ ਪੁਸ਼ਾਕਾਂ ਵਿਚ ਚੱਲਣਗੇ। ਪਰੇਡ ਆਪਣੇ ਰੂਟ ‘ਤੇ ਹੁੰਦੀ ਹੋਈ ਵਾਪਸ ਇਸੇ ਪਾਰਕ ਵਿਚ ਹੀ ਆ ਕੇ ਸਮਾਪਤ ਹੋਵੇਗੀ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਉਪਕਾਰ ਸਿੰਘ, ਭਾਈ ਸ਼ਰਨਜੀਤ ਸਿੰਘ ਤੇ ਭਾਈ ਪ੍ਰਭਜੋਤ ਸਿੰਘ ਦੇ ਜਥੇ ਤੋਂ ਇਲਾਵਾ ਪ੍ਰਸਿਧ ਢਾਡੀ ਜਥਾ ਮੋਹਨ ਸਿੰਘ ਬਦਾਨਾ ਢਾਡੀ ਵਾਰਾਂ ਅਤੇ ਹੋਰ ਪੰਥ ਕੀਰਤਨੀਏ ਕੀਰਤਨ ਤੇ ਕਥਾਵਾਚਕ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਰੇਡ ਦੀ ਸਮਾਪਤੀ ‘ਤੇ ਅਡੈਡੋ ਰਿਵਰਫਰੰਟ ਪਾਰਕ 300 N. Grand Ave., Lansing MI 48933 (Downtown Lansing) ’ਚ ਸੰਗਤਾਂ ਲਈ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ।

*ਨਗਰ ਕੀਰਤਨ ਤੋਂ ਬਾਅਦ ਇਕ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਏਗਾ, ਜਿਸ ਵਿਚ ਨਾਮੀ ਗਾਇਕ ਅਤੇ ਗਿੱਧੇ-ਭੰਗੜੇ ਦੀਆਂ ਟੀਮਾਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ*

*ਤਾਜ਼ਾ ਜਲੇਬੀਆਂ, ਮਿਠਾਈਆਂ, ਚਾਹ ਅਤੇ ਕੌਫੀ ਦੀ ਸੇਵਾ ਫਲਿੰਟ ਦੀ ਸੰਗਤ ਵਲੋਂ
*ਲੰਗਰ ਦੀ ਸੇਵਾ ‘ਗਰਿਲ ਆਫ ਇੰਡੀਆ, ਫਲਿੰਟ’ ਵਲੋਂ ਹੋਵੇਗੀ
*ਗਰਮਾ ਗਰਮ ਪਕੌੜਿਆਂ ਦਾ ਵਿਸ਼ੇਸ਼ ਪ੍ਰਬੰਧ
*ਛੋਲੇ-ਭਠੂਰਿਆਂ ਦੀ ਸੇਵਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਂਟਨ ਦੀ ਸੰਗਤ ਵਲੋਂ
*ਟਿੱਕੀਆਂ ਅਤੇ ਗੋਲ-ਗੋਪਿਆਂ ਦੀ ਸੇਵਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਸਟਰਲਿੰਗ ਹਾਈਟਸ ਵਲੋਂ
*ਛੋਲੇ-ਭਠੂਰਿਆਂ ਦੀ ਸੇਵਾ ਐਸ. ਐਂਡ ਐਸ. ਟਰੱਕਿੰਗ, ਕੈਲਮਜ਼ੂ ਵਲੋਂ
*ਗੰਨੇ ਦੇ ਰਸ ਦੀ ਸੇਵਾ ਜੈਕਸਨ ਦੀ ਸੰਗਤ ਵਲੋਂ
*ਪੀਜ਼ੇ ਤੇ ਸੌਫਟ ਡਰਿੰਕ (ਸੋਡੇ) ਦੀ ਸੇਵਾ ਲਾਡੀ ਮੁਲਤਾਨੀ ਤੇ ਅਮਰਜੀਤ ਸਿੰਘ ਇਬਰਾਹਿਮਵਾਲ ਵਲੋਂ
*ਮੈਂਗੋ ਸ਼ੇਕ, ਫਰੂਟ ਚਾਟ, ਰੂਹਅਫਜ਼ਾ ਅਤੇ ਡਰਾਈ ਫਰੂਟ ਪ੍ਰਸਾਦ ਦੀ ਸੇਵਾ ਜਸਵੰਤ ਸਿੰਘ ਕੈਲਮਜ਼ੂ ਤੇ ਪਰਿਵਾਰ
*ਆਈਸ ਕਰੀਬ ਦੀ ਸੇਵਾ ਕਪੂਰ ਸਿੰਘ ਜੱਬੋ ਤੇ ਪਰਿਵਾਰ ਅਤੇ ਅਜੇ ਬਡਵਾਰ ਵਲੋਂ
*ਪਾਣੀ ਦੀ ਸੇਵਾ ਜਸਵੀਰ ਸਿੰਘ, ਤੇ ਕੁਲਵੰਤ ਸਿੰਘ ਗਰੈਂਡ ਰੈਪਿਡਜ਼ ਵਲੋਂ
*ਧਾਰਮਿਕ ਤਸਵੀਰਾਂ ਤੇ ਪੇਂਟਿੰਗ ਦਾ ਸਟਾਲ ਲੱਗੇਗਾ
ਹੋਰ ਕਿਸੇ ਤਰ੍ਹਾਂ ਦੀ ਸੇਵਾ ਲੈਣ ਲਈ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

*ਅਮਰੀਕਾ ਦੇ ਪੰਜਾਬੀ ਚੈਨਲ ਨਗਰ ਕੀਰਤਨ ਤੇ ਸਭਿਆਚਾਰਕ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਕਰਨਗੇ*



### ਮੁੱਖ ਮਹਿਮਾਨ



ਸੁਧਾਕਰ ਦਲੇਲਾ
ਭਾਰਤੀ ਕੌਂਸਲ ਜਨਰਲ, ਸ਼ਿਕਾਗੋ

### ਵਿਸ਼ੇਸ਼ ਮਹਿਮਾਨ



*Lansing Mayor Andy Schor*

## Contacts:

Gurudwara Sahib (517) 272-0231
Ladi Multani (517) 204-4171
S. Balbir Singh (517) 402-1811
S. Kuldip Singh (President) Ph: 517-402-4910
S. Balbir Singh Habibwal 517-944-0947

## ਬੇਨਤੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ

# ਉਣੀ ਸੌ ਪੰਤਾਲੀ ਦਾ ਇਕ ਵਿਆਹ

***ਇੱਕੀਵੀਂ ਸਦੀ ਦੇ ਦੋ ਦਹਾਕਿਆਂ ਤਕ ਅੱਪੜਦਿਆਂ ਪੰਜਾਬ ਵਿਚ ਵਿਆਹਾਂ ਦਾ ਰੰਗ-ਰੂਪ ਬਹੁਤ ਬਦਲ ਰਿਹਾ ਹੈ। ਪਿਛਲੇ ਪੰਦਰਾਂ-ਵੀਹਾਂ ਸਾਲਾਂ ਦੌਰਾਨ ਤਾਂ ਵਿਆਹਾਂ ਦਾ ਇਹ ਰੰਗ-ਰੂਪ ਬਹੁਤ ਤੇਜ਼ੀ ਨਾਲ ਬਦਲਿਆ ਹੈ। ਸ. ਮਹਿੰਦਰ ਸਿੰਘ ਦੋਸਾਂਝ ਨੇ ਆਪਣੇ ਇਸ ਲੇਖ ਵਿਚ 1945 ਦੇ ਇਕ ਵਿਆਹ ਦਾ ਚਿੱਤਰ ਖਿਚਿਆ ਹੈ ਅਤੇ ਉਸ ਸਮੇਂ ਕੀਤੀਆਂ ਜਾਂਦੀਆਂ ਰਸਮਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਪਾਠਕ ਅੰਦਾਜ਼ਾ ਲਾ ਸਕਦੇ ਹਨ ਕਿ ਜ਼ਮੀਨ ਆਸਮਾਨ ਦਾ ਫਰਕ ਪੈ ਗਿਆ ਹੈ। ਅੱਜ ਵਿਆਹਾਂ ਅੰਦਰ ਦਿਖਾਵਾ ਪ੍ਰਧਾਨ ਹੋ ਗਿਆ ਹੈ। -ਸੰਪਾਦਕ***

ਮੈਨੂੰ ਹਰ ਮਹੀਨੇ ਵਿਆਹਾਂ ਦੇ ਸੱਦਾ ਪੱਤਰ ਆਉਂਦੇ ਹਨ ਪਰ ਤੇਜ਼ ਰਫਤਾਰ ਜ਼ਿੰਦਗੀ ਵਿਚ ਇਨ੍ਹਾਂ ਸਾਰੇ ਵਿਆਹਾਂ ਵਿਚ ਸ਼ਾਮਿਲ ਹੋਣ ਵਾਸਤੇ ਗੁੰਜਾਇਸ਼ ਹੀ ਨਹੀਂ ਹੁੰਦੀ ਅਤੇ ਹੁਣ ਜੇ ਮੈਂ ਕਿਸੇ ਵਿਆਹ ਵਿਚ ਸ਼ਾਮਿਲ ਹੁੰਦਾ ਵੀ ਹਾਂ ਤਾਂ ਸਿਰਫ ਇਕ-ਦੋ ਘੰਟੇ ਲਈ ਹੀ। ਉਂਜ, 1945 ਦਾ ਇਕ ਵਿਆਹ ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ ਜਿਸ ਵਿਚ ਮੈਂ ਲਗਾਤਾਰ ਚਾਰ-ਪੰਜ ਦਿਨ ਸ਼ਾਮਿਲ ਹੋ ਕੇ ਹੁਣ ਤੱਕ ਇਹਦੀਆਂ ਰਸਮਾਂ ਅਤੇ ਖੁਸ਼ੀਆਂ ਨੂੰ ਆਪਣੀਆਂ ਖੂਬਸੂਰਤ ਯਾਦਾਂ ਵਿਚ ਸੰਭਾਲਿਆ ਹੋਇਆ ਹੈ।

ਇਹ ਵਿਆਹ ਮੇਰੀ ਭੂਆ ਦੇ ਵੱਡੇ ਪੁੱਤਰ ਦਾ ਸੀ। ਵਿਆਹ ਤੋਂ ਦੋ ਦਿਨ ਪਹਿਲਾਂ ਸਾਰੀ ਰਾਤ ਜਿਵੇਂ ਨੀਂਦ ਮੇਰੀਆਂ ਅੱਖਾਂ ਨਾਲ ਰੁੱਸੀ ਰਹੀ ਸੀ। ਨੀਂਦ ਤੋਂ ਬਾਹਰ-ਬਾਹਰ ਹੀ ਅਣਗਿਣਤ ਸੁਫਨੇ ਮੇਰੀਆਂ ਇਛਾਵਾਂ ਨਾਲ ਲੁਕਣਮੀਚੀ ਖੇਡਦੇ ਰਹੇ। ਸਵੇਰੇ ਭੂਆ ਦੇ ਪਿੰਡ ਅਤੇ ਅੱਗੇ ਬਰਾਤ ਵਿਚ ਜਾਣ ਲਈ ਚਾਅ ਮਨ 'ਚ ਜਿਵੇਂ ਛੂਹਣ-ਛੁਲ੍ਹਾਈਆਂ ਖੇਡਦੇ ਰਹੇ।

ਮਹਿੰਦਰ ਸਿੰਘ ਦੋਸਾਂਝ

ਸਵੇਰੇ ਨਾਨਕੀ ਛੱਕ ਲਈ ਗੱਡੇ 'ਤੇ ਬਹਿ ਗਿਆ, ਭਾਵੇਂ ਮੈਨੂੰ ਬਹੁਤ ਕਿਹਾ ਗਿਆ ਕਿ ਮੈਂ ਥੱਲੇ ਉਤਰ ਆਵਾਂ, ਅਜੇ ਗੱਡੇ ਨਹੀਂ ਤੁਰਨਾ ਪਰ ਮੈਂ ਦੋਵਾਂ ਹੱਥਾਂ ਨਾਲ ਘੁੱਟ ਕੇ ਫੜੀ ਗੱਡੇ ਦੀ ਵਲੀ ਨਾ ਛੱਡੀ। ਮੇਰੀ ਜ਼ਿੱਦ ਅੱਗੇ ਝੁਕ ਕੇ ਮੇਰੇ ਚਾਚੇ ਨੇ ਗੱਡੇ 'ਤੇ ਹੀ ਮੈਨੂੰ ਆਪਣੀ ਪਸੰਦ ਦਾ ਖਾਣਾ, ਮੱਕੀ ਦੀ ਬੇਹੀ ਰੋਟੀ ਤਾਜ਼ੇ ਦਹੀਂ ਵਿਚ ਚੂਰ ਕੇ, ਖਿਲਾਇਆ ਅਤੇ ਅਸੀਂ ਗੱਡੇ 'ਤੇ ਭੂਆ ਦੇ ਪਿੰਡ ਨੂੰ ਚੱਲ ਪਏ।

ਮੇਰਾ ਚਾਚਾ ਸਾਰੇ ਨਾਨਕਾ ਮੇਲ ਦੀ ਅਗਵਾਈ ਕਰ ਰਿਹਾ ਸੀ। ਚਾਚਾ ਤੇ ਚਾਚੀ ਘਰੋਂ ਨਿਰਨੇ ਹੀ ਤੁਰੇ ਸਨ ਅਤੇ ਉਨ੍ਹਾਂ ਨੇ ਭੂਆ ਦੇ ਪਿੰਡ ਜਾ ਕੇ ਹੀ ਕੁਝ ਖਾਣਾ ਪੀਣਾ ਸੀ। ਰਾਹ ਵਿਚ ਚਾਚੀ, ਚਾਚੇ ਦੀਆਂ ਕੁੜੀਆਂ ਅਤੇ ਭਾਈਚਾਰੇ 'ਚੋਂ ਮਿਲਣ ਵਰਤਣ ਵਾਲੇ ਪਰਿਵਾਰ ਦੀਆਂ ਨਾਲ ਆਈਆਂ ਕੁੜੀਆਂ ਤੇ ਵਹੁਟੀਆਂ ਹਾਸੇ ਮਖੌਲ ਕਰਦੀਆਂ ਰਹੀਆਂ। ਖੁਸ਼ੀਆਂ ਅਤੇ ਹਾਸਿਆਂ ਭਰੇ ਇਸ ਮਾਹੌਲ ਵਿਚ ਅਸੀਂ ਜਿਵੇਂ ਬਹੁਤ ਛੇਤੀ ਬੂਹਿਆਂ 'ਤੇ ਬੱਝੇ ਅੰਬ ਦੇ ਪੱਤਿਆਂ ਵਾਲੇ ਤੇ ਸੱਜਰੇ ਫੇਰੇ ਪਾਂਡੂ ਵਾਲੇ ਭੂਆ ਦੇ ਘਰ ਪਹੁੰਚ ਗਏ।

ਭੂਆ ਦੇ ਘਰ ਪਹੁੰਚ ਕੇ ਚਾਚੇ ਨੇ ਰੱਸੀ ਵਿਚ ਠੂਠੀਆਂ ਪਰੋ ਕੇ ਤਣੀ ਬੰਨ੍ਹਣ ਦੀ ਰਸਮ ਕੀਤੀ ਅਤੇ ਭੂਆ ਦੇ ਪਿੰਡ ਦੀਆਂ ਕੁੜੀਆਂ ਵਹੁਟੀਆਂ ਨੇ ਗੀਤ ਛੋਹ ਲਏ:

ਉਠ ਵੇ ਸਰਵਣਾ ਸੁੱਤਿਆ



ਮਾਮੇ ਤੇਰੇ ਵੇ ਆਏ!
ਮਾਮੀਆਂ ਕਾਨ੍ਹਾਂ ਦੀਆਂ ਗੋਪੀਆਂ
ਮਾਮੇ ਕਾਨ੍ਹ ਜੁ ਆਏ!

ਇਹ ਗੀਤ ਖਤਮ ਹੋਇਆ ਤਾਂ ਉਨ੍ਹਾਂ ਨੇ ਸਿੱਠਣੀਆਂ ਛੇੜ ਲਈਆਂ:

ਅੱਜ ਕਿਧਰ ਗਈਆਂ ਵੇ ਸਰਵਣਾਂ
ਮਾਮੀਆਂ ਤੇਰੀਆਂ

ਅੱਗਿਓਂ ਸਾਡੇ ਨਾਨਕ ਮੇਲ ਨੇ ਵੀ ਤੁਰੰਤ ਜਵਾਬ ਦਿੱਤਾ:

ਅਸੀਂ ਹਜ਼ਾਰ-ਨਾਜ਼ਰ ਵੇ ਸਰਵਣਾਂ
ਮਾਮੀਆਂ ਤੇਰੀਆਂ।

ਫੇਰ ਗਲੀ ਮਹੱਲੇ ਦੀਆਂ ਇਸਤਰੀਆਂ ਨੂੰ ਵਿਖਾਉਣ ਵਾਸਤੇ ਨਾਨਕੀ ਛੱਕ ਰੱਖੀ ਗਈ ਜਿਸ ਵਿਚ ਭੂਆ ਦੇ ਪੁੱਤਰ, ਵਿਆਂਦੜ ਮੁੰਡੇ ਲਈ ਜੋੜਾ-ਜਾਮਾ, ਭੂਆ ਜੀ, ਉਹਦੀ ਲੜਕੀ, ਸੱਸ ਤੇ ਦਰਾਣੀਆਂ ਜਠਾਣੀਆਂ ਲਈ ਕੱਪੜੇ, ਇਕ ਸੌ ਰੁਪਿਆ ਨਕਦ, ਨਵੀਂ ਵਿਆਹੀ ਆਉਣ ਵਾਲੀ ਕੁੜੀ ਲਈ ਤਵੀਤਾਂ ਦਾ ਖੂਬਸੂਰਤ ਹਾਰ ਸ਼ਾਮਿਲ ਸੀ। ਨਾਨਕਾ ਮੇਲ ਨੇ ਗੀਤ ਸ਼ੁਰੂ ਕਰ ਲਿਆ:

ਵੇਖ ਲਓ ਲੋਕੋ ਨਾਨਕੀ ਛੱਕ!
ਬਈ ਨਾਨਕੀ ਛੱਕ!!
ਮਾਮੇ ਨੇ ਧਰ ਦਿੱਤੇ ਸੌ 'ਤੇ ਸੱਠ!!!

ਅੱਗਿਓਂ ਦਾਦਕੀਆਂ ਨੇ ਵੀ ਜਵਾਬ ਵਿਚ ਗੀਤ ਛੋਹ ਲਿਆ:

ਨਾਨੀ ਤਾਂ ਕੰਜਰੀ ਨੇ ਚਰਚਾ ਨਾ ਡਾਹਿਆ,
ਤੰਦ ਨਾ ਪਾਇਆ,
ਵਿਹੜਾ ਨਾ ਛਾਇਆ,
ਨੱਕ ਵਢਾਇਆ,
ਸਾਡੀ ਤਾਂ ਬੰਨੀ ਨੇ ਚਰਖਾ ਵੀ ਡਾਹਿਆ,
ਵਿਹੜਾ ਵੀ ਛਾਇਆ, ਤੇ ਨੱਕ ਰਖਾਇਆ।

ਨੇੜੇ ਹੋਣ ਕਰਕੇ ਭੂਆ ਦੇ ਪਿੰਡ ਅਸੀਂ ਛਾਹ ਵੇਲੇ ਹੀ ਪਹੁੰਚ ਗਏ ਸੀ ਅਤੇ ਦੁਪਹਿਰੇ ਪਿੰਡ ਦੇ ਨੇੜੇ ਖੂਹ 'ਤੇ ਚੱਲਦੇ ਚੜਸ ਵਾਲੇ ਚਲ੍ਹੇ ਵਿਚ ਅਸੀਂ ਨਹਾਤੇ। ਸਵੇਰੇ ਬਰਾਤੇ ਜਾਣ ਦੇ ਚਾਅ ਵਿਚ ਇੱਟ ਦੇ ਰੋੜੇ ਨਾਲ ਰਗੜ-ਰਗੜ ਕੇ ਪੈਰਾਂ ਦੀਆਂ ਅੱਡੀਆਂ ਦੀ ਅਸੀਂ ਮੈਲ ਉਤਾਰੀ ਅਤੇ ਸ਼ਾਮ ਨੂੰ ਮੇਰੀ ਪੱਗ ਸਮੇਤ ਕਈ ਪੱਗਾਂ ਝੋਲੇ ਵਿਚ ਪਾ ਕੇ ਭੂਆ ਦਾ ਛੋਟਾ ਪੁੱਤਰ ਨੇੜੇ ਦੇ ਕਸਬੇ ਵਿਚ ਜਾ ਕੇ ਪੈਦਲ ਹੀ ਪੱਗਾਂ ਰੰਗਾ ਲਿਆਇਆ।

ਰਾਤ ਨੂੰ ਰੋਟੀ ਖਾਣ ਤੋਂ ਬਾਅਦ ਗਿੱਧੇ ਦੀ ਧਮਕ ਨਾਲ ਭੂਆ ਦਾ ਲੰਮਾ-ਚੌੜਾ ਵਿਹੜਾ ਅਤੇ ਵਿਹੜੇ 'ਚ ਲੱਗਿਆ ਨਿੰਮ ਦਾ ਬਿਰਛ ਹਿੱਲਣ ਲੱਗ ਪਿਆ। ਆਲੇ ਦੁਆਲੇ ਮਕਾਨਾਂ ਦੇ ਬਨੇਰਿਆਂ ਤੋਂ ਨੀਹਾਂ ਤੱਕ ਹਾਸੇ, ਠੱਠੇ, ਖੁਸ਼ੀਆਂ ਤੇ ਰੌਣਕਾਂ ਛਾਈਆਂ ਹੋਈਆਂ ਸਨ।

ਗਿੱਧੇ ਦੀਆਂ ਬੋਲੀਆਂ ਨਾਲ ਵਾਤਾਵਰਨ ਬਹੁਤ ਹੀ ਭਾਵੁਕ ਤੇ ਰੁਮਾਂਸਮਈ ਬਣ ਗਿਆ ਸੀ। ਸਾਡੇ ਮੇਲ ਨੇ ਦਾਦਕੀਆਂ 'ਤੇ ਬੋਲੀਆਂ ਰਾਹੀਂ ਬੜੇ ਤਿੱਖੇ ਵਾਰ ਕੀਤੇ ਪਰ ਭੂਆ ਦੇ ਪਿੰਡ ਦੀਆਂ ਇਸਤਰੀਆਂ ਨੇ ਉਨ੍ਹਾਂ ਦੀ ਪੇਸ਼ ਨਾ ਜਾਣ ਦਿੱਤੀ। ਉਨ੍ਹਾਂ ਨੇ ਵਿਆਂਦੜ ਮੁੰਡੇ ਦੀ ਮਾਮੀ ਨੂੰ ਮੋਹਰੇ ਲਾ ਲਿਆ:

ਮਾਮਾ ਬਹਿ ਗਿਆ ਹੱਟ 'ਤੇ,
ਮਾਮੀ ਧਰ ਲਈ ਪੱਟ 'ਤੇ,
ਲਾਹ ਸੁੱਟ ਵੇ ਕੋਈ ਠੱਠਾ ਕਰੂਗਾ।
ਚੁੱਪ ਕਰ ਨੀ ਕੋਈ ਹੋਰ ਸੁਣੂਗਾ।

ਦੂਜੇ ਦਿਨ ਸਵੇਰੇ ਤੜਕੇ ਚਾਰ ਵਜੇ ਗੀਤਾਂ ਨੇ ਮੇਰੀਆਂ ਅੱਖਾਂ ਤੋਂ ਨੀਂਦ ਦੀਆਂ ਤਲੀਆਂ ਉਠਾ ਦਿੱਤੀਆਂ, ਇਸਤਰੀਆਂ ਗਾ ਰਹੀਆਂ ਸਨ:

ਆਂਗਣ ਚਿੱਕੜ ਕਿਨ ਕੀਤਾ ਵੇ
ਕਿਨ ਡੋਲ੍ਹਿਆ ਪਾਣੀ?
ਬਾਬੇ ਦਾ ਪੋਤੜਾ ਨ੍ਹਾਵੇ ਵੇ
ਉਸ ਡੋਲ੍ਹਿਆ ਪਾਣੀ।
ਕੌਣ ਜੁ ਗਾਂਢੂ ਤਿਲਕਿਆ ਵੇ
ਢੂਹੀ ਗਈਓ ਲਿਤਾੜੀ।
ਸਦੋ ਉਹਦੀ ਜੋਰੂ ਨੂੰ
ਕਰੇ ਤੱਤੜਾ ਪਾਣੀ।



ਵਿਆਂਦੜ ਮੁੰਡਾ ਪਟੜੇ 'ਤੇ ਬੈਠਾ ਨਹਾ ਰਿਹਾ ਸੀ। ਮਹਿਰੀ ਪਾਣੀ ਪਾ ਰਹੀ ਸੀ, ਵਟਣਾ ਧੋਤਾ ਜਾ ਰਿਹਾ ਸੀ, ਚਾਰ ਕੁੜੀਆਂ ਚਾਰੇ ਕੰਨੀਆਂ ਤੋਂ ਫੜ ਕੇ ਚੰਦੋਆ ਤਾਣੀ ਖੜ੍ਹੀਆਂ ਸਨ। ਏਸ ਚੰਦੋਏ ਨਾਲ ਹੀ ਨਹਾ ਕੇ ਸਰਵਣ ਨੇ ਆਪਣਾ ਜਿਸਮ ਪੂੰਝਿਆ ਤੇ ਉਹਦੇ ਮਾਮੇ ਨੇ ਚੌਂਕੀ ਅੱਗੇ ਪਈਆਂ ਠੂਠੀਆਂ ਪੈਰਾਂ ਨਾਲ ਭੰਨੀਆਂ ਤੇ ਠੂਠੀਆਂ ਵਿਚ ਰੱਖੇ ਪੈਸੇ ਲਾਗੀ ਨੂੰ ਦੇ ਦਿੱਤੇ ਗਏ। ਸਰਵਣ ਦੇ ਨਹਾਉਣ ਤੋਂ ਪਹਿਲਾਂ ਪਹਿਲੇ ਕਪੜੇ ਨਾਈ ਨੇ ਲੈ ਲਏ ਸਨ ਅਤੇ ਨਹਾਉਣ ਪਿੱਛੋਂ ਸਰਵਣ ਨੂੰ ਉਹਦੇ ਮਾਮੇ ਵਲੋਂ ਲਿਆਂਦਾ ਜੋੜਾ-ਜਾਮਾ ਪਹਿਨਾਇਆ ਗਿਆ।

ਇਸੇ ਸਮੇਂ ਮੈਨੂੰ ਵੀ ਫੜ ਕੇ ਸਿਰਬਾਹਲਾ ਬਣਾ ਕੇ ਨੁਹਾ ਦਿੱਤਾ ਗਿਆ ਅਤੇ ਫੇਰ ਸਾਡੇ ਦੋਵਾਂ ਦੇ ਸਿਹਰੇ ਬੰਨ੍ਹ ਦਿੱਤੇ ਗਏ। ਭਾਬੀਆਂ ਨੇ ਸਰਵਣ ਦੀਆਂ ਅੱਖਾਂ ਵਿਚ ਸੁਰਮਾ ਪਾ ਕੇ ਪੈਸੇ ਲਏ, ਭਾਈਚਾਰੇ ਵਿਚੋਂ ਇਸਤਰੀਆਂ ਨੇ ਸਲਾਮੀਆਂ ਪਾਈਆਂ ਅਤੇ ਫੇਰ ਇਸਤਰੀਆਂ ਦੀ ਭੀੜ ਅੱਗੇ ਸਰਵਣ ਨੂੰ ਗੁਰਦੁਆਰੇ ਮੱਥਾ ਟਿਕਾਉਣ ਲਈ ਲਿਆਂਦਾ ਗਿਆ। ਭੂਆ ਦੀ ਧੀ, ਸਰਵਣ ਦੀ ਭੈਣ ਅਤੇ ਮੇਰੀ ਭੈਣ ਨੇ ਉਹਦੇ ਸਾਫੇ ਦੇ ਲੜ ਦੀ ਇੰਜੜੀ ਫੜੀ ਹੋਈ ਸੀ। ਪਿਛੋਂ ਸਰਵਣ ਨੇ ਉਨ੍ਹਾਂ ਨੂੰ ਇੰਜੜੀ ਫੜਨ ਦਾ ਇਕ-ਇਕ ਰੁਪਈਆ ਦਿੱਤਾ।

ਉਧਰ ਬੈਲ ਗੱਡੀਆਂ ਵਿਚ ਬਰਾਤੀ ਬੈਠੇ ਹੋਏ ਸਨ, ਤਕਰੀਬਨ ਸਾਰੇ ਬਰਾਤੀਆਂ ਨੇ ਕਾਲੀਆਂ, ਸੰਦਲੀ, ਮੂੰਗੀਆ, ਉਨਾਭੀ, ਟਸਰੀ ਤੇ ਹੋਰ ਕਈ ਰੰਗਾਂ ਦੀਆਂ ਪੱਗਾਂ ਬੰਨ੍ਹ ਕੇ ਮਾਂਡੀ ਨਾਲ ਅਕੜਾਏ ਤੁਰਲੇ ਪੱਗਾਂ 'ਤੇ ਖੜ੍ਹੇ ਕੀਤੇ ਹੋਏ ਸਨ। ਭੂਆ ਦੇ ਛੋਟੇ ਪੁੱਤਰ ਜੋਗਿੰਦਰ ਨੇ ਆਪਣੇ ਸਿਰ 'ਤੇ ਬੰਨ੍ਹੀ ਖੂਬਸੂਰਤ ਤੁਰਲੀ ਵਾਲੀ ਪੱਗ ਮੇਰੇ ਸਿਰ 'ਤੇ ਵੀ ਸਜਾ ਦਿੱਤੀ ਸੀ ਅਤੇ ਮੇਰਾ ਵੀ ਚੰਗਾ ਟੌਰ੍ਹ ਕੱਢ ਦਿੱਤਾ ਸੀ।

ਗੁਰਦੁਆਰੇ ਮੱਥਾ ਟਿਕਾ ਕੇ ਸਰਵਣ ਨੂੰ ਲਾਲ ਬੂਟਿਆਂ ਨਾਲ ਸਜੇ ਝੁੰਬਰ ਵਾਲੇ ਰੱਥ ਵਿਚ ਬਿਠਾ ਦਿੱਤਾ ਗਿਆ। ਮੈਨੂੰ ਵੀ ਫੁੱਫੜ ਜੀ ਨੇ ਰੱਥ ਵਿਚ ਬੈਠਣ ਵਾਸਤੇ ਜ਼ੋਰ ਦਿੱਤਾ ਪਰ ਮੈਂ ਚਾਚੇ ਨਾਲ ਬੈਲ ਗੱਡੀ ਵਿਚ ਬੈਠ ਗਿਆ।

ਪਿੰਡੋਂ ਬਾਹਰ ਨਿਕਲਦੇ ਸਾਰ ਗੱਡੀਆਂ ਦੀ ਦੌੜ ਸ਼ੁਰੂ ਹੋ ਗਈ। ਬਲਦਾਂ ਦੇ ਸਿੰਗਾਂ ਦੁਆਲੇ ਰੰਗ-ਬਰੰਗੇ ਪਗਟੇ ਲਪੇਟੇ ਹੋਏ ਸਨ ਅਤੇ ਉਨ੍ਹਾਂ 'ਤੇ ਰੰਗ-ਬਰੰਗੇ ਝੁੱਲ ਦਿੱਤੇ ਹੋਏ ਸਨ। ਮੱਥਿਆਂ 'ਤੇ ਉਨ੍ਹਾਂ ਦੇ ਖੂਬਸੂਰਤ ਮੁਖੇਰਨੇ ਸਿਹਰਿਆਂ ਵਾਂਗ ਸਜੇ ਹੋਏ ਸਨ। ਸਭ ਬਲਦਾਂ ਦੀਆਂ ਢੱਠਾਂ ਇਕ ਪਾਸੇ ਨੂੰ ਉਲਟੀਆਂ ਹੋਈਆਂ ਸਨ ਅਤੇ ਉਹ ਤੇਜ਼ ਤੋਂ ਤੇਜ਼ ਦੌੜ ਰਹੇ ਸਨ।

ਇਸ ਦੌੜ ਵਿਚ ਸਾਡੀ ਗੱਡੀ ਦੀ ਦੜੀ ਟੁੱਟ ਗਈ ਅਤੇ ਗੱਡੀ ਦਾ ਹੇਠਲਾ ਹਿੱਸਾ ਜ਼ਮੀਨ ਨਾਲ ਲੱਗ ਗਿਆ। ਜ਼ਬਰਦਸਤ ਝਟਕੇ ਨਾਲ ਮੈਂ ਜ਼ਮੀਨ 'ਤੇ ਡਿੱਗ ਪਿਆ ਤੇ ਮੇਰੀ ਖੂਬਸੂਰਤ ਤੁਰਲੀ ਵਾਲੀ ਸੰਦਲੀ ਪੱਗ ਲੀਹਾਂ 'ਤੇ ਧੂੰਦਲ ਵਿਚ ਜਾ ਡਿੱਗੀ। ਜੋਗਿੰਦਰ ਨੇ ਮੇਰੀ ਪੱਗ ਅਤੇ ਚਾਚੇ ਨੇ ਮੈਨੂੰ ਚੁੱਕਿਆ, ਕੱਪੜੇ ਮਿੱਟੀ ਨਾਲ ਲਿਬੜ ਗਏ ਸਨ ਪਰ ਸੱਟਾਂ ਕਿਸੇ ਦੇ ਨਹੀਂ ਸਨ ਲੱਗੀਆਂ।

ਅੱਗੇ ਜਾ ਕੇ ਰਾਹ ਵਿਚ ਫੁੱਫੜ ਜੀ ਦੇ ਨਾਨਕਿਆਂ ਦਾ ਪਿੰਡ ਆਉਂਦਾ ਸੀ। ਫੁੱਫੜ ਦੇ ਨਾਨਕੇ ਅਤੇ ਉਨ੍ਹਾਂ ਦਾ ਭਾਈਚਾਰਾ ਰਾਹ 'ਤੇ ਖੰਡ ਦੁੱਧ ਦਾ ਸ਼ਰਬਤ 'ਤੇ ਚਾਹ ਤਿਆਰ ਕਰਕੇ ਸਾਡੀ ਉਡੀਕ ਕਰ ਰਿਹਾ ਸੀ ਤੇ ਉਨ੍ਹਾਂ ਨੇ ਸਾਡੀ ਚੰਗੀ ਸੇਵਾ ਖਾਤਰ ਕਰਕੇ ਅੱਗੇ ਜਾਣ ਦਿੱਤਾ।

ਬਰਾਤ ਵਿਆਹ ਵਾਲੇ ਪਿੰਡ ਦੇ ਬਾਹਰ ਕੁਝ ਫਾਸਲੇ 'ਤੇ ਠਹਿਰ ਗਈ। ਵਾਜੇ ਵਾਲਿਆਂ ਨੇ ਵਾਜੇ ਵਿਚ ਫੂਕ ਮਾਰ ਕੇ ਬਰਾਤ ਦੇ ਪਹੁੰਚ ਜਾਣ ਦੀ ਸੂਚਨਾ ਅਗਲਿਆਂ ਨੂੰ ਦਿੱਤੀ। ਅਗਲੇ ਪਾਸਿਓਂ ਨਾਈ ਜਿਸ ਨੂੰ ਅਸੀਂ ਰਾਜਾ ਕਹਾਂਗੇ, ਨੇ ਹਰੀ ਟਹਿਣੀ ਫੜ ਕੇ ਫੁੱਫੜ ਜੀ ਨੂੰ ਵਧਾਈ ਦਿੱਤੀ। ਪਿੰਡ ਦੀ ਪੰਚਾਇਤ ਮਿਲਣੀ ਵਾਸਤੇ ਤਿਆਰ ਖੜ੍ਹੀ ਸੀ। ਮਿਲਣੀ ਵਾਲੇ 'ਸਥਾਨ' ਤੇ ਅਸੀਂ ਪਹੁੰਚੇ ਤਾਂ ਅਗਲੇ ਪਾਸਿਓਂ ਢੋਲਕੀ ਛੈਣਿਆਂ ਵਾਲਿਆਂ ਨੇ 'ਹਮ ਘਰ ਸਾਜਨ ਆਏ' ਦੇ ਸ਼ਬਦ ਦਾ ਉਚਾਰਨ ਸ਼ੁਰੂ ਕਰ ਦਿੱਤਾ।

ਉਪਰੰਤ ਵਿਚੋਲੇ ਅਤੇ ਰਾਜੇ ਨੇ ਨਵੇਂ ਕੁੜਮਾਂ ਨੂੰ ਮਿਲਣੀ ਦੇ ਪਿੜ ਦੇ ਵਿਚਕਾਰ ਲੈ ਆਂਦਾ। ਕੁੜੀ ਦੇ ਪਿਉ ਨੇ ਫੁੱਫੜ ਜੀ ਦੇ ਗੋਡੀਂ ਹੱਥ ਲਾਇਆ ਅਤੇ ਰਾਜੇ ਨੇ ਪਰਾਤ 'ਚ ਰੱਖੀ ਪੱਗ ਫੁੱਫੜ ਜੀ ਨੂੰ ਭੇਂਟ ਕੀਤੀ। ਪਿੱਛੋਂ ਇਵੇਂ ਹੀ ਵਿਆਂਦੜ ਮੁੰਡੇ ਦੇ ਬਾਬੇ, ਤਾਏ ਅਤੇ ਮਾਮੇ ਦੀਆਂ ਪੱਗਾਂ ਨਾਲ ਮਿਲਣੀਆਂ-ਵਿਆਂਦੜ ਕੁੜੀ ਦੇ ਬਾਬੇ, ਤਾਏ ਤੇ ਮਾਮੇ ਨੇ ਕੀਤੀਆਂ। ਰਾਜੇ ਨੇ ਥਾਲ ਵਿਚ ਖੰਡ ਲਿਆਂਦੀ ਅਤੇ ਸਭ ਸੱਜਣਾਂ ਨੇ ਥਾਲ ਵਿਚੋਂ ਇਕ-ਇਕ ਚੁਟਕੀ ਖੰਡ ਦੀ ਭਰ ਕੇ ਮੂੰਹ ਵਿਚ ਪਾਉਣ ਦਾ ਸ਼ਗਨ ਕੀਤਾ। ਕੁੜੀਆਂ-ਵਹੁਟੀਆਂ ਨੇ ਮਿਲਾਪ ਦੇ ਖੂਬਸੂਰਤ ਗੀਤ ਗਾਏ।

***ਬਰਾਤ ਵਿਆਹ ਵਾਲੇ ਪਿੰਡ ਦੇ ਬਾਹਰ ਕੁਝ ਫਾਸਲੇ 'ਤੇ ਠਹਿਰ ਗਈ। ਵਾਜੇ ਵਾਲਿਆਂ ਨੇ ਵਾਜੇ ਵਿਚ ਫੂਕ ਮਾਰ ਕੇ ਬਰਾਤ ਦੇ ਪਹੁੰਚ ਜਾਣ ਦੀ ਸੂਚਨਾ ਅਗਲਿਆਂ ਨੂੰ ਦਿੱਤੀ। ਅਗਲੇ ਪਾਸਿਓਂ ਨਾਈ ਜਿਸ ਨੂੰ ਅਸੀਂ ਰਾਜਾ ਕਹਾਂਗੇ, ਨੇ ਹਰੀ ਟਹਿਣੀ ਫੜ ਕੇ ਫੁੱਫੜ ਜੀ ਨੂੰ ਵਧਾਈ ਦਿੱਤੀ। ਪਿੰਡ ਦੀ ਪੰਚਾਇਤ ਮਿਲਣੀ ਵਾਸਤੇ ਤਿਆਰ ਖੜ੍ਹੀ ਸੀ। ਮਿਲਣੀ ਵਾਲੇ 'ਸਥਾਨ' ਤੇ ਅਸੀਂ ਪਹੁੰਚੇ ਤਾਂ ਅਗਲੇ ਪਾਸਿਓਂ ਢੋਲਕੀ ਛੈਣਿਆਂ ਵਾਲਿਆਂ ਨੇ 'ਹਮ ਘਰ ਸਾਜਨ ਆਏ' ਦੇ ਸ਼ਬਦ ਦਾ ਉਚਾਰਨ ਸ਼ੁਰੂ ਕਰ ਦਿੱਤਾ। ਉਪਰੰਤ ਵਿਚੋਲੇ ਅਤੇ ਰਾਜੇ ਨੇ ਨਵੇਂ ਕੁੜਮਾਂ ਨੂੰ ਮਿਲਣੀ ਦੇ ਪਿੜ ਦੇ ਵਿਚਕਾਰ ਲੈ ਆਂਦਾ। ਕੁੜੀ ਦੇ ਪਿਉ ਨੇ ਫੁੱਫੜ ਜੀ ਦੇ ਗੋਡੀਂ ਹੱਥ ਲਾਇਆ ਅਤੇ ਰਾਜੇ ਨੇ ਪਰਾਤ 'ਚ ਰੱਖੀ ਪੱਗ ਫੁੱਫੜ ਜੀ ਨੂੰ ਭੇਂਟ ਕੀਤੀ। ਪਿੱਛੋਂ ਇਵੇਂ ਹੀ ਵਿਆਂਦੜ ਮੁੰਡੇ ਦੇ ਬਾਬੇ, ਤਾਏ ਅਤੇ ਮਾਮੇ ਦੀਆਂ ਪੱਗਾਂ ਨਾਲ ਮਿਲਣੀਆਂ-ਵਿਆਂਦੜ ਕੁੜੀ ਦੇ ਬਾਬੇ, ਤਾਏ ਤੇ ਮਾਮੇ ਨੇ ਕੀਤੀਆਂ।***

ਮਿਲਣੀ ਤੋਂ ਬਾਅਦ ਸਾਨੂੰ ਡੇਰੇ ਲਿਆਂਦਾ ਗਿਆ। ਇਥੇ ਸਾਡੇ ਲਈ ਮੰਜੇ ਬਿਸਤਰੇ ਇਕੱਠੇ ਕਰਕੇ ਰੱਖੇ ਹੋਏ ਸਨ। ਅਸੀਂ ਮਨਪਸੰਦ ਮੰਜੇ ਬਿਸਤਰੇ ਮੱਲ ਲਏ। ਵਿਆਹ ਵਾਲੇ ਘਰੋਂ ਪਿੰਡ ਦੇ ਮੁੰਡੇ ਵਲਟੋਹੀਆਂ ਵਿਚ ਬਰਾਤ ਲਈ ਦੁੱਧ ਖੰਡ ਦਾ ਰੂਹਕਿਊੜੇ ਰਲਿਆ ਸ਼ਰਬਤ ਅਤੇ ਚਾਹ ਪੀਣ ਵਾਲਿਆਂ ਲਈ ਚਾਹ ਲੈ ਆਏ। ਪਿੱਤਲ ਦੇ ਥਾਲਾਂ ਵਿਚ ਪਾ ਕੇ ਸਾਨੂੰ ਬਦਾਣਾ ਵੀ ਵਰਤਾਇਆ ਗਿਆ।

ਰਾਤ ਨੂੰ ਅਸੀਂ ਬਰਾਤ ਨਾਲ ਵਿਆਹ ਵਾਲੇ ਘਰ ਖਾਣਾ ਖਾਣ ਗਏ। ਬਰਾਤ ਸਾਡੀ ਦੀ ਬਹੁਤ ਲੰਮੀ ਕਤਾਰ ਸੀ, ਡੇਰੇ ਤੋਂ ਘਰ ਤੱਕ। ਘਰ ਚਿੱਟੇ ਕੋਰੇ ਵਿਛਾ ਕੇ ਪਿੱਤਲ ਦੇ ਝਮ-ਝਮ ਕਰਦੇ ਥਾਲ ਸਾਡੇ ਅੱਗੇ ਰੱਖ ਦਿੱਤੇ ਗਏ। ਰਾਜੇ ਨੇ ਇਨ੍ਹਾਂ ਵਿਚ ਸਾਫਾ ਫੇਰ ਕੇ ਇਨ੍ਹਾਂ ਨੂੰ ਜਿਵੇਂ ਹੋਰ ਚਮਕਾ ਦਿੱਤਾ। ਪਿੰਡ ਦੇ ਨੌਜਵਾਨਾਂ ਨੇ ਬਹੁਤ ਹੀ ਡੂੰਘੀ ਸ਼ਰਧਾ ਅਤੇ ਪਿਆਰ ਨਾਲ ਖਾਣਾ ਵਰਤਾਇਆ। ਖਾਣੇ ਵਿਚ ਮਾਹਾਂ ਦੀ ਦਾਲ, ਹਲਵੇ ਕੱਦੂ ਦੀ ਸਬਜ਼ੀ, ਖੱਟਾ ਅਤੇ ਛੁਹਾਰਿਆਂ ਦੀ ਚੱਟਣੀ ਸ਼ਾਮਿਲ ਸੀ। ਮਿੱਠੇ ਖਾਣੇ ਵਜੋਂ ਕੜਾਹ ਅਤੇ ਚੌਲ ਵਰਤਾਏ ਗਏ। ਆਲੇ-ਦੁਆਲੇ ਬਨੇਰਿਆਂ ਉਤੋਂ ਇਕਦਮ ਖੂਬਸੂਰਤ ਗੀਤ ਗੂੰਜ ਉਠੇ:

ਤੁਸੀ ਗੈਸ ਜਗਾ ਦਿਓ ਜੀ
ਵੀਰ ਜੀ ਕੁੜਮ ਨੇ ਨ੍ਹੇਰਾ ਕੀਤਾ
ਸਭ ਗੈਸ ਬੁਝਾ ਦਿਓ ਜੀ
ਵੀਰ ਜੀ ਕੁੜਮ ਬੈਟਰੀ ਵਰਗਾ

---

ਲਾੜਿਆ ਅੰਮਾ ਕਿਉਂ ਨਾ ਲਿਆਇਆ
ਵੇ ਤੂੰ ਅੱਜ ਦੀ ਘੜੀ
ਬੀਬੀ ਕੀਕਣ ਲਿਆਉਂਦਾ
ਉਹਨੂੰ ਜੰਮੀ ਸੀ ਕੁੜੀ

ਸਾਡੇ ਫੁੱਫੜ ਜੀ ਬਹੁਤ ਹੀ ਖੂਬਸੂਰਤ ਰੂਹ ਵਾਲੇ ਸੁਹਿਰਦ ਇਨਸਾਨ ਸਨ, ਉਹ ਇਹ ਸਿੱਠਣੀਆਂ ਸੁਣ-ਸੁਣ ਕੇ ਬਹੁਤ ਖੁਸ਼ ਹੋ ਰਹੇ ਸਨ। ਬਰਾਤ ਖਾਣਾ ਖਾ ਹਟੀ ਤਾਂ ਕੁੜੀਆਂ ਨੇ ਫਿਰ ਗੀਤ ਸ਼ੁਰੂ ਕਰ ਦਿੱਤਾ:

ਬਰਾਤ ਖਾਣਾ ਖਾ ਲਏ ਜੀ ਸਜਨੋਂ,
ਚਲੋ ਆਪਣੇ ਡੇਰੇ।

ਅਗਲੇ ਦਿਨ ਤੜਕੇ ਵਿਆਂਦੜ ਮੁੰਡੇ ਨੂੰ ਉਠਾਲ ਕੇ ਨੁਹਾਇਆ ਗਿਆ ਅਤੇ ਅਸੀਂ ਸਾਰਿਆਂ ਨੇ ਵੀ ਇਸ਼ਨਾਨ ਕੀਤੇ। ਉਪਰੰਤ ਡੇਰੇ ਤੋਂ ਵਿਆਂਦੜ ਕੁੜੀ ਵਾਸਤੇ ਸੁਹਾਗ ਪਟਾਰੀ ਭੇਜੀ ਗਈ ਇਸ ਵਿਚ ਗਹਿਣੇ, ਸੁਹਾਗ ਦੇ ਕੱਪੜੇ ਅਤੇ ਸ਼ਿੰਗਾਰ ਦਾ ਸਮਾਨ ਸ਼ਾਮਿਲ ਸੀ।

ਰਾਤ ਵਾਂਗ ਡੇਰੇ ਹੀ ਸਾਨੂੰ ਸ਼ੀਰਨੀ ਬਦਾਣੇ ਨਾਲ ਸਵੇਰ ਦੀ ਚਾਹ ਦਿੱਤੀ ਗਈ। ਦਸ ਕੁ ਵਜੇ ਬਰਾਤ ਆਨੰਦ ਕਾਰਜਾਂ ਵਾਸਤੇ ਕੁੜੀ ਵਾਲਿਆਂ ਦੇ ਘਰ ਪਹੁੰਚ ਗਈ। ਲੋੜੀਦੀਆਂ ਧਾਰਮਿਕ ਤੇ ਸਮਾਜਿਕ ਰਸਮਾਂ ਉਪਰੰਤ ਮੁੰਡੇ ਕੁੜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਬਿਠਾ ਕੇ ਲਾਵਾਂ ਦਾ ਪਾਠ ਕੀਤਾ ਗਿਆ। ਪਾਠ ਦੇ ਨਾਲ-ਨਾਲ ਮੁੰਡੇ ਨੂੰ ਅੱਗੇ ਅਤੇ ਕੁੜੀ ਨੂੰ ਪਿੱਛੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਲੇ ਚਾਰ ਫੇਰੇ ਦਿੱਤੇ ਗਏ। ਕੁੜੀ ਦੇ ਕਰੀਬੀ ਪਰਿਵਾਰਾਂ ਦੇ ਨੌਜਵਾਨਾਂ ਨੇ ਫੇਰਿਆਂ ਵੇਲੇ ਵਿਆਂਦੜ ਕੁੜੀ ਨੂੰ ਗੋਲ ਲਾਈਨ ਵਿਚ ਖੜ੍ਹੇ ਹੋ ਕੇ ਸਹਾਰਾ ਦਿੱਤਾ।

ਵਿਆਂਦੜ ਕੁੜੀ ਦੀ ਮਾਂ ਨੇ ਲਲੇਰ ਅਤੇ ਮੁੰਡੇ ਕੁੜੀ ਨੂੰ ਪੰਜ-ਪੰਜ ਰੁਪਏ ਦਾ ਸ਼ਗਨ ਪਾਇਆ, ਫੁੱਫੜ ਜੀ ਨੇ ਵੀ ਵਿਆਂਦੜ ਮੁੰਡੇ ਕੁੜੀ ਦੇ ਸਿਰਾਂ ਉਤੋਂ ਪੈਸਿਆਂ ਵਾਲੀ ਥੈਲੀ ਵਾਰ ਕੇ ਉਨ੍ਹਾਂ ਦੀਆਂ ਝੋਲੀਆਂ ਵਿਚ ਪੰਜ-ਪੰਜ ਰੁਪਏ ਦੇ ਸ਼ਗਨ ਪਾਏ। ਕੁੜੀਆਂ ਵਹੁਟੀਆਂ ਇਸ ਸਮੇਂ ਸਿੱਠਣੀਆਂ ਦੇਣ ਲੱਗ ਪਈਆਂ:

ਬੋਰੀ ਵਾਰੀ ਖਾਲੀ ਬੋਰੀ,
ਵਿਚ ਰੁਪਈਆ ਹਈਓ ਨਾ!

***(ਬਾਕੀ ਅਗਲੇ ਸਫੇ 'ਤੇ)***

# ਉੱਨੀ ਸੌ ਪੰਤਾਲੀ...

*(ਪਿਛਲੇ ਸਫੇ ਦੀ ਬਾਕੀ)*

ਲਾੜੇ ਨੇ ਮਾਰੀ ਕੂਹਣੀ,
ਬੋਰੀ ਹੋ ਗਈ ਊਣੀ!
ਹਾਏ ਓਏ ਸਾਲਿਆ ਪੈਸਿਆ
ਮੈਂ ਮਸਾਂ ਮਸਾਂ ਜੋੜਿਆ ਸੀ।

ਤੇ ਫੇਰ ਇਕ ਹੋਰ ਗੀਤ ਗਾ ਕੇ ਕੁੜੀਆਂ ਨੇ ਸਾਰੀ ਬਰਾਤ ਨੂੰ ਜਿਵੇਂ ਖੁਸ਼ ਕਰ ਦਿੱਤਾ:

ਤੂੰ ਮੇਰਾ ਵਿਹੜਾ ਸਜਾਇਆ ਜੀ
ਰੰਗ ਰੱਤਿਆ ਕਾਨ੍ਹਾ।

ਫੇਰਿਆਂ ਤੋਂ ਵਿਹਲੀ ਹੋ ਕੇ ਬਾਰਤ ਮੁੜ ਡੇਰੇ ਪਹੁੰਚ ਗਈ ਅਤੇ ਡੇਰੇ ਤੋਂ ਕੁਝ ਬੰਦੇ ਵਾਜੇ ਨਾਲ ਮੁੜ ਕੁੜੀ ਦੇ ਘਰ ਨੂੰ ਵਰੀ ਲੈ ਕੇ ਆਏ। ਵਰੀ ਦਾ ਸਮਾਨ ਜਿਸ ਵਿਚ ਵਿਆਂਦੜ ਕੁੜੀ ਲਈ ਗਹਿਣੇ ਅਤੇ ਕੱਪੜੇ ਸ਼ਾਮਲ ਸਨ, ਥਾਲਾਂ ਵਿਚ ਖਿਲਾਰ ਕੇ ਲਿਆਂਦੀ ਗਈ ਵਰੀ ਵਿਚ ਕੁੜੀ ਲਈ ਗੂੜ੍ਹੇ ਰੰਗ ਦਾ ਸੂਟ ਵੀ ਸੀ ਜਿਸ ਨੂੰ ਸੂਹੇ ਸੋਸਨੇ ਦਾ ਨਾਮ ਦਿੱਤਾ ਗਿਆ ਸੀ। ਵਰੀ ਵਾਲਾ ਖਾਲੀ ਟਰੰਕ ਚੁੱਕ ਕੇ ਸਾਡਾ ਰਾਜਾ ਪਿੱਛੇ-ਪਿੱਛੇ ਆ ਰਿਹਾ ਸੀ।

ਵਰੀ ਦੁਆਲੇ ਪਿੰਡ ਦੀਆਂ ਕੁੜੀਆਂ ਵਹੁਟੀਆਂ ਦਾ ਝੁਰਮਟ ਵਰੀ ਦੇਖਣ ਲਈ ਜੁੜ ਗਿਆ। ਇਥੇ ਵੀ ਕੁੜੀਆਂ ਨੇ ਸਿੱਠਣੀਆਂ ਸ਼ੁਰੂ ਕਰ ਦਿੱਤੀਆਂ:

ਸੱਸੂ ਦੇ ਗਹਿਣੇ ਖੱਟੇ ਪੁਆਏ,
ਖੱਟੇ ਪੁਆਏ ਸਾਡੀ ਬੀਬੀ ਨੂੰ ਆਏ,
ਬੀਬੀ ਸਾਡੀ ਦੇ ਪਸੰਦ ਨਾ ਆਏ।
ਸਾਮ੍ਹਣੀ ਕੰਧ 'ਚ ਕੱਢਦੀ ਆਂ ਆਲਾ
ਸੱਸ ਦੀ ਘੱਗਰੀ ਜਠਾਣੀ ਦਾ ਨਾਲਾ
ਇਹ ਗੱਲ ਬਣਦੀ ਨਹੀਂ ਬੇਲੱਜਿਓ
ਲੱਜ ਤੁਹਾਨੂੰ ਨਹੀਂ।

ਵਰੀ ਦਿਖਾ ਕੇ ਮੁੜ ਡੇਰੇ ਆ ਕੇ ਅਸੀਂ ਸਾਰਿਆਂ ਨੇ ਬਦਲ ਕੇ ਨਵੇਂ ਕੱਪੜੇ ਪਾਏ ਅਤੇ ਮੁੜ ਕੇ ਤੁਰਲਿਆ ਵਾਲੀਆਂ ਨਵੀਆਂ ਪੱਗਾਂ ਬੰਨ੍ਹੀਆਂ। ਇਨ੍ਹਾਂ ਪੱਗਾਂ ਦੇ ਮੇਮ ਸੰਧੂਰੀ, ਕੰਜਰ ਮੂੰਗੀਆ, ਤੇਲੀਆ, ਨਸਵਾਰੀ, ਟਸਰੀ, ਉਨਾਭੀ, ਗੁਲਾਨਾਰੀ ਅਤੇ ਹੋਰ ਕਈ ਤਰ੍ਹਾਂ ਦੇ ਵੰਨ-ਸਵੰਨੇ ਰੰਗ ਸਨ।

ਦੁਪਹਿਰ ਦੇ ਖਾਣੇ ਵੇਲੇ ਜਦੋਂ ਬਰਾਤ ਘਰ ਨੂੰ ਆਈ ਤਾਂ ਵਾਜੇ ਵਾਲੇ ਸੁਸਤ ਚਾਲੇ ਤੁਰ ਰਹੇ ਸਨ। ਇੰਜ ਉਹ ਨਸ਼ੇ ਦੇ ਘੋੜਿਆਂ 'ਤੇ ਚੜ੍ਹੇ ਬਰਾਤੀਆਂ ਤੋਂ ਵੱਧ ਤੋਂ ਵੱਧ ਰੁਪਏ ਮਾਂਠਣ ਦੀ ਇੱਛਾ ਨਾਲ ਕਰ ਰਹੇ ਸਨ।

ਦੁਪਹਿਰ ਦੇ ਖਾਣੇ ਵਿਚ ਸ਼ਾਨਦਾਰ ਦਾਲਾਂ ਸਬਜ਼ੀਆਂ ਤੋਂ ਬਿਨਾਂ ਬਰਾਤ ਨੂੰ ਲੱਡੂ ਜਲੇਬੀ ਵੀ ਪਾਈ ਗਈ। ਇਸ ਨੂੰ 'ਮਿੱਠਾ ਭੱਤ' ਦਾ ਨਾਮ ਦਿੱਤਾ ਗਿਆ ਸੀ।

ਦੁਪਹਿਰ ਦਾ ਖਾਣਾ ਖਾ ਕੇ ਡੇਰੇ ਪਹੁੰਚੇ ਤਾਂ ਉਥੇ ਨਕਲਾਂ ਦਾ ਅਖਾੜਾ ਜੰਮ ਗਿਆ। ਨਕਲਾਂ ਵਿਚ ਦੋ ਨਚਾਰਾਂ- ਖਰੜ ਅੱਛਰੋਵਾਲ ਦੇ ਕ੍ਰਿਸ਼ਨ ਅਤੇ ਢਾਹਾਂ ਦੇ ਸੋਹਣ ਨੇ ਰੰਗ ਬੰਨ੍ਹ ਦਿੱਤੇ। ਸੋਹਣ ਨੇ 'ਗੋਰੀ ਦੀਆਂ ਝਾਂਜਰਾਂ ਬੁਲਾਂਦੀਆਂ ਗਈਆਂ' ਵਾਲਾ ਗੀਤ ਗਾਇਆ ਤਾਂ ਬਰਾਤੀਆਂ ਦੀਆਂ ਜੇਬਾਂ ਵੇਲਾਂ ਕਰਾ-ਕਰਾ ਕੇ ਲੱਗੀਆਂ ਊਣੀਆਂ ਹੋਣ। ਫੁੱਫੜ ਜੀ ਕਹਿੰਦੇ ਸਨ ਕਿ ਮੈਨੂੰ ਮਿਥ ਕੇ ਕੋਈ ਹਸਾ ਨਹੀਂ ਸਕਦਾ ਪਰ ਜਗਤ ਪੁਰੀਏ ਚੰਨਣ ਨੇ ਨਵੀਆਂ-ਨਵੀਆਂ ਮਸ਼ਕਰੀਆਂ ਨਾਲ ਹਸਾ-ਹਸਾ ਕੇ ਉਨ੍ਹਾਂ ਦੇ ਢਿੱਡ ਪੀੜਾਂ ਪਵਾ ਛੱਡੀਆਂ।

ਰਾਤ ਦੀ ਰੋਟੀ ਵੇਲੇ ਬਰਾਤ ਘਰ ਆਈ ਤਾਂ ਸ਼ਰਾਬ ਦੀ ਵਾਸ਼ਨਾ ਜਿਵੇਂ ਹਵਾ ਵਿਚ ਖਿਲਰ ਗਈ। ਫੁੱਫੜ ਜੀ ਘਰ ਦੀ ਕੱਢੀ ਸ਼ਰਾਬ ਦਾ ਇਕ ਬਿਆਮ ਗੱਡੀ ਵਿਚ ਰੱਖ ਲਿਆਏ ਸਨ ਪਰ ਇਹ ਸ਼ਰਾਬ ਪੀ ਕੇ ਨਾ ਕੋਈ ਬਰਾਤੀ ਡਿਗਿਆ, ਨਾ ਕਿਸੇ ਨੂੰ ਮੰਦਾ ਬੋਲਿਆ, ਕੇਵਲ ਵਾਸ਼ਨਾਂ ਤੋਂ ਬਿਨਾਂ ਕਿਸੇ ਸੱਜਣ ਦੇ ਸ਼ਰਾਬ ਪੀਣ ਦਾ ਕੋਈ ਸਬੂਤ ਨਹੀਂ ਸੀ ਮਿਲ ਰਿਹਾ।

ਰਾਤ ਨੂੰ ਫੇਰ ਦੁੱਧ ਚਿੱਟੇ ਕੋਰਿਆਂ 'ਤੇ ਬਿਠਾ ਕੇ ਬਰਾਤ ਨੂੰ ਪਿਆਰ ਨਾਲ ਖਾਣਾ ਖੁਆਇਆ ਗਿਆ। ਕੁੜੀਆਂ ਨੇ ਇਸ ਵੇਲੇ ਵੀ ਸਿੱਠਣੀਆਂ ਰਾਹੀਂ ਆਪਣੀਆਂ ਭਾਵਨਾਵਾਂ ਜ਼ਾਹਿਰ ਕਰਨ ਦਾ ਮੌਕਾ ਨਾ ਖੁੰਝਾਇਆ:

ਪਿੱਤਲ ਦਾ ਛੰਨਾ ਕਿੱਕਰ ਤੋਂ ਲਾਹਿਆ
ਰਿਹਾ ਕੁਆਰਾ ਸਾਡੇ ਵਿਚੋਲੇ ਨੇ ਵਿਆਹਿਆ,
ਵਿਚੋਲੇ ਦੀ ਬੋਲੀ ਸਹੀਂ ਵੇ ਲਾੜਿਆ,
ਵਿਚੋਲੇ ਦੀ ਬੋਲੀ ਸਹੀਂ।

ਪਰ ਨਾਲ ਹੀ ਇਨ੍ਹਾਂ ਕੁੜੀਆਂ ਨੇ ਇਕ ਹੋਰ ਗੀਤ ਰਾਹੀਂ ਆਪਣੇ ਭਰਾਵਾਂ ਨੂੰ ਅਕਲ ਭਰੀ ਹਦਾਇਤ ਵੀ ਕੀਤੀ:

ਘਰ ਆਇਆਂ ਸੱਜਣਾ ਨੂੰ ਵੀਰ ਜੀ
ਆਦਰ ਨਾਲ ਬੁਲਾਇਓ!

ਬਰਾਤ ਦੇ ਤੀਜੇ ਦਿਨ ਸਵੇਰੇ ਫੇਰ ਡੇਰੇ ਕਹੇਂ ਦੀਆਂ ਪਲੇਟਾਂ ਵਿਚ ਸ਼ੀਰਨੀ ਬਦਾਣਾ ਪਾ ਕੇ ਕੁੜੀ ਵਾਲਿਆਂ ਵਲੋਂ ਸਾਨੂੰ ਚਾਹ ਪਿਲਾਈ ਗਈ। ਚਾਹ ਪੀ ਕੇ ਫੁੱਫੜ ਜੀ ਇਸ ਪਿੰਡ ਵਿਚ ਆਪਣੇ ਪਿੰਡੋਂ ਵਿਆਹੀਆਂ ਦੋ ਕੁੜੀਆਂ ਨੂੰ ਪੈਸੇ ਦੇ ਕੇ ਧਿਆਣੀਆਂ ਮੰਨਣ ਵਾਸਤੇ ਚਲੇ ਗਏ। ਪਿੱਛੋਂ ਬਰਾਤੀ ਆਪਣੇ ਡੰਗਰਾਂ, ਫਸਲਾਂ ਅਤੇ ਰਸਮਾਂ ਰਿਵਾਜਾਂ ਦੀਆਂ ਗੱਲਾਂ ਕਰਦੇ, ਗੱਪਾਂ ਮਾਰਦੇ ਰਹੇ।

ਇਕ ਵਾਰ ਫੇਰ ਬਰਾਤੀਆਂ ਨੇ ਬਦਲ ਕੇ ਨਵੇਂ ਕੱਪੜੇ ਪਾਏ ਅਤੇ ਦੁਪਹਿਰ ਦੇ ਖਾਣੇ ਲਈ ਤਿਆਰ ਹੋ ਗਏ। ਬਰਾਤ ਦਾ ਕੁੜੀ ਵਾਲਿਆਂ ਦੇ ਘਰ ਇਹ ਆਖਰੀ ਖਾਣਾ ਸੀ ਅਤੇ ਇਸ ਖਾਣੇ ਦੇ ਵਿਲੱਖਣ ਹੀ ਰੰਗ ਸਨ। ਇਸ ਖਾਣੇ ਵਿਚ ਸਪੈਸ਼ਲ ਦਾਲਾਂ ਸਬਜ਼ੀਆਂ ਤੇ ਚਟਣੀਆਂ ਤੋਂ ਬਿਨਾਂ ਸ਼ੁੱਧ ਬਾਸਮਤੀ ਦੇ ਉਬਲੇ ਚੌਲਾਂ 'ਤੇ ਕੁੱਟਿਆ ਹੋਇਆ ਬੂਰਾ ਤੇ ਦੇਸੀ ਘਿਓ ਪਾ ਕੇ ਪਰੋਸਿਆ ਗਿਆ ਸੀ। ਬਨੇਰਿਆਂ 'ਤੇ ਬੈਠੀਆਂ ਕੁੜੀਆਂ ਤੇ ਵਹੁਟੀਆਂ ਨੇ ਤਿੱਖੀਆਂ ਸਿੱਠਣੀਆਂ ਰਾਹੀਂ ਜ਼ਿੰਦਗੀ ਦਾ ਸੱਚ ਸਾਹਮਣੇ ਲਿਆਂਦਾ:

ਅੱਜ ਤਾਂ ਖਾ ਲੈ ਕੁੜਮਾਂ ਲੱਡੂ ਦਾ ਪੇੜਾ,
ਭਲਕੇ ਖਾ ਲਈ ਠੋਂਸਾ,
ਸਾਲਿਆ ਹੋਰ ਲੈ, ਹੋਰ ਲੈ,
ਤੇਰੀ ਗੱਲ ਕੋਈ ਨ੍ਹੀਂ ਸੁਣਦਾ।

---

ਕੁੜਮ ਚਾਰ ਪਰਾਤਾਂ ਲੱਡੂਆਂ ਦੀਆਂ ਖਾ ਗਿਆ,
ਅਜੇ ਝਾਕਦਾ ਬੂੰਦੀ ਨੂੰ।

ਦੁਪਹਿਰ ਦਾ ਖਾਣਾ ਖਾ ਕੇ ਬਰਾਤੀਆਂ ਨੇ ਡੇਰੇ ਆ ਕੇ ਥੋੜ੍ਹਾ ਚਿਰ ਆਰਾਮ ਕੀਤਾ ਅਤੇ ਘਰੋਂ ਖੱਟ ਲਈ ਸੱਦਾ ਆ ਗਿਆ। ਬਰਾਤ ਦੇ ਬਹੁਤ ਸਾਰੇ ਬੰਦੇ ਘਰ ਖੱਟ ਦੇਖਣ ਲਈ ਆਏ ਸਨ। ਘਰ ਦਾ ਵੱਡਾ ਦਲਾਨ ਖੱਟ ਦੀ ਸਮੱਗਰੀ ਨਾਲ ਝਲਮਣ-ਝਲਮਣ ਕਰ ਰਿਹਾ ਸੀ।

ਖੱਟ (ਦਾਜ) ਵਿਚ ਬਾਜ਼ਾਰੋਂ ਪੈਸੇ ਨਾਲ ਖਰੀਦ ਕੇ ਮਹਿੰਗੀਆਂ ਚੀਜ਼ਾਂ ਨਹੀਂ ਸਨ ਰੱਖੀਆਂ ਗਈਆਂ; ਇਹਦੇ ਵਿਚ ਬਹੁਤਾ ਸਮਾਨ, ਜਿਵੇਂ ਬਰਾਤ ਨੂੰ ਦੱਸਿਆ ਗਿਆ, ਕੁੜੀ ਨੇ ਹੱਥੀਂ ਤਿਆਰ ਕੀਤਾ ਹੋਇਆ ਸੀ। ਚਿੱਟੀਆਂ ਚਾਦਰਾਂ 'ਤੇ ਕੱਢੇ ਰੰਗ-ਬਰੰਗੇ ਫੁੱਲਾਂ ਰਾਹੀਂ ਕੁੜੀ ਨੇ ਆਪਣੇ ਹੱਥਾਂ ਦੀ ਕਲਾ ਨੂੰ ਭਵਿਖਾਂ ਤੱਕ ਸਜੀਵ ਕਰ ਦਿੱਤਾ ਸੀ। ਪੱਖੀਆਂ ਅਤੇ ਸਿਰਹਾਣਿਆਂ 'ਤੇ ਕੱਢੀਆਂ ਅਨੁਪਮ ਬੂਟੀਆਂ ਵਿਚ ਬੁਣੇ ਉਸ ਦੇ ਅਣਗਿਣਤ ਖੂਬਸੂਰਤ ਸੁਫਨੇ ਭਵਿਖ ਵਿਚ ਜ਼ਿੰਦਗੀ ਦੀ ਸੁਖਾਵੀਂ ਵਾਸ਼ਨਾ ਨਾਲ ਭਰੇ-ਭਰੇ ਮਹਿਸੂਸ ਹੋ ਰਹੇ ਸਨ। ਸਹੁਰੇ ਘਰ ਦੇ ਬਲਦਾਂ ਲਈ ਸ਼ਾਨਦਾਰ ਮੁਖੇਰਨੇ ਖੱਟ ਵਿਚ ਧਰੇ ਗਏ ਸਨ। ਇਕ ਪਟਾਰੀ ਵਿਚ ਗਹਿਣੇ ਅਤੇ ਇਕ ਪਾਸੇ ਕੁੜੀ ਦੀ ਵਰਤੋਂ ਵਾਸਤੇ ਲੋੜੀਂਦੇ ਭਾਂਡੇ ਰੱਖੇ ਗਏ ਸਨ।

ਇਕ ਹੋਰ ਪਾਸੇ ਫੁਲਕਾਰੀਆਂ ਸਜਾਈਆਂ ਗਈਆਂ ਸਨ। ਇਨ੍ਹਾਂ ਵਿਚ ਚੋਪ ਅਤੇ ਸੁੱਭਰ ਸਨ। ਲਾਗੀਆਂ ਆਦਿ ਲਈ ਤਿਲ ਪੱਤਰਾ ਫੁਲਕਾਰੀਆਂ ਪਈਆਂ ਸਨ। ਨੀਲਕ ਤੇ ਘੁੰਗਟ ਬਾਗ ਦੀ ਆਪਣੀ ਨਿਰਾਲੀ ਹੀ ਸ਼ਾਨੋ-ਸ਼ੌਕਤ ਸੀ। ਤਕਰੀਬਨ ਪੰਜਾਹ ਬਾਗ ਅਤੇ ਫੁਲਕਾਰੀਆਂ ਇਥੇ ਪਈਆਂ ਸਨ। ਇਕ ਪਾਸੇ ਪਰਾਤ ਵਿਚ ਗਹਿਣੇ ਅਤੇ ਇਕ ਸੌ ਇਕ ਰੁਪਏ ਦੀ ਨਕਦ ਰਕਮ ਰੱਖੀ ਗਈ ਸੀ।

ਫੁੱਫੜ ਜੀ ਨੇ ਵਿਸ਼ਾਲਤਾ ਦਿਖਾਉਂਦਿਆਂ ਕ੍ਰਿਤੱਗਤਾ ਪ੍ਰਗਟ ਕਰਨ ਲਈ ਤਿਓਰਾਂ ਦਾ ਲੜ ਮੋੜ ਦਿੱਤਾ ਅਤੇ ਰੁਪੱਈਆਂ ਦੀ ਪਰਾਤ ਚੁੱਕ ਕੇ ਸਿਰ 'ਤੇ ਰੱਖ ਲਈ। ਸਾਰੇ ਲੋਕ ਧੰਨ-ਧੰਨ ਕਰ ਉਠੇ। ਏਡੇ ਵਸੀਲਿਆਂ ਵਾਲਾ ਚਲਦਾ ਪੁੱਜਦਾ ਜੱਟ ਅਤੇ ਏਡੀ ਨਿਮਰਤਾ, ਦੇਖਣ ਵਾਲਿਆਂ ਦੀਆਂ ਅੱਖਾਂ ਭਰ ਆਈਆਂ। ਕਿੱਡਾ ਮਾਣ ਸਤਿਕਾਰ ਦਿੱਤਾ ਸੀ ਸ. ਤਾਰਾ ਸਿੰਘ ਨੇ ਆਪਣੇ ਕੁੜਮਾਂ ਨੂੰ! ਉਨ੍ਹਾਂ ਲਈ ਤਾਂ ਉਨ੍ਹਾਂ ਦੀ ਧੀ ਦਾ ਏਡੇ ਰੰਗ ਵਿਚ ਜਾਣਾ ਹੀ ਬਹੁਤ ਵੱਡੀ ਗੱਲ ਸੀ।

ਬਰਾਤ ਦੇ ਬਾਕੀ ਬੰਦੇ ਡੇਰੇ ਨੂੰ ਚਲੇ ਗਏ। ਵਿਆਂਦੜ ਮੁੰਡੇ ਨੂੰ ਅਤੇ ਸਿਰਬਾਹਲਾ ਹੋਣ ਕਰਕੇ ਮੈਨੂੰ ਘਰ ਠਹਿਰਾ ਲਿਆ ਗਿਆ। ਕੁੜੀਆਂ ਤੇ ਵਹੁਟੀਆਂ ਨੇ ਸਰਵਣ ਨਾਲ ਖੂਬ ਛੇੜਖਾਨੀ ਕੀਤੀ। ਇਕ ਕੁੜੀ ਨੇ ਪਲੰਘ 'ਤੇ ਬੈਠੇ ਹੀ ਉਹਦੀ ਕਮੀਜ਼ ਨੂੰ ਬਿਸਤਰੇ ਦੀ ਚਾਦਰ ਨਾਲ ਬਕਸੂਆ ਲਾ ਕੇ ਜੋੜ ਦਿੱਤਾ। ਜਦ ਉਹ ਉਠ ਕੇ ਤੁਰਿਆ ਤਾਂ ਕੁੜੀਆਂ ਖਿੜ-ਖਿੜਾ ਕੇ ਹੱਸ ਪਈਆਂ। ਇਕ ਕੁੜੀ ਬੋਲੀ: "ਸਰਦਾਰ ਜੀ, ਸਾਡੀ ਕੁੜੀ ਤਾਂ ਲਿਜਾਣੀ ਆਂ, ਤੁਸੀਂ ਤਾਂ ਸਾਡੇ ਮੰਜਿਆਂ ਤੋਂ ਬਿਸਤਰੇ ਵੀ ਲੈ ਚੱਲੇ ਆਂ।"

ਇਕ ਹੋਰ ਤਕੜੀ ਸਿਹਤ ਵਾਲੀ ਕੁੜੀ ਨੇ ਮੈਨੂੰ ਸੱਤਾਂ ਕੁ ਸਾਲਾਂ ਦੇ ਨੂੰ ਕੁੱਛੜ ਚੁੱਕ ਲਿਆ ਅਤੇ ਮੇਰੀ ਖੱਬੀ ਨਾਜ਼ੁਕ ਖਾਖ 'ਤੇ ਪੋਲੀ ਜਿਹੀ ਚੂੰਢੀ ਵੱਢ ਕੇ ਬੋਲੀ- "ਕੁੜੇ ਸਿਰਬਾਹਲਾ ਤਾਂ ਦੇਖੋ ਚੇਪੂ ਜਿਹਾ! ਮੂੰਹ ਬਣਾ ਕੇ ਬੈਠਾ ਜਿੱਦਾਂ ਘਾਣੀ 'ਚ ਲੱਤ ਮਾਰੀਓ ਹੋਵੇ। ਹੈਹਾ ਮਾਂ ਬਿਨਾਂ ਉਦਾਸ ਹੋ ਗਿਆ ਹੋਣਾ।" ਕੁੜੀਆਂ ਦੇ ਮਖੌਲਾਂ ਨਾਲ ਸਰਵਣ ਦੀ ਤਰਸਯੋਗ ਹਾਲਤ ਕਰਕੇ ਮੈਂ ਸੱਚਮੁੱਚ ਉਦਾਸ ਜਿਹਾ ਹੋ ਗਿਆ ਸੀ। ਕੁੜੀਆਂ ਠੀਕ ਹੀ ਸੋਚ ਰਹੀਆਂ ਹਨ।

ਫੇਰ ਕੁੜੀ ਦੇ ਮਾਮੇ ਨੇ ਕੁੜੀ ਨੂੰ ਚੁੱਕ ਕੇ ਰੋਂਦੀ ਕੁਰਲਾਉਂਦੀ ਨੂੰ ਡੋਲੇ ਵਿਚ ਬਿਠਾ ਦਿੱਤਾ ਅਤੇ ਅੱਗੇ ਚਹੁੰ ਜਣਿਆਂ ਨੇ ਡੋਲਾ ਬਾਹਰ ਲਿਆ ਕੇ ਕੁੜੀ ਨੂੰ ਮੁੰਡੇ ਦੇ ਨਾਲ ਰੱਥ ਵਿਚ ਬਿਠਾ ਦਿੱਤਾ। ਨਾਲ ਹੀ ਕੁੜੀ ਦਾ ਛੋਟਾ ਵੀਰ ਅਤੇ ਨਾਇਣ ਵੀ ਬਹਿ ਗਏ।

ਫੁੱਫੜ ਜੀ ਨੇ ਸੌ-ਸੌ ਰੁਪਿਆ ਪਿੰਡ ਦੇ ਸਕੂਲ ਅਤੇ ਗੁਰਦੁਆਰੇ ਨੂੰ ਫੇਰਿਆਂ ਵੇਲੇ ਹੀ ਦਾਨ ਕਰ ਦਿੱਤਾ ਸੀ। ਹੁਣ ਤੁਰਨ ਲੱਗਿਆਂ ਲਾਗੀਆਂ ਨੂੰ ਲਾਗ ਦੇਣ ਦੀਆਂ ਰਸਮਾਂ ਅਦਾ ਕੀਤੀਆਂ ਗਈਆਂ।

ਬਰਾਤ ਪਿੰਡ ਪਹੁੰਚੀ ਤਾਂ ਨ੍ਹੇਰਾ ਹੋ ਚੁੱਕਿਆ ਸੀ, ਭੂਆ ਜੀ ਦੀਵਾ ਲੈ ਕੇ ਨੂੰਹ ਪੁੱਤਰ ਨੂੰ ਰੱਥ ਵਿਚੋਂ ਲੈਣ ਆਏ ਅਤੇ ਜਦੋਂ ਉਹ ਦਰਵਾਜ਼ੇ ਵਿਚ ਆਏ ਤਾਂ ਦਰਵਾਜ਼ੇ ਦੀਆਂ ਮੁੱਖਾਂ ਨਾਲ ਦੇਸੀ ਤੇਲ ਚੋਅ ਕੇ ਭੂਆ ਜੀ ਨੇ ਸੱਤ ਵਾਰੀ ਨੂੰਹ ਪੁੱਤਰ ਦੇ ਸਿਰਾਂ ਤੋਂ ਵਾਰ-ਵਾਰ ਕੇ ਪਾਣੀ ਪੀਤਾ।

ਕੁੰਭ ਦਾ ਸ਼ਗਨ ਕਰਕੇ ਵਿਆਂਦੜ ਜੋੜੇ ਨੂੰ ਅੰਦਰ ਲੰਘਾਇਆ ਗਿਆ ਤੇ ਇਕ ਪਲੰਘ 'ਤੇ ਚੜ੍ਹਦੇ ਵੱਲ ਮੂੰਹ ਕਰਕੇ ਬਿਠਾਇਆ ਗਿਆ। ਭੂਆ ਜੀ ਨੇ ਉਨ੍ਹਾਂ ਨੂੰ ਹੱਥੀਂ ਦੁੱਧ ਪਿਲਾ ਕੇ ਉਨ੍ਹਾਂ ਦਾ ਮਾਣ ਕੀਤਾ। ਭਾਈਚਾਰੇ ਦੀਆਂ ਇਸਤਰੀਆਂ ਨੇ ਵਹੁਟੀ ਨੂੰ ਸ਼ਗਨ ਪਾਏ ਅਤੇ ਭੂਆ ਜੀ ਨੇ ਸਿੰਘ ਤਵੀਤ ਤੇ ਹੌਲਦਰੀ ਪਹਿਨਾਈ।

ਇਸ ਤੋਂ ਬਾਅਦ ਗੋਤਕਨਾਲੇ ਦੀ ਰਸਮ ਹੋਈ ਅਤੇ ਨਵੀਂ ਵਹੁਟੀ ਨੂੰ ਰਾਤ ਭਰ ਜ਼ਮੀਨ 'ਤੇ ਹੀ ਸੁਲਾਇਆ ਗਿਆ। ਸਾਰੀ ਰਾਤ ਲਈ ਉਹਦੇ ਕਮਰੇ 'ਚ ਦੀਵਾ ਜਗਦਾ ਰੱਖਿਆ ਗਿਆ।

ਇਉਂ 1945 ਦੇ ਵਿਆਹ ਦੀਆਂ ਰਸਮਾਂ ਸਿਰੇ ਚੜ੍ਹੀਆਂ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
Realtor/Broker
Cell: 317-750-1900
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
Cell: 317-500-1247

Star Alliance BROKERAGE



We do all type of Home and Commercial Loan. Same day loan approval...

# ਗੁਰਬਾਣੀ ਗਾਉਂਦਿਆਂ...



**ਕਲਾ ਪਰਿਕਰਮਾ**

## ਸ਼ਰਮਿਸ਼ਠਾ ਚੈਟਰਜੀ

'ਘੁੰਗਟ ਓਹਲੇ ਨ ਲੁਕ ਸੱਜਣਾ' ਪਹਿਲਾ ਪੰਜਾਬੀ ਗੀਤ ਸੀ ਜੋ ਮੈਂ ਰਿਕਾਰਡ ਕੀਤਾ। ਮੌਕਾ ਸੀ - ਲਾਹੌਰ ਦੇ ਪੰਜਾਬੀ ਸੂਫੀ ਰੌਕ ਬੈਂਡ ਮੀਕਾਲ ਹਸਨ ਨਾਲ ਗਾਵਣ ਦਾ। ਥਾਂ ਸੀ, ਮੁੰਬਈ ਦੇ ਬਾਂਦਰਾ ਇਲਾਕੇ ਦਾ ਪਰਪਲ ਹੇਜ਼ ਸਟੂਡੀਓ। ਇਨ੍ਹਾਂ ਦੀ ਬਣਾਈ ਸੰਗੀਤ ਪਟਾਰੀ (ਐਲਬਮ) ਅੰਦੋਲਨ ਵਿਚ ਮੈਂ ਹੋਰ ਸੱਤ ਗੀਤ ਗਾਏ। ਇਨ੍ਹਾਂ ਵਿਚ ਬਾਬਾ ਬੁੱਲ੍ਹੇ ਸ਼ਾਹ ਦੀ ਕਾਫੀ ਵੀ ਸੀ, ਜਿਹਦਾ ਮੁੱਖੜਾ ਹੈ - ਆਵੋ ਸਈਓ ਰਲ ਦਿਓ ਨੀ ਵਧਾਈ।

ਮੀਕਾਲ ਹਸਨ ਬੈਂਡ ਨਾਲ ਪਹਿਲਾਂ ਤੇ ਮੈਂ ਗਾਉਣ ਲਈ ਹੀ ਰਲੀ ਸੀ, ਪਰ ਉਦੋਂ ਸੋਚਿਆ ਵੀ ਨਾ ਸੀ ਕਿ ਪੰਜਾਬੀ ਕਵਿਤਾ ਤੇ ਸਾਹਿਤ ਨਾਲ ਮੇਰਾ ਲਗਾਓ ਏਨਾ ਡੂੰਘਾ ਹੋ ਜਾਏਗਾ।

ਸਾਡੀ ਐਲਬਮ ਦੀ ਰਿਕਾਰਡਿੰਗ ਤੋਂ ਝਟ ਪਿੱਛੋਂ ਉਨ੍ਹਾਂ ਮੈਨੂੰ ਕੋਈ ਵੀਹ ਪੰਜਾਬੀ ਗੀਤਾਂ ਦੀ ਤਿਆਰੀ ਕਰਨ ਨੂੰ ਆਖਿਆ। ਇਨ੍ਹਾਂ ਵਿਚ ਬੁੱਲ੍ਹੇ ਸ਼ਾਹ ਤੇ ਸ਼ਾਹ ਹੁਸੈਨ ਦਾ ਕਲਾਮ ਵੀ ਸੀ। ਪੰਜਾਬੀ ਮੇਰੀ ਬੋਲੀ ਤਾਂ ਨਹੀਂ, ਪਰ ਮੈਂ ਬੜਾ ਚਿਤ ਲਾ ਕੇ ਕਵਿਤਾ ਸਮਝਦੀ ਹਾਂ ਤੇ ਫੇਰ ਠੇਠ ਬੇਨੁਕਸ ਉਚਾਰਨ ਦਾ ਵੀ ਰਿਆਜ਼ ਕਰਦੀ ਹਾਂ। ਸਾਡੇ ਬੈਂਡ ਦਾ ਬੰਸਰੀਵਾਦਕ ਮੁਹੰਮਦ ਅਹਿਸਨ ਪੱਪੂ ਮੈਨੂੰ ਗਾਈ ਜਾਣ ਵਾਲੀ ਸ਼ਾਇਰੀ ਸਮਝਾਉਂਦਾ ਹੈ। ਸ਼ਾਹ ਹੁਸੈਨ ਦੇ ਕਲਾਮ ਵਿਚ ਹੀਰ ਰਾਂਝੇ ਦੇ ਕਿੱਸੇ ਦੇ ਕਈ ਹਵਾਲੇ ਆਉਂਦੇ ਹਨ - 'ਰਾਂਝਾ ਰਾਂਝਾ ਕਰਦੀ ਨੀ ਮੈਂ', 'ਝੋਕ ਰਾਂਝਣ ਦੀ ਜਾਣਾ', 'ਸੱਜਣ ਦੇ ਹੱਥ ਬਾਂਹ ਅਸਾਡੀ'। ਅੰਮ੍ਰਿਤਾ ਪ੍ਰੀਤਮ ਦੀ ਸੰਨ ਸੰਤਾਲੀ ਦੀ ਵਾਰਿਸ ਸ਼ਾਹ ਵਾਲੀ ਕਵਿਤਾ ਗਾ ਕੇ ਮੇਰਾ ਸਾਰਾ ਵਜੂਦ ਝੂਣਿਆ ਗਿਆ। ਇਨਸਾਨੀ ਤਾਰੀਖ ਦਾ ਏਨਾ ਘਿਨਾਉਣਾ ਹਾਦਸਾ ਸਾਡੇ ਦੇਸ ਬੰਗਾਲ ਤੇ ਪੰਜਾਬ ਨੇ ਆਪਣੇ ਪਿੰਡੇ 'ਤੇ ਝੱਲਿਆ ਹੈ। ਇਹ ਸਭ ਕੁਝ ਅੰਮ੍ਰਿਤਾ ਪ੍ਰੀਤਮ ਨੇ ਸ਼ਬਦਾਂ ਵਿਚ ਜਿਸ ਤਰ੍ਹਾਂ ਸਾਕਾਰ ਕੀਤਾ ਹੈ, ਉਹਦੀ ਮਿਸਾਲ ਘੱਟ ਹੀ ਮਿਲਦੀ ਹੈ।

ਮੈਂ ਬੰਗਾਲਣ ਹਾਂ। ਬੁੱਲ੍ਹਾ, ਸ਼ਾਹ ਹੁਸੈਨ ਗਾਉਂਦਿਆਂ ਟੈਗੋਰ ਦੇ ਬਾਂਗਲਾ ਗੀਤ ਗਾਵਣ ਵਰਗਾ ਹੀ ਅਨੁਭਵ ਹੁੰਦਾ ਹੈ। ਇਨ੍ਹਾਂ ਦੀ ਰਚਨਾ ਵਿਚ ਗੱਲ ਭਾਵੇਂ ਜਿਸਮਾਨੀ ਪਿਆਰ ਦੀ ਹੁੰਦੀ ਹੋਵੇ; ਰਤਾ ਗਹਿਰਾਈ ਵਿਚ ਜਾਈਏ ਤਾਂ ਰੂਹਾਨੀ ਬੁਲੰਦੀਆਂ ਛੂੰਹਦੀਆਂ ਦਿਸਦੀਆਂ ਹਨ। ਬਾਂਗਲਾ ਤੇ ਪੰਜਾਬੀ ਵੱਖਰੀਆਂ ਬੋਲੀਆਂ ਹਨ, ਪਰ ਇਨ੍ਹਾਂ ਦੀ ਕਣੀ ਇੱਕੋ ਹੈ। ਇਸ ਤੋਂ ਸਾਬਿਤ ਹੁੰਦਾ ਹੈ ਕਿ ਸਭ ਇਨਸਾਨ ਇੱਕੋ ਤਰ੍ਹਾਂ ਮਹਿਸੂਸ ਕਰਦੇ ਹਨ; ਹੋਣ ਭਾਵੇਂ ਕਿਤੋਂ ਦੇ ਵੀ।

ਇਕ ਦਿਨ ਮੈਂ ਨਜ਼ਾਕਤ ਤੇ ਸਲਾਮਤ ਅਲੀ ਖਾਨ ਸਾਹਿਬ ਦੀ ਇਕੱਠਿਆਂ ਦੀ ਗਾਈ ਬੰਦਿਸ਼ ਸੁਣੀ ਤੇ ਫੇਰ ਸਲਾਮਤ ਅਲੀ ਦੀ ਬੰਦਿਸ਼ 'ਸਾਂਵਲ ਮੋੜ ਮੁਹਾਰਾਂ'। ਐਸਾ ਗਾਵਣ ਮੈਂ ਪਹਿਲੀ ਵੇਰ ਸੁਣ ਰਹੀ ਸਾਂ। ਕੈਸੀ ਰੂਹਦਾਰੀ ਤੇ ਕੈਸੀ ਗਾਇਕੀ। ਮੈਂ ਕੀਲੀ ਗਈ। ਇੰਜ ਹੀ ਇਨ੍ਹਾਂ ਗੁਲਾਮ ਫਰੀਦ ਦੀ ਕਾਫੀ ਵੀ ਗਾਈ ਹੈ। ਖੋਜ ਕੀਤੀ ਤੇ ਪਤਾ ਚੱਲਿਆ ਕਿ ਆਪ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਸ਼ਾਮ ਚੁਰਾਸੀ ਘਰਾਣੇ ਨਾਲ ਤਾਅਲੁਕ ਰਖਦੇ ਸਨ। ਇਹ ਉਸਤਾਦ ਲੋਕ ਸੰਤਾਲੀ 'ਚ ਆਪਣਾ ਜੱਦੀ ਪਿੰਡ ਛੱਡ ਕੇ ਸਰਹੱਦ ਪਾਰ ਚਲੇ ਗਏ, ਪਰ ਉਨ੍ਹਾਂ ਅਪਣੀ ਜੰਮਣ ਭੋਇੰ ਦਾ ਨਾਮ ਕਿਤਨਾ ਰੋਸ਼ਨ ਕੀਤਾ। ਇਸ ਕਿਸਮ ਦੀ ਗਾਇਕੀ ਦੀ ਮੇਰੀ ਤਾਲੀਮ ਨਹੀਂ ਹੈ। ਮੈਨੂੰ ਭਰਪੂਰ ਪ੍ਰੇਰਨਾ ਮਿਲੀ ਤੇ ਮੈਂ ਪੰਜਾਬੀ ਸੂਫੀਬਾਣੀ ਸਿੱਖਣ ਤੇ ਗਾਉਣ ਲੱਗੀ।

ਮੈਂ ਬੰਗਾਲੀ ਟੱਪਾ ਸੁਣਦਿਆਂ ਵੱਡੀ ਹੋਈ ਹਾਂ। ਇਹ ਸ਼ੈਲੀ ਕਈ ਬੰਗਾਲੀ ਗੀਤਾਂ ਵਿਚ ਵਰਤੀ ਹੁੰਦੀ ਹੈ। ਅਸਲ ਵਿਚ ਸ਼ਾਸਤਰੀ ਸੰਗੀਤ ਵਿਚ ਇਹਦੀ ਤਾਲੀਮ ਵੀ ਦਿੱਤੀ ਜਾਂਦੀ ਹੈ। 'ਤੋਬੂ ਮੋਨੇ ਰੇਖੋ', 'ਦੂਰੇ ਕੌਥਾਏ' ਜਿਹੇ ਟੈਗੋਰ ਦੇ ਗੀਤਾਂ ਵਿਚ ਟੱਪਾ ਅੰਗ ਖਾਸ ਹੈ, ਜਿਹਨੂੰ ਨਿਭਾਉਣ ਲਈ ਸ਼ਾਸਤਰੀ ਸੰਗੀਤ ਵਿਚ ਮੁਹਾਰਤ ਹੋਣੀ ਚਾਹੀਦੀ ਹੈ। ਪੰਜਾਬੀ ਲੋਕ ਸੰਗੀਤ ਵਿਚ ਵੀ ਮੈਂ ਵੇਖਿਆ ਕਿ ਟੱਪਾ ਅੰਗ ਭਾਰੂ ਹੈ, ਜਿਵੇਂ ਹੀਰ ਗਾਇਨ ਸ਼ੈਲੀ ਵਿਚ। ਇਹ ਗਾਉਣਾ ਸੌਖਾ ਨਹੀਂ, ਪਰ ਪੰਜਾਬੀ ਗਾਇਕ ਹੀਰ ਕਿੰਨੀ ਸਹਿਜਤਾ ਨਾਲ ਗਾਉਂਦੇ ਹਨ।

**ਗਗਨ ਮੈ ਥਾਲੁ**

ਗੁਰੂ ਬਾਬਾ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਵੇਲੇ ਵਿਦਵਾਨ ਗਾਇਕ ਸੰਗੀਤਕਾਰ ਮਦਨ ਗੋਪਾਲ ਸਿੰਘ ਨੇ ਦੇਸ-ਵਿਦੇਸ ਦੇ ਗਾਇਕਾਂ ਕੋਲੋਂ ਬਾਬਾ ਜੀ ਦੀ ਆਰਤੀ ਗਵਾਉਣ ਦਾ ਉਦਮ ਛੋਹਿਆ ਹੈ। ਇਹ ਕਿਹਾ ਜਾਂਦਾ ਏ ਕਿ ਗੁਰੂਦੇਵ ਟੈਗੋਰ ਨੇ ਇਸ ਆਰਤੀ ਨੂੰ 'ਵਿਸ਼ਵ ਗਾਨ' (ਯੂਨੀਵਰਸਲ ਐਂਥਮ) ਆਖਿਆ ਸੀ। ਮਦਨ ਜੀ ਨੇ ਕਰਾਚੀ ਵਾਲੇ ਕੋਕ ਸਟੂਡੀਓ 'ਤੇ ਮੇਰੇ ਗਾਏ ਗੀਤ ਸੁਣੇ ਤੇ ਮੈਨੂੰ ਆਰਤੀ ਗਾਉਣ ਲਈ ਆਖਿਆ। ਇਹ ਕੰਮ ਇਤਨਾ ਸੌਖਾ ਨਹੀਂ ਸੀ, ਕਿਉਂਕਿ ਇਹ ਆਮ ਗੀਤਾਂ ਵਰਗਾ ਗੀਤ ਤੇ ਨਹੀਂ ਹੈ। ਪਰ ਇਕ ਦਿਨ ਰਾਗ ਕਿਰਵਾਨੀ ਵਿਚ ਇਹਦੀ ਬੰਦਿਸ਼ ਦੀ ਮੈਨੂੰ ਆਮਦ ਹੋਈ। (ਗੁਰੂ ਜੀ ਦਾ ਹੁਕਮ ਵੈਸੇ ਰਾਗ ਧਨਾਸਰੀ ਵਿਚ ਗਾਵਣ ਦਾ ਹੈ।) ਸੰਗਤ ਅਨੁਗ੍ਰਹ ਪਾਂਡਯ ਦੇ ਸਿਰਫ ਇੱਕੋ ਸਾਜ਼ 'ਬੇਸ' ਗਿਟਾਰ ਨਾਲ਼ ਕੀਤੀ। ਇਹਦਾ ਵਾਦਨ ਐਨ ਓਸੇ ਤਰ੍ਹਾਂ ਦਾ ਸੀ, ਜਿਵੇਂ ਮੈਂ ਚਾਹੁੰਦੀ ਸਾਂ। ਮੈਂ ਇਹ ਨਹੀਂ ਸੋਚਿਆ ਕਿ ਸਰੋਤਿਆਂ ਨੂੰ ਮੇਰੀ ਬੰਦਿਸ਼ ਕਿੰਨੀ-ਕੁ ਚੰਗੀ ਲੱਗੇਗੀ। ਮੈਂ ਤਾਂ ਆਪਣਾ ਕਰਤਵ ਨਿਭਾ ਰਹੀ ਸਾਂ।

ਕਰਾਚੀ ਵਾਲੇ ਕੋਕ ਸਟੂਡੀਓ ਵਿਚ ਗਾਉਣਾ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਧ ਲੁਭਾਵਣਾ ਤਜਰਬਾ ਰਹਿਣਾ ਹੈ। ਮੀਕਾਲ ਹਸਨ ਬੈਂਡ ਨਾਲ ਸੀਜ਼ਨ 8 ਵਿਚ 'ਕਿਨਾਰੇ ਕਿਨਾਰੇ' ਤੇ 'ਸਈਓ' ਗਾਉਣ ਮੈਂ ਪਹਿਲਾਂ ਲਾਹੌਰ ਤੇ ਫੇਰ ਕਰਾਚੀ ਅੱਪੜੀ। ਇਨ੍ਹਾਂ ਦੋਵਾਂ ਬੰਦਿਸ਼ਾਂ ਦੀ ਲੱਖਾਂ ਸਰੋਤਿਆਂ ਨੇ ਇਤਨੀ ਜ਼ਿਆਦਾ ਦਾਦ ਦਿੱਤੀ ਹੈ, ਜੋ ਮੰਨਣ ਵਿਚ ਨਹੀਂ ਆਉਂਦੀ।

'ਬੌਲੀਵੁਡ' ਫਿਲਮਾਂ ਵਿਚ ਪੰਜਾਬੀ ਸੰਗੀਤ ਬਹੁਤ ਵਰਤਿਆ ਜਾਂਦਾ ਹੈ ਤੇ ਪਸੰਦ ਵੀ ਬੜਾ ਕੀਤਾ ਜਾਂਦਾ ਹੈ। ਪਰ ਅਸਲ ਪੰਜਾਬੀ ਸੰਗੀਤ ਦਾ ਮੈਨੂੰ ਲਹੌਰ ਜਾ ਕੇ ਮੀਕਾਲ ਹਸਨ ਬੈਂਡ ਨਾਲ ਕੰਮ ਕਰਕੇ ਹੀ ਪਤਾ ਲੱਗਾ। ਉਨ੍ਹਾਂ ਕੋਲ ਮੈਂ ਤੁਫੈਲ ਨਿਆਜ਼ੀ ਸੁਣਿਆ। ਉਹਦੀ ਗਾਇਕੀ ਨੇ ਮੈਨੂੰ ਮੋਹ ਲਿਆ। ਹੁਣ ਦੇ ਗਾਇਕਾਂ 'ਚੋਂ ਮੈਨੂੰ ਦੁਬਈ ਰਹਿੰਦਾ ਸੱਜਾਦ ਅਲੀ ਬਹੁਤ ਪਸੰਦ ਹੈ। ਇਹ ਅਪਣੇ ਗਾਏ ਗੀਤ ਆਪ ਲਿਖਦਾ ਹੈ। ਮੇਰੇ ਚਾਹਣ ਵਾਲੇ ਮੈਨੂੰ ਰੇਸ਼ਮਾ ਦੀਆਂ ਤੇ ਹੋਰਨਾਂ ਦੀਆਂ ਰਿਕਾਰਡਿੰਗਾਂ ਘੱਲਦੇ ਕਹਿੰਦੇ ਹਨ ਕਿ ਉਨ੍ਹਾਂ ਦੇ ਗਾਏ ਗੀਤ ਮੈਂ ਵੀ ਗਾਵਾਂ। ਪੰਜਾਬੀ ਸਰੋਤਿਆਂ ਦਾ ਮੇਰੇ ਨਾਲ ਏਨਾ ਪਿਆਰ ਜਾਣ ਕੇ ਮੈਂ ਚਾਹਨੀ ਹਾਂ ਕਿ ਢੇਰ ਸਾਰੇ ਪੰਜਾਬੀ ਗੀਤ ਗਾਵਾਂ। ਹਾਲੇ ਤਾਂ ਮੈਂ ਪਹਿਲੀ ਪੂਣੀ ਹੀ ਛੋਹੀ ਹੈ।



## ਸ਼ਰਮਿਸ਼ਠਾ ਚੈਟਰਜੀ ਦਾ ਰੰਗ

*ਸ਼ਰਮਿਸ਼ਠਾ ਚੈਟਰਜੀ ਵੱਖ-ਵੱਖ ਵੰਨਗੀਆਂ ਦੇ ਗਾਇਨ ਵਿਚ ਮਾਹਿਰ ਹੈ। ਹਿੰਦੋਸਤਾਨੀ ਸ਼ਾਸਤਰੀ ਸੰਗੀਤ ਵਿਚ ਸਿਖਲਾਈਯਾਫਤਾ ਸ਼ਰਮਿਸ਼ਠਾ ਭਾਰਤੀ ਫ਼ਿਲਮਾਂ, ਟੈਲੀਵਿਜ਼ਨ ਅਤੇ ਇਸ਼ਤਿਹਾਰ ਜਗਤ ਵਿਚ ਪਿੱਠਵਰਤੀ ਗਾਇਕਾ ਵਜੋਂ ਸਰਗਰਮ ਹੈ। ਬੌਲੀਵੁੱਡ ਵਿਚ ਪਿੱਠਵਰਤੀ ਗਾਇਕਾ ਦੇ ਤੌਰ 'ਤੇ ਉਸ ਦਾ ਪਹਿਲਾ ਗੀਤ 2007 ਵਿਚ ਆਇਆ। ਸਵਿਟਜ਼ਰਲੈਂਡ ਵਿਖੇ 'ਜੈਜ਼ਾਅ ਫੈਸਟੀਵਲ' ਵਿਚ ਪੇਸ਼ਕਾਰੀ ਲਈ ਮਿਲੇ ਸੱਦੇ ਨੇ ਉਸ ਦੇ ਪੇਸ਼ੇਵਰ ਜੀਵਨ ਵਿਚ ਨਵਾਂ ਮੋੜ ਲਿਆਂਦਾ। ਮੁੰਬਈ ਪਰਤ ਕੇ ਉਸ ਨੇ ਜੈਜ਼ ਸੰਗੀਤ ਬੈਂਡਾਂ ਨਾਲ ਸੰਪਰਕ ਕੀਤਾ। ਲੂਈ ਬੈਂਕ ਦੇ ਬੈਂਡ 'ਗੰਗਾ ਸ਼ਕਤੀ' ਅਤੇ ਰਣਜੀਤ ਬਰੋਟ ਦੇ ਬੈਂਡ ਨਾਲ ਜੁੜਨਾ ਉਸ ਦੀਆਂ ਅਹਿਮ ਪ੍ਰਾਪਤੀਆਂ ਹੋ ਨਿੱਬੜੀਆਂ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਮਾਰਚ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-421



**ਦੰਗਿਆਂ ਦੀ ਭੇਂਟ ਚੜ੍ਹ ਗਏ ਮਾਲਕਾਂ ਦੀ ਰਾਖ ਹੈ।**
**ਇਨਸਾਨੀਅਤ ਦੇ ਬਲੇ ਸਿਵੇ ਬਚੀ ਢੇਰੀ ਖਾਕ ਹੈ।**
**ਰਲ ਕੇ ਦਰਵੇਸ਼ ਬੈਠੇ ਪਿਆਰਿਆਂ ਨੂੰ ਹਨ ਟੋਲ੍ਹਦੇ।**
**ਆਏ ਸੁਗੰਧ ਕਿਧਰੇ, ਆਪਣਿਆਂ ਦੀ ਖਾਕ ਫਰੋਲਦੇ।**

## ਕੈਪਸ਼ਨ ਮੁਕਾਬਲਾ-419



'ਲਿਟਲ ਟਰਬਲ' ਦੀ ਟੀ ਸ਼ਰਟ ਪਾਈ,
ਬਣਿਆ ਹੈ ਛੋਟਾ ਬਦਮਾਸ਼।
ਫੁੱਲਦਾਰ ਕੰਬਲ ਦੀ ਬੁੱਕਲ ਮਾਰੀ,
ਆਖੇ, ਮੰਮੀ ਤੂੰ ਮੈਨੂੰ ਤਲਾਸ਼।
ਝਾਤੇ ਮਾਈਆਂ ਹੁਣ ਖੇਡਣ ਲੱਗਾ,
ਮੁੜ ਮੁੜ ਲੁਕ ਪਾਉਂਦਾ ਝਾਤ।
ਅਣਭੋਲ ਉਮਰ ਦੀਆਂ ਨੇ ਖੇਡਾਂ,
ਹੈ ਜੀਵਨ ਭਰ ਲਈ ਸੌਗਾਤ।

*-ਸੇਵਾ ਸਿੰਘ ਨੂਰਪੁਰੀ*

---

ਭੋਲਾ ਚਿਹਰਾ, ਮਨ ਹੈ ਚੰਚਲ,
ਸ਼ਰਾਰਤ ਕਰਨ ਨੂੰ ਜੀਅ ਲਲਚਾਵੇ।
ਭਕਾਈ ਕਰਾਵਣ ਖਾਤਰ ਮਾਂ ਦੀ,
ਲੁਕਣ ਛੁਪਣ ਦੀ ਸਕੀਮ ਬਣਾਵੇ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਅਣਾ)*
*ਫੋਨ: 91-98783-37222*

---

ਤਿਆਰ ਕੀਤਾ ਸਕੂਲ ਲਈ
ਕੰਬਲੀ ਲੈ ਕੇ ਨੱਠਿਆ ਜਾਵੇ।
ਚੰਚਲ ਮਨ ਬਚਪਨ ਦਾ
ਸ਼ਰਾਰਤਾਂ ਕਰ ਕੇ ਮੁਸਕਰਾਵੇ।
ਮਮਤਾ ਸਭ ਕੁਝ ਮੁਆਫ ਕਰ ਕੇ
ਉਸ ਤੋਂ ਵਾਰੇ ਵਾਰੇ ਜਾਵੇ।

*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਝਾਤੀਆਂ-ਮਾਤੀਆਂ, ਲੁਕਣ ਮੀਚੀਆਂ
ਮਾਂ ਨੂੰ ਸਦਾ ਉਲਝਾਈ ਰੱਖਾਂ।
ਨਾ ਅੱਕਦੀ, ਨਾ ਥੱਕਦੀ ਭੋਰਾ,
ਬਾਲ ਲੀਲ੍ਹਾ ਰਚਾਈ ਰੱਖਾਂ।

*-ਦਵਿੰਦਰ ਕੌਰ*

---

ਬਚਪਨ ਹੀ ਇਕ ਆਜ਼ਾਦ ਉਮਰ
ਬੈਠੇ ਰਹਿਣਾ ਚੁੱਲ੍ਹੇ ਮੁੱਢ ਮਾਂ ਨੇੜੇ।
ਬਹਾਨੇ, ਸ਼ਰਾਰਤਾਂ, ਲੁਕਣਾ-ਮੀਟਣਾ
ਸਕੂਲ ਨਾ ਜਾਣ ਲਈ ਘੜਨੇ ਬਹਾਨੇ।
ਲਪੇਟ ਰਜਾਈ ਸੌਂ ਗਿਆ ਖੱਟ ਪਲੱਟੀ ਲੈ।
ਮਾਂ ਵਰਾਉਂਦੀ ਲਾਡ ਪਿਆਰ ਕਰ ਕੇ
ਸਕੂਲ ਜਾਣ ਲਈ ਮਨਾਉਂਦੀ।
ਹਸੂੰ ਹਸੂੰ ਕਰਦਾ ਚਿਹਰਾ
ਜਾਗਦੀ ਮਾਂ ਨੂੰ ਪੈਂਦੀਂ ਪਾ ਜਾਂਦਾ।

*-ਦਰਸ਼ਨਪਾਲ ਦੋਸਾਂਝ*

---

ਸਭ ਦੀਆਂ ਅੱਖਾਂ ਦਾ ਤਾਰਾ
ਕਰਦਾ ਫਿਰੇ ਸ਼ਰਾਰਤਾਂ।
ਤੇਰੀ ਇਸ ਨਿਰਛਲ ਮੁਸਕਾਨ ਨੇ
ਸਾਰੇ ਘਰ ਵਿਚ ਖੇੜਾ ਖਿਲਾਰ'ਤਾ।

*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

ਠੰਡ ਲੱਗਣ ਦਾ ਕਰੇ ਡਰਾਮਾ
ਸਕੂਲ ਨਾ ਜਾਣ ਦਾ ਲੱਭਿਆ ਬਹਾਨਾ।
ਕੰਬਲ ਚੁੱਕੀ ਭੱਜਿਆ ਫਿਰਦਾ
ਫਿਰ ਮਾਂ ਦੇ ਹੱਥ ਨਾ ਆਵੇ,
ਬਚਪਨ ਦੀਆਂ ਨਿਆਰੀਆਂ ਖੇਡਾਂ
ਮਾਂ ਵੀ ਬੱਚੇ ਤੋਂ ਬਹਿਲਾਰੇ ਜਾਵੇ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

---

ਸਕੂਲ ਜਾਣ ਦੇ ਵੇਲੇ ਤੋਂ ਪਹਿਲਾਂ
ਭੁਚੰਗੀ ਨੇ ਆਪਣੀ ਗੱਲ ਸਮਝਾਈ।
ਜਾਵਾਂਗਾ ਮੈਂ ਉਸ ਸਕੂਲ, ਜਿਥੇ ਹੋਵੇ
ਮਾਂ ਬੋਲੀ ਪੰਜਾਬੀ ਵਿਚ ਪੜ੍ਹਾਈ।

*-ਬੱਲਾ ਲਬਾਣਾ, ਨਿਊ ਯਾਰਕ*

## ਕੈਪਸ਼ਨ ਮੁਕਾਬਲਾ-418

ਖੋਤਾ ਮਾਣ ਨਾਲ ਕਹਿੰਦਾ
ਹੇ ਮਾਲਕ! ਤੈਨੂੰ ਕਸਮ ਹੈ,
ਹਿੰਮਤ ਨਾ ਹਾਰੀਂ।
ਜਾਨ 'ਤੇ ਆਣ ਪਏ ਤਾਂ ਹੱਸ ਕੇ ਸਹਾਰੀਂ।
ਦੁਨੀਆਂ ਦੇਖਦੀ ਸਾਡਾ ਪਿਆਰ।
ਹੈ ਨਾ ਸੋਚੀਂ ਪਿਆ ਸੰਸਾਰ।

*-ਬੱਲਾ ਲਬਾਣਾ, ਨਿਊ ਯਾਰਕ*

# ਪੁਰੇਵਾਲ ਖੇਡਾਂ ’ਚ ਡਾ. ਸਰਦਾਰਾ ਸਿੰਘ ਜੌਹਲ ਵੱਲੋਂ ਪੰਜਾਬੀਆਂ ਨੂੰ ਲਲਕਾਰ

25ਵੀਆਂ ਪੁਰੇਵਾਲ ਖੇਡਾਂ ਇਸ ਵਾਰ ਹੋਰ ਵੀ ਯਾਦਗਾਰੀ ਹੋ ਨਿਬੜੀਆਂ। ਇਨ੍ਹਾਂ ਵਿਚ ਵਿਦਵਤਾ ਦੇ ਬੁਰਜ, ਖੇਤੀ ਅਰਥਚਾਰੇ ਦੇ ਧਰੂ ਤਾਰੇ, ਪਦਮ ਭੂਸ਼ਨ ਡਾ. ਸਰਦਾਰਾ ਸਿੰਘ ਜੌਹਲ ਵੀ ਸ਼ਾਮਲ ਹੋਏ। ਉਨ੍ਹਾਂ ਨੇ ਖੇਡਾਂ ਤੇ ਖਿਡਾਰੀਆਂ ਨੂੰ ਸਲਾਹੁੰਦਿਆਂ ਵਿਹਲੜਾਂ ਨੂੰ ਨਸ਼ੇ-ਪੱਤੇ ਛੱਡ ਕੇ ਜੁੱਸੇ ਤਕੜੇ ਬਣਾਉਣ ਦਾ ਸੰਦੇਸ਼ ਦਿੱਤਾ। ਸਟੇਜ ਤੋਂ ਪੰਜਾਬੀਆਂ ਨੂੰ ਲਲਕਾਰਿਆ ਕਿ ਗਫਲਤ




**ਪ੍ਰਿੰ. ਸਰਵਣ ਸਿੰਘ**

ਦੀ ਨੀਂਦ ‘ਚੋਂ ਜਾਗੋ ਅਤੇ ਪੰਜਾਬ ਦਾ ਭਵਿੱਖ ਸੰਵਾਰਨ ਲਈ ਕਮਰਕੱਸੇ ਕਰ ਲਓ। ਪੰਜਾਬ ਨੂੰ ਲੋਟੂ ਸਿਆਸਤਦਾਨਾਂ, ਚਿੱਟੇ ਕਾਲੇ ਮਾਫੀਏ ਤੇ ਰਿਸ਼ਵਤਖੋਰ ਬਾਬੂਆਂ ਤੋਂ ਬਚਾਉਣ ਲਈ ‘ਲੋਕ ਅਧਿਕਾਰ ਲਹਿਰ’ ਦਾ ਸਾਥ ਦਿਓ, ਜਿਸ ਦਾ ਵੱਡਾ ਇਕੱਠ 29 ਮਾਰਚ ਨੂੰ ਕੋਟਕਪੂਰੇ ਦੀ ਦਾਣਾ ਮੰਡੀ ਵਿਚ ਕੀਤਾ ਜਾ ਰਿਹੈ।

ਖੇਡ ਮੇਲੇ ਤਾਂ ਪੰਜਾਬ ਵਿਚ ਬਹੁਤ ਲੱਗਦੇ ਹਨ, ਪਰ ਹਕੀਮਪੁਰ ਦੀਆਂ ਪੁਰੇਵਾਲ ਖੇਡਾਂ ਦਾ ਨਜ਼ਾਰਾ ਵੱਖਰਾ ਹੀ ਹੁੰਦਾ ਹੈ। ਨਿਰੰਜਣ ਸਿੰਘ ਯਾਦਗਾਰੀ ਸਟੇਡੀਅਮ ਜਗਤਪੁਰ ਦੇ ਬਾਹਰ ਗੰਨੇ ਦੇ ਰਸ ਤੋਂ ਲੈ ਕੇ ਜ਼ਾਇਕੇਦਾਰ ਜਲੇਬੀਆਂ ਤੇ ਗਰਮ ਕਰਾਰੇ ਪਕੌੜਿਆਂ ਤਕ ਸਭ ਕੁਝ ਹੁੰਦਾ ਹੈ। ਇਨ੍ਹਾਂ ਖੇਡਾਂ ਦੀਆਂ ਗੱਲਾਂ ਪਹਿਲਾਂ ਵੀ ਹੁੰਦੀਆਂ ਹਨ ਤੇ ਖੇਡਾਂ ਹੋਣ ਪਿਛੋਂ ਵੀ ਸੱਥਾਂ ‘ਚ ਚਲਦੀਆਂ ਰਹਿੰਦੀਆਂ ਹਨ। ਜਿਵੇਂ ਸੰਗੀਤ ਵਿਚ ਪਟਿਆਲਾ ਘਰਾਣੇ ਦਾ ਨਾਂ ਹੈ, ਉਵੇਂ ਖੇਡਾਂ ਵਿਚ ਹਕੀਮਪੁਰ ਦੇ ਪੁਰੇਵਾਲ ਭਰਾਵਾਂ ਦਾ ਨਾਂ ਬਣ ਗਿਆ ਹੈ।

ਦਸਵੰਧ ਦੇਣ ਦਾ ਆਪੋ ਆਪਣਾ ਸਲੀਕਾ ਹੁੰਦਾ ਹੈ। ਹਕੀਮਪੁਰ ਦੇ ਜੰਮੇ ਤੇ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਵਿਚ ਵਸਦੇ ਪੁਰੇਵਾਲ ਭਰਾ ਆਪਣੀ ਕਮਾਈ ਦਾ ਖੁੱਲ੍ਹੇ ਦਿਲ ਨਾਲ ਦਸਵੰਧ ਖੇਡਾਂ ਲਈ ਕੱਢਦੇ ਹਨ। ਉਹ ਆਪ ਤਕੜੇ ਖਿਡਾਰੀ ਰਹੇ ਹਨ। ਹਕੀਮਪੁਰ ਦੁਆਬੇ ਦਾ ਇਤਿਹਾਸਕ ਪਿੰਡ ਹੈ। ਇਸ ਨੂੰ ਤਿੰਨ ਗੁਰੂ ਸਾਹਿਬਾਨ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਇਥੇ ਗੁਰੂ ਨਾਨਕ ਦੇਵ ਜੀ ਆਏ, ਗੁਰੂ ਹਰਿ ਰਾਏ ਜੀ ਬਿਰਾਜੇ ਅਤੇ ਗੁਰੂ ਤੇਗ ਬਹਾਦਰ ਜੀ ਪਧਾਰੇ। ਉਨ੍ਹਾਂ ਦੀ ਯਾਦ ਵਿਚ ਇਥੇ ਸੁੰਦਰ ਗੁਰਦੁਆਰਾ ਬਣਿਆ ਹੋਇਐ।

ਜਦੋਂ ਪੁਰੇਵਾਲ ਖੇਡਾਂ ਹੋਣੀਆਂ ਹੁੰਦੀਆਂ ਹਨ, ਉਦੋਂ ਉਜਾੜ ਪਏ ਜਗਤਪੁਰ ਸਟੇਡੀਅਮ ਦੇ ਭਾਗ ਵੀ ਜਾਗ ਉਠਦੇ ਹਨ। ਪੰਜਾਬ ਦਾ ਉਹ ਪਹਿਲਾ ਪੇਂਡੂ ਸਟੇਡੀਅਮ ਜਗਤਪੁਰ ਦੀ ਪੰਚਾਇਤੀ ਜ਼ਮੀਨ ’ਚ ਪੰਚਾਇਤੀ ਰਾਜ ਖੇਡ ਪ੍ਰੀਸ਼ਦ ਦੇ ਸੈਕਟਰੀ ਜਗਤਪੁਰੀਏ ਮੁਖਤਾਰ ਸਿੰਘ ਨੇ ਬਣਵਾਇਆ ਸੀ। ਇਥੇ ਪੁਰੇਵਾਲ ਖੇਡਾਂ ’ਚ ਹਿੱਸਾ ਲੈਂਦਿਆਂ ਅਫਰੀਕੀ ਮੂਲ ਦਾ ਪਹਿਲਵਾਨ ਡੇਨੀਅਲ ਇਗਾਲੀ ਓਲੰਪਿਕ ਖੇਡਾਂ ਦਾ ਚੈਂਪੀਅਨ ਬਣਿਆ। ਉਹ ਕਬੱਡੀ ਵੀ ਖੇਡਦਾ ਰਿਹਾ। ਪੰਜਾਬੀਆਂ ਨੇ ਉਹਦਾ ਨਾਂ ਤੂਫਾਨ ਸਿੰਘ ਰੱਖੀ ਰੱਖਿਆ।

1996 ਵਿਚ ਜਦੋਂ ਮੈਂ ਅਮਰਦੀਪ ਕਾਲਜ, ਮੁਕੰਦਪੁਰ ਦਾ ਪ੍ਰਿੰਸੀਪਲ ਬਣਿਆ, ਉਦੋਂ ਦਾ ਹੀ ਇਨ੍ਹਾਂ ਖੇਡਾਂ ਦੇ ਅੰਗ ਸੰਗ ਵਿਚਰ ਰਿਹਾਂ। ਐਤਕੀਂ 28 ਫਰਵਰੀ ਨੂੰ ਹੀ ਹਰਿਆਣਾ ਤੇ ਦਿੱਲੀ ਤਕ ਦੇ ਪਹਿਲਵਾਨ ਹਕੀਮਪੁਰ ਆ ਢੁੱਕੇ ਸਨ। ਮੈਂ ਸੈਰ ਨੂੰ ਨਿਕਲਿਆ ਤਾਂ ਮਿਹਨਤ ਕਰ ਕੇ ਮੁੜਦੀਆਂ ਪਹਿਲਵਾਨਾਂ ਦੀਆਂ ਟੋਲੀਆਂ ਟੱਕਰੀਆਂ। ਸ਼ਾਮ ਦੀ ਸੋਨ ਰੰਗੀ ਧੁੱਪ ਵਿਚ ਉਨ੍ਹਾਂ ਦੇ ਸਾਧੇ ਹੋਏ ਜੁੱਸੇ ਲਿਸ਼ਕਾਂ ਮਾਰ ਰਹੇ ਸਨ ਤੇ ਉਹ ਪੁਰੇਵਾਲਾਂ ਦੇ ਵ੍ਹਾਈਟ ਹਾਊਸ ਵੱਲ ਜਾ ਰਹੇ ਸਨ। ਉਥੇ ਹੀ ਉਨ੍ਹਾਂ ਦੀ ਰਿਹਾਇਸ਼ ਤੇ ਖਾਣੇ ਦਾ ਪ੍ਰਬੰਧ ਸੀ।

ਸਟੇਡੀਅਮ ਵਿਚ ਪੰਡਾਲ ਲੱਗ ਚੁਕੇ ਸਨ ਤੇ ਝੰਡੇ ਲਹਿਰਾ ਰਹੇ ਸਨ। ਵਾਹੇ ਸੁਹਾਗੇ ਤੇ ਪਾਣੀ ਛਿੜਕ ਕੇ ਜਮਾਏ ਖੇਡ ਮੈਦਾਨ ਉਤੇ ਸਫੈਦ ਲੀਕਾਂ ਵਾਹੀਆਂ ਹੋਈਆਂ ਸਨ ਅਤੇ ਗੁਰਜੀਤ ਸਿੰਘ ਖੁਦ ਸਭ ਕਾਸੇ ਦੀ ਦੇਖ ਰੇਖ ਕਰ ਰਿਹਾ ਸੀ। ਰੰਗਦਾਰ ਕੁੱਜੇ ਕੁੱਜੀਆਂ ਨਾਲ ਟਰੈਕ ਤੇ ਕਬੱਡੀ ਮੈਦਾਨ ਦੇ ਦਾਇਰੇ ਸ਼ਿੰਗਾਰੇ ਹੋਏ ਸਨ।

ਪੁਰੇਵਾਲ ਕਬੱਡੀ ਕੱਪ ਦਾ ਪਹਿਲਾ ਇਨਾਮ ਤਿੰਨ ਲੱਖ ਰੁਪਏ ਤੇ ਦੂਜਾ ਦੋ ਲੱਖ ਰੁਪਏ ਦਾ ਸੀ, ਜੋ ਮੈਚ ਬਰਾਬਰ ਰਹਿ ਜਾਣ ਕਾਰਨ ਸ਼ਹੀਦ ਭਗਤ ਸਿੰਘ ਕਲੱਬ ਸਰਹਾਲਾ ਰਾਣੂਆ ਤੇ ਦੁਆਬਾ



ਵਾਰੀਅਰਜ਼ ਸੁਰਖਪੁਰ ਵਿਚਾਲੇ ਢਾਈ-ਢਾਈ ਲੱਖ ਵੰਡਿਆ ਗਿਆ। ਲੱਖਾਂ ਰੁਪਏ ਦੇ ਇਨਾਮ ਵਾਲੇ ਇਸ ਖੇਡ ਮੇਲੇ ਵਿਚ ਪੱਚੀ ਹਜ਼ਾਰ ਦੀ ਥੈਲੀ ਤੇ ਟਰਾਫੀ ‘ਮਾਤਾ ਸੁਰਜੀਤ ਕੌਰ ਪੁਰੇਵਾਲ ਯਾਦਗਾਰੀ ਪੁਰਸਕਾਰ’ ਪਿੰਡ ਚਕਰ ਦੀ ਕੌਮਾਂਤਰੀ ਬੌਕਸਰ ਸਿਮਰਨਜੀਤ ਕੌਰ ਬਾਠ ਨੂੰ ਦਿੱਤਾ ਗਿਆ। ਉਸ ਦੇ ਮੁਢਲੇ ਕੋਚ ਅਤੇ ਸ਼ੇਰੇ ਪੰਜਾਬ ਸਪੋਰਟਸ ਅਕਾਦਮੀ ਚਕਰ ਦੇ ਬਾਨੀ ਪ੍ਰਿੰ. ਬਲਵੰਤ ਸਿੰਘ ਸੰਧੂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮਿਲਖਾ ਸਿੰਘ ਦਾ ਰਿਕਰਡ ਤੋੜਨ ਵਾਲੇ ਅਥਲੀਟ ਪਰਮਜੀਤ ਸਿੰਘ ਦਾ ਉਚੇਚਾ ਸਨਮਾਨ ਕਰਦਿਆਂ ਜੀਪ ਉਤੇ ਚੜ੍ਹਾ ਕੇ ਸਟੇਡੀਅਮ ਦਾ ਚੱਕਰ ਲੁਆਇਆ ਗਿਆ।

ਮੇਰੀ ਪੁਸਤਕ ‘ਖੇਤੀ ਅਰਥਚਾਰੇ ਦਾ ਧਰੂ ਤਾਰਾ ਡਾ. ਸਰਦਾਰਾ ਸਿੰਘ ਜੌਹਲ’ ਦੀਆਂ ਕਾਪੀਆਂ ਪੁਰੇਵਾਲ ਖੇਡਾਂ ਦੀ ਪਿਆਰ ਨਿਸ਼ਾਨੀ ਵਜੋਂ ਵਿਸ਼ੇਸ਼ ਮਹਿਮਾਨਾਂ ਨੂੰ ਭੇਟਾ ਕੀਤੀਆਂ ਗਈਆਂ। ਪੰਡਾਲ, ਕੁਰਸੀਆਂ, ਮੀਡੀਏ, ਸਾਊਂਡ, ਫੋਟੋ ਤੇ ਫਿਲਮਾਂ ਦੇ ਖਰਚਿਆਂ ਨਾਲ ਗੱਡੀਆਂ ਦੀ ਪਾਰਕਿੰਗ ਲਈ ਕਣਕਾਂ ਵਢਾ ਕੇ ਖਾਲੀ ਕਰਵਾਏ ਖੇਤਾਂ ਦਾ ਮੁਆਵਜ਼ਾ ਦਿੱਤਾ ਗਿਆ। ਖੇਡਾਂ ਦੇ ਰੈਫਰੀਆਂ, ਅੰਪਾਇਰਾਂ ਤੇ ਕੁਮੈਂਟੇਟਰਾਂ ਦੇ ਡੀ. ਏ., ਟੀ. ਏ. ਸਨ ਅਤੇ ਫੁਟਕਲ ਖਰਚਿਆਂ ਦਾ ਕੋਈ ਅੰਤ ਨਹੀਂ ਸੀ। ਸਭ ਕਾਸੇ ’ਤੇ ਪੰਜਾਹ ਲੱਖ ਰੁਪਏ ਤੋਂ ਵੱਧ ਦੇ ਖਰਚੇ ਆਏ।

ਸਵਰਗੀ ਹਰਬੰਸ ਸਿੰਘ ਪੁਰੇਵਾਲ ਦੀ ਤਸਵੀਰ ਤੋਂ ਪਰਦਾ ਹਟਾ ਕੇ ਪੁਰੇਵਾਲ ਖੇਡਾਂ ਦਾ ਉਦਘਾਟਨ ਕੀਤਾ ਗਿਆ। ਆਕਾਸ਼ ਵਿਚ ਅਮਨ ਦੇ ਪ੍ਰਤੀਕ ਕਬੂਤਰ ਉਡਾਏ ਗਏ ਤੇ ਗੁਬਾਰੇ ਛੱਡੇ ਗਏ। ਢੋਲੀਆਂ ਨੇ ਢੋਲਾਂ ‘ਤੇ ਡੱਗੇ ਲਾਏ ਤੇ ਨਾਲ ਹੀ ਕੁਸ਼ਤੀਆਂ ਸ਼ੁਰੂ ਹੋ ਗਈਆਂ। ਦੂਰੋਂ ਨੇੜਿਓਂ ਆਏ ਪਹਿਲਵਾਨਾਂ ਦੀ ਗਿਣਤੀ ਏਨੀ ਵੱਧ ਸੀ ਕਿ ਦੋ ਥਾਂਵਾਂ ’ਤੇ ਵਿਛਾਏ ਗੱਦਿਆਂ ‘ਤੇ ਦੋ ਦਿਨਾਂ ਵਿਚ ਸੌ ਤੋਂ ਵੱਧ ਕੁਸ਼ਤੀਆਂ ਹੋਈਆਂ।

ਹਲਟ ਦੌੜਾਂ ਦੇ ਮੁਕਾਬਲੇ ਵਿਚ ਬਲਦਾਂ ਦੀਆਂ ਏਨੀਆਂ ਜੋੜੀਆਂ ਸਨ ਕਿ ਡੂੰਘੀ ਸ਼ਾਮ ਤਕ ਮੁਕਾਬਲੇ ਹੁੰਦੇ ਰਹੇ। ਬੈਲ ਗੱਡੀਆਂ ਦੀਆਂ ਦੌੜਾਂ ਵਿਚ ਵੀ ਸ਼ਾਮ ਤਕ ਗਰਦਾਂ ਉਡਦੀਆਂ ਰਹੀਆਂ। ਰੱਸਾਕਸ਼ੀ ਦਾ ਮੁਕਾਬਲਾ ਲੁਹਾਰ ਮਾਜਰਾ ਦੀ ਟੀਮ ਨੇ ਜਿੱਤਿਆ। ਅਥਲੀਟ ਟਰੈਕ ਉਤੇ ਦੌੜਦੇ ਰਹੇ ਅਤੇ ਗਤਕਾ ਖੇਡਣ ਵਾਲੇ ਟਰੈਕ ਅੰਦਰ ਤਲਵਾਰਾਂ ਦੇ ਜੌਹਰ ਵਿਖਾਉਂਦੇ ਰਹੇ। ਉਨ੍ਹਾਂ ਦੇ ਨੀਲੇ ਬਾਣੇ ਤੇ ਕੇਸਰੀ ਕਮਰਕੱਸੇ ਖੇਡ ਮੇਲੇ ਵਿਚ ਵੱਖਰਾ ਰੰਗ ਭਰ ਰਹੇ ਸਨ। ਕੋਈ ਬਾਜ਼ੀਗਰ ਘੰਡੀ ਦੇ ਜ਼ੋਰ ਨਾਲ ਸਰੀਆ ਦੂਹਰਾ ਕਰਦਾ ਤੇ ਕੋਈ ਬਲਦੀਆਂ ਲਾਟਾਂ ਵਿਚ ਦੀ ਲੰਘਦਾ। ਕੋਈ ਘੰਟਿਆਂ ਬੱਧੀ ਡੰਡ ਬੈਠਕਾਂ ਹੀ ਕੱਢੀ ਜਾਂਦਾ।

ਮੇਲੀਆਂ ਦੀਆਂ ਰੰਗ ਬਰੰਗੀਆਂ ਪੱਗਾਂ ਨੇ ਰੰਗਾਂ ਦੀ ਗੁਲਜ਼ਾਰ ਖਿੜਾ ਦਿੱਤੀ ਸੀ। ਉਹ ਨਜ਼ਾਰਾ ਕਮਾਲ ਦਾ ਸੀ, ਜਦੋਂ ਇਕ ਬੰਨੇ ਢੋਲ ਵੱਜ ਰਹੇ ਸਨ, ਘੋੜੀਆਂ ਨੱਚ ਰਹੀਆਂ ਸਨ ਅਤੇ ਦੂਜੇ ਬੰਨੇ ਨਿਹੰਗ ਸਿੰਘ ਨੇਜ਼ਾਬਾਜ਼ੀ ਕਰਦਿਆਂ ਕਿੱਲੇ ਪੁੱਟ ਰਹੇ ਸਨ। ਇਕ ਨਿਹੰਗ ਦੋ ਘੋੜਿਆਂ ‘ਤੇ ਪੈਰ ਰੱਖੀ ਘੋੜਿਆਂ ਨੂੰ ਹਵਾ ਬਣਾਈ ਜਾ ਰਿਹਾ ਸੀ। ਇਕ ਪਾਸੇ ਕੁਸ਼ਤੀਆਂ ਦੇ ਭੇੜ ਹੋ ਰਹੇ ਸਨ ਤੇ ਦੂਜੇ ਪਾਸੇ ਕਬੱਡੀ ਦੇ ਜੱਫੇ ਲੱਗ ਰਹੇ ਸਨ। ਨਾਲ ਦੀ ਨਾਲ ਖੇਡਾਂ ਦੀ ਕੁਮੈਂਟਰੀ ਗੂੰਜ ਰਹੀ ਸੀ।

ਇਸ ਵਾਰ ਇਹ ਖੇਡਾਂ ਸਿਰਫ ਪੁਰੇਵਾਲ ਭਰਾਵਾਂ ਦੀਆਂ ਨਾ ਹੋ ਕੇ ਇਲਾਕੇ ਦੇ ਸਮੁੱਚੇ ਖੇਡ ਪ੍ਰੋਮੋਟਰਾਂ ਦੀਆਂ ਖੇਡਾਂ ਬਣ ਗਈਆਂ, ਜਿਨ੍ਹਾਂ ਵਿਚ ਸੌ ਤੋਂ ਵੱਧ ਸੱਜਣਾਂ ਨੇ ਬਣਦਾ ਸਰਦਾ ਯੋਗਦਾਨ ਪਾਇਆ। ਕਿਲਾ ਰਾਇਪੁਰ ਦੀਆਂ ਖੇਡਾਂ ਵਾਂਗ ਪੁਰੇਵਾਲ ਖੇਡਾਂ ਹੁਣ ਦੁਆਬੇ ਦੀ ਪੇਂਡੂ ਓਲੰਪਿਕਸ ਕਹੀਆਂ ਜਾਣ ਲੱਗ ਪਈਆਂ ਹਨ।

# ਕਿਲਾ ਰਾਏਪੁਰ ਖੇਡਾਂ ਦਾ ਬਦਲ ਬਣ ਸਕਦੀਆਂ ਹਨ ਪੁਰੇਵਾਲ ਖੇਡਾਂ

ਖੇਡਾਂ ਦੇ ਖੇਤਰ ‘ਚ ਵੱਡਾ ਨਾਮ ਰੱਖਣ ਵਾਲੇ ਸ਼ਹੀਦ ਭਗਤ ਸਿੰਘ ਨਗਰ ਜਿਲੇ ਦੇ ਪਿੰਡ ਹਕੀਮਪੁਰ ਦੇ ਪੁਰੇਵਾਲ ਭਰਾਵਾਂ ਵੱਲੋਂ ਆਪਣੇ ਪਿਤਾ ਸਵਰਗੀ ਹਰਬੰਸ ਸਿੰਘ ਪੁਰੇਵਾਲ ਦੀ ਯਾਦ ‘ਚ 29 ਫਰਵਰੀ ਤੇ ਪਹਿਲੀ ਮਾਰਚ 2020 ਨੂੰ ਕਰਵਾਈਆਂ ਗਈਆਂ 25ਵੀਆਂ ਪੁਰੇਵਾਲ ਖੇਡਾਂ ਸੀਜ਼ਨ 2019-20 ਦਾ ਸਭ ਤੋਂ ਵੱਡਾ ਖੇਡ ਮੇਲਾ ਹੋ ਨਿੱਬੜੀਆਂ। ਖਿਡਾਰੀਆਂ ਦੀ ਸ਼ਮੂਲੀਅਤ, ਖੇਡਾਂ ਦੀ ਗਿਣਤੀ, ਮਹਾਨ ਸ਼ਖਸੀਅਤਾਂ ਦੀ ਆਮਦ, ਮਾਣ-ਸਨਮਾਨ ਤੇ ਦਰਸ਼ਕਾਂ ਦੀ ਵੱਡੀ ਤਾਦਾਦ ਨੇ ਸਵਰਗੀ ਨਿਰੰਜਣ ਸਿੰਘ ਯਾਦਗਾਰੀ ਖੇਡ ਸਟੇਡੀਅਮ ਜਗਤਪੁਰ ਵਿਖੇ ਕਰਵਾਈਆਂ ਗਈਆਂ

**ਅਰਸ਼ਦੀਪ ਸਿੰਘ ਟੋਰਾਂਟੋ**

ਪੁਰੇਵਾਲ ਖੇਡਾਂ ਨੂੰ ਯਾਦਗਾਰੀ ਬਣਾ ਦਿੱਤਾ। ਗੁਰਜੀਤ ਸਿੰਘ ਪੁਰੇਵਾਲ, ਚਰਨ ਸਿੰਘ ਪੁਰੇਵਾਲ, ਮਲਕੀਤ ਸਿੰਘ ਤੇ ਉਨ੍ਹਾਂ ਦੇ ਭਤੀਜੇ ਕੁਲਤਾਰ ਪੁਰੇਵਾਲ ਦੇ ਉਦਮ ਨਾਲ ਇਨ੍ਹਾਂ ਖੇਡਾਂ ਦੇ ਮਿਆਰ ਨੂੰ ਦੇਖਦਿਆਂ ਜਾਪਦਾ ਹੈ ਕਿ ਇਹ ਖੇਡਾਂ ਕਿਲਾ ਰਾਏਪੁਰ ਖੇਡਾਂ ਦਾ ਬਦਲ ਬਣ ਸਕਦੀਆਂ ਹਨ।

**ਸਨਮਾਨ:** ਪੁਰੇਵਾਲ ਖੇਡਾਂ ਦੌਰਾਨ ਵੱਖ-ਵੱਖ ਖੇਤਰਾਂ ‘ਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ ਦਾ ਪੁਰੇਵਾਲ ਭਰਾਵਾਂ ਵਲੋਂ ਸਨਮਾਨ ਕੀਤੇ ਜਾਣ ਨਾਲ ਇਨ੍ਹਾਂ ਖੇਡਾਂ ਦਾ ਕੱਦ ਹੋਰ ਉਚਾ ਹੋ ਗਿਆ। ਅਰਥ ਸ਼ਾਸ਼ਤਰੀ ਤੇ ਬਹੁਤ ਸਾਰੇ ਵੱਡੇ ਅਹੁਦਿਆਂ ‘ਤੇ ਸੇਵਾਵਾਂ ਨਿਭਾ ਚੁੱਕੇ ਡਾ. ਸਰਦਾਰਾ ਸਿੰਘ ਜੌਹਲ, ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਨਾਮੀ ਖੇਡ ਲੇਖਕ ਪ੍ਰਿੰ. ਸਰਵਣ ਸਿੰਘ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਖੇਡ ਨਿਰਦੇਸ਼ਕ ਡਾ. ਰਾਜ ਕੁਮਾਰ ਸ਼ਰਮਾ, ਮਿਲਖਾ ਸਿੰਘ ਦਾ ਰਿਕਾਰਡ ਤੋੜਨ ਵਾਲੇ ਪਰਮਜੀਤ ਸਿੰਘ ਅਰਜੁਨਾ ਐਵਾਰਡੀ, ਗੀਤਕਾਰ ਤੇ ਪੱਤਰਕਾਰ ਸ਼ਮਸ਼ੇਰ ਸੰਧੂ, ਪ੍ਰਿੰ. ਬਲਵੰਤ ਸਿੰਘ ਸੰਧੂ, ਸਾਬਕਾ ਮੁੱਖ ਕੌਮੀ ਕੁਸ਼ਤੀ ਕੋਚ ਪੀ. ਆਰ. ਸੋਂਧੀ, ਮੋਹਨ ਕੰਧੋਲਾ, ਨਾਮੀ ਕਬੱਡੀ ਖਿਡਾਰੀ ਰਾਣਾ ਵੰਝ ਤੇ ਦੁੱਲਾ ਬੱਗਾ ਪਿੰਡ, ਪਾਲਾ ਜਲਾਲਪੁਰ ਅਤੇ ਯਾਦਾ ਸੁਰਖਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਗੋਪੀ ਹਕੀਮਪੁਰ, ਗੋਪਾ ਬੈਂਸ, ਸੁੱਖਾ ਰੰਧਾਵਾ ਕੈਨੇਡਾ ਤੇ ਮਾਨਾ ਆਕਲੈਂਡ ਨੇ ਦੁੱਲੇ, ਪਾਲੇ ਤੇ ਯਾਦੇ ਦਾ ਇਕ ਇਕ ਲੱਖ ਰੁਪਿਆ ਨਕਦ ਦੇ ਕੇ ਸਨਮਾਨ ਕੀਤਾ।

**ਕੁਸ਼ਤੀ:** ਪੁਰਸ਼ਾਂ ਦੇ 5 ਤੇ ਔਰਤਾਂ ਦੇ 3 ਭਾਰ ਵਰਗਾਂ ਦੇ ਮੁਕਾਬਲੇ ਕਰਵਾਏ ਗਏ। ਮਹਾਂਭਾਰਤ ਕੇਸਰੀ ਦਾ ਖਿਤਾਬ (92 ਕਿਲੋ ਤੋਂ ਵੱਧ ਭਾਰ) ਮੁਹੰਮਦ ਮਦਾਰੀ ਇਰਾਨ (75 ਹਜ਼ਾਰ ਰੁਪਏ) ਨੇ ਜਿੱਤਿਆ। ਪ੍ਰਿਤਪਾਲ ਸਿੰਘ ਫਗਵਾੜਾ ਦੂਜੇ (52 ਹਜ਼ਾਰ), ਪੁਸ਼ਪਿੰਦਰ ਮਲਿਕ ਤੀਜੇ (25 ਹਜ਼ਾਰ) ਤੇ ਅਲੀ ਇਰਾਨ ਚੌਥੇ ਥਾਂ (15



ਹਜ਼ਾਰ) ਰਿਹਾ।

ਸ਼ੇਰ-ਏ-ਹਿੰਦ ਖਿਤਾਬ (92 ਕਿਲੋ ਵਰਗ) ਦਾ 52 ਹਜ਼ਾਰ ਦਾ ਇਨਾਮ ਸੰਦੀਪ ਖੰਨਾ ਨੇ ਜਿੱਤਿਆ। ਦੀਪਕ ਦਿੱਲੀ ਨੇ ਦੂਜਾ (32 ਹਜ਼ਾਰ), ਵਰਿੰਦਰ ਲੁਧਿਆਣਾ ਨੇ ਤੀਜਾ (22 ਹਜ਼ਾਰ) ਤੇ ਕੇਤਨ ਹੁਸ਼ਿਆਰਪੁਰ ਨੇ ਚੌਥਾ (12 ਹਜ਼ਾਰ) ਸਥਾਨ ਹਾਸਿਲ ਕੀਤਾ। 82 ਕਿਲੋ ਵਰਗ ‘ਚ ਆਫਤਾਬ-ਏ-ਹਿੰਦ ਦਾ ਖਿਤਾਬ ਕਰਨ ਦਿੱਲੀ (32 ਹਜ਼ਾਰ) ਨੇ ਜਿੱਤਿਆ। ਸੁਮਿਤ ਸੋਨੀਪਤ ਦੂਜੇ (22 ਹਜ਼ਾਰ), ਨਿਖਿਲ ਨੇਵੀ ਤੀਜੇ (12 ਹਜ਼ਾਰ) ਤੇ ਧੀਰਜ ਜਲੰਧਰ (7 ਹਜ਼ਾਰ) ਚੌਥੇ ਸਥਾਨ ‘ਤੇ ਰਿਹਾ। 62 ਕਿਲੋ ਵਰਗ ਦਾ ਸ਼ਾਨ-ਏ-ਹਿੰਦ ਖਿਤਾਬ (32 ਹਜ਼ਾਰ) ਪੰਕਜ ਸੋਨੀਪਤ ਨੇ ਜਿੱਤਿਆ। ਜਸਕਰਨ ਸਿੰਘ ਪਟਿਆਲਾ ਦੂਜੇ (22 ਹਜ਼ਾਰ), ਵਿੱਕੀ ਹਰਿਆਣਾ ਤੀਜੇ (12 ਹਜ਼ਾਰ) ਤੇ ਅਕਾਸ਼ ਅੰਮ੍ਰਿਤਸਰ ਚੌਥੇ (7 ਹਜ਼ਾਰ) ਥਾਂ ਰਿਹਾ। ਸਿਤਾਰਾ-ਏ-ਹਿੰਦ ਖਿਤਾਬ (72 ਕਿਲੋ ਵਰਗ) ਸਰਵਣ ਕੁਮਾਰ ਦਿੱਲੀ ਨੇ ਜਿੱਤਿਆ। ਸੰਦੀਪ ਦਿੱਲੀ ਦੂਜੇ, ਅਰੁਣ ਰਾਜਸਥਾਨ ਤੀਜੇ ਤੇ ਨੀਰਜ ਚਤਰਸਾਲ ਦਿੱਲੀ ਚੌਥੇ ਸਥਾਨ ‘ਤੇ ਰਿਹਾ।

ਔਰਤਾਂ ਦੇ ਵਰਗ ‘ਚ ਮਹਾਂਭਾਰਤ ਕੇਸਰੀ (92 ਕਿਲੋ ਵਰਗ) ਦਾ ਖਿਤਾਬ (51 ਹਜ਼ਾਰ) ਪੰਜਾਬ ਪੁਲਿਸ ਦੀ ਸਬ ਇੰਸਪੈਕਟਰ ਗੁਰਸ਼ਰਨ ਕੌਰ ਨੇ ਜਿੱਤਿਆ। ਨੈਨਾ ਰੋਹਤਕ ਨੇ ਦੂਜਾ (31 ਹਜ਼ਾਰ), ਮਨਦੀਪ ਕੌਰ ਨੇ ਤੀਜਾ (21 ਹਜ਼ਾਰ) ਤੇ ਕਿਰਨਦੀਪ ਕੌਰ ਜਲੰਧਰ ਨੇ ਚੌਥਾ (12 ਹਜ਼ਾਰ) ਸਥਾਨ ਹਾਸਿਲ ਕੀਤਾ। 62 ਕਿਲੋ ਵਰਗ ਦਾ ਭਾਰਤ ਕੁਮਾਰੀ ਖਿਤਾਬ (32 ਹਜ਼ਾਰ) ਪ੍ਰੀਤੀ ਗੁਰਦਾਸਰਪੁਰ ਨੇ ਜਿੱਤਿਆ। ਗੁਰਸ਼ਰਨ ਕੌਰ ਫਰੀਦਕੋਟ ਨੇ ਦੂਜਾ (22 ਹਜ਼ਾਰ), ਮਨਪ੍ਰੀਤ ਕੌਰ ਫਰੀਦਕੋਟ ਨੇ ਤੀਜਾ (12 ਹਜ਼ਾਰ) ਤੇ ਸੁਨੇਹਾ ਨੇ ਚੌਥਾ (7 ਹਜ਼ਾਰ) ਸਥਾਨ ਹਾਸਿਲ ਕੀਤਾ।

**ਰੱਸਾਕਸੀ:** ਇਨ੍ਹਾਂ ਮੁਕਾਬਲਿਆਂ ‘ਚ ਲੋਹਾਰ ਮਾਜਰਾ ਨੇ ਪਹਿਲਾ ਸਥਾਨ ਹਾਸਿਲ ਕਰਕੇ 15 ਹਜ਼ਾਰ ਰੁਪਏ ਦਾ ਪਹਿਲਾ ਇਨਾਮ ਜਿੱਤਿਆ ਤੇ ਸਰੀਂਹ-ਸੰਕਰ ਦੀ ਟੀਮ ਦੂਜੇ ਥਾਂ ਰਹਿ ਕੇ 12 ਹਜ਼ਾਰ ਰੁਪਏ ਦੇ ਇਨਾਮ ਦੀ ਹੱਕਦਾਰ ਬਣੀ। ਨਿਹੰਗ ਸਿੰਘਾਂ ਨੇ ਜੌਹਰ ਦਿਖਾ ਕੇ ਖੇਡ ਮੇਲੇ ਨੂੰ ਸਿਖਰ ‘ਤੇ ਪਹੁੰਚਾ ਦਿੱਤਾ। ਬਲਦਾਂ ਦੀਆਂ ਹਲਟ ਦੌੜਾਂ ਵੀ ਖਿੱਚ ਦਾ ਕੇਂਦਰ ਬਣੀਆਂ।

**ਕੁੜੀਆਂ ਦੀ ਕਬੱਡੀ:** ਇਨ੍ਹਾਂ ਮੁਕਾਬਲਿਆਂ ‘ਚ ਜਗਤਪੁਰ (ਸ਼ਹੀਦ ਭਗਤ ਸਿੰਘ ਨਗਰ) ਦੀ ਟੀਮ ਪਹਿਲੇ ਥਾਂ ਅਤੇ ਬਾਬਾ ਬੰਦਾ ਸਿੰਘ ਕਲੱਬ ਅੰਮ੍ਰਿਤਸਰ ਦੀ ਟੀਮ ਦੂਜੇ ਥਾਂ ਰਹੀ।

**ਕੁੱਤਿਆਂ ਦੀ ਦੌੜ:** ਸਖਤ ਮੁਕਾਬਲੇ ਵਾਲੀ ਕੁੱਤਿਆਂ ਦੀ ਦੌੜ ‘ਚ ਸ਼ਾਹਿਦ ਖਾਨ ਮਾਲੇਰਕੋਟਲਾ ਦਾ ਕੁੱਤਾ ਵੀ. ਆਈ. ਪੀ. ਪਹਿਲੇ ਥਾਂ ਰਹਿ ਕੇ 25 ਹਜ਼ਾਰ ਰੁਪਏ ਦਾ ਹੱਕਦਾਰ ਬਣਿਆ। ਸ਼ਾਹਿਦ ਖਾਨ ਦਾ ਹੀ ਵਾਈਟ ਕਮਾਂਡਰ ਕੁੱਤਾ ਦੂਜੇ ਥਾਂ ਰਹਿ ਕੇ 22 ਹਜ਼ਾਰ ਰੁਪਏ ਦਾ ਹੱਕਦਾਰ ਬਣਿਆ।

**ਅਥਲੈਟਿਕਸ:** ਪ੍ਰੋ. ਜਗਵਿੰਦਰ ਸਿੰਘ ਦੀ ਅਗਵਾਈ ‘ਚ ਕਰਵਾਏ ਗਏ 55 ਹਜ਼ਾਰ ਰੁਪਏ ਦੀ ਨਕਦ ਰਕਮ ਵਾਲੇ ਅਥਲੈਟਿਕਸ ਮੁਕਾਬਲਿਆਂ ਤਹਿਤ ਲੰਬੀ ਛਾਲ ‘ਚ ਗੁਲਸ਼ਨ ਕੁਮਾਰ ਆਈ. ਟੀ. ਆਈ. ਨਵਾਂ ਸ਼ਹਿਰ ਪਹਿਲੇ, ਯੁਵਰਾਜ ਸਿੰਘ ਸੁੰਢ ਦੂਜੇ ਤੇ ਗੁਰਪ੍ਰੀਤ ਸਿੰਘ ਘੁੰਮਣਾਂ ਤੀਜੇ; ਗੋਲਾ ਸੁੱਟਣ ‘ਚ ਗੁਰਬੰਤ ਸਿੰਘ ਸੰਧੂ ਪਹਿਲੇ, ਸਿਮਰਨਪਾਲ ਸਿੰਘ ਬੰਗਾ ਦੂਜੇ ਤੇ ਵਿਕਰਾਂਤ ਸ਼ਰਮਾ ਬੰਗਾ ਤੀਜੇ ਥਾਂ ਰਹੇ। 1522 ਮੀਟਰ ਦੌੜ ‘ਚ ਪ੍ਰਮੋਦ ਬੰਗਾ ਪਹਿਲੇ, ਅਨੁਰਾਗ ਠਾਕੁਰ ਦੂਜੇ ਤੇ ਪਰਵਿੰਦਰ ਸਿੰਘ ਦੌਲਤਪੁਰ ਤੀਜੇ; 122 ਮੀਟਰ ਦੌੜ ‘ਚ ਗੁਰਪ੍ਰੀਤ ਸਿੰਘ ਫਰਾਲਾ ਪਹਿਲੇ, ਗੁਲਸ਼ਨ ਕੁਮਾਰ ਨਵਾਂ ਸ਼ਹਿਰ ਦੂਜੇ ਤੇ ਕਾਰੀ ਘੁੰਮਣ ਤੀਜੇ ਥਾਂ ਰਿਹਾ। ਲੜਕੀਆਂ ਦੀ 122 ਮੀਟਰ ਦੌੜ ‘ਚ ਬ੍ਰਹਮਜੋਤ ਸਿੰਘ ਬੰਗਾ ਪਹਿਲੇ, ਤਾਨੀਆ ਨਵਾਂ ਸ਼ਹਿਰ ਦੂਜੇ ਤੇ ਇੰਦਰਜੋਤ ਕੌਰ ਬੰਗਾ ਤੀਜੇ ਥਾਂ ਰਹੀ।

**ਕਬੱਡੀ ਕੱਪ:** ਖੇਡਾਂ ਦੇ ਦੂਜੇ ਦਿਨ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਦੀਆਂ 8 ਚੋਟੀ ਦੀਆਂ ਟੀਮਾਂ ਨੇ 5 ਲੱਖ ਰੁਪਏ ਦੀ ਇਨਾਮ ਵਾਲੇ ਕੱਪ ਲਈ ਜ਼ੋਰ ਅਜ਼ਮਾਈ ਕੀਤੀ। ਪਹਿਲੇ ਮੁਕਾਬਲੇ ‘ਚ ਫਰੈਂਡਜ਼ ਇੰਟਰਨੈਸ਼ਨਲ ਕਬੱਡੀ ਕਲੱਬ ਨੇ ਐਨ. ਆਰ. ਆਈ. ਕਲੱਬ ਨਕੋਦਰ ਨੂੰ 31-15 ਅੰਕਾਂ ਨਾਲ ਹਰਾਇਆ। ਦੂਜੇ ਮੈਚ ‘ਚ ਡੀ. ਏ. ਵੀ. ਕਲੱਬ ਜਲੰਧਰ ਨੇ ਬਾਬਾ ਹਨੂੰਮਾਨ ਸਿੰਘ ਕਲੱਬ ਮੋਹਾਲੀ ਨੂੰ 28-16 ਅੰਕਾਂ ਨਾਲ ਹਰਾਇਆ। ਤੀਜੇ ਮੈਚ ‘ਚ ਸ਼ਹੀਦ ਭਗਤ ਸਿੰਘ ਕਲੱਬ ਸਰਹਾਲਾ ਰਾਣੂਆਂ ਨੇ ਗੁਰੂ ਗੋਬਿੰਦ ਸਿੰਘ ਅਕੈਡਮੀ ਕੋਟਲੀ ਥਾਨ ਸਿੰਘ ਨੂੰ 34-12 ਅੰਕਾਂ ਦੇ ਵੱਡੇ ਫਰਕ ਨਾਲ ਹਰਾਇਆ। ਚੌਥੇ ਮੈਚ ‘ਚ ਦੁਆਬਾ ਵਾਰੀਅਰਜ਼ ਕਲੱਬ ਨੇ ਨਾਨਕਸਰ ਮਾਲਵਾ ਕਲੱਬ ਮੈਲਬਰਨ ਨੂੰ 27-22 ਅੰਕਾਂ ਨਾਲ ਹਰਾਇਆ।

ਪਹਿਲੇ ਸੈਮੀਫਾਈਨਲ ਮੈਚ ‘ਚ ਸ਼ਹੀਦ ਭਗਤ ਸਿੰਘ ਕਲੱਬ ਸਰਹਾਲਾ ਰਾਣੂਆ ਨੇ ਫਰੈਂਡਜ਼ ਇੰਟਰਨੈਸ਼ਨਲ ਕਲੱਬ ਪੰਜਾਬ ਨੂੰ ਸਿਰਫ ਅੱਧੇ (34.5-34) ਅੰਕ ਨਾਲ ਹਰਾਇਆ। ਦੂਜੇ ਸੈਮੀਫਾਈਨਲ ‘ਚ ਦੁਆਬਾ ਵਾਰੀਅਰਜ਼ ਸੁਰਖਪੁਰ ਦੀ ਟੀਮ ਨੇ ਡੀ. ਏ. ਵੀ. ਕਲੱਬ ਜਲੰਧਰ ਦੀ ਟੀਮ ਨੂੰ 36-18 ਅੰਕਾਂ ਨਾਲ ਹਰਾ ਕੇ ਫਾਈਨਲ ‘ਚ ਪ੍ਰਵੇਸ਼ ਕੀਤਾ। ਫਾਈਨਲ ਮੁਕਾਬਲਾ ਹਨੇਰਾ ਹੋਣ ਕਰਕੇ ਨੇਪਰੇ ਨਾ ਚੜ੍ਹ ਸਕਿਆ ਅਤੇ ਦੋਹਾਂ ਟੀਮਾਂ ਨੂੰ ਸਾਂਝੇ ਤੌਰ ‘ਤੇ ਜੇਤੂ ਕਰਾਰ ਦਿੱਤਾ ਗਿਆ। ਦੋਹਾਂ ਟੀਮਾਂ ਨੂੰ ਢਾਈ ਢਾਈ ਲੱਖ ਰੁਪਏ ਦਾ ਇਨਾਮ ਦਿੱਤਾ ਗਿਆ। ਜੋਤਾ ਮਹਿਮਦਵਾਲ ਨੂੰ ਸਰਵੋਤਮ ਧਾਵੀ ਤੇ ਪ੍ਰੀਤ ਲੱਧੂਵਾਲਾ ਨੂੰ ਬਿਹਤਰੀਨ ਜਾਫੀ ਚੁਣਿਆ ਗਿਆ।

ਕਬੱਡੀ ਕੱਪ ਦੌਰਾਨ ਗੁਰੂ ਗੋਬਿੰਦ ਸਿੰਘ ਅਕੈਡਮੀ ਕੋਟਲੀ ਥਾਨ ਸਿੰਘ ਦੀ ਟੀਮ ਕੋਈ ਵੀ ਜੱਫਾ ਨਾ ਲਾ ਸਕੀ। ਪਹਿਲੇ ਸੈਮੀਫਾਈਨਲ ਦਾ ਫੈਸਲਾਕੁਨ ਅੰਕ ਟੀ. ਵੀ. ਰੀਪਲੇਅ ਰਾਹੀਂ ਐਲਾਨਿਆ ਗਿਆ। ਇਨ੍ਹਾਂ ਖੇਡਾਂ ਦੌਰਾਨ ਪ੍ਰੋ. ਮੱਖਣ ਸਿੰਘ ਹਕੀਮਪੁਰ, ਸੱਤਪਾਲ ਖੜਿਆਲ, ਰੁਪਿੰਦਰ ਜਲਾਲ, ਸੁਖਰਾਜ ਰੋਡੇ, ਸਤਨਾਮ ਕਲੇਰ ਤੇ ਰਿੰਕਾ ਮਾਓ ਸਾਹਿਬ ਨੇ ਕੁਮੈਂਟਰੀ ਰਾਹੀਂ ਰੰਗ ਬੰਨ੍ਹਿਆ।

# ਮੋਦੀ ਸਰਕਾਰ ਨੇ ਖੁਦ ਸਹੇੜਿਆ ਯੈੱਸ ਬੈਂਕ ਵਾਲਾ ਸੰਕਟ

ਯੈੱਸ ਬੈਂਕ ਦੇ ਵਿਤੀ ਸੰਕਟ ਬਾਰੇ ਹੋਈ ਪ੍ਰੈੱਸ ਕਾਨਫਰੰਸ ਵਿਚ ਵਿਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਮ੍ਹਾਂ ਕਰਤਾਵਾਂ ਦਾ ਪੈਸਾ ਬਿਲਕੁਲ ਸੁਰੱਖਿਅਤ ਹੈ ਕਿਉਂਕਿ ਸਾਲ 2017 ਤੋਂ ਹੀ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੁਆਰਾ ਯੈੱਸ ਬੈਂਕ ਦੇ ਲੈਣ-ਦੇਣ ਦੀ ਪ੍ਰਕਿਰਿਆ ਉਤੇ ਨਿਗਰਾਨੀ ਰੱਖੀ ਜਾ ਰਹੀ ਸੀ ਅਤੇ ਬੈਂਕ ਨਾਲ ਸਬੰਧਤ ਵਿਕਾਸ ਉਤੇ ਵੀ ਉਨ੍ਹਾਂ ਦੀ ਤਿੱਖੀ ਨਜ਼ਰ ਸੀ। ਵਿਤ ਮੰਤਰੀ ਨੇ ਇਹ ਵੀ ਕਿਹਾ ਕਿ ਸਾਲ 2014 ਤਕ ਯੂ.ਪੀ.ਏ. ਸਰਕਾਰ ਦੁਆਰਾ ਵੰਡੇ ਗਏ ਅੰਨ੍ਹੇਵਾਹ ਕਰਜ਼ਿਆਂ ਦੇ ਕਾਰਨ ਹੀ ਅੱਜ ਦੇਸ਼ ਦੀ ਵਿਤੀ ਹਾਲਤ ਗੰਭੀਰ ਹੈ।

ਇਨ੍ਹਾਂ ਬਿਆਨਾਂ ਦੇ ਖਿਲਾਫ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਤ ਮੰਤਰੀ ਪੀ.

**ਡਾ. ਰਾਜੀਵ ਖੋਸਲਾ**
ਫੋਨ: +91-79860-36776

ਚਿਦੰਬਰਮ ਨੇ ਸਰਕਾਰ ਦੇ ਵਿਤੀ ਪ੍ਰਬੰਧਾਂ ਉਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਭਾਰਤੀ ਵਿਤੀ ਖੇਤਰ ਵਿਚ 6 ਮਹੀਨੇ ਅੰਦਰ ਇਹ ਦੂਜਾ ਮੌਕਾ ਹੈ, ਜਦੋਂ ਆਰ.ਬੀ.ਆਈ. ਨੇ ਬੈਂਕ ਦੇ ਜਮ੍ਹਾਂ ਕਰਤਾਵਾਂ ਉਤੇ ਪੈਸੇ ਕਢਾਉਣ 'ਤੇ ਇਉਂ ਰੋਕ ਲਾਈ ਹੈ। ਇੱਕ ਕਦਮ ਹੋਰ ਅੱਗੇ ਜਾਂਦਿਆਂ ਉਨ੍ਹਾਂ ਦੱਸਿਆ ਕਿ ਯੈੱਸ ਬੈਂਕ ਦੇ ਬਕਾਇਆ ਕਰਜ਼ੇ ਜੋ ਮਾਰਚ 2014 ਤੱਕ 55,633 ਕਰੋੜ ਰੁਪਏ ਸਨ, ਉਹ ਮਾਰਚ 2019 ਤਕ ਵਧ ਕੇ 2,41,499 ਕਰੋੜ ਰੁਪਏ ਹੋ ਗਏ ਜਿਨ੍ਹਾਂ ਵਿਚ ਸਭ ਤੋਂ ਵੱਧ ਕਰਜ਼ੇ ਸਾਲ 2017-18 ਵਿਚ ਵੰਡੇ ਗਏ, ਜਦੋਂ ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਸੀ ਅਤੇ ਆਰ.ਬੀ.ਆਈ. ਆਪ ਬੈਂਕ ਦੇ ਲੈਣ-ਦੇਣ 'ਤੇ ਨਜ਼ਰ ਰੱਖ ਰਿਹਾ ਸੀ।

ਸਿਆਸੀ ਧਿਰਾਂ ਭਾਵੇਂ ਆਪੋ-ਆਪਣੀਆਂ ਦਲੀਲਾਂ ਦੇ ਰਹੀਆਂ ਹਨ ਪਰ ਇਸ ਸਾਰੇ ਝੰਜਟ ਵਿਚ ਦੁਖੀ ਤਾਂ ਆਮ ਆਦਮੀ ਹੈ ਜਿਸ ਨੇ ਤਿੱਥ-ਤਿਉਹਾਰਾਂ ਲਈ, ਕਰਜ਼ੇ ਦੀ ਮੁੜ ਅਦਾਇਗੀ ਲਈ, ਬੱਚਿਆਂ ਦੀਆਂ ਫੀਸਾਂ ਲਈ, ਬਿਮਾਰੀ ਲਈ ਜਾਂ ਘਰ ਦੇ ਖਰਚੇ ਲਈ ਪੈਸੇ ਕਢਾਉਣੇ ਸੀ। ਕਿਉਂ ਨਿਰਦੋਸ਼ ਆਮ ਆਦਮੀ ਨੂੰ ਆਪਣੇ ਕੰਮ-ਕਾਰ ਛੱਡ ਕੇ ਬੈਂਕਾਂ ਦੀਆਂ ਕਤਾਰਾਂ ਵਿਚ ਲੱਗਣਾ ਪੈ ਰਿਹਾ ਹੈ: ਇਸ ਦਾ ਜਵਾਬ ਕੋਈ ਨਹੀਂ ਦੇ ਰਿਹਾ?

**ਯੈੱਸ ਬੈਂਕ ਦਾ ਵਿਤੀ ਸੰਕਟ:** ਜਿਥੋਂ ਤੱਕ ਯੈੱਸ ਬੈਂਕ ਦਾ ਸਵਾਲ ਹੈ, ਇਸ ਬੈਂਕ ਦੀ ਸਥਾਪਨਾ ਸਾਲ 2004 ਵਿਚ ਰਾਣਾ ਕਪੂਰ ਅਤੇ ਅਸ਼ੋਕ ਕਪੂਰ ਨੇ ਕੀਤੀ ਸੀ। 2008 ਵਿਚ ਮੁੰਬਈ ਅਤਿਵਾਦੀ ਹਮਲੇ ਵਿਚ ਅਸ਼ੋਕ ਕਪੂਰ ਮਾਰਿਆ ਗਿਆ ਅਤੇ ਮਰਹੂਮ ਅਸ਼ੋਕ ਕਪੂਰ ਦੀ ਪਤਨੀ ਮਧੂ ਕਪੂਰ ਨੂੰ ਬੋਰਡ ਨੇ ਵੱਡੇ ਹਿੱਸੇਦਾਰਾਂ ਵਜੋਂ ਮਾਨਤਾ ਨਹੀਂ ਦਿੱਤੀ। ਸਾਰਾ ਕਾਰੋਬਾਰ ਰਾਣਾ ਕਪੂਰ ਨੇ ਖੁਦ ਸਾਂਭ ਲਿਆ ਅਤੇ ਬੈਂਕਿੰਗ ਖੇਤਰ ਦਾ ਅਜਿਹਾ ਮਾਡਲ ਪੇਸ਼ ਕੀਤਾ ਜਿਸ ਵਿਚ ਜਿਹੜੀ ਵੀ ਕੰਪਨੀ ਨੂੰ ਕਰਜ਼ੇ ਦੀ ਲੋੜ ਪਈ, ਉਸ ਨੂੰ ਯੈੱਸ ਬੈਂਕ ਦੁਆਰਾ ਉਚੀ ਵਿਆਜ ਦਰ ਉਤੇ ਕੰਪਨੀ ਦੀ ਵਿਤੀ ਸਿਹਤ ਦੀ ਜਾਂਚ ਕੀਤੇ ਬਗੈਰ ਅਸਾਨ ਸ਼ਰਤਾਂ 'ਤੇ ਕਰਜ਼ੇ ਮੁਹੱਈਆ ਕਰਵਾਏ। ਕਾਰਪੋਰੇਟ ਜਗਤ ਦੀਆਂ ਡੁੱਬਣ ਵਾਲੀਆਂ ਵੱਡੀਆਂ ਕੰਪਨੀਆਂ ਜਿਵੇਂ ਆਈ.ਐਲ. ਐਂਡ ਐਫ.ਐਸ., ਦੀਵਾਨ ਹਾਊਸਿੰਗ, ਜੈੱਟ ਏਅਰਵੇਜ਼, ਕੌਕਸ ਐਂਡ ਕਿੰਗਜ਼, ਕੈਫੇ ਕੌਫੀ ਡੇ ਆਦਿ ਨੂੰ ਯੈੱਸ ਬੈਂਕ ਵਲੋਂ ਹੀ ਕਰਜ਼ੇ ਦਿੱਤੇ ਗਏ ਸਨ। ਜਦੋਂ-ਜਦੋਂ ਇਹ ਕੰਪਨੀਆਂ ਦਿਵਾਲੀਆ ਹੋਣ ਲੱਗੀਆਂ, ਬੈਂਕ ਲਈ ਕਰਜ਼ੇ ਦੀ ਵਸੂਲੀ ਮੁਸ਼ਕਿਲ ਹੁੰਦੀ ਗਈ।

**_ਬੈਂਕ ਦੇ ਇਸ ਇਸ ਝੰਜਟ ਵਿਚ ਦੁਖੀ ਆਮ ਆਦਮੀ ਹੋ ਰਿਹਾ ਹੈ ਜਿਸ ਨੇ ਤਿੱਥ-ਤਿਉਹਾਰਾਂ, ਕਰਜ਼ੇ ਦੀ ਮੁੜ ਅਦਾਇਗੀ, ਬੱਚਿਆਂ ਦੀਆਂ ਫੀਸਾਂ, ਬਿਮਾਰੀ ਜਾਂ ਘਰ ਦੇ ਖਰਚੇ ਲਈ ਪੈਸੇ ਕਢਾਉਣੇ ਸੀ। ਕਿਉਂ ਨਿਰਦੋਸ਼ ਆਮ ਆਦਮੀ ਨੂੰ ਕੰਮ-ਕਾਰ ਛੱਡ ਕੇ ਬੈਂਕਾਂ ਦੀਆਂ ਕਤਾਰਾਂ ਵਿਚ ਲੱਗਣਾ ਪੈ ਰਿਹਾ ਹੈ: ਇਸ ਦਾ ਜਵਾਬ ਕੋਈ ਨਹੀਂ ਦੇ ਰਿਹਾ?_**



ਆਪਣੀ ਸਾਖ ਬਚਾਉਣ ਵਾਸਤੇ ਅਤੇ ਸ਼ੇਅਰ ਧਾਰਕਾਂ ਦੀਆਂ ਨਜ਼ਰਾਂ ਵਿਚ ਸਹੀ ਤੇ ਮਜ਼ਬੂਤ ਬਣੇ ਰਹਿਣ ਲਈ ਬੈਂਕ ਪ੍ਰਬੰਧਨ ਨੇ ਡੁੱਬੇ ਹੋਏ ਕਰਜ਼ੇ ਨੂੰ ਲੁਕੋਣਾ ਸ਼ੁਰੂ ਕਰ ਦਿੱਤਾ। ਜਦੋਂ 2015 ਵਿਚ ਆਰ.ਬੀ.ਆਈ. ਦੀ 'ਜਾਇਦਾਦ ਗੁਣਵੱਤਾ ਸਮੀਖਿਆ' ਵਿਚ ਇਸ ਤੱਥ ਦਾ ਖੁਲਾਸਾ ਹੋਇਆ ਤਾਂ ਜਮ੍ਹਾਂ ਕਰਤਾਵਾਂ ਅਤੇ ਨਿਵੇਸ਼ਕਾਂ ਦਾ ਬੈਂਕ ਤੋਂ ਵਿਸ਼ਵਾਸ ਉਠ ਗਿਆ। ਜਮ੍ਹਾਂ ਨਕਦੀ ਦੀ ਕਮੀ ਅਤੇ ਸਟਾਕ ਮਾਰਕੀਟ ਵਿਚੋਂ ਨਿਵੇਸ਼ਕਾਂ ਦੇ ਪੈਸੇ ਕਢਾਉਣ ਤੋਂ ਬਾਅਦ ਤਾਂ ਬੈਂਕ ਉਤੇ ਵਿਤੀ ਸੰਕਟ ਹੋਰ ਡੂੰਘਾ ਹੋਣ ਲੱਗਾ। ਇਸ ਨੇ ਆਰ.ਬੀ.ਆਈ. ਨੂੰ ਯੈੱਸ ਬੈਂਕ ਉਤੇ ਆਪਣੀ ਪਕੜ ਕੱਸਣ ਲਈ ਪ੍ਰੇਰਿਤ ਕੀਤਾ ਅਤੇ ਸਾਲ 2018 ਵਿਚ ਆਰ.ਬੀ.ਆਈ. ਨੇ ਮੁੱਖ ਕਾਰਜਕਾਰੀ ਅਧਿਕਾਰੀ ਰਾਣਾ ਕਪੂਰ ਨੂੰ ਹਰ ਹਾਲ ਵਿਚ ਜਨਵਰੀ 2019 ਤਕ ਅਹੁਦਾ ਛੱਡਣ ਲਈ ਮਜਬੂਰ ਕੀਤਾ।

ਨਵੇਂ ਮੁੱਖ ਕਾਰਜਕਾਰੀ ਅਧਿਕਾਰੀ ਰਵਨੀਤ ਗਿੱਲ ਨੇ ਵੀ ਭਰੋਸਾ ਦਿੱਤਾ ਕਿ ਬੈਂਕ ਪ੍ਰਬੰਧਨ ਨੇ ਵੱਖ-ਵੱਖ ਕੌਮਾਂਤਰੀ ਨਿਵੇਸ਼ਕਾਂ ਨਾਲ ਗੱਲਬਾਤ ਕੀਤੀ ਹੈ ਅਤੇ ਉਨ੍ਹਾਂ ਦੇ ਛੇਤੀ ਹੀ ਰਕਮ ਦਾ ਨਿਵੇਸ਼ ਕਰਨ ਦੀ ਵੀ ਸੰਭਾਵਨਾ ਹੈ ਪਰ ਅਸਲ ਵਿਚ, ਨਿਵੇਸ਼ਕਾਂ ਕੋਲ ਕੋਈ ਠੋਸ ਤਜਵੀਜ਼ ਹੀ ਨਹੀਂ ਸੀ ਜਿਸ ਨਾਲ ਬੈਂਕ ਦੀ ਬੈਲੇਂਸ ਸ਼ੀਟ ਨੂੰ ਮਜ਼ਬੂਤ ਕੀਤਾ ਜਾ ਸਕੇ। ਅੰਤ ਵਿਚ ਆਰ.ਬੀ.ਆਈ. ਨੂੰ ਆਪਣੇ ਸਾਬਕਾ ਉਪ ਰਾਜਪਾਲ ਆਰ ਗਾਂਧੀ ਨੂੰ ਯੈੱਸ ਬੈਂਕ ਦੇ ਬੋਰਡ ਵਿਚ ਡਾਇਰੈਕਟਰ ਨਿਯੁਕਤ ਕਰਨਾ ਪਿਆ ਤਾਂ ਜੋ ਬੈਂਕ ਦੇ ਕੰਮ ਕਾਜ ਉਤੇ ਨਜ਼ਰ ਰੱਖੀ ਜਾ ਸਕੇ। ਇਨ੍ਹਾਂ ਸਾਰੇ ਯਤਨਾਂ ਦੇ ਬਾਵਜੂਦ ਬੈਂਕ ਦੀਆਂ ਦੇਣਦਾਰੀਆਂ ਲਗਾਤਾਰ ਵਧਦੀਆਂ ਗਈਆਂ ਅਤੇ ਲੋਕ ਆਪਣੀ ਜਮ੍ਹਾਂ ਪੂੰਜੀ ਇਥੋਂ ਕੱਢਦੇ ਰਹੇ। ਵਿਤੀ ਮਾਹਰਾਂ ਅਨੁਸਾਰ, ਬੈਂਕ ਕੋਲ ਸਤੰਬਰ 2019 ਦੇ ਅੰਤ ਵਿਚ 2.09 ਲੱਖ ਕਰੋੜ ਰੁਪਏ ਦੀ ਜਮ੍ਹਾਂ ਰਾਸ਼ੀ ਸੀ ਪਰ ਲੋਕਾਂ ਦੁਆਰਾ ਲਗਾਤਾਰ ਨਿਕਾਸੀ ਦੀ ਦਰ ਵਧਣ ਕਾਰਨ ਆਰ.ਬੀ.ਆਈ. ਨੂੰ ਆਖਿਰਕਾਰ ਨਿਕਾਸੀ 'ਤੇ ਰੋਕ ਲਾਉਣੀ ਪਈ।

ਇਸ ਸਾਰੇ ਘਟਨਾਕ੍ਰਮ ਵਿਚੋਂ ਇਹ ਸਮਝਣਾ ਔਖਾ ਨਹੀਂ ਕਿ ਸਰਕਾਰ ਦੁਆਰਾ ਸਾਲ 2015 ਵਿਚ ਹੀ (ਜਦੋਂ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਸੀ) ਕਠੋਰ ਕਦਮ ਚੁੱਕੇ ਜਾਣ ਦੀ ਥਾਂ ਬੈਂਕ ਨੂੰ ਵਾਰ-ਵਾਰ ਚਿਤਾਵਨੀਆਂ ਦੇ ਕੇ ਛੱਡ ਦੇਣ ਦੇ ਕਾਰਨ ਹੀ ਅੱਜ ਆਮ ਲੋਕਾਂ ਨੂੰ ਪਰੇਸ਼ਾਨੀ ਹੋ ਰਹੀ ਹੈ। ਉਂਜ, ਇਹ ਆਪਣੀ ਤਰ੍ਹਾਂ ਦਾ ਇੱਕੋ-ਇੱਕ ਮਸਲਾ ਨਹੀਂ ਹੈ। ਜੇ ਥੋੜ੍ਹਾ ਹੋਰ ਵਿਸ਼ਲੇਸ਼ਣ ਕਰੀਏ ਤਾਂ ਇਹੋ ਜਿਹੇ ਹੋਰ ਵੀ ਬਹੁਤ ਸਾਰੇ ਉਦਾਹਰਨ ਹਨ ਜਿਥੇ ਸਰਕਾਰ ਦੀ ਲਾਪਰਵਾਹੀ ਅਰਥਚਾਰੇ ਅਤੇ ਲੋਕਾਂ ਉਤੇ ਵੱਡੇ ਬੋਝ ਪਾ ਰਹੀ ਹੈ।

**ਸੰਗਠਿਤ ਲੁੱਟ ਦਾ ਮਾਡਲ:** ਭਾਰਤੀ ਰੱਖਿਆ ਮੰਤਰਾਲੇ ਨੇ ਦਸੰਬਰ 2013 ਵਿਚ 4 ਜੰਗੀ ਜਹਾਜ਼ ਭਾਰਤ ਵਿਚ ਵਿਕਸਤ ਕਰਨ ਲਈ ਟੈਂਡਰ ਮੰਗੇ, ਜਿਸ ਵਿਚ ਭਾਰਤ ਦੀਆਂ ਤਿੰਨ ਕੰਪਨੀਆਂ- ਪੀਪਾਵਾਵ, ਲਾਰਸਨ ਤੇ ਟੂਬਰੋ ਅਤੇ ਏ.ਬੀ.ਜੀ. ਸ਼ਿਪਯਾਰਡ ਲਿਮਿਟਿਡ ਨੇ ਅਰਜ਼ੀਆਂ ਦਿੱਤੀਆਂ। ਸਰਕਾਰੀ ਕੰਪਨੀ ਹਿੰਦੁਸਤਾਨ ਸ਼ਿਪਯਾਰਡ ਲਿਮਿਟਿਡ ਵੀ ਇਸ ਵਿਚ ਆਪਣਾ ਦਾਅਵਾ ਪੇਸ਼ ਕਰਨਾ ਚਾਹੁੰਦੀ ਸੀ ਜਿਸ ਕਰ ਕੇ ਉਸ ਵੇਲੇ ਦੇ ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਇਸ ਸੌਦੇ ਨੂੰ ਰੋਕ ਦਿੱਤਾ ਪਰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਐਨ.ਡੀ.ਏ. ਸਰਕਾਰ ਨੇ 2014 ਵਿਚ ਇਸ ਸੌਦੇ ਨੂੰ ਪ੍ਰਾਈਵੇਟ ਖੇਤਰ ਦੀਆਂ ਕੰਪਨੀਆਂ ਲਈ ਰਾਖਵਾਂ ਕਰ ਕੇ ਮੁੜ ਸਜੀਵ ਕੀਤਾ। 2016 ਵਿਚ ਏ.ਬੀ.ਜੀ. ਸ਼ਿਪਯਾਰਡ ਲਿਮਿਟਿਡ ਦੇ ਦਿਵਾਲੀਆ ਹੋਣ ਅਤੇ ਉਸ ਨੂੰ ਇਸ ਸੌਦੇ ਵਿਚੋਂ ਬਾਹਰ ਕਰ ਦਿੱਤਾ ਗਿਆ।

ਬਰਾਬਰ ਦੀ ਬਿਮਾਰ ਕੰਪਨੀ ਪੀਪਾਵਾਵ ਵਿਚ 'ਮੇਕ ਇਨ ਇੰਡੀਆ' ਦੇ ਤਹਿਤ ਅਨਿਲ ਅੰਬਾਨੀ ਦੇ ਨਿਵੇਸ਼ ਕਾਰਨ ਉਸ ਨੂੰ 'ਕਾਰਪੋਰੇਟ ਕਰਜ਼ਾ ਪੁਨਰਗਠਨ', ਯਾਨੀ ਬੈਂਕਾਂ ਤੋਂ ਕਰਜ਼ੇ ਲੈ ਕੇ (20 ਬੈਂਕਾਂ ਤੋਂ ਕਰਜ਼ੇ ਲਏ ਗਏ) ਆਪਣੇ ਵਿਤੀ ਹਾਲਾਤ ਠੀਕ ਕਰਨ ਦਾ ਮੌਕਾ ਦਿੱਤਾ ਗਿਆ ਅਤੇ ਬਾਅਦ ਵਿਚ ਰੱਖਿਆ ਮੰਤਰਾਲੇ ਦੁਆਰਾ ਜੰਗੀ ਜਹਾਜ਼ ਬਣਾਉਣ ਦਾ ਠੇਕਾ ਵੀ ਦਿੱਤਾ ਗਿਆ। 2017 ਵਿਚ ਅੰਬਾਨੀ ਦੀ ਇਹ ਕੰਪਨੀ ਦਿਵਾਲੀਆ ਹੋ ਗਈ ਜਿਸ ਕਾਰਨ ਬੈਂਕਾਂ ਦੁਆਰਾ ਦਿੱਤਾ ਗਿਆ 7000 ਕਰੋੜ ਰੁਪਏ ਦਾ ਕਰਜ਼ਾ ਡੁੱਬ ਕੇ ਐਨ.ਪੀ.ਏ. ਬਣ ਗਿਆ ਜੋ ਮੁੜ ਵਾਪਸ ਆਉਣਾ ਤਕਰੀਬਨ ਅਸੰਭਵ ਹੈ। ਯੂਨੀਅਨ ਬੈਂਕ, ਵਿਜਯਾ ਬੈਂਕ ਅਤੇ ਭਾਰਤੀ ਉਦਯੋਗਿਕ ਵਿਤੀ ਨਿਗਮ ਨੇ ਭਾਵੇਂ ਬਕਾਏ ਦੀ ਵਸੂਲੀ ਲਈ ਕੰਪਨੀ ਟ੍ਰਿਬਿਊਨਲ ਵਿਚ ਕੇਸ ਦਾਇਰ ਕੀਤਾ ਹੋਇਆ ਹੈ ਪਰ ਆਖਿਕਾਰ ਸਰਕਾਰ ਨੂੰ ਹੀ ਆਮ ਲੋਕਾਂ ਦੁਆਰਾ ਜਮ੍ਹਾਂ ਕੀਤੇ ਪੈਸੇ ਤੋਂ ਇਸ ਕਰਜ਼ੇ ਨੂੰ ਮੁਆਫ ਕਰਨਾ ਪੈਣਾ ਹੈ। ਇਥੋਂ ਇਹ ਸਾਫ ਹੋ ਜਾਂਦਾ ਹੈ ਕਿ ਕਿਵੇਂ ਸਰਕਾਰ ਵਲੋਂ ਗੈਰ ਤਜਰਬਾਕਾਰ ਕੰਪਨੀਆਂ ਦੇ ਮਾਲਕਾਂ ਨੂੰ ਮਹੱਤਵਪੂਰਨ ਖੇਤਰਾਂ ਵਿਚ ਕੰਮ ਕਰਨ ਲਈ ਪ੍ਰੇਰਿਤ ਕਰਕੇ ਦੇਸ਼ ਦੀ ਸੁਰੱਖਿਆ, ਬੈਂਕਾਂ ਅਤੇ ਲੋਕਾਂ ਨਾਲ ਧੋਖਾ ਕੀਤਾ ਜਾਂਦਾ ਹੈ।

ਜਦੋਂ ਤੱਕ ਸਰਮਾਏਦਾਰਾਂ, ਸਰਕਾਰਾਂ ਅਤੇ ਭ੍ਰਿਸ਼ਟ ਅਧਿਕਾਰੀਆਂ ਦੇ ਸੰਗਠਿਤ ਲੁੱਟ ਦੇ ਇਸ ਮਾਡਲ ਨੂੰ ਠੱਲ੍ਹ ਨਹੀਂ ਪਾਈ ਜਾਂਦੀ, ਬੈਂਕਾਂ ਦੇ ਡੁੱਬਣ ਦਾ ਇਹ ਸਿਲਸਿਲਾ ਜਾਰੀ ਰਹੇਗਾ।

# ਯੈੱਸ ਬੈਂਕ ਸੰਕਟ ਤੇ ਸਿਆਸਤਦਾਨ

ਨਿਸਚਿਤ ਰੂਪ ਨਾਲ ਆਰਥਿਕ ਮਾਮਲਿਆਂ ਵਿਚ ਸਿਆਸਤਦਾਨਾਂ ਨੂੰ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ ਪਰ ਜਦੋਂ ਕੁਝ ਮਹੀਨਿਆਂ ਦੇ ਅੰਦਰ-ਅੰਦਰ ਹੀ ਹੁਣ ਇਕ ਹੋਰ ਪ੍ਰਾਈਵੇਟ ਬੈਂਕ ਡੁੱਬਣ ਕੰਢੇ ਪੁੱਜ ਗਿਆ ਹੈ ਤਾਂ ਜ਼ਰੂਰੀ ਹੋ ਜਾਂਦਾ ਹੈ ਕਿ ਕੇਂਦਰ ਸਰਕਾਰ ਸਰਗਰਮ ਹੋਵੇ ਅਤੇ ਇਹ ਡੋਬਾ ਕਿਸੇ ਤਰ੍ਹਾਂ ਦੀ ਸਮੱਸਿਆ ਪੈਦਾ ਨਾ ਕਰ ਦੇਵੇ, ਇਸ ਗੱਲ ਨੂੰ ਯਕੀਨੀ ਬਣਾਵੇ। ਕਰੀਬ ਛੇ ਮਹੀਨੇ ਪਹਿਲਾਂ ਜਦੋਂ ਭਾਰਤੀ ਰਿਜ਼ਰਵ ਬੈਂਕ ਨੇ ਪੰਜਾਬ ਐਂਡ ਮਹਾਰਾਸ਼ਟਰ ਕੋਆਪ੍ਰੇਟਿਵ ਬੈਂਕ 'ਤੇ ਪਾਬੰਦੀ ਲਗਾ ਕੇ ਖਾਤਾਧਾਰਕਾਂ ਦੀ ਪੈਸੇ ਕੱਢਣ ਦੀ ਹੱਦ 10 ਹਜ਼ਾਰ ਰੁਪਏ ਤੈਅ ਕਰ

**ਲੋਕ ਮਿੱਤਰ**

ਦਿੱਤੀ ਸੀ, ਉਦੋਂ ਤੋਂ ਮੀਡੀਆ ਵਿਚ ਇਕ ਹੋਰ ਬੈਂਕ 'ਤੇ ਮੰਡਰਾਉਂਦੇ ਖਤਰੇ ਦੀਆਂ ਖਬਰਾਂ ਆ ਰਹੀਆਂ ਸਨ। ਇਹ ਬੈਂਕ ਕੋਈ ਹੋਰ ਨਹੀਂ, ਯੈੱਸ ਬੈਂਕ ਹੀ ਸੀ। ਇਸ ਬੈਂਕ ਦੇ ਖਾਤਾਧਾਰਕਾਂ 'ਤੇ ਰਿਜ਼ਰਵ ਬੈਂਕ ਨੇ 3 ਅਪਰੈਲ, 2020 ਤੱਕ ਪੈਸੇ ਕਢਵਾਉਣ ਦੀ ਹੱਦ 50 ਹਜ਼ਾਰ ਰੁਪਏ ਨਿਸਚਤ ਕਰ ਦਿੱਤੀ ਹੈ।

ਕਹਿਣ ਦੀ ਲੋੜ ਨਹੀਂ ਹੈ ਕਿ ਇਹ ਖਬਰ ਆਉਂਦਿਆਂ ਹੀ ਚੁਫੇਰੇ ਅਫਰਾ-ਤਫਰੀ ਮਚ ਗਈ ਹੈ। ਯੈੱਸ ਬੈਂਕ ਦੀਆਂ ਦੇਸ਼ ਦੇ 28 ਰਾਜਾਂ ਅਤੇ 9 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਕਰੀਬ ਇਕ ਹਜ਼ਾਰ ਸ਼ਾਖਾਵਾਂ ਹਨ ਅਤੇ ਦੇਸ਼ ਵਿਚ ਕਰੀਬ 1800 ਏ.ਟੀ.ਐਮ. ਹਨ। ਜਦੋਂ ਇਹ ਖਬਰ ਆਈ ਹੈ, ਉਸ ਸਮੇਂ ਤੋਂ ਹੀ ਬੈਂਕ ਦੀਆਂ ਸ਼ਾਖਾਵਾਂ ਅਤੇ ਏ.ਟੀ.ਐਮ. ਦੇ ਬਾਹਰ ਲੋਕਾਂ ਦੀਆਂ ਲੰਮੀਆਂ-ਲੰਮੀਆਂ ਕਤਾਰਾਂ ਦੇਖੀਆਂ ਜਾ ਸਕਦੀਆਂ ਹਨ। ਹਜ਼ਾਰਾਂ ਲੋਕਾਂ ਵਿਚ ਇਹ ਦਹਿਸ਼ਤ ਹੈ ਕਿ ਪਤਾ ਨਹੀਂ ਹੁਣ ਕੀ ਹੋਵੇਗਾ? ਹਾਲਾਂਕਿ ਆਰ.ਬੀ.ਆਈ. ਨੇ ਲੋਕਾਂ ਨੂੰ ਪ੍ਰੇਸ਼ਾਨ ਨਾ ਹੋਣ ਦੀ ਹਦਾਇਤ ਦਿੱਤੀ ਹੈ ਅਤੇ ਸਰਕਾਰ ਨੇ ਵੀ ਇਸ਼ਾਰਾ ਕੀਤਾ ਹੈ ਕਿ ਭਾਰਤੀ ਸਟੇਟ ਬੈਂਕ (ਐਸ.ਬੀ.ਆਈ.) ਇਸ ਬੈਂਕ ਦੀ ਮਦਦ ਲਈ ਅੱਗੇ ਆ ਸਕਦਾ ਹੈ; ਹਾਲਾਂਕਿ ਅਜੇ ਤੱਕ ਰਿਜ਼ਰਵ ਬੈਂਕ ਨੇ ਇਸ ਬੈਂਕ ਦੀ ਖਰਾਬ ਵਿਤੀ ਹਾਲਤ ਨੂੰ ਦੇਖਦਿਆਂ ਇਸ ਬੈਂਕ




ਦੇ ਨਿਰਦੇਸ਼ਕ ਬੋਰਡ ਨੂੰ ਭੰਗ ਕਰਨ ਤੋਂ ਬਾਅਦ ਜਿਸ ਸ਼ਖਸ ਪ੍ਰਸ਼ਾਂਤ ਕੁਮਾਰ ਨੂੰ ਯੈੱਸ ਬੈਂਕ ਦਾ ਪ੍ਰਬੰਧਕ ਨਿਯੁਕਤ ਕੀਤਾ ਹੈ, ਉਹ ਪਹਿਲਾਂ ਐਸ.ਬੀ.ਆਈ. ਦਾ ਸਾਬਕਾ ਮੁੱਖ ਵਿਤੀ ਅਧਿਕਾਰੀ ਰਿਹਾ ਹੈ। ਇਸ ਨਾਲ ਇਹ ਲੱਗ ਰਿਹਾ ਹੈ ਕਿ ਐਸ.ਬੀ.ਆਈ. ਯੈੱਸ ਬੈਂਕ ਦੀ ਕੁਝ ਹਿੱਸੇਦਾਰੀ ਖਰੀਦ ਕੇ ਇਸ ਨੂੰ ਫਿਲਹਾਲ ਇਸ ਸੰਕਟ ਤੋਂ ਕੱਢ ਲਵੇਗਾ ਪਰ ਬੈਂਕ ਦੇ ਆਮ ਖਾਤਾਧਾਰਕਾਂ ਨੂੰ ਇਨ੍ਹਾਂ ਗੱਲਾਂ ਨਾਲ ਲੈਣਾ-ਦੇਣਾ ਨਹੀਂ ਹੁੰਦਾ ਕਿ ਉਨ੍ਹਾਂ ਦੇ ਬੈਂਕ ਦੀ ਮਦਦ ਕੌਣ ਕਰੇਗਾ? ਉਨ੍ਹਾਂ ਲਈ ਬੁਨਿਆਦੀ ਸਮੱਸਿਆ ਇਹ ਹੈ ਕਿ ਬੈਂਕ ਵਿਚ ਜਮ੍ਹਾਂ ਰਕਮ ਕਿਤੇ ਡੁੱਬ ਤਾਂ ਨਹੀਂ ਜਾਵੇਗੀ? ਸਾਲ 2004 ਵਿਚ ਸਥਾਪਿਤ ਦੇਸ਼ ਦੇ ਇਸ ਚੌਥੇ ਸਭ ਤੋਂ ਵੱਡੇ ਪ੍ਰਾਈਵੇਟ ਬੈਂਕ ਦਾ ਵਿੱਤੀ ਸਾਲ 2017-18 ਵਿਚ ਸ਼ੁੱਧ ਲਾਭ 1179.44 ਕਰੋੜ ਸੀ ਜੋ 2016-17 ਦੇ ਕੁੱਲ ਲਾਭ 914.12 ਕਰੋੜ ਨਾਲੋਂ 29 ਫ਼ੀਸਦੀ ਜ਼ਿਆਦਾ ਸੀ। ਸਵਾਲ ਇਹ ਹੈ ਕਿ ਆਖਰ ਪਿਛਲੇ ਇਕ-ਡੇਢ ਸਾਲ ਅੰਦਰ ਅਜਿਹਾ ਕੀ ਹੋਇਆ ਹੈ ਕਿ ਹੁਣ ਬੈਂਕ ਦੇ ਸ਼ੇਅਰ ਦੀ ਕੀਮਤ 50 ਫੀਸਦੀ ਤੱਕ ਰਹਿ ਗਈ ਹੈ।

ਜੇ ਮੀਡੀਆ ਵਿਚ ਇਸ ਬਾਰੇ ਖਬਰਾਂ 'ਤੇ ਨਜ਼ਰ ਮਾਰੀਏ ਤਾਂ ਕਈ ਮਹੀਨਿਆਂ ਤੋਂ ਵਾਰ-ਵਾਰ ਕਿਹਾ ਜਾ ਰਿਹਾ ਸੀ ਕਿ ਯੈੱਸ ਬੈਂਕ 'ਤੇ ਖਤਰੇ ਦੇ ਬੱਦਲ ਮੰਡਰਾ ਰਹੇ ਹਨ। ਇਹ ਬੈਂਕ ਪਤਾ ਨਹੀਂ ਕਿਸ ਦੇ ਦਬਾਅ ਹੇਠ ਸੀ ਕਿ ਤਮਾਮ ਕਾਰਪੋਰੇਟ ਕੰਪਨੀਆਂ ਦੇ ਹਰ ਕਰਜ਼ੇ 'ਤੇ ਹਾਂ ਦੀ ਮੋਹਰ ਲਾਈ ਜਾ ਰਿਹਾ ਸੀ। ਅਸਲ ਵਿਚ ਯੈੱਸ ਬੈਂਕ ਦੇ ਨਿਘਾਰ ਦੀ ਸ਼ੁਰੂਆਤ 2018 ਵਿਚ ਹੀ ਹੋ ਗਈ ਸੀ ਜਦੋਂ ਰਿਜ਼ਰਵ ਬੈਂਕ ਨੇ ਰਾਣਾ ਕਪੂਰ, ਜੋ ਇਸ ਬੈਂਕ ਦਾ ਸੰਸਥਾਪਕ ਸੀ, ਨੂੰ ਜਨਵਰੀ 2019 ਤੱਕ ਸੀ.ਈ.ਓ. ਦਾ ਅਹੁਦਾ ਛੱਡਣ ਲਈ ਕਹਿ ਦਿੱਤਾ ਸੀ। ਇਸ ਖਬਰ ਦਾ ਖੁਲਾਸਾ ਹੁੰਦਿਆਂ ਹੀ ਯੈੱਸ ਬੈਂਕ ਦਾ ਸ਼ੇਅਰ 30 ਫੀਸਦੀ ਤੱਕ ਹੇਠਾਂ ਡਿਗ ਗਿਆ। ਉਂਜ ਤਾਂ ਉਮੀਦ ਇਹੀ ਹੈ ਕਿ ਫਿਲਹਾਲ ਯੈੱਸ ਬੈਂਕ ਦਾ ਸੰਕਟ ਹੱਲ ਕਰ ਲਿਆ ਜਾਵੇਗਾ। ਇਸ ਦੇ ਕਈ ਕਾਰਨ ਹਨ। ਇਕ ਤਾਂ ਦੇਸ਼ ਵਿਚ ਪਹਿਲਾਂ ਤੋਂ ਹੀ ਵਿਤੀ ਹਾਲਤ ਦੇ ਸਬੰਧ ਵਿਚ ਤਣਾਅ ਦਾ ਮਾਹੌਲ ਹੈ। ਉਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਸਰਕਾਰ ਨੂੰ ਲਗਾਤਾਰ ਅੰਦਰੋਂ ਅਤੇ ਬਾਹਰੋਂ ਅਰਥਚਾਰੇ ਨੂੰ ਕਮਜ਼ੋਰ ਕਰਨ ਦੇ ਦੋਸ਼ਾਂ ਨਾਲ ਜੂਝਣਾ ਪੈ ਰਿਹਾ ਹੈ। ਸਰਕਾਰ ਰਾਜਨੀਤਕ ਮੋਰਚਿਆਂ ਵਿਚ ਜਿਸ ਤਰ੍ਹਾਂ ਫਸੀ ਹੋਈ ਹੈ, ਉਸ ਨੂੰ ਦੇਖ ਕੇ ਲਗਦਾ ਨਹੀਂ ਹੈ ਕਿ ਹੁਣ ਉਹ ਇਸ ਵਿਤੀ ਜ਼ਖਮ ਨੂੰ ਇਸ ਦੇ ਰਹਿਮੋ-ਕਰਮ 'ਤੇ ਛੱਡ ਦੇਵੇਗੀ ਪਰ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਯੈੱਸ ਬੈਂਕ ਦਾ ਸੰਕਟ ਨਾ ਤਾਂ ਮਾਮੂਲੀ ਸੰਕਟ ਹੈ, ਨਾ ਹੀ ਇਹ ਸਿਰਫ ਕਿਸੇ ਇਕ ਬੈਂਕ ਦਾ ਸੰਕਟ ਹੈ। ਸੱਚ ਤਾਂ ਇਹ ਹੈ ਕਿ ਹਰ ਛੋਟਾ ਬੈਂਕ ਫਿਲਹਾਲ ਵਿਤੀ ਦਬਾਅ ਮਹਿਸੂਸ ਕਰ ਰਿਹਾ ਹੈ ਕਿਉਂਕਿ ਕਰੀਬ ਹਰ ਬੈਂਕ ਦੀ ਵੱਡੀ ਰਕਮ ਡੁੱਬੇ ਕਰਜ਼ਿਆਂ (ਐਨ.ਪੀ.ਏ.) ਵਿਚ ਤਬਦੀਲ ਹੋਣ ਦਾ ਖਦਸ਼ਾ ਹੈ।

ਯੈੱਸ ਬੈਂਕ ਪਿਛਲੀਆਂ ਤਿੰਨ ਤਿਮਾਹੀਆਂ ਵਿਚ ਲਗਾਤਾਰ ਘਾਟੇ ਵਿਚ ਜਾ ਰਿਹਾ ਸੀ। ਇਸ ਦੇ ਬਾਵਜੂਦ ਇਸ ਦੇ ਕੰਮਕਾਜ ਦੇ ਢੰਗ ਦੀ ਗੰਭੀਰ ਨਿਗਰਾਨੀ ਨਹੀਂ ਕੀਤੀ ਗਈ। ਉਂਜ ਤਾਂ ਆਰ.ਬੀ.ਆਈ. ਇਕ ਸਾਲ ਤੋਂ ਚਿਤਾਵਨੀ ਦੇ ਰਿਹਾ ਸੀ ਪਰ ਜਿਸ ਕਦਮ ਨੂੰ ਉਸ ਨੇ ਹੁਣ ਚੁੱਕਿਆ ਹੈ, ਇਹ ਕਦਮ ਦੋ ਤਿਮਾਹੀ ਪਹਿਲਾਂ ਚੁੱਕਿਆ ਹੁੰਦਾ ਤਾਂ ਸਾਰੇ ਹਾਲਾਤ ਕੁਝ ਕਾਬੂ ਵਿਚ ਰਹਿੰਦੇ। 2017 ਵਿਚ ਬੈਂਕ ਨੇ 6355 ਕਰੋੜ ਰੁਪਏ ਦੀ ਰਕਮ ਨੂੰ ਡੈੱਡ ਲੋਨ ਵਿਚ ਪਾ ਦਿੱਤਾ ਸੀ। ਇਸ ਗੱਲ ਦੀ ਜਾਣਕਾਰੀ ਆਰ.ਬੀ.ਆਈ. ਨੂੰ ਉਂਜ ਤਾਂ ਥੋੜ੍ਹੀ ਦੇਰ ਨਾਲ ਮਿਲੀ ਪਰ ਜਦੋਂ ਉਸ ਨੂੰ ਇਹ ਜਾਣਕਾਰੀ ਮਿਲੀ, ਉਸ ਸਮੇਂ ਜੇ ਆਰ.ਬੀ.ਆਈ. ਸਖਤ ਕਦਮ ਚੁੱਕਦੀ ਤਾਂ ਹੁਣ ਵਾਲੀ ਨੌਬਤ ਨਾ ਆਉਂਦੀ।

ਜੇਕਰ ਆਰ.ਬੀ.ਆਈ. ਰਾਣਾ ਕਪੂਰ ਨੂੰ ਸੀ.ਈ.ਓ. ਬਣਾਈ ਰੱਖਦੀ ਜਾਂ ਦੋ ਸੀ.ਈ.ਓ. ਹੋਰ ਬਣਾਉਣ ਦਾ ਆਦੇਸ਼ ਦਿੰਦੀ ਤਾਂ ਸ਼ਾਇਦ ਇਹ ਹਾਲਤ ਨਾ ਪੈਦਾ ਹੁੰਦੀ; ਕਿਉਂਕਿ ਯੈੱਸ ਬੈਂਕ ਤੋਂ ਵੱਡੇ ਕਰਜ਼ੇ ਲੈ ਕੇ ਉਸ ਨੂੰ ਡੈੱਡ ਲੋਨ ਵਿਚ ਪਾ ਦੇਣ ਵਾਲੇ ਮਾਮੂਲੀ ਲੋਕ ਜਾਂ ਮਾਮੂਲੀ ਕੰਪਨੀਆਂ ਨਹੀਂ ਹਨ। ਇਨ੍ਹਾਂ ਵਿਚ ਅਨਿਲ ਅੰਬਾਨੀ ਗਰੁੱਪ, ਆਈ.ਐਲ. ਐਂਡ ਐਫ.ਐਸ., ਸੀ.ਜੀ. ਪਾਵਰ, ਰੇਡੀਅਸ ਡਿਵੈਲਪਰਜ਼ ਅਤੇ ਮੰਤਰੀ ਗਰੁੱਪ ਜਿਹੇ ਘਰਾਣੇ ਸ਼ਾਮਿਲ ਹਨ। ਸਾਲ 2005 ਵਿਚ 300 ਕਰੋੜ ਰੁਪਏ ਦੇ ਆਈ.ਪੀ.ਐਲ. ਦੇ ਨਾਲ ਸ਼ੇਅਰ ਮਾਰਕੀਟ ਵਿਚ ਧਮਾਲ ਮਚਾਉਣ ਵਾਲੇ ਯੈੱਸ ਬੈਂਕ ਦਾ ਅੱਜ ਕੋਈ ਨਾਂ ਨਹੀਂ ਲੈ ਰਿਹਾ। ਅੱਜ ਲੋਕ ਇਸ ਬੈਂਕ ਦੇ ਸ਼ੇਅਰ ਮਿੱਟੀ ਦੇ ਭਾਅ ਵੇਚਣ ਲਈ ਤਿਆਰ ਹਨ। ਦੇਖਿਆ ਜਾਵੇ ਤਾਂ ਯੈੱਸ ਬੈਂਕ ਰਾਤੋ-ਰਾਤ ਨਹੀਂ ਡੁੱਬਿਆ। ਪਿਛਲੇ ਇਕ-ਡੇਢ ਸਾਲਾਂ ਵਿਚ ਅਜਿਹੇ ਹਾਲਾਤ ਬਣੇ ਹਨ। ਸਿਰਫ ਇਕ ਦਿਨ ਦੇ ਅੰਦਰ ਹੀ ਯੈੱਸ ਬੈਂਕ ਦਾ ਸ਼ੇਅਰ 36.80 ਰੁਪਏ ਤੋਂ ਘਟ ਕੇ 15.30 ਰੁਪਏ 'ਤੇ ਆ ਗਿਆ ਹੈ। ਇਸ ਨਾਲ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਲੋਕਾਂ ਦਾ ਹਾਲ ਕਿੰਨਾ ਬੁਰਾ ਹੋਵੇਗਾ ਜੋ ਬੈਂਕ ਦੇ ਸ਼ੇਅਰਾਂ 'ਤੇ ਵੱਡਾ ਨਿਵੇਸ਼ ਕਰਦੇ ਹਨ, ਭਾਵੇਂ ਉਹ ਯੈੱਸ ਬੈਂਕ ਦੇ ਨਿਯਮਿਤ ਗਾਹਕ ਨਾ ਵੀ ਹੋਣ।

# ਪਿਛਾਂਹ ਨੂੰ ਪਰਤਣਾ ਮੁਹਾਲ ਹੈ

**ਚਿਰਾਗ-ਡਾਰ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮੰਜ਼ਿਲ ਦਾ ਵਿਖਿਆਨ ਕਰਦਿਆਂ ਕਿਹਾ ਸੀ, "ਮੰਜ਼ਿਲ, ਸਿਰਫ ਪਦਵੀਆਂ, ਰੁਤਬਿਆਂ ਅਤੇ ਮਾਇਕ ਲਾਭਾਂ ਨੂੰ ਪ੍ਰਾਪਤ ਕਰਨ ਜਾਂ ਇਨ੍ਹਾਂ ਵਿਚ ਹੀ ਉਲਝ ਕੇ ਰਹਿਣ ਦਾ ਨਾਮ ਨਹੀਂ, ਸਗੋਂ ਕੁਝ ਚੰਗੀ ਸੋਚ ਅਤੇ ਸਾਧਨਾ ਦਾ ਸਫਰ ਵੀ ਕਰਨਾ ਹੁੰਦਾ।...ਸਭ ਤੋਂ ਔਖਾ ਹੁੰਦਾ ਮੰਜ਼ਿਲ ਨੂੰ ਮਿੱਥਣਾ। ਇਸ ਦੀਆਂ ਬਹੁ-ਪੱਖੀ ਪਰਤਾਂ ਨੂੰ ਆਪਣੀ ਸਿਆਣਪ, ਸਮਰੱਥਾ ਅਤੇ ਸ਼ਕਤੀ ਸੰਗ ਤੋਲਣਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਪਹਾੜਾਂ ਤੋਂ ਧਰਤੀ ਵੱਲ ਆਉਂਦੇ ਦਰਿਆਵਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਉਹ ਪਿਛੇ ਨਹੀਂ ਮੁੜਦੇ, ਪਰ ਮਨੁੱਖ ਲਈ ਬੇਸ਼ਕ ਬਹੁਤ ਔਖਾ ਹੁੰਦਾ ਪਿੰਡ ਤੋਂ ਨਗਰ, ਨਗਰ ਤੋਂ ਮਹਾਂਨਗਰ ਅਤੇ ਫਿਰ ਵਿਦੇਸ਼ ਵੰਨੀਂ ਉਡਾਣ ਭਰਨਾ। ਇਹ ਸਾਡੇ ਸੁਪਨਿਆਂ ਦੀ ਪਰਵਾਜ਼। ਉਹ ਕਹਿੰਦੇ ਹਨ, "ਪਿਛਾਂਹ ਨਾ ਮੁੜੋ, ਪਰ ਘੜੀ ਪਲ ਖਲੋ ਕੇ ਪਾਸਾ ਤਾਂ ਪਰਤਿਆ ਜਾ ਸਕਦਾ। ਬੀਤੇ ਨੂੰ ਵਿਚਾਰਿਆ ਜਾ ਸਕਦਾ। ਹੋਈਆਂ ਗਲਤੀਆਂ, ਕਮੀਆਂ ਤੇ ਕੁਤਾਹੀਆਂ ਨੂੰ ਦੂਰ ਕਰ ਕੇ, ਨਵੀਆਂ ਤਰਜ਼ੀਹਾਂ ਅਤੇ ਤਮੰਨਾਵਾਂ ਨੂੰ ਨਵੀਂ ਤਰਤੀਬ ਤਾਂ ਦਿਤੀ ਜਾ ਸਕਦੀ, ਜੋ ਤੁਹਾਡੀ ਤਕਦੀਰ ਨੂੰ ਨਵੀਂ ਤਹਿਜ਼ੀਬ ਅਤੇ ਦੂਰ-ਦਰਸ਼ੀ ਪੈੜ ਦਾ ਪਤਾ ਦੱਸੇ।...ਪਿਛਾਂਹ ਨੂੰ ਪਰਤਣਾ, ਔਖਾ ਤਾਂ ਬਹੁਤ, ਪਰ ਜਦ ਕੁਝ ਪਲ ਲਈ ਪਿਛਾਂਹ ਨੂੰ ਪਰਤਣਾ, ਜੀਵਨ ਨੂੰ ਸਕੂਨ ਜਾਂ ਖੁਸ਼ੀ ਦੇਵੇ ਤਾਂ ਪਰਤਣ ਵਿਚ ਹੀ ਭਲਾਈ।" -ਸੰਪਾਦਕ*

ਦਰਿਆ ਪਹਾੜਾਂ ਵਿਚੋਂ ਨਿਕਲਦਾ, ਆਪਣੀ ਤੋਰੇ ਤੁਰਦਾ, ਹੌਲੀ ਹੌਲੀ ਸਫਰ ਪੂਰਾ ਕਰਕੇ ਸਮੁੰਦਰ ਵਿਚ ਸਮਾ ਜਾਂਦਾ, ਪਰ ਦਰਿਆ ਕਦੇ ਵੀ ਪਿਛਾਂਹ ਨਹੀਂ ਪਰਤਦਾ।

ਪਹਿਲਾ ਕਦਮ ਸੋਚ ਸਮਝ ਕੇ ਧਰੋ, ਕਿਉਂਕਿ ਅਗਾਂਹ ਨੂੰ ਪੁੱਟਿਆ ਕਦਮ ਕਦੇ ਪਿੱਛਲਖੁਰੀ ਨਹੀਂ ਪੁੱਟਿਆ ਜਾ ਸਕਦਾ। ਪਿਛਾਂਹ ਨੂੰ ਝਾਕਣ ਵਾਲੇ ਦੇ ਨੈਣਾਂ ਵਿਚੋਂ ਦੂਰ-ਦਿਸਹੱਦਿਆਂ ਦੇ ਸਿਰਨਾਂਵੇਂ ਸਦਾ ਲਈ ਕਿਰ ਜਾਂਦੇ।

ਕੁਝ ਲੋਕ ਸਿਰਫ ਤੁਰਨਾ ਹੀ ਜਾਣਦੇ, ਪਰ ਉਨ੍ਹਾਂ ਨੂੰ ਅਗਾਂਹ ਵਧਣ ਅਤੇ ਪਿਛਾਂਹ ਮੁੜਨ ਵਿਚਲਾ ਅੰਤਰ, ਇਸ ਨਾਲ ਪੈਦਾ ਹੋਈ ਦੋਚਿੱਤੀ, ਹੋਣ ਵਾਲੀ ਮਾਨਸਿਕ ਪੀੜਾ, ਦੀਦਿਆਂ ਵਿਚ ਉਗਣ ਵਾਲਾ ਧੁੰਦਲਕਾ ਅਤੇ ਅਜਾਈਂ ਸਮਾਂ ਗਵਾਉਣ ਦਾ ਕਦੇ ਅਹਿਸਾਸ ਨਹੀਂ ਹੁੰਦਾ। ਸਮਾਂ ਬੀਤ ਜਾਣ ਪਿਛੋਂ ਪੱਲੇ ਸਿਰਫ ਇਕ ਪਛਤਾਵਾ ਰਹਿ ਜਾਂਦਾ ਹੈ।

ਸਿਰਫ ਅਗਾਂਹ ਵਧਣ ਵਾਲੇ, ਦੀਦਿਆਂ ਵਿਚ ਭਵਿੱਖਮੁਖੀ ਸੁਪਨਿਆਂ ਨੂੰ ਸਜਾਉਣ ਅਤੇ ਇਨ੍ਹਾਂ ਦੀ ਪ੍ਰਾਪਤੀ ਨੂੰ ਜੀਵਨ-ਅਕੀਦਾ ਬਣਾਉਣ ਵਾਲੇ ਹੀ ਜੀਵਨ-ਮਕਸਦ ਦਾ ਹਾਸਲ ਹੁੰਦੇ।

ਜੀਵਨ-ਬੁਲੰਦੀਆਂ ਨੂੰ ਹਾਸਲ ਕਰਨ ਵਾਲੇ, ਨਵੇਂ ਰਾਹਾਂ 'ਤੇ ਤੁਰਨ ਤੋਂ ਪਹਿਲਾਂ ਸਾਰੇ ਪੱਖਾਂ ਨੂੰ ਸਮਝਦੇ, ਵਿਚਾਰਦੇ ਅਤੇ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਮਾਨਸਿਕ-ਸਮਰੱਥਾ ਪੈਦਾ ਕਰਦੇ। ਫਿਰ ਉਹ ਮੁਸ਼ਕਿਲਾਂ ਅਤੇ ਪੀੜਾਂ ਤੋਂ ਕਦੇ ਨਹੀਂ ਘਬਰਾਉਂਦੇ। ਮੰਜ਼ਿਲ ਪ੍ਰਾਪਤ ਕਰਕੇ ਹੀ ਸਾਹ ਲੈਂਦੇ। ਰੁਕਣਾ ਜਾਂ ਪਿਛਾਂਹ ਵੰਨੀਂ ਝਾਕਣਾ ਤਾਂ ਉਨ੍ਹਾਂ ਦੇ ਚਿੱਤ-ਚੇਤੇ 'ਚ ਹੀ ਨਹੀਂ ਹੁੰਦਾ।

ਕਦੇ ਵਾਰ ਪੈਰ ਪੁੱਟਣ ਲੱਗਿਆਂ ਸਾਡਾ ਬੀਤਿਆਂ ਪਿਛਾ ਨਹੀਂ ਛੱਡਦਾ। ਕਮਜੋਰ ਹੋਣ ਕਾਰਨ ਬੀਤੇ ਦਾ ਪੱਲਾ ਛੱਡਣ ਤੋਂ ਤ੍ਰਹਿੰਦੇ। ਇਸੇ ਲਈ ਸਾਡੇ ਪੈਰਾਂ ਵਿਚ ਉਗਿਆ ਸਫਰ ਸੋਗ ਤੇ ਸਦਮਾ ਬਣ ਕੇ ਸੋਚਾਂ ਵਿਚ ਸਦਾ ਰੜਕਦਾ ਰਹਿੰਦਾ। ਕੁਝ ਪ੍ਰਾਪਤ ਕਰਨ ਲਈ ਕੁਝ ਤਾਂ ਛੱਡਣਾ ਪਵੇਗਾ, ਕਿਉਂਕਿ ਕੁਝ ਗ੍ਰਹਿਣ ਕਰਨ ਲਈ ਕੁਝ ਤਾਂ ਗਵਾਉਣਾ ਹੀ ਪੈਂਦਾ।

ਕਈ ਵਾਰ ਲੋਕ ਅਗਾਂਹ ਨੂੰ ਤੁਰਦਿਆਂ, ਮੂਲ ਨੂੰ ਹੀ ਭੁੱਲ ਜਾਂਦੇ। ਲੋੜ ਹੈ ਕਿ ਨਵੇਂ ਰਾਹਾਂ 'ਤੇ ਤੁਰਦਿਆਂ ਮੂਲ ਨੂੰ ਨਾ ਭੁਲਾਇਆ ਜਾਵੇ। ਆਪਣੀਆਂ ਜੜ੍ਹਾਂ ਤੋਂ ਬੇਰੁਖੀ ਨਾ ਉਪਜਾਈ ਜਾਵੇ। ਸਗੋਂ ਅਗਾਂਹ ਨੂੰ ਤੁਰਦਿਆਂ, ਮਨ-ਮੰਦਿਰ ਵਿਚ ਬੀਤਿਆ ਵੀ ਗੁਨਗੁਣਾਉਂਦਾ ਰਹੇ ਤਾਂ ਨਵੀਆਂ ਰਾਹਾਂ ਦਾ ਸਫਰ ਬਹੁਤ ਹੀ ਸੁਖਾਵਾਂ ਅਤੇ ਦੇਣਦਾਰੀਆਂ ਭਰਪੂਰ ਹੁੰਦਾ।

ਮੇਰਾ ਦੋਸਤ ਹੈ। ਕਾਲਜ ਪੜ੍ਹਦਾ ਹੀ ਵਿਦੇਸ਼ ਨੂੰ ਤੁਰ ਪਿਆ ਸੀ। ਵੱਖ-ਵੱਖ ਦੇਸ਼ਾਂ ਵਿਚ ਠਾਹਰ ਭਾਲਦਾ ਤੇ ਆਪਣੇ ਜੋਗੀ ਜ਼ਮੀਂ ਲੱਭਦਾ, ਅਜੇ ਤੀਕ ਆਪਣੇ ਪੈਰਾਂ ਲਈ ਸਥਿਰਤਾ ਨਹੀਂ ਸਿਰਜ ਸਕਿਆ। ਭੱਜ-ਦੌੜ ਕੇ ਇੰਡੀਆ ਵਿਆਹ ਵੀ ਕਰਵਾ ਆਇਆ। ਬੱਚੇ ਵੀ ਹੋ ਗਏ। ਬਾਪ ਦੀ ਗੈਰ-ਹਾਜ਼ਰੀ ਵਿਚ ਵਿਆਹੇ ਵੀ ਗਏ, ਪਰ ਉਹ ਅਜੇ ਵੀ ਜੀਵਨ ਦੀ ਢਲਦੀ ਸ਼ਾਮੇ ਵਿਦੇਸ਼ ਵਿਚ ਹੀ ਜੀਵਨ-ਸਥਿਰਤਾ ਦੀ ਭਾਲ ਕਰਦਾ ਹੈ। ਕਦੇ ਵੀ ਉਸ ਦੇ ਮਨ ਵਿਚ ਵਾਪਸ ਆਪਣੇ ਘਰ ਨੂੰ ਪਰਤਣ, ਜੀਵਨ-ਸਾਥਣ ਨੂੰ ਵਿਆਹੁਤਾ ਜੀਵਨ ਦਾ ਸੁੱਖ ਦੇਣ ਜਾਂ ਆਪਣੇ ਹਿੱਸੇ ਦੀ ਜ਼ਿੰਦਗੀ ਜਿਉਣ ਦੀ ਤਮੰਨਾ ਪੈਦਾ ਨਹੀਂ ਹੋਈ। ਉਹ ਪਿਛਾਂਹ ਨਹੀਂ ਜਾਣਾ ਚਾਹੁੰਦਾ ਸਗੋਂ ਵਿਦੇਸ਼ ਵਿਚ ਹੀ ਆਪਣੇ ਸਾਹਾਂ ਨੂੰ ਆਖਰੀ ਅਲਵਿਦਾ ਕਹਿਣ ਲਈ ਬੇਤਾਬ ਹੈ। ਇਹ ਕੇਹੀ ਮਾਨਸਿਕਤਾ ਹੈ ਕਿ ਉਹ ਪਿਛਾਂਹ ਨਹੀਂ ਜਾਣਾ ਚਾਹੁੰਦਾ ਸਗੋਂ ਅਗਾਂਹ ਹੀ ਆਪਣਾ ਸਫਰ ਜਾਰੀ ਰੱਖਣਾ ਚਾਹੁੰਦਾ, ਜਿਸ 'ਚੋਂ ਹੁਣ ਤੀਕ ਦੀ ਮਾਨਸਿਕ ਪ੍ਰਾਪਤੀ ਜ਼ੀਰੋ ਹੈ। ਇਸ ਸਫਰ ਵਿਚ ਉਸ ਨੇ ਕਿੰਨਾ ਕੁਝ ਗਵਾਇਆ ਅਤੇ ਕਿੰਨਾ ਕੁਝ ਪ੍ਰਾਪਤ ਕੀਤਾ, ਕਦੇ ਇਸ ਦਾ ਲੇਖਾ-ਜੋਖਾ ਕਰੇ ਤਾਂ ਉਸ ਨੂੰ ਹੁਣ ਤਾਂ ਅਹਿਸਾਸ ਹੋਣਾ ਚਾਹੀਦਾ ਕਿ ਉਸ ਦੇ ਪਿਛਾਂਹ ਪਰਤਣ ਵਿਚ ਹੀ ਉਸ ਦੀ ਭਲਾਈ ਹੈ, ਪਰ ਉਸ ਨੇ ਕਦੇ ਵਾਪਸ ਨਹੀਂ ਪਰਤਣਾ।

ਪਿਛਾਂਹ ਪਰਤ ਕੇ ਦੇਖਣਾ ਜਾਂ ਸਵੈ-ਵਿਸ਼ਲੇਸ਼ਣ ਕਰਨ ਵਿਚ ਕੋਈ ਗੁਨਾਹ ਜਾਂ ਖੁਨਾਮੀ ਨਹੀਂ। ਜੇ ਲੱਗੇ ਕਿ ਸਫਰ ਵਿਚ ਕੰਡੇ ਤੇ ਖਾਈਆਂ, ਉਦਾਸੀ ਤੇ ਹਾਵਿਆਂ ਤੋਂ ਬਿਨਾ ਕੁਝ ਨਹੀਂ ਜਾਂ ਜਦ ਖੇੜੇ ਰੁੱਸੇ ਰਹਿਣ, ਆਸਾਂ ਬੇਨੂਰ ਹੋ ਜਾਣ ਅਤੇ ਵਿਸ਼ਵਾਸ ਖੇਰੂੰ ਖੇਰੂੰ ਹੋ ਜਾਵੇ ਤਾਂ ਤੁਰਦੇ ਪੈਰਾਂ ਨੂੰ ਵੀ ਸੋਚਣਾ ਤਾਂ ਚਾਹੀਦਾ ਹੈ ਕਿ ਇਹ ਕੇਹਾ ਸਫਰ ਹੈ, ਜੋ ਪੀੜਾਂ ਦਾ ਨਿਉਂਦਾ ਹੀ ਧਰਦਾ ਏ। ਕਠਿਨਾਈਆਂ, ਔਖਿਆਈਆਂ ਅਤੇ ਕਸ਼ਟਾਂ ਪਿਛੋਂ ਜੇ ਕਿਧਰੇ ਕੋਈ ਆਸ ਅਤੇ ਧਰਵਾਸ ਦੀ ਕਿਰਨ ਦਿਖਾਈ ਦੇਵੇ ਤਾਂ ਸਫਰ ਜਾਰੀ ਰੱਖੋ। ਵਰਨਾ, ਕੁਝ ਪਲ ਰੁਕਣ, ਸੋਚਣ ਅਤੇ ਸਫਰ ਨੂੰ ਮੋੜਾ ਦੇਣ ਵਿਚ ਕੋਈ ਹਰਜ਼ ਨਹੀਂ।

ਬਹੁਤ ਔਖਾ ਹੁੰਦਾ ਪਿੰਡ ਤੋਂ ਨਗਰ, ਨਗਰ ਤੋਂ ਮਹਾਂਨਗਰ ਅਤੇ ਫਿਰ ਵਿਦੇਸ਼ ਵੰਨੀਂ ਉਡਾਣ ਭਰਨਾ। ਇਹ ਸਾਡੇ ਸੁਪਨਿਆਂ ਦੀ ਪਰਵਾਜ਼। ਇਸ ਪਰਵਾਜ਼ ਦੌਰਾਨ ਰੌਸ਼ਨ ਧਰਾਤਲ ਨਜ਼ਰੀਂ ਵੀ ਪੈਂਦੀ, ਪਰ ਬਹੁਤ ਕੁਝ ਸਾਥੋਂ ਵਿਸਰਦਾ ਵੀ। ਪ੍ਰਾਪਤ ਅਤੇ ਵਿਸਾਰਨ ਵਿਚਲੇ ਅੰਤਰ ਦੀ ਜਾਣਕਾਰੀ ਨੂੰ ਸਿਆਣਪ ਦੀ ਤੱਕੜੀ 'ਚ ਤੋਲਾਂਗੇ ਤਾਂ ਸਾਨੂੰ ਆਪਣੇ ਸਫਰ ਨੂੰ ਸਾਰਥਕਤਾ, ਸਦੀਵਤਾ ਅਤੇ ਸੁਯੋਗਤਾ ਦੇਣ ਵਿਚ ਅਸਾਨੀ ਹੋਵੇਗੀ। ਉਡਾਣ ਭਰਨਾ ਚੰਗਾ ਹੈ, ਪਰ ਇਸ ਲਈ ਸਾਡੇ ਡੌਲਿਆਂ ਵਿਚ ਬਲ, ਖੰਭਾਂ ਵਿਚ ਹਵਾ ਅਤੇ ਅੰਬਰ ਜਿਹੀ ਦਿੱਭ-ਦ੍ਰਿਸ਼ਟੀ ਦਾ ਹੋਣਾ ਅਤਿ ਜ਼ਰੂਰੀ।

ਬਹੁਤੇ ਲੋਕ ਜੀਵਨ ਦੇ ਇਕ ਪੜਾਅ 'ਤੇ ਪਰਵਾਜ਼ ਨੂੰ ਉਚੇਰੀ ਉਡਾਣ ਦੇਣ ਲਈ ਨਵੀਆਂ ਧਰਤੀਆਂ ਦੀ ਵਿਸ਼ਾਲਤਾ ਨੂੰ ਅਪਨਾਉਣ ਅਤੇ ਸੁਪਨ-ਪੂਰਤੀ ਦਾ ਅਹਿਸਾਸ ਮਨ-ਜੂਹ ਵਿਚ ਧਰ ਘਰ ਤੋਂ ਬਾਹਰ ਨੂੰ ਕਦਮ ਰੱਖਦੇ। ਮਾਂਵਾਂ ਸੁੱਖਾਂ ਮੰਗਦੀਆਂ। ਘਰ ਨੂੰ ਤਿੜਕਣ ਦਾ ਅਹਿਸਾਸ ਵੀ ਹੁੰਦਾ। ਇਹ ਤਿੜਕਣ ਘਰ ਦੀਆਂ ਖੁਰਦੀਆਂ ਨੀਂਹਾਂ ਦੀ ਵੀ ਹੋ ਸਕਦੀ ਜਾਂ ਘਰ ਦੀਆਂ ਨੀਂਹਾਂ ਦੀ ਨਿਗਰਤਾ ਦੀ ਆਸ ਵੀ। ਇਹ ਤਾਂ ਸਫਰ ਵਿਚਲੀ ਸੰਵੇਦਨਾ ਅਤੇ ਸੰਪੂਰਨਤਾ ਵਿਚੋਂ ਹੀ ਉਦੈ ਹੋਣਾ ਹੁੰਦਾ। ਬਹੁਤ ਸਾਰੇ ਨੌਜਵਾਨ ਵਿਦੇਸ਼ੀ ਚਮਕ-ਦਮਕ ਜਾਂ ਪਰਦੇਸ ਵਿਚ ਰਹਿੰਦਿਆਂ ਦੇ ਠਾਠ ਦੇਖ ਕੇ ਵਿਦੇਸ਼ ਪਹੁੰਚਣ ਲਈ ਹਰ ਹੀਲਾ ਵਰਤਦੇ। ਕਦੇ ਆਪਣੀ ਜਾਨ ਦੀ ਬਾਜ਼ੀ ਵੀ ਲਾਉਂਦੇ, ਪਰ ਉਹ ਮਾਨਸਿਕ ਤੌਰ 'ਤੇ ਇਸ ਦੌਰਾਨ ਆਉਣ ਵਾਲੀਆਂ ਮੁਸ਼ਕਿਲਾਂ, ਆਰਥਕ ਤੰਗੀਆਂ-ਤੁਰਸ਼ੀਆਂ ਅਤੇ ਔਕੜਾਂ ਨੂੰ ਕਦੇ ਕਿਆਸ ਨਹੀਂ ਸਕਦੇ, ਜਿਨ੍ਹਾਂ ਦਾ ਸਾਹਮਣਾ, ਉਨ੍ਹਾਂ ਨੂੰ ਵਿਦੇਸ਼ ਵਿਚ ਜਾ ਕੇ ਕਰਨਾ ਪੈਂਦਾ, ਤੇ ਫਿਰ ਮੁਸੀਬਤਾਂ ਵਿਚ ਘਿਰਿਆ ਵਿਅਕਤੀ ਤਿੜਕ ਜਾਂਦਾ, ਅੰਦਰੋਂ ਟੁੱਟ ਜਾਂਦਾ ਅਤੇ ਜੇ ਕੋਈ ਹੌਸਲਾ ਦੇਣ, ਬਾਂਹ ਫੜਨ ਲਈ ਅੱਗੇ ਨਾ ਆਵੇ, ਧੀਰਜ ਨਾ ਧਰਾਵੇ ਜਾਂ ਰੋਣ ਲਈ ਕੋਈ ਮਿੱਤਰ-ਮੋਢਾ ਨਾ ਮਿਲੇ ਤਾਂ ਉਹ ਵਿਅਕਤੀ ਖੁਦਕੁਸ਼ੀ, ਗਲਤ ਕੰਮਾਂ ਜਾਂ ਆਪਣਾ ਸਿਵਾ ਸੇਕਣ ਲਈ ਮਜਬੂਰ ਹੋ ਜਾਂਦਾ; ਕਿਉਂਕਿ ਉਸ ਲਈ ਪਿਛਾਂਹ ਪਰਤਣਾ ਬਹੁਤ ਮੁਸ਼ਕਿਲ ਹੁੰਦਾ। ਕਈ ਵਾਪਸ ਮੁੜਨਾ ਸੋਚਦੇ ਤਾਂ ਉਨ੍ਹਾਂ ਦੇ ਸੁਪਨਿਆਂ ਦੀ ਕਬਰ, ਉਨ੍ਹਾਂ ਨੂੰ ਬੇਚੈਨ ਕਰਦੀ, ਪਰ ਉਹ ਕਦੇ ਸੋਚਦੇ ਹੀ ਨਾ ਕਿ ਪਿਛਾਂਹ ਨੂੰ ਮੁੜਨ ਦੀ ਥਾਂ ਰਾਹ ਤਾਂ ਬਦਲੀ ਜਾ ਸਕਦੀ, ਜੋ ਉਤਰਦੀ ਰਾਤ ਦੇ ਹਨੇਰੇ ਨੂੰ ਨਹੀਂ, ਸਗੋਂ ਸਰਘੀ ਨੂੰ ਜਾਵੇ। ਇਨ੍ਹਾਂ ਰਾਹਾਂ 'ਚ ਮੱਸਿਆ ਦੀ ਰਾਤ ਨਹੀਂ, ਸਗੋਂ ਪੁੰਨਿਆ ਦਾ ਚੰਨ ਝਾਤੀਆਂ ਮਾਰੇ। ਫਿਰ ਸੋਚਾਂ ਵਿਚ ਖੰਡਰ ਨਹੀਂ, ਸਗੋਂ ਰਹਿਣ-ਬਸੇਰਾ ਉਗਦਾ। ਅਜਿਹੇ ਪਹਿਰ 'ਚ ਜੀਵਨ ਨੂੰ ਅਲਵਿਦਾ ਕਹਿਣ ਦੀ ਥਾਂ ਖੁਸ਼-ਆਮਦੀਦ ਕਹੀ ਜਾਂਦੀ।

ਪਿਛਾਂਹ ਨਾ ਮੁੜੋ, ਪਰ ਘੜੀ ਪਲ ਖਲੋ ਕੇ ਪਾਸਾ ਤਾਂ ਪਰਤਿਆ ਜਾ ਸਕਦਾ। ਬੀਤੇ ਨੂੰ ਵਿਚਾਰਿਆ ਜਾ ਸਕਦਾ। ਹੋਈਆਂ ਗਲਤੀਆਂ, ਕਮੀਆਂ ਤੇ ਕੁਤਾਹੀਆਂ ਨੂੰ ਦੂਰ ਕਰ ਕੇ, ਨਵੀਆਂ ਤਰਜ਼ੀਹਾਂ ਅਤੇ ਤਮੰਨਾਵਾਂ ਨੂੰ ਨਵੀਂ ਤਰਤੀਬ ਤਾਂ ਦਿਤੀ ਜਾ ਸਕਦੀ, ਜੋ ਤੁਹਾਡੀ ਤਕਦੀਰ ਨੂੰ ਨਵੀਂ ਤਹਿਜ਼ੀਬ ਅਤੇ ਦੂਰ-ਦਰਸ਼ੀ ਪੈੜ ਦਾ ਪਤਾ ਦੱਸੇ।

ਪਿਛਾਂਹ ਨੂੰ ਪਰਤਣਾ, ਔਖਾ ਤਾਂ ਬਹੁਤ, ਪਰ ਜਦ ਕੁਝ ਪਲ ਲਈ ਪਿਛਾਂਹ ਨੂੰ ਪਰਤਣਾ, ਜੀਵਨ ਨੂੰ ਸਕੂਨ ਜਾਂ ਖੁਸ਼ੀ ਦੇਵੇ ਤਾਂ ਪਰਤਣ ਵਿਚ ਹੀ ਭਲਾਈ। ਕੋਈ ਵਿਅਕਤੀ ਜਦ ਇਕ ਖਾਸ ਚੌਗਿਰਦੇ ਜਾਂ ਸੰਗ-ਸਾਥ ਵਿਚ ਖੁਦ ਨੂੰ ਸੁਖੈਨ ਅਤੇ ਸੰਤੁਸ਼ਟ ਮਹਿਸੂਸ ਕਰੇ ਤਾਂ ਉਸ ਦਾ ਪਰਤਣਾ ਵੀ ਬਹੁਤ ਸਹਿਜ ਅਤੇ ਸਾਰਥਕ ਵਰਤਾਰਾ ਹੁੰਦਾ। ਇਸ ਵਿਚੋਂ ਹੀ ਕੁਝ ਸਮੇਂ ਲਈ ਅਨੰਦਮਈ ਪਲਾਂ ਦਾ ਪਰਾਗਾ ਉਸ ਦੀ ਝੋਲੀ ਪੈਂਦਾ। ਉਮਰ ਦਾ ਇਕ ਪੜਾਅ, ਸੋਚ ਦਾ ਇਕ ਦਾਇਰਾ ਅਤੇ ਭਵਿੱਖਮੁਖੀ ਉਡਾਣ ਹੁੰਦੀ ਕਿ ਤੁਸੀਂ ਜੀਵਨ ਨੂੰ ਕਿਹੜੇ ਸੰਦਰਭ 'ਚ ਲੈਂਦੇ ਹੋ ਅਤੇ ਇਸ 'ਚੋਂ ਕੀ ਤਲਾਸ਼ਦੇ ਹੋ? ਜਦ ਪਿੰਡ ਦਾ ਕੋਈ ਬਜੁਰਗ ਸ਼ਹਿਰ ਜਾਂ ਵਿਦੇਸ਼ ਵਿਚ ਆਪਣੇ ਬੱਚਿਆਂ ਕੋਲ ਜਾਂਦਾ ਤਾਂ ਉਸ ਕੋਲੋਂ ਖੁਸ ਜਾਂਦਾ ਉਸ ਦਾ ਪਿੰਡ, ਖੇਤ, ਖੂਹ ਤੇ ਫਸਲਾਂ ਵੰਨੀਂ ਗੇੜਾ, ਮੱਝਾਂ, ਗਾਵਾਂ ਅਤੇ ਪਸ਼ੂਆਂ ਦੀ ਦੇਖਭਾਲ ਕਰਨ ਦਾ ਖਿਆਲ। ਲਵੇਰੀਆਂ ਅਤੇ ਹਾਲੀਆਂ ਨੂੰ ਪੁੱਤਾਂ ਵਾਂਗ ਪਿਆਰਨ ਅਤੇ ਦੁਲਾਰਨ ਦੀ ਲੋਚਾ। ਪਿੰਡ ਬਹੁਤ ਯਾਦ ਆਉਂਦਾ ਅਤੇ ਉਸ ਲਈ ਸ਼ਹਿਰੀ ਜਾਂ ਵਿਦੇਸ਼ ਵਿਚਲੀ ਜ਼ਿੰਦਗੀ ਇਕ ਕਾਲ ਕੋਠੜੀ। ਅਜਿਹੇ ਵਿਅਕਤੀ ਲਈ ਪਿਛਾਂਹ ਮੁੜਨਾ, ਜੀਵਨ ਦੇ ਸੁਖਦ ਪਲਾਂ ਦਾ ਵਾਪਸ ਪਰਤਣਾ। ਅਜਿਹਾ ਮਿਲਣ 'ਤੇ ਉਹ ਆਪਣੇ ਆਖਰੀ ਪਹਿਰ ਨੂੰ ਅਸੀਮਤ ਖੁਸ਼ੀ ਨਾਲ ਭਰ, ਜਿਉਣ ਦੇ ਅਹਿਸਾਸ ਨੂੰ ਜਿਉਂਦੇ। ਮੇਰਾ ਬਾਪ ਸਿਰਫ ਇਕ ਰਾਤ ਹੀ ਸ਼ਹਿਰ ਰਹਿੰਦਾ ਸੀ ਅਤੇ ਸਵੇਰੇ ਉਠ ਕੇ ਪਿੰਡ ਨੂੰ ਵਾਪਸ ਪਰਤ ਜਾਂਦਾ ਸੀ, ਕਿਉਂਕਿ ਉਸ ਦੇ ਰੋਜ਼ਾਨਾ ਜੀਵਨ ਵਿਚ ਰਚੀ ਹੋਈ ਸੀ, ਪੱਠੇ ਵੱਢਣ ਤੇ ਕੁਤਰਨ ਦੀ ਖੁਸ਼ਬੋਈ, ਮਿੱਟੀ ਨਾਲ ਮੋਹ ਪਾਲਣ ਦੀ ਤਮੰਨਾ। ਹਰ ਰੋਜ਼ ਖੇਤਾਂ ਵੰਨੀਂ ਗੇੜਾ ਮਾਰਨਾ, ਨਵੀਂ ਉਰਜਾ ਨਾਲ ਭਰ ਦਿੰਦਾ ਸੀ, ਜਿਸ ਨੇ ਉਸ ਨੂੰ ਨੱਬਿਆਂ ਤੋਂ ਟੱਪ ਕੇ ਵੀ ਤੰਦਰੁਸਤੀ ਬਖਸ਼ੀ। ਸਾਰੀ ਉਮਰ ਇਕ ਦਾਇਰੇ ਵਿਚ ਰਹਿੰਦੇ, ਸਹਿਜ, ਸਬਰ ਤੇ ਸੰਤੋਖ ਨਾਲ, ਸੀਮਤ ਲੋੜਾਂ ਤੇ ਸੀਮਤ ਸਾਧਨਾਂ ਰਾਹੀਂ ਆਪਣੇ ਜੀਵਨ ਦਾ ਅਨੰਦ ਮਾਣਦੇ ਰਹੇ। ਉਨ੍ਹਾਂ ਦੇ ਸੁਪਨੇ ਅਜੋਕੀ ਪੀੜ੍ਹੀ ਦੇ ਕਿੰਜ ਮੇਚ ਆਉਣਗੇ?

> **ਜਦ ਪਿੰਡ ਦਾ ਕੋਈ ਬਜੁਰਗ ਸ਼ਹਿਰ ਜਾਂ ਵਿਦੇਸ਼ ਵਿਚ ਆਪਣੇ ਬੱਚਿਆਂ ਕੋਲ ਜਾਂਦਾ ਤਾਂ ਉਸ ਕੋਲੋਂ ਖੁਸ ਜਾਂਦਾ ਉਸ ਦਾ ਪਿੰਡ, ਖੇਤ, ਖੂਹ ਤੇ ਫਸਲਾਂ ਵੰਨੀਂ ਗੇੜਾ, ਮੱਝਾਂ, ਗਾਵਾਂ ਅਤੇ ਪਸ਼ੂਆਂ ਦੀ ਦੇਖਭਾਲ ਕਰਨ ਦਾ ਖਿਆਲ। ਲਵੇਰੀਆਂ ਅਤੇ ਹਾਲੀਆਂ ਨੂੰ ਪੁੱਤਾਂ ਵਾਂਗ ਪਿਆਰਨ ਅਤੇ ਦੁਲਾਰਨ ਦੀ ਲੋਚਾ। ਪਿੰਡ ਬਹੁਤ ਯਾਦ ਆਉਂਦਾ ਅਤੇ ਉਸ ਲਈ ਸ਼ਹਿਰੀ ਜਾਂ ਵਿਦੇਸ਼ ਵਿਚਲੀ ਜ਼ਿੰਦਗੀ ਇਕ ਕਾਲ ਕੋਠੜੀ। ਅਜਿਹੇ ਵਿਅਕਤੀ ਲਈ ਪਿਛਾਂਹ ਮੁੜਨਾ, ਜੀਵਨ ਦੇ ਸੁਖਦ ਪਲਾਂ ਦਾ ਵਾਪਸ ਪਰਤਣਾ। ਅਜਿਹਾ ਮਿਲਣ 'ਤੇ ਉਹ ਆਪਣੇ ਆਖਰੀ ਪਹਿਰ ਨੂੰ ਅਸੀਮਤ ਖੁਸ਼ੀ ਨਾਲ ਭਰ, ਜਿਉਣ ਦੇ ਅਹਿਸਾਸ ਨੂੰ ਜਿਉਂਦੇ। ਮੇਰਾ ਬਾਪ ਸਿਰਫ ਇਕ ਰਾਤ ਹੀ ਸ਼ਹਿਰ ਰਹਿੰਦਾ ਸੀ ਅਤੇ ਸਵੇਰੇ ਉਠ ਕੇ ਪਿੰਡ ਨੂੰ ਵਾਪਸ ਪਰਤ ਜਾਂਦਾ ਸੀ, ਕਿਉਂਕਿ ਉਸ ਦੇ ਰੋਜ਼ਾਨਾ ਜੀਵਨ ਵਿਚ ਰਚੀ ਹੋਈ ਸੀ, ਪੱਠੇ ਵੱਢਣ ਤੇ ਕੁਤਰਨ ਦੀ ਖੁਸ਼ਬੋਈ, ਮਿੱਟੀ ਨਾਲ ਮੋਹ ਪਾਲਣ ਦੀ ਤਮੰਨਾ। ਹਰ ਰੋਜ਼ ਖੇਤਾਂ ਵੰਨੀਂ ਗੇੜਾ ਮਾਰਨਾ, ਨਵੀਂ ਉਰਜਾ ਨਾਲ ਭਰ ਦਿੰਦਾ ਸੀ, ਜਿਸ ਨੇ ਉਸ ਨੂੰ ਨੱਬਿਆਂ ਤੋਂ ਟੱਪ ਕੇ ਵੀ ਤੰਦਰੁਸਤੀ ਬਖਸ਼ੀ। ਸਾਰੀ ਉਮਰ ਇਕ ਦਾਇਰੇ ਵਿਚ ਰਹਿੰਦੇ, ਸਹਿਜ, ਸਬਰ ਤੇ ਸੰਤੋਖ ਨਾਲ, ਸੀਮਤ ਲੋੜਾਂ ਤੇ ਸੀਮਤ ਸਾਧਨਾਂ ਰਾਹੀਂ ਆਪਣੇ ਜੀਵਨ ਦਾ ਅਨੰਦ ਮਾਣਦੇ ਰਹੇ। ਉਨ੍ਹਾਂ ਦੇ ਸੁਪਨੇ ਅਜੋਕੀ ਪੀੜ੍ਹੀ ਦੇ ਕਿੰਜ ਮੇਚ ਆਉਣਗੇ?**

ਅਜੋਕੀ ਨੌਜਵਾਨ ਪੀੜ੍ਹੀ ਨੇ ਆਪਣੇ ਲਈ ਨਵੀਂ ਧਰਤੀ ਤਲਾਸ਼ਣ, ਹਸਤੀ, ਹੈਸੀਅਤ ਅਤੇ ਹੋਂਦ ਨੂੰ ਸਥਾਪਤ ਕਰਨ ਲਈ ਜਦ ਪਿੰਡ ਦੀ ਫਿਰਨੀ ਤੋਂ ਬਾਹਰ ਪੈਰ ਧਰਿਆ ਤਾਂ ਉਹ ਕਦੇ ਵਾਪਸ ਨਹੀਂ ਪਰਤੇ। ਹਾਂ ਉਨ੍ਹਾਂ ਦੇ ਚੇਤਿਆਂ ਵਿਚ ਸਦਾ ਪਿੰਡ ਹੀ ਵੱਸਦਾ ਰਿਹਾ ਭਾਵੇਂ ਉਹ ਵਿਦੇਸ਼ੀ ਚਕਾਚੌਂਧ ਵਿਚ ਖੁਦ ਨੂੰ ਉਲਝਾਉਣ ਅਤੇ ਪ੍ਰਚਾਉਣ ਦੀ ਬਹੁਤ ਕੋਸ਼ਿਸ਼ ਕਰਦੇ ਰਹੇ। ਕਿਧਰੇ ਵੀ ਚਲੇ ਜਾਵੋ, ਸੁਪਨੇ ਤਾਂ ਬਚਪਨ ਦੇ, ਪਿੰਡ ਦੀਆਂ ਗਲੀਆਂ ਦੇ, ਭੱਠੀ 'ਤੇ ਦਾਣੇ ਭੁੰਨਾਉਣ ਦੇ, ਦੁਕਾਨ ਤੋਂ ਸੌਦਾ ਲੈਣ ਗਿਆਂ ਮਿਲੇ ਝੂੰਗੇ ਦੇ, ਮਾਸਟਰ ਵਲੋਂ ਪਈ ਮਾਰ ਦੇ, ਛੱਪੜ ਦੇ ਕੰਢੇ ਪੋਚੀ ਤੇ ਸੁਕਾਈ ਫੱਟੀ ਦੇ ਜਾਂ ਪਾਣੀ 'ਤੇ ਚਲਾਈਆਂ ਕਾਗਜ਼ ਦੀਆਂ ਬੇੜੀਆਂ ਦੇ ਹੀ ਹੁੰਦੇ। ਇਨ੍ਹਾਂ ਦਾ ਕਦੇ ਨਹੀਂ ਚੇਤਾ ਭੁੱਲਦਾ, ਪਰ ਕਦੇ ਵੀ ਪਿਛਾਂਹ ਨਹੀਂ ਮੁੜਦੇ। ਬੀਤਿਆ ਸਿਰਫ ਚੇਤਿਆਂ ਵਿਚ ਵੱਸਦਾ। ਇਹ ਚੇਤਾ ਉਮਰ ਨਾਲ ਹੋਰ ਗੂੜ੍ਹਾ ਹੁੰਦਾ ਅਤੇ ਆਖਰੀ ਸਫਰ ਦਾ ਸਦੀਵੀ ਸਾਥੀ ਬਣ ਜਾਂਦਾ।

ਕੁਝ ਪਲ ਲਈ ਪਿਛਾਂਹ ਨੂੰ ਪਰਤਣ ਲਈ ਮਨ ਦੀ ਤਕੜਾਈ, ਕਮਜ਼ੋਰੀਆਂ ਨੂੰ ਮੰਨਣ ਅਤੇ ਆਪਣੇ ਆਪ ਨੂੰ ਮੁੜ ਤੋਂ ਪਰਿਭਾਸ਼ਤ ਕਰਨ ਦੀ ਲੋੜ। ਤਾਂ ਹੀ ਲੇਖਾ-ਜੋਖਾ ਕਰਨ ਅਤੇ ਆਪਣੇ ਆਪ ਨੂੰ ਭਵਿੱਖੀ ਦਰਪੇਸ਼ ਮੁਸ਼ਕਿਲਾਂ ਨੂੰ ਸਨਮੁੱਖ ਰੱਖ ਕੇ ਕੁਝ ਨਵਾਂ ਕਰਨ ਅਤੇ ਨਵੀਆਂ ਰਾਹਾਂ 'ਤੇ ਤੁਰਨ ਦੀ ਹਿੰਮਤ ਹਾਸਲ ਹੋਵੇਗੀ।

ਜ਼ਿੰਦਗੀ ਦੇ ਕਿਸੇ ਮੋੜ 'ਤੇ ਆਪਣੇ ਰਾਹਾਂ ਨੂੰ ਨਵੀਂ ਦਿਸ਼ਾ ਦੇਣੀ, ਮਾਨਸਿਕ, ਸਰੀਰਕ ਆਰਥਕ ਜਾਂ ਸਮਾਜਕ ਲੋੜਾਂ ਦੀ ਪੂਰਤੀ, ਫਰਜ਼ਾਂ ਲਈ, ਜਾਂ ਅਹਿਸਾਨਾਂ ਦੀ ਭਰਪਾਈ ਲਈ ਚੰਗੇਰਾ ਮੋੜਾ ਦੇਣਾ ਬਹੁਤ ਹੀ ਸੰਵੇਦਨਸ਼ੀਲ ਕਦਮ, ਜੋ ਇਕ ਸੁਗਮ ਸੁਨੇਹਾ ਬਣ ਕੇ ਜ਼ਿੰਦਗੀ ਨੂੰ ਰੌਸ਼ਨ ਪਾਸੇ ਮੋੜ ਕੇ ਰੂਹ-ਰੰਗਤਾ ਨਾਲ ਲਬਰੇਜ਼ ਕਰ ਸਕਦਾ। ਅਜਿਹੇ ਮੋੜ ਕਈ ਵਾਰ ਰੂਹਾਨੀ ਅਤੇ ਆਤਮਿਕ ਸੰਤੁਸ਼ਟੀ ਦਾ ਸਬੱਬ ਵੀ ਹੁੰਦੇ।

ਕਦੇ ਕਦਾਈਂ ਅਜਿਹੀ ਵਿਚਾਰਧਾਰਾ ਨੂੰ ਆਪਣੀ ਸੋਚ-ਧਾਰਨਾ ਵਿਚ ਥੋੜ੍ਹੀ ਜਿਹੀ ਸਪੇਸ ਦੇਣਾ, ਦੇਖਣਾ ਤੁਹਾਡੀਆਂ ਪਹਿਲਕਦਮੀਆਂ ਅਤੇ ਪ੍ਰਾਪਤੀਆਂ ਵਿਚਲਾ ਫਾਸਲਾ ਬਹੁਤ ਘੱਟ ਜਾਵੇਗਾ।

ਕਈ ਵਾਰ ਅਸੀਂ ਅਨਾੜੀਪੁਣੇ, ਕਾਹਲ, ਥੋੜ੍ਹ-ਚਿਰੇ ਮੁਫਾਦ ਜਾਂ ਕਿਸੇ ਮਾਇਕ ਲਾਲਚ ਖਾਤਰ ਗਲਤ ਦਿਸ਼ਾ ਵੰਨੀ ਕਦਮ ਉਠਾਉਣ ਦੀ ਗਲਤੀ ਕਰ ਬੈਠਦੇ ਹਾਂ। ਅਜਿਹੇ ਰਾਹਾਂ 'ਤੇ ਸਾਰੀ ਉਮਰ ਤੁਰਨ ਦੀ ਥਾਂ ਇਨ੍ਹਾਂ ਰਾਹਾਂ ਨੂੰ ਅਲਵਿਦਾ ਕਹਿ ਦੇਵੋ, ਜਦ ਇਨ੍ਹਾਂ ਦੀ ਸੋਝੀ ਆ ਜਾਵੇ। ਫਿਰ ਨਵੀਆਂ ਰਾਹਾਂ ਦੀ ਨਿਸ਼ਾਨਦੇਹੀ ਕਰੋ, ਜੋ ਸਰਘੀ ਦਾ ਸਿਰਨਾਂਵਾਂ ਹੋਣ, ਜਿਨ੍ਹਾਂ ਵਿਚ ਸੂਰਜਾਂ ਦੀ ਦੱਸ ਹੋਵੇ, ਚਾਨਣ-ਕਾਫਲਿਆਂ ਦੀ ਰਿਮਝਿਮ ਹੋਵੇ, ਗਿਆਨ ਗੰਗਾ ਵਗਦੀ ਹੋਵੇ; ਬੋਧ, ਬਜੁਰਗੀ, ਬੰਦਗੀ ਅਤੇ ਬਰਕਤਾਂ ਦੀ ਬਹਿਣੀ ਹੋਵੇ; ਤਨ ਤੇ ਧਨ ਨਾਲੋਂ ਮਨ ਤੇ ਰੂਹ ਦੀ ਬਾਤਾਂ ਪਾਉਣ ਦੀ ਰੀਤ ਹੋਵੇ; ਸੋਚਾਂ, ਸਿਆਣਪਾਂ, ਸਮਝਾਂ ਅਤੇ ਸਦਭਾਵਨਾ ਦੇ ਦੀਵਿਆਂ ਦੀ ਰੌਸ਼ਨ-ਆਭਾ ਹੋਵੇ ਜਾਂ ਤਲੀਆਂ 'ਤੇ ਉਘੜੀ ਮਹਿੰਦੀ, ਕਮਰੇ ਵਿਚ ਚਾਅ-ਰੁਮਕਣੀ ਜਾਂ ਘਰ ਨੂੰ ਪਰਤਦੀਆਂ ਪੈੜਾਂ ਦੀ ਤਾਲ ਸੁਣਾਈ ਦੇਵੇ।

ਪਿਛਾਂਹ ਨਾ ਪਰਤੋ ਕਿਉਂਕਿ ਪਰਤਣਾ ਬਹੁਤ ਹੀ ਮੁਹਾਲ, ਪਰ ਕਦੇ ਕਦਾਈਂ ਕੁਝ ਪਲ ਲਈ ਪਿਛਾਂਹ ਪਰਤਣਾ, ਉਨ੍ਹਾਂ ਦਰਾਂ ਨੂੰ ਮਿਲਣ ਲਈ ਜਿਨ੍ਹਾਂ ਵਿਚ ਬਜ਼ੁਰਗਾਂ ਦੀ ਉਡੀਕ ਹੈ, ਚੌਂਕਿਆਂ ਲਈ ਜਿਨ੍ਹਾਂ ਨੂੰ ਆਪਣਿਆਂ ਦੇ ਪਰਤਣ ਦੀ ਆਸ ਹੈ, ਪੁਰਾਣੇ ਦੋਸਤਾਂ ਲਈ ਜਿਨ੍ਹਾਂ ਨੂੰ ਬਚਪਨੀ ਸ਼ਰਾਰਤਾਂ ਨੂੰ ਯਾਦ ਕਰਨ ਦੀ ਰੀਝ ਹੈ ਜਾਂ ਪੁਰਾਣੀਆਂ ਰਾਹਾਂ, ਥਾਂਵਾਂ ਲਈ ਜਿਨ੍ਹਾਂ ਨੂੰ ਪੈੜ-ਚਾਲ ਸੁਣਨ ਦੀ ਚਾਹਨਾ ਹੈ। ਕੁਝ ਸਮੇਂ ਲਈ ਪਰਤਣ ਨਾਲ ਜੇ ਮਨ ਵਿਚ ਸਕੂਨ ਅਤੇ ਪਿੱਛੇ ਰਹਿੰਦਿਆਂ ਨੂੰ ਸੁਖਨ ਤੇ ਚੈਨ ਦਾ ਅਹਿਸਾਸ ਅਤੇ ਮਿਲ ਕੇ ਕੁਝ ਪਾਉਣ ਦਾ ਭਾਵ ਤਾਰੂ ਹੋਵੇ ਤਾਂ ਕਦੇ ਕਦਾਈਂ ਆਪਣੇ ਗਰਾਂ, ਘਰਾਂ, ਦਰਾਂ ਨੂੰ ਜਰੂਰ ਪਰਤਣਾ, ਜਿਨ੍ਹਾਂ ਨਾਲ ਤੁਹਾਡੀਆਂ ਜੀਵਨ-ਯਾਦਾਂ ਜੁੜੀਆਂ ਹੋਈਆਂ ਨੇ।

ਸਦੀਵੀ ਪਰਤਣਾ ਨਾਲੋਂ ਕਦੇ ਕਦਾਈਂ ਕੁਝ ਪਲ ਲਈ ਪਿੱਛਲ-ਝਾਤ ਮਾਰਨੀ। ਉਨ੍ਹਾਂ ਪਗਡੰਡੀਆਂ, ਰਾਹਾਂ ਅਤੇ ਪਹਿਆਂ ਨੂੰ ਨਿਹਾਰਨਾ, ਜਿਨ੍ਹਾਂ 'ਤੇ ਤੁਹਾਡੇ ਪੈਰਾਂ ਦੇ ਨਿਸ਼ਾਨ ਅਜੇ ਤੀਕ ਵੀ ਸੁਰੱਖਿਅਤ ਨੇ। ਪੁਰਾਣੀਆਂ ਸਾਂਝਾਂ, ਯਾਰੀਆਂ ਅਤੇ ਉਨ੍ਹਾਂ ਪਲਾਂ ਨੂੰ ਜ਼ਰੂਰ ਯਾਦ ਕਰਨਾ, ਜਦ ਮੰਗਵੀਂ ਕਮੀਜ਼ ਪਾ ਕੇ ਕਦੇ ਵਿਆਹ 'ਤੇ ਗਏ ਸੀ, ਵਾਂਢੇ ਜਾਣ ਵੇਲੇ ਹੁਧਾਰੀ ਜੁੱਤੀ ਨੇ ਇਕ ਦਿਨ ਵਿਚ ਹੀ ਪੈਰਾਂ ਵਿਚ ਛਾਲੇ ਪਾ ਦਿਤੇ ਸਨ ਜਾਂ ਵਰਦੇ ਮੀਂਹ ਵਿਚ ਸਕੂਲੇ ਜਾਂਦਿਆਂ ਹੈਂਡਲ ਨਾਲ ਲਟਕਦੇ ਝੋਲੇ ਵਿਚ ਪਈਆਂ ਕਿਤਾਬਾਂ-ਕਾਪੀਆਂ ਗਿੱਲੀਆਂ ਹੋ ਗਈਆਂ ਸਨ।

ਪਿਛਾਂਹ ਤਾਂ ਨਹੀਂ ਜਾਇਆ ਜਾ ਸਕਦਾ, ਪਰ ਆਪਣੇ ਮਾਪਿਆਂ ਨੂੰ ਮਿਲਣ, ਆਪਣੇ ਪਿਆਰਿਆਂ ਦੀ ਖੁਸ਼ੀ-ਗਮੀ ਵਿਚ ਸ਼ਰੀਕ ਹੋਣ ਜਾਂ ਬੀਤੇ ਨਾਲ ਜੁੜਨ ਲਈ ਭਾਵੇਂ ਕੁਝ ਸਮੇਂ ਲਈ ਹੀ ਸਹੀ, ਪਿਛਾਂਹ ਨੂੰ ਤਾਂ ਜ਼ਰੂਰ ਪਰਤਣਾ। ਇਹ ਪਰਤਣਾ ਸਦੀਵੀ ਨਾ ਸਹੀ, ਸਿਰਫ ਕੁਝ ਪਲਾਂ ਦਾ ਹੀ ਹੋਵੇ।

ਅਜਿਹਾ ਜ਼ਰੂਰ ਕਰਨਾ ਕਿਉਂਕਿ ਸਦਾ ਲਈ ਪਿਛਾਂਹ ਪਰਤਣਾ, ਬਹੁਤ ਹੀ ਔਖਾ ਹੁੰਦਾ।

ਆਸ ਹੈ ਕਿ ਨਿਰਾਸ਼ ਨਹੀਂ ਕਰੋਗੇ।

# ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ

**ਗੁਰਬਾਣੀ ਗਿਆਨ**

ਜਦੋਂ ਕੋਈ ਸਿੱਖ ਵਿਦਵਾਨ ਕਹਿੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਤਰਕਪੂਰਣ ਢੰਗ ਨਾਲ ਬ੍ਰਾਹਮਣਵਾਦ ਦੇ ਪਖੰਡ ਉਜਾਗਰ ਕੀਤੇ ਅਤੇ ਅਗਲੇ ਹੀ ਸਾਹ ਉਹ ਆਖ ਦਿੰਦਾ ਹੈ ਕਿ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਬ੍ਰਾਹਮਣਵਾਦ ਤੋਂ ਮੁਕਤ ਕਰ ਕੇ ਪ੍ਰਭੂ ਦੀ ਭਗਤੀ ਵਿਚ ਲਾਇਆ, ਤਾਂ ਗੱਲ ਹਜ਼ਮ ਨਹੀਂ ਹੁੰਦੀ। ਇਹ ਯਕੀਨ ਨਹੀਂ ਹੁੰਦਾ ਕਿ ਗੁਰੂ ਸਾਹਿਬ ਦੋ ਮਿਆਰ ਵਰਤਦੇ ਹੋਣ, ਇਕ ਬ੍ਰਾਹਮਣਵਾਦ ਲਈ ਤੇ ਦੂਜਾ ਸਿੱਖੀ ਲਈ, ਭਾਵ ਉਹ ਸਿੱਖ ਪੁਜਾਰੀ ਨੂੰ ਬ੍ਰਾਹਮਣ ਪੁਜਾਰੀ ਤੋਂ ਚੰਗਾ ਸਮਝਦੇ ਹੋਣ। ਇੱਦਾਂ ਲੱਗਦਾ ਹੈ ਕਿ ਜਾਂ ਇਹ ਵਿਦਵਾਨ ਗਲਤ ਹਨ ਜਾਂ ਗੁਰੂ ਨਾਨਕ, ਪਰ ਜਦੋਂ ਜਪੁਜੀ ਪੜ੍ਹਦੇ ਹਾਂ ਤਾਂ ਗੱਲ ਪੂਰੀ ਤਰ੍ਹਾਂ ਖੁਲ੍ਹ ਜਾਂਦੀ ਹੈ ਕਿ ਵਿਦਵਾਨ ਹੀ ਗਲਤ ਹਨ।

ਕਾਰਨ ਇਹ ਹੈ ਕਿ ਵਿਦਵਾਨ ਸੁਣੀ ਸੁਣਾਈ ਗੱਲ ਜਾਂ ਮਨੌਤ 'ਤੇ ਚਲਦੇ ਹਨ ਅਤੇ ਉਹ ਆਪਣੀ ਅਕਲ ਨਹੀਂ ਵਰਤਦੇ। ਅਕਲ ਨਾ ਵਰਤਣ ਨੂੰ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਉਹ ਸਿੱਖੀ ਸੇਧ ਆਖਦੇ ਹਨ ਤੇ ਅਕਲ ਵਰਤਣ ਨੂੰ ਮਨ ਮੱਤ। ਉਹ ਵਿਸ਼ਵਾਸ ਨਾਲ ਜੁੜਦੇ ਹਨ, ਸਤਿ ਨਾਲ ਨਹੀਂ। ਉਹ ਸਵਾਲ ਨਹੀਂ ਕਰਦੇ ਤਾਂ ਜੋ ਉਨ੍ਹਾਂ ਦਾ ਯਕੀਨ ਨਾ ਟੁੱਟੇ। ਉਨ੍ਹਾਂ ਨੂੰ ਡਰ ਰਹਿੰਦਾ ਹੈ ਕਿ ਯਕੀਨ ਭੰਗ ਹੋਣ ਨਾਲ ਉਹ ਸਿੱਖੀ ਤੋਂ ਭਟਕ ਜਾਣਗੇ। ਇਸ ਲਈ ਉਹ ਬਾਣੀ ਦੀ ਨਿਰਪੱਖ ਵਿਆਖਿਆ ਨਹੀਂ ਕਰਦੇ, ਸਗੋਂ ਸ਼ਰਧਾ 'ਤੇ ਚਲਦੇ ਹਨ। ਭਾਵ ਇਹ ਕਿ ਉਹ ਗੁਰਬਾਣੀ ਤੋਂ ਸੇਧ ਲੈ ਕੇ ਜੀਵਨ ਇਸ ਅਨੁਸਾਰ ਨਹੀਂ ਢਾਲਦੇ ਸਗੋਂ ਗੁਰਬਾਣੀ ਪੂਜਾ ਪਾਠ ਲਈ ਰੱਖ ਕੇ ਜੀਵਨ ਆਪਣੀ ਸੇਧ ਅਨੁਸਾਰ ਚਲਾਉਂਦੇ ਹਨ।

ਬੱਸ ਇੱਥੇ ਹੀ ਉਹ ਕੁਝ ਅਜਿਹਾ ਕਰ ਬੈਠਦੇ ਹਨ, ਜੋ ਉਨ੍ਹਾਂ ਨੂੰ ਸੱਚ ਤੋਂ ਦੂਰ ਲੈ ਜਾਂਦਾ ਹੈ। ਉਹ ਭੁੱਲ ਜਾਂਦੇ ਹਨ ਕਿ ਤਰਕ ਦਲੀਲ ਰਾਹੀਂ ਸਤਿ 'ਤੇ ਪਹੁੰਚਣਾ ਸਿੱਖੀ ਸਿਧਾਂਤ ਦਾ ਮੂਲ ਆਧਾਰ ਹੈ। ਸੋਚ ਦੇ ਇਹੀ ਮੁੱਲ ਭਾਵ ਸਵਾਲ, ਪਰਖ ਅਤੇ ਪ੍ਰਮਾਣ ਹੀ ਪਖੰਡ ਦਾ ਪਰਦਾ ਫਾਸ਼ ਕਰ ਸਕਦੇ ਹਨ ਤੇ ਕੂੜ ਨੂੰ ਨਕਾਰ ਸਕਦੇ ਹਨ। ਗੁਰੂ ਸਾਹਿਬ ਨੇ ਸਿੱਖੀ ਦੇ ਇਨ੍ਹਾਂ ਮੁੱਲਾਂ 'ਤੇ ਅਮਲ ਕਰਕੇ ਹੀ ਮਨੁੱਖਤਾ ਨੂੰ ਸਤਿ ਦਾ ਰਾਹ ਦਿਖਾਇਆ ਸੀ। ਇਨ੍ਹਾਂ ਮੁੱਲਾਂ ਵਿਚ ਉਨ੍ਹਾਂ ਦਾ ਪੱਕਾ ਯਕੀਨ ਸੀ ਤੇ ਉਨ੍ਹਾਂ ਨੇ ਹਰ ਸਿੱਖ ਲਈ ਅਜਿਹਾ ਕਰਨਾ ਜਰੂਰੀ ਦੱਸਿਆ ਸੀ। ਇਨ੍ਹਾਂ ਮੁੱਲਾਂ ਦੀ ਉਲੰਘਣਾ ਕਰਕੇ ਨਿਖੇਧਿਤ ਗੱਲਾਂ ਵਿਚ ਯਕੀਨ ਕਰਨਾ ਹੀ ਮਨ ਮੱਤ ਤੇ ਬ੍ਰਾਹਮਣਵਾਦ ਹੈ। ਗੁਰੂ ਸਾਹਿਬ ਨੇ ਤਰਕ ਦਲੀਲ ਦੀ ਜਾਚ ਦੇ ਕੇ ਆਪਣੇ ਸਿੱਖਾਂ ਨੂੰ ਇਸ ਸੋਚ ਵਿਚੋਂ ਬਾਹਰ ਕੱਢਿਆ ਸੀ, ਪਰ ਅਜੋਕੇ ਸਿੱਖ ਸਿੱਖੀ ਅਮਲ ਦੀਆਂ ਹੱਦਾਂ ਭੁੱਲ ਕੇ ਲੀਹ ਤੋਂ ਉਤਰ ਗਏ ਹਨ।

ਅਜਿਹੀ ਮਨ ਮੱਤ ਦਾ ਹੀ ਅਸਰ ਹੈ ਕਿ ਉਹ ਹਰ ਤੁਕ ਦੀ ਅਧਿਆਤਮਵਾਦੀ ਵਿਆਖਿਆ ਕਰਦੇ ਹਨ ਤੇ ਗੁਰੂ ਸਾਹਿਬ ਨੂੰ ਵੀ ਪ੍ਰਭੂ-ਭਗਤ ਸਾਬਤ ਕਰਨ ਦਾ ਯਤਨ ਕਰਦੇ ਹਨ। ਉਨ੍ਹਾਂ ਦੇ ਇਸ ਰੁਝਾਨ ਦੀ ਵੱਡੀ ਮਿਸਾਲ ਉਨ੍ਹਾਂ ਦੇ ਜਪੁਜੀ ਦੀ ਸੱਤਵੀਂ ਪਉੜੀ ਦਾ ਅਨੁਵਾਦ ਹੈ, ਪਰ ਇਸ ਨੂੰ ਵਿਚਾਰਨ ਤੋਂ ਪਹਿਲਾਂ ਇਸ ਪੂਰੀ ਪਉੜੀ 'ਤੇ ਝਾਤ ਪਾਉਣਾ ਜਰੂਰੀ ਹੈ,

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ
ਨਾਲਿ ਚਲੈ ਸਭੁ ਕੋਇ॥
ਚੰਗਾ ਨਾਉ ਰਖਾਇ ਕੈ
ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ
ਤ ਵਾਤ ਨ ਪੁਛੈ ਕੇ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥
ਨਾਨਕ ਨਿਰਗੁਣਿ ਗੁਣੁ ਕਰੇ
ਗੁਣਵੰਤਿਆ ਗੁਣੁ ਦੇ॥
ਤੇਹਾ ਕੋਇ ਨ ਸੁਝਈ
ਜਿ ਤਿਸੁ ਗੁਣੁ ਕੋਇ ਕਰੇ॥੭॥

ਇਸ ਪਉੜੀ ਵਿਚ ਗੁਰੂ ਸਾਹਿਬ ਪਿਛਲੀ ਪਉੜੀ ਦਾ ਹੀ ਉਪਦੇਸ਼ ਅੱਗੇ ਲੈ ਕੇ ਚਲਦੇ ਹਨ। ਪਿਛਲੀ ਪਉੜੀ ਵਿਚ ਉਨ੍ਹਾਂ ਨੇ ਤਰਕ-ਵਿਵੇਕ ਦੇ ਸਹਾਰੇ ਤੀਰਥ ਇਸ਼ਨਾਨ ਵਿਚ ਵਿਸ਼ਵਾਸ ਦਾ ਖੰਡਨ ਕੀਤਾ ਸੀ। ਇਨ੍ਹਾਂ ਗੁਣਾਂ ਸਦਕਾ ਹੀ ਉਨ੍ਹਾਂ ਨੇ 'ਸਭਨਾ ਜੀਆ ਕਾ ਇਕੁ ਦਾਤਾ' ਦਾ ਇਕ ਕੁਦਰਤੀ ਸਿਧਾਂਤ ਪਛਾਣਿਆ ਸੀ। ਇਸ ਪਉੜੀ ਵਿਚ ਉਹ ਤਰਕ, ਵਿਵੇਕ ਤੇ ਅਕਲ ਦਾ ਮਹੱਤਵ ਸਮਝਾਉਂਦੇ ਹਨ। ਉਹ ਇਕ ਮਿਸਾਲ ਰਾਹੀਂ ਦੱਸਦੇ ਹਨ ਕਿ ਜੇ ਕਿਸੇ ਵਿਅਕਤੀ ਦੀ ਉਮਰ ਬ੍ਰਹਿਮੰਡ ਦੇ ਚਾਰੇ ਯੁਗਾਂ ਜਿੱਡੀ ਹੋਵੇ ਤੇ ਜੇ ਇਸ ਤੋਂ ਵੀ ਵਧ ਕੇ ਇਹ ਦਸ ਗੁਣਾਂ ਹੋਰ ਹੋ ਜਾਵੇ। ਸ਼ਾਇਦ ਗੁਰੂ ਸਾਹਿਬ ਵੱਡੀ ਤੋਂ ਵੱਡੀ ਉਮਰ ਦੇ ਵਿਅਕਤੀ ਦੀ ਮਿਸਾਲ ਇਸ ਲਈ ਦਿੰਦੇ ਹਨ ਕਿ ਵੱਡੀ ਉਮਰ ਦੇ ਵਿਅਕਤੀ ਨੂੰ ਛੋਟੀ ਉਮਰ ਵਾਲੇ ਤੋਂ ਵੱਧ ਸਿਆਣਾ ਜਾਂ ਤਰਕ-ਵਿਵੇਕ ਵਾਲਾ ਮੰਨਿਆ ਜਾਂਦਾ ਹੈ। ਉਹ ਅੱਗੇ ਕਹਿੰਦੇ ਹਨ ਕਿ ਜੇ ਅਜਿਹਾ ਵੱਡੀ ਉਮਰ ਵਾਲਾ ਵਿਅਕਤੀ ਉਤੋਂ ਇਕ ਚੰਗਾ ਜਿਹਾ ਨਾਂ ਰੱਖ ਲਵੇ ਜਾਂ ਰਖਵਾ ਲਵੇ। ਇਹ ਚੰਗਾ ਨਾਂ ਕੋਈ ਵੀ ਹੋ ਸਕਦਾ ਹੈ, ਜਿਸ ਤੋਂ ਵਿਦਵਤਾ ਝਲਕਦੀ ਹੋਵੇ ਜਿਵੇਂ ਗਿਆਨ ਚੰਦ, ਵੇਦ ਪ੍ਰਕਾਸ਼, ਵਿਦਵਾਨ ਸਿੰਘ, ਲਿਆਕਤ ਅਲੀ ਜਾਂ ਫਿਰ 108 ਸਵਾਮੀ ਗਿਆਨੇਸ਼ਵਰਾਨੰਦ ਮਹਾਰਾਜ। ਤੇ ਫਿਰ ਉਹ ਚੰਗੇ ਨਾਮ ਵਾਲਾ ਵਿਅਕਤੀ ਸਾਰੇ ਸੰਸਾਰ ਵਿਚ ਪ੍ਰਸਿੱਧ ਹੋ ਕੇ ਨਾਮਣਾ ਖੱਟ ਲਵੇ ਤੇ ਇੰਨਾ ਹਰਮਨ ਪਿਆਰਾ ਹੋ ਜਾਵੇ ਕਿ ਸੰਸਾਰ ਦੇ ਹਰ ਖਿੱਤੇ ਦੇ ਲੋਕ ਉਸ ਨੂੰ ਜਾਣਦੇ ਹੋਣ ਤੇ ਉਸ ਦੇ ਆਖੇ ਉਹ ਸਾਰੇ ਹੀ ਉਸ ਨਾਲ ਉਠ ਤੁਰਨ ਨੂੰ ਤਿਆਰ ਹੋਣ।

ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਇੰਨਾ ਹੋਣ 'ਤੇ ਵੀ ਜੇ ਉਸ ਵਿਅਕਤੀ ਵਿਚ ਨਦਰਿ (objective observation) ਨਹੀਂ ਹੈ, ਭਾਵ ਉਹ ਬੇਲਾਗ ਨਜ਼ਰ ਨਾਲ ਦੇਖ ਜਾਂ ਸੋਚ ਨਹੀਂ ਸਕਦਾ, ਅਰਥਾਤ ਨਿਰੋਲ ਤਰਕ ਦਲੀਲ ਦੀ ਗੱਲ ਨਹੀਂ ਕਰ ਸਕਦਾ, ਤਾਂ ਉਹ ਕਿਸੇ ਕੰਮ ਦਾ ਨਹੀਂ ਹੈ। ਕੋਈ ਉਸ ਦੀ ਵਾਤ ਪੁੱਛੇਗਾ ਤੇ ਸੁਣੇਗਾ ਨਹੀਂ। ਲੋਕ ਉਸ ਨੂੰ ਕੀਟਾਂ ਵਿਚੋਂ ਕੀਟ ਭਾਵ ਭਮੱਕੜਾਂ ਵਿਚੋਂ ਸਭ ਤੋਂ ਛੋਟਾ ਭਮੱਕੜ ਸਮਝਣਗੇ। ਦੋਸ਼ੀ ਲੋਕ ਭੀ ਉਸ ਵਿਚ ਦੋਸ਼ ਕੱਢਣਗੇ ਭਾਵ ਗਲਤ ਵਿਅਕਤੀ ਵੀ ਉਸ ਦੀ ਸੋਚ ਵਿਚ ਨੁਕਸ ਕੱਢਣਗੇ।

ਗੁਰੂ ਨਾਨਕ ਆਪਣੇ ਆਪ ਨੂੰ ਸੰਬੋਧਨ ਕਰ ਕੇ ਇਹ ਗੱਲ ਦ੍ਰਿੜਾਉਂਦੇ ਹਨ ਕਿ ਹੇ ਨਾਨਕ, ਜਿਨ੍ਹਾਂ ਬੰਦਿਆਂ ਵਿਚ ਪਹਿਲਾਂ ਕੋਈ ਗੁਣ ਨਾ ਹੋਵੇ, ਉਨ੍ਹਾਂ ਵਿਚ ਗੁਣ ਪੈਦਾ ਕੀਤਾ ਜਾ ਸਕਦਾ ਹੈ ਤੇ ਜਿਨ੍ਹਾਂ ਵਿਚ ਕੁਝ ਗੁਣ ਹੋਣ, ਭਾਵ ਜੋ ਗੁਣਵੰਤੇ ਹੋਣ, ਉਨ੍ਹਾਂ ਨੂੰ ਵੀ ਹੋਰ ਗੁਣੀ ਬਣਾਇਆ ਜਾ ਸਕਦਾ ਹੈ, ਭਾਵ ਉਹ ਵੀ ਹੋਰ ਸਿਆਣੇ ਹੋ ਸਕਦੇ ਹਨ, ਪਰ ਸੰਸਾਰ ਵਿਚ ਐਸਾ ਉਸਤਾਦ ਮਿਲਣਾ ਅਸੰਭਵ ਹੈ, ਜੋ ਅਜਿਹੇ ਵਿਅਕਤੀ ਵਿਚ ਕੋਈ ਗੁਣ ਪੈਦਾ ਕਰ ਸਕਦਾ ਹੋਵੇ, ਜਿਹੜਾ ਨਦਰਿ-ਹੀਣ ਜਾਂ ਤਰਕ-ਵਿਵੇਕਹੀਣ ਹੋਵੇ। ਇਸ ਤਰ੍ਹਾਂ ਗੁਰੂ ਸਾਹਿਬ ਕਹਿੰਦੇ ਹਨ ਕਿ ਭਾਵੇਂ ਕੋਈ ਕਿੰਨਾ ਵੀ ਯਤਨ ਕਿਉਂ ਨਾ ਕਰ ਲਵੇ, ਇਕ ਵਿਸ਼ਵਾਸ-ਗ੍ਰਸਤ ਵਿਅਕਤੀ ਵਿਚ ਬੁੱਧੀ-ਮਤਾ ਦਾ ਸੰਚਾਰ ਕਰ ਸਕਣਾ ਅਤਿ-ਮੁਸ਼ਕਿਲ ਕਾਰਜ ਹੈ। ਇਸ ਨਿਯਮ ਅਨੁਸਾਰ ਆਮ ਸ਼ਰਧਾਲੂ ਤਾਂ ਭਾਵੇਂ ਸਿੱਖੀ ਦੇ ਕੁਝ ਗੁਣ ਗ੍ਰਹਿਣ ਕਰ ਸਕਣ, ਪਰ ਉਨ੍ਹਾਂ ਸਿੱਖ ਵਿਦਵਾਨਾਂ 'ਤੇ ਸਿੱਖੀ ਸੋਚ ਦਾ ਕੋਈ ਗੁਣ ਨਹੀਂ ਚੜ੍ਹ ਸਕਦਾ, ਜਿਨ੍ਹਾਂ ਦੀ ਸੋਚ 'ਤੇ ਪਹਿਲਾਂ ਹੀ ਬ੍ਰਾਹਮਣਵਾਦ ਦੀ ਪਾਣ ਚੜ੍ਹੀ ਹੋਈ ਹੋਵੇ।

ਗੁਰੂ ਸਾਹਿਬ ਨੇ ਜਿੱਥੇ ਵੀ ਇਹ ਗੱਲ ਦੁਹਰਾਈ ਹੈ, ਉਥੇ ਇਹੀ ਦੱਸਿਆ ਹੈ ਕਿ ਬਿਨਾ ਸੋਚ ਵਿਚਾਰ ਤੋਂ ਕਿਸੇ ਗੱਲ 'ਤੇ ਯਕੀਨ ਕਰਨਾ ਮੂਰਖਤਾ ਹੈ। ਸਿੱਖੀ ਸਿਧਾਂਤ ਹੀ ਇਹ ਹੈ ਕਿ ਹਰ ਗੱਲ ਨੂੰ ਮੰਨਣ ਤੋਂ ਪਹਿਲਾਂ ਉਸ ਨੂੰ ਵਿਚਾਰ ਵਟਾਂਦਰੇ ਤੇ ਪ੍ਰੀਖਣ ਰਾਹੀਂ ਪੂਰੀ ਤਰ੍ਹਾਂ ਅਜਮਾ ਲਿਆ ਜਾਵੇ। ਜੇ ਸੋਚ ਹੀ ਪੁੱਠੇ ਪਾਸੇ ਜਾਂਦੀ ਹੋਵੇ ਤਾਂ ਵਿਸ਼ਵਾਸ ਵਿਚ ਸਿਰ ਝੁਕਾਉਣ ਦਾ ਕੋਈ ਫਾਇਦਾ ਨਹੀਂ; ਪਰ ਜਿਨ੍ਹਾਂ ਦੀ ਸੋਚ ਦਾ ਸੋਮਾ ਅਰੰਭ ਤੋਂ ਹੀ ਅੰਧਵਿਸ਼ਵਾਸ ਰਿਹਾ ਹੋਵੇ, ਉਨ੍ਹਾਂ ਵਿਚੋਂ ਇਸ ਸੋਚ ਨੂੰ ਖਤਮ ਕਰਨਾ ਭਾਵ ਤਰਕ-ਵਿਵੇਕ ਪੈਦਾ ਕਰਨਾ ਕਠਿਨ ਹੈ। ਜੇ ਇਸ ਵਿਚਾਰ ਨੂੰ ਵਿਗਿਆਨ ਦੇ ਪੱਖ ਤੋਂ ਵਿਚਾਰਿਆ ਜਾਵੇ ਤਾਂ ਇਹ ਬਿਲਕੁਲ ਸਹੀ ਸਾਬਤ ਹੁੰਦਾ ਹੈ। ਜਿਨ੍ਹਾਂ ਲੋਕਾਂ ਦੇ ਮਨਾਂ ਵਿਚ ਬਚਪਨ ਤੋਂ ਵਿਸ਼ਵਾਸ ਰਾਹੀਂ ਕੋਈ ਗੱਲ ਭਰ ਦਿੱਤੀ ਗਈ ਹੋਵੇ, ਉਹ ਸਾਰੀ ਉਮਰ ਉਥੋਂ ਨਹੀਂ ਨਿਕਲਦੀ।

ਹਿੰਦੂ ਹਮੇਸ਼ਾ ਹਿੰਦੂ, ਮੁਸਲਮਾਨ ਹਮੇਸ਼ਾ ਮੁਸਲਮਾਨ ਤੇ ਸਿੱਖ ਹਮੇਸ਼ਾ ਸਿੱਖ ਬਣੇ ਰਹਿੰਦੇ ਹਨ। ਸਭ ਨਾ ਸਿਰਫ ਆਪਣੇ ਆਪਣੇ ਧਰਮ ਵਿਚ ਵਿਸ਼ਵਾਸ ਕਰਦੇ ਹਨ, ਸਗੋਂ ਆਪਣੇ ਧਰਮ ਅਨੁਸਾਰ ਹੀ ਦਲੀਲਾਂ ਦਿੰਦੇ ਹਨ। ਕੋਈ ਆਪਣਾ ਧਰਮ ਛੱਡਣ ਨੂੰ ਤਿਆਰ ਨਹੀਂ ਹੁੰਦਾ ਤੇ ਜੇ ਕੋਈ ਕਿਸੇ ਮਜ਼ਬੂਰੀ ਵਸ ਅਜਿਹਾ ਕਰ ਵੀ ਲੈਂਦਾ ਹੈ ਤਾਂ ਮੌਕਾ ਮਿਲਦੇ ਹੀ ਵਾਪਸ ਘਰ ਪਰਤ ਜਾਂਦਾ ਹੈ। ਗਰਾਮੋਫੋਨ ਦੇ ਤਵੇ ਵਾਂਗੂੰ ਜੋ ਅਵਾਜ਼ ਉਸ ਵਿਚ ਪਹਿਲੀ ਉਮਰੇ ਭਰ ਦਿੱਤੀ ਜਾਂਦੀ ਹੈ, ਉਹ ਸਾਰੀ ਉਮਰ ਉਹੀ ਬੋਲਦਾ ਚਲਾ ਜਾਂਦਾ ਹੈ। ਜੋ ਤਵਾ ਭਰਿਆ ਨਾ ਹੋਵੇ, ਉਹ ਭਰਿਆ ਜਾ ਸਕਦਾ ਹੈ; ਜੋ ਅੱਧ-ਪਚੱਧਾ ਭਰਿਆ ਹੋਵੇ, ਉਸ ਨੂੰ ਹੋਰ ਭਰ ਕੇ ਪੂਰਾ ਕੀਤਾ ਜਾ ਸਕਦਾ ਹੈ, ਪਰ ਜੋ ਬੇਥਵੀਆਂ ਗੱਲਾਂ ਨਾਲ ਪਹਿਲਾਂ ਹੀ ਭਰਿਆ ਪਿਆ ਹੈ, ਉਸ ਉਤੇ ਤਰਕ ਦੀ ਅਵਾਜ਼ ਕਦੇ ਨਹੀਂ ਚੜ੍ਹਾਈ ਜਾ ਸਕਦੀ। ਉਹ ਤਾਂ ਹਮੇਸ਼ਾ ਓਹੀ ਬੋਲੇਗਾ, ਜੋ ਉਸ ਉਤੇ ਉਕਰੀ ਗਈ ਹੈ। ਜਿਸ ਰਿਕਾਰਡ ਉਤੇ ਮਾਤਾ ਦੀਆਂ ਭੇਟਾਂ ਚੜ੍ਹੀਆਂ ਹਨ, ਉਹ ਭੇਟਾਂ ਗਾਵੇਗਾ; ਜਿਸ ਉਤੇ ਨਬੀ ਦੀਆਂ ਨਾਤਾਂ ਹਨ, ਉਹ ਉਨ੍ਹਾਂ ਦਾ ਗਾਇਨ ਕਰੇਗਾ ਅਤੇ ਜਿਸ ਉਤੇ ਸ਼ਬਦ ਕੀਰਤਨ ਭਰਿਆ ਹੈ, ਉਹ ਸ਼ਬਦ ਕੀਰਤਨ ਸੁਣਾਏਗਾ। ਜਿਸ ਨੂੰ ਜਿਹੜੇ ਥਾਂ ਮਰਜੀ ਵਜਾਓ, ਉਸ ਵਿਚੋਂ ਉਹੀ ਅਵਾਜ਼ ਨਿਕਲੇਗੀ, ਜੋ ਉਸ ਵਿਚ ਭਰੀ ਹੋਈ ਹੈ।

> ***ਸਿੱਖੀ ਸਿਧਾਂਤ ਹੀ ਇਹ ਹੈ ਕਿ ਹਰ ਗੱਲ ਨੂੰ ਮੰਨਣ ਤੋਂ ਪਹਿਲਾਂ ਉਸ ਨੂੰ ਵਿਚਾਰ ਵਟਾਂਦਰੇ ਤੇ ਪ੍ਰੀਖਣ ਰਾਹੀਂ ਪੂਰੀ ਤਰ੍ਹਾਂ ਅਜਮਾ ਲਿਆ ਜਾਵੇ। ਜੇ ਸੋਚ ਹੀ ਪੁੱਠੇ ਪਾਸੇ ਜਾਂਦੀ ਹੋਵੇ ਤਾਂ ਵਿਸ਼ਵਾਸ ਵਿਚ ਸਿਰ ਝੁਕਾਉਣ ਦਾ ਕੋਈ ਫਾਇਦਾ ਨਹੀਂ; ਪਰ ਜਿਨ੍ਹਾਂ ਦੀ ਸੋਚ ਦਾ ਸੋਮਾ ਅਰੰਭ ਤੋਂ ਹੀ ਅੰਧਵਿਸ਼ਵਾਸ ਰਿਹਾ ਹੋਵੇ, ਉਨ੍ਹਾਂ ਵਿਚੋਂ ਇਸ ਸੋਚ ਨੂੰ ਖਤਮ ਕਰਨਾ ਭਾਵ ਤਰਕ-ਵਿਵੇਕ ਪੈਦਾ ਕਰਨਾ ਕਠਿਨ ਹੈ। ਜੇ ਇਸ ਵਿਚਾਰ ਨੂੰ ਵਿਗਿਆਨ ਦੇ ਪੱਖ ਤੋਂ ਵਿਚਾਰਿਆ ਜਾਵੇ ਤਾਂ ਇਹ ਬਿਲਕੁਲ ਸਹੀ ਸਾਬਤ ਹੁੰਦਾ ਹੈ। ਜਿਨ੍ਹਾਂ ਲੋਕਾਂ ਦੇ ਮਨਾਂ ਵਿਚ ਬਚਪਨ ਤੋਂ ਵਿਸ਼ਵਾਸ ਰਾਹੀਂ ਕੋਈ ਗੱਲ ਭਰ ਦਿੱਤੀ ਗਈ ਹੋਵੇ, ਉਹ ਸਾਰੀ ਉਮਰ ਉਥੋਂ ਨਹੀਂ ਨਿਕਲਦੀ।***

ਮੌਜੂਦਾ ਪਉੜੀ ਦੇ ਅਰਥ ਬਹੁਤ ਸਾਰੇ ਵਿਦਵਾਨਾਂ ਨੇ ਕੀਤੇ ਹਨ, ਪਰ ਸਭਨਾਂ ਦੇ ਅਰਥ ਕੁਝ ਸ਼ਬਦਾਂ ਦੇ ਹੇਰ-ਫੇਰ ਨਾਲ ਇਕੋ ਤਰ੍ਹਾਂ ਦੇ ਹਨ। ਚਾਹੇ ਉਹ ਪ੍ਰੋ. ਸਾਹਿਬ ਸਿੰਘ ਹੋਵੇ, ਚਾਹੇ ਰਜਨੀਸ਼ ਓਸ਼ੋ, ਚਾਹੇ ਗੋਪਾਲ ਸਿੰਘ, ਚਾਹੇ ਗੁਰਭਗਤ ਸਿੰਘ ਤੇ ਚਾਹੇ ਸੰਤ ਸਿੰਘ ਖਾਲਸਾ-ਸਭ ਇਕੋ ਜਿਹੀ ਗੱਲ ਕਹਿੰਦੇ ਹਨ। ਉਹ ਇਸ ਦੀ ਵਿਆਖਿਆ ਕਰਦੇ ਲਿਖਦੇ ਹਨ, "ਚਾਹੇ ਤੁਹਾਡੀ ਉਮਰ ਚਾਰੇ ਜੁਗਾਂ ਜਿੱਡੀ ਹੋਵੇ ਤੇ ਇਹ ਇਸ ਤੋਂ ਵੀ ਦਸ ਗੁਣਾ ਵੱਧ ਹੋ ਜਾਵੇ, ਚਾਹੇ ਤੁਸੀਂ ਪ੍ਰਿਥਵੀ ਦੇ ਨੌਂਆਂ ਖੰਡਾਂ ਵਿਚ ਜਾਣੇ ਜਾਂਦੇ ਹੋਵੋ ਤੇ ਸਭ ਲੋਕ ਤੁਹਾਡੇ ਨਾਲ ਉਠ ਚੱਲਣ ਨੂੰ ਤਿਆਰ ਹੋਣ ਅਤੇ ਚਾਹੇ ਤੁਸੀਂ ਚੰਗਾ ਜਿਹਾ ਨਾਮ ਰਖਵਾ ਕੇ ਸਾਰੇ ਜੱਗ ਵਿਚ ਨਾਮਣਾ ਖੱਟ ਲਵੋ, ਪਰ ਜੇ ਤੁਸੀਂ ਪਰਮਾਤਮਾ ਦੀ ਮਿਹਰ ਭਰੀ ਨਜ਼ਰ ਹੇਠ ਨਾ ਆਏ, ਭਾਵ ਤੁਹਾਡੇ 'ਤੇ ਰੱਬ ਦੀ ਕਿਰਪਾ ਦ੍ਰਿਸ਼ਟੀ ਨਾ ਹੋਈ, ਤਾਂ ਕੋਈ ਤੁਹਾਡੀ ਗੱਲ ਵੀ ਨਹੀਂ ਸੁਣੇਗਾ। ਤੁਸੀਂ ਕੀੜਿਆਂ ਦੇ ਕੀੜੇ ਸਮਝੇ ਜਾਓਗੇ ਤੇ ਪਾਪੀ ਲੋਕ ਵੀ ਤੁਹਾਨੂੰ ਪਾਪੀ ਕਹਿਣਗੇ। ਗੁਰੂ ਨਾਨਕ ਜੀ ਕਹਿੰਦੇ ਹਨ ਕਿ ਪਰਮਾਤਮਾ ਗੁਣ-ਰਹਿਤ ਵਿਅਕਤੀਆਂ ਨੂੰ ਗੁਣ ਦਿੰਦਾ ਹੈ ਤੇ ਗੁਣਵਾਨਾਂ ਨੂੰ ਹੋਰ ਗੁਣਵਾਨ ਬਣਾ ਦਿੰਦਾ ਹੈ, ਪਰ ਐਸਾ ਕੋਈ ਬੰਦਾ ਨਹੀਂ ਹੈ, ਜੋ ਪਰਮਾਤਮਾ ਵਿਚ ਕੋਈ ਗੁਣ ਪੈਦਾ ਕਰ ਸਕਦਾ ਹੋਵੇ ਭਾਵ ਪਰਮਾਤਮਾ ਪਹਿਲਾਂ ਹੀ ਸਰਬਕਲਾ ਸੰਪੂਰਣ ਤੇ ਸਰਬ ਸ਼ਕਤੀਮਾਨ ਹੈ।"

ਜੇ ਵਿਦਵਾਨਾਂ ਦੀ ਇਸ ਵਿਆਖਿਆ ਨੂੰ ਨਿਰਪੱਖ ਹੋ ਕੇ ਵਿਚਾਰਿਆ ਜਾਵੇ ਤਾਂ ਇਹ ਬਿਲਕੁਲ ਹੀ ਤਰਕਹੀਣ ਤੇ ਅਰਥਹੀਣ ਜਾਪੇਗੀ। ਪਹਿਲੀ ਗੱਲ ਇਹ ਕਿ ਗੁਰੂ ਸਾਹਿਬ ਨੇ ਇਸ ਪਉੜੀ ਵਿਚ ਤਾਂ ਕੀ, ਸਾਰੇ ਜਪੁਜੀ ਵਿਚ ਕਿਤੇ ਵੀ ਪਰਮਾਤਮਾ ਜਾਂ ਰੱਬ ਦਾ ਜ਼ਿਕਰ ਤੀਕ ਨਹੀਂ ਕੀਤਾ, ਫਿਰ ਵਿਦਵਾਨਾਂ ਨੇ ਇਹ ਸ਼ਬਦ ਕਿੱਥੋਂ ਲੈ ਆਂਦਾ? ਜੇ ਹੋਵੇ ਤਾਂ ਕਿਸੇ ਨੂੰ ਮੰਨਣ ਵਿਚ ਕੋਈ ਇਤਰਾਜ਼ ਨਹੀਂ, ਪਰ ਜੇ ਹੈ ਹੀ ਨਹੀਂ ਤਾਂ ਇਸ ਨੂੰ ਬਦੋ-ਬਦੀ ਲਿਆਉਣਾ ਭਰਮ ਪੈਦਾ ਕਰਦਾ ਹੈ।

ਇੱਥੇ ਗੱਲ ਸੰਜੀਦਾ ਹੈ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਪਉੜੀ ਦੇ ਅਰਥ ਹੀ ਬਦਲੇ ਜਾਂਦੇ ਹਨ। ਲਗਦਾ ਹੈ ਕਿ ਇਹ ਸ਼ਬਦ ਸਿੱਖ ਵਿਦਵਾਨਾਂ ਦੀ ਸੋਚ ਵਿਚ ਪਹਿਲਾਂ ਤੋਂ ਹੀ ਪਏ ਹੋਏ ਸਨ, ਜੋ ਜਰਾ ਕੁ ਮੌਕਾ ਮਿਲਦੇ ਹੀ ਆਪ ਮੁਹਾਰੇ ਬਾਹਰ ਨਿਕਲ ਆਏ। ਸ਼ਾਇਦ ਉਹ ਇਨ੍ਹਾਂ ਸ਼ਬਦਾਂ ਨੂੰ ਵਰਤੇ ਬਿਨਾ ਇਸ ਪਉੜੀ ਦੀ ਵਿਆਖਿਆ ਕਰ ਹੀ ਨਹੀਂ ਸਕਦੇ।

ਦੂਜੀ ਗੱਲ ਇਹ ਹੈ ਕਿ ਇੱਥੇ ਜੋ 'ਤਿਸ' ਅਤੇ 'ਨਦਰਿ' ਸ਼ਬਦ ਗੁਰੂ ਸਾਹਿਬ ਨੇ ਉਸ ਲੰਮੇਰੀ ਉਮਰ ਵਾਲੇ ਤਰਕਹੀਣ ਵਿਅਕਤੀ ਬਾਰੇ ਵਰਤੇ ਹਨ, ਉਹ ਸ਼ਬਦ ਇਨ੍ਹਾਂ ਵਿਦਵਾਨਾਂ ਨੇ 'ਰੱਬ' ਲਈ ਵਰਤ ਕੇ ਕੰਮ ਚਲਾਇਆ ਹੈ। ਜਿਸ ਪਰਮ-ਸਤਿ ਨੂੰ ਗੁਰੂ ਸਾਹਿਬ ਨੇ ਮੂਲਮੰਤਰ ਵਿਚ ਲੱਭਣ ਹੇਤ ਛੱਡ ਕੇ ਨਾਮ ਵੀ ਨਹੀਂ ਦਿੱਤਾ, ਉਸ ਦਾ ਇਨ੍ਹਾਂ ਨੇ ਆਪਣੇ ਕੋਲੋਂ ਹੀ ਨਾਮ ਵੀ ਰੱਖ ਲਿਆ ਤੇ ਉਸ ਨੂੰ ਦਇਆ-ਦ੍ਰਿਸ਼ਟੀ ਵੀ ਦੇ ਦਿੱਤੀ। ਹੱਥਾਂ 'ਤੇ ਸਰ੍ਹੋਂ ਜਮਾਉਣ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਕਿ ਜਿਸ ਪਰਮ-ਸਤਿ ਦੀ ਭਾਲ ਲਈ ਪਿਛਲੀ ਪਉੜੀ ਵਿਚ ਗੁਰੂ ਸਾਹਿਬ ਨੇ ਤੀਰਥ ਇਸ਼ਨਾਨ ਨੂੰ ਵਿਅਰਥ ਦੱਸਿਆ, ਉਸ ਨੂੰ ਇਨ੍ਹਾਂ ਵਿਦਵਾਨਾਂ ਨੇ ਇਸ ਪਉੜੀ ਵਿਚ ਲੱਭਿਆ ਹੋਇਆ ਦੱਸ ਦਿੱਤਾ!

ਵਿਦਵਾਨਾਂ ਦਾ ਤੀਜਾ ਕੌਤਕ ਇਹ ਕਿ ਸ੍ਰਿਸ਼ਟੀ ਦੇ ਜਿਸ ਕਾਰਕ ਨੂੰ ਗੁਰੂ ਸਾਹਿਬ ਨੇ 'ਅਜੂਨੀ' ਦੱਸਿਆ ਹੈ, ਇਨ੍ਹਾਂ ਨੇ ਉਸ ਨੂੰ ਸਜੀਵ ਬਣਾ ਦਿੱਤਾ ਤੇ ਉਸ ਨੂੰ ਮਿਹਰ ਭਰੀ 'ਨਦਰਿ' ਵੀ ਦੇ ਦਿੱਤੀ। ਇਹ ਵਿਦਵਾਨ ਉਦੋਂ ਤਾਂ ਅਕਲ ਦੀ ਸੀਮਾ ਹੀ ਪਾਰ ਕਰ ਜਾਂਦੇ ਹਨ, ਜਦੋਂ ਕਹਿੰਦੇ ਹਨ ਕਿ ਜਿਨ੍ਹਾਂ ਮਨੁੱਖਾਂ ਉਤੇ ਉਸ (ਰੱਬ) ਦੀ ਕਿਰਪਾ ਦ੍ਰਿਸ਼ਟੀ ਨਾ ਪਵੇ, ਉਹ ਪਾਪੀ ਬਣ ਜਾਂਦੇ ਹਨ ਤੇ ਫਿਰ ਉਨ੍ਹਾਂ ਦੀ ਕੋਈ ਸਾਰ ਨਹੀਂ ਲੈਂਦਾ! ਜੇ ਉਨ੍ਹਾਂ ਦੀ ਇਹੀ ਗੱਲ ਮੰਨ ਲਈ ਜਾਵੇ ਤਾਂ ਬਾਕੀ ਦੇ ਜਪੁਜੀ ਨੂੰ ਪੜ੍ਹਨ ਦੀ ਲੋੜ ਹੀ ਨਹੀਂ, ਕਿਉਂਕਿ ਉਸ ਵਿਚ ਵੀ ਇਹੋ ਕੁਝ ਲਿਖਿਆ ਹੋਵੇਗਾ!

ਵਿਚਾਰਿਆਂ ਪਤਾ ਲਗਦਾ ਹੈ ਕਿ ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਪ੍ਰਚਾਰਕਾਂ ਵਲੋਂ ਗੁਰੂ ਸਾਹਿਬ ਦੀ ਬਾਣੀ ਵਿਚ ਮਨ-ਮਰਜੀ ਦੇ ਅਰਥ ਪਾਉਣ ਦਾ ਮੁੱਖ ਉਦੇਸ਼ ਆਮ ਸਿੱਖ ਸ਼ਰਧਾਲੂਆਂ ਦੇ ਮਨਾਂ ਵਿਚ ਭੈ ਪੈਦਾ ਕਰਨਾ ਹੈ। ਜੋ ਸਿੱਧੀ ਸਾਦੀ ਆਮ ਸਮਝ ਵਿਚ ਆਉਣ ਵਾਲੀ ਗੱਲ ਗੁਰੂ ਸਾਹਿਬ ਨੇ ਸਿੱਖ ਸ਼ਰਧਾਲੂਆਂ ਦੀ ਅਕਲ ਜਗਾਉਣ ਲਈ ਲਿਖੀ ਸੀ, ਉਸੇ ਦੀ ਚਤੁਰ ਵਰਤੋਂ ਨਾਲ ਇਹ ਵਿਦਵਾਨ ਉਨ੍ਹਾਂ ਦੀ ਸੋਚ ਨੂੰ ਤਾਲੇ ਲਾਉਣ ਦਾ ਕੰਮ ਕਰਦੇ ਹਨ। ਸਭ ਜਾਣਦੇ ਹਨ ਕਿ ਇਸ ਸਮਾਜ ਵਿਚ ਮਾਨਸਿਕ ਸ਼ੋਸ਼ਣ ਤੋਂ ਮਾਇਕ ਸ਼ੋਸ਼ਣ ਕੋਈ ਬਹੁਤਾ ਦੂਰ ਨਹੀਂ। ਇਸ ਲਈ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਗੁਰਬਾਣੀ ਵਿਚ ਇਸ ਤਰ੍ਹਾਂ ਦੇ ਅਰਥ ਕਿਹੜੇ ਹਿੱਤਾਂ ਦੀ ਪੂਰਤੀ ਲਈ ਭਰੇ ਜਾਂਦੇ ਹਨ।

ਕਹਿਣ ਨੂੰ ਵਿਦਵਾਨ ਲੋਕਾਂ ਨੂੰ ਗੁਰੂ ਨਾਲ ਜੋੜਦੇ ਹਨ, ਪਰ ਪ੍ਰਚਾਰ ਆਪਣੇ 'ਭਾਉ' ਦਾ ਭਾਵ ਆਪਣੇ ਸਵਾਰਥ ਦਾ ਕਰਦੇ ਹਨ। ਇਸ ਗਿਆਨ ਵਿਰੋਧੀ ਗਤੀਵਿਧੀ ਨਾਲ ਇਹ ਵਿਦਵਾਨ ਨਾ ਸਿਰਫ ਆਪ ਹੀ ਗੁਰੂ ਸਾਹਿਬ ਦੀ ਸਿੱਖੀ ਸੋਚ ਤੋਂ ਵਾਂਝੇ ਹੋ ਜਾਂਦੇ ਹਨ, ਸਗੋਂ ਆਮ ਸਿੱਖ ਸ਼ਰਧਾਲੂ ਨੂੰ ਵੀ ਇਸ ਤੋਂ ਪਰ੍ਹੇ ਲੈ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਹ ਪਰਪੰਚ ਉਹ ਆਪਣੇ ਹੀ ਗੁਰੂ ਦੇ ਪੁਨਰ-ਜਾਗ੍ਰਿਤੀ ਅੰਦੋਲਨ ਖਿਲਾਫ ਚਲਾਉਂਦੇ ਹਨ।

ਇਹ ਇੱਕਲੇ ਸਿੱਖ ਜਗਤ ਲਈ ਨਹੀਂ ਸਗੋਂ ਪੂਰੀ ਮਾਨਵਤਾ ਲਈ ਬੜੇ ਮਾਣ ਦੀ ਗੱਲ ਹੈ ਕਿ ਗੁਰੂ ਨਾਨਕ ਨੇ ਅਤਿ-ਹਨੇਰੇ ਸਮਿਆਂ ਵਿਚ ਕਰਮ-ਕਾਂਡੀ ਤੇ ਮਿਥਿਹਾਸਕ ਸੋਚ ਤਿਆਗ ਕੇ ਤਰਕ-ਵਿਵੇਕ ਦੀ ਵਿਚਾਰਧਾਰਾ ਅਪਨਾਉਣ ਦਾ ਉਪਦੇਸ਼ ਦਿੱਤਾ। ਅਗਿਆਨ ਦੇ ਉਸ ਦੌਰ ਵਿਚ ਉਨ੍ਹਾਂ ਨੇ ਬ੍ਰਾਹਮਣਵਾਦੀ ਕੂੜ ਪ੍ਰਚਾਰ ਤੇ ਰੌਲੇ ਗੌਲੇ ਨੂੰ ਇਕ ਪਾਸੇ ਕਰ ਕੇ ਆਪਣੇ ਆਪ ਨੂੰ ਸੱਚ ਨਾਲ ਜੋੜਿਆ। ਸੱਚ ਦੀ ਖੋਜ ਰਾਹੀਂ ਸਚਿਆਰਾ ਬਣਨ ਦੀ ਸਿੱਖ-ਵਿਧੀ ਪਛਾਣੀ। ਉਨ੍ਹਾਂ ਨੇ ਇਹ ਜਾਗਰੂਕ ਵਿਧੀ ਆਪ ਅਪਨਾਈ ਤੇ ਇਸ ਦਾ ਦੂਰ ਦੂਰ ਜਾ ਕੇ ਲੋਕਾਂ ਵਿਚ ਪ੍ਰਚਾਰ ਕੀਤਾ। ਇਸ ਵਿਧੀ ਨੂੰ ਸਹੀ ਤੌਰ 'ਤੇ ਜਨ ਸਾਧਾਰਨ ਤੀਕ ਪਹੁੰਚਾਉਣ ਲਈ ਉਨ੍ਹਾਂ ਨੇ ਸਿਧਾਂਤਕ ਬਾਣੀ 'ਜਪੁਜੀ' ਦੀ ਸਿਰਜਣਾ ਕੀਤੀ ਤੇ ਆਪਣੇ ਸ਼ਰਧਾਲੂਆਂ ਨੂੰ ਇਹ ਪੜ੍ਹਨ ਲਈ ਉਤਸ਼ਾਹਿਤ ਕੀਤਾ। ਇਸ ਲਈ ਅਜੋਕੇ ਸਿੱਖ ਵਿਦਵਾਨਾਂ ਤੇ ਸਾਰੇ ਪੁਜਾਰੀ ਤਬਕੇ ਦਾ ਇਹ ਫਰਜ਼ ਬਣਦਾ ਹੈ ਕਿ ਉਹ ਜਪੁਜੀ ਦਾ ਠੀਕ ਅਧਿਐਨ ਕਰਕੇ ਗੁਰਬਾਣੀ ਦੀ ਥਾਹ ਪਾਉਣ, ਪਰ ਉਹ ਹਨ ਕਿ ਇਸ ਦੀ ਉਲਟ ਵਿਆਖਿਆ ਰਾਹੀਂ ਜਪੁਜੀ ਦੇ ਅਰਥ ਹੀ ਬਦਲ ਰਹੇ ਹਨ!

ਕਾਸ਼! ਪੰਜਾਬੀ ਬੋਲੀ ਵਿਚ ਵੀ ਅੰਗਰੇਜ਼ੀ ਦੇ ਸ਼ਬਦ 'ਬਾਇਸ' (bias) ਜਿਹਾ ਕੋਈ ਖਰਾ ਢੁਕਵਾਂ ਸ਼ਬਦ ਪ੍ਰਚਲਿਤ ਹੁੰਦਾ, ਜਿਸ ਨਾਲ ਸਮੁੱਚੀ ਗੁਰਬਾਣੀ, ਖਾਸ ਕਰ ਇਸ ਪਉੜੀ ਦੀ ਵਿਆਖਿਆ ਆਸਾਨ ਹੋ ਜਾਂਦੀ। ਇਸ ਸ਼ਬਦ ਦਾ ਮੋਟਾ ਅਰਥ 'ਝੁਕਾਉ' ਜਾਂ 'ਉਲਾਰ' ਹੈ ਤੇ ਵਿਪਰੀਤ ਅਰਥ ਨਿਰਲੇਪ ਜਾਂ ਨਿਰਪੱਖ। ਇਹ ਸ਼ਬਦ ਭਾਵੇਂ ਅੰਗਰੇਜ਼ੀ ਸ਼ਬਦ ਬਾਇਸ ਦੇ ਇੰਨ ਬਿੰਨ ਪੂਰਕ ਨਹੀਂ ਹਨ, ਪਰ ਫਿਰ ਵੀ ਕੁਝ ਕੰਮ ਚਲਾ ਸਕਦੇ ਹਨ। ਹੋਰ ਗੱਲਾਂ ਤੋਂ ਇਲਾਵਾ ਗੁਰੂ ਸਾਹਿਬ ਨੇ ਇਸ ਪਉੜੀ ਵਿਚ ਨਿਰਪੱਖ ਸੋਚ ਦਾ ਸੰਕਲਪ ਦਿੱਤਾ ਹੈ। ਨਿਰਪੱਖ ਸੋਚ ਦਾ ਭਾਵ ਹੈ, ਬੇਲਾਗ ਹੋ ਕੇ ਵਿਚਾਰ ਕਰ ਸਕਣ ਦੀ ਸਮਰੱਥਾ।

ਗੁਰਬਾਣੀ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਅਜਿਹੇ ਪੰਜ ਮੁੱਖ ਪ੍ਰਭਾਵ ਹਨ, ਜੋ ਮਨੁੱਖੀ ਸੋਚ ਵਿਚ ਡੋਲ (bias) ਪੈਦਾ ਕਰ ਕੇ ਨਿਰਪੱਖਤਾ ਭੰਗ ਕਰਦੇ ਹਨ। ਇਹ ਪੰਜੇ ਪ੍ਰਭਾਵ ਤਰਕ-ਵਿਵੇਕ ਦੇ ਦੁਸ਼ਮਣ ਮੰਨੇ ਜਾਂਦੇ ਹਨ। ਇਨ੍ਹਾਂ ਦੇ ਅਸਰ ਹੇਠ ਮਨੁੱਖੀ ਸੋਚ ਤਰਕ ਦਲੀਲ ਦੇ ਰਾਹ 'ਤੇ ਨਹੀਂ ਚਲ ਸਕਦੀ ਤੇ ਸੱਚ ਦੀ ਸੇਧ ਵਿਚ ਨਹੀਂ ਜਾ ਸਕਦੀ। ਗੁਰੂ ਸਾਹਿਬ ਨੇ ਨਿਰਪੱਖ ਸੋਚ ਲਈ 'ਨਦਰਿ' ਭਾਵ ਬੇਲਾਗ ਨਜ਼ਰ ਜਾਂ ਨਿਰਪੱਖ ਦ੍ਰਿਸ਼ਟੀ (unbiased look or objective observation) ਦਾ ਸ਼ਬਦ ਵਰਤਿਆ ਹੈ। ਨਦਰਿ ਮਨੁੱਖੀ ਮਨ ਦੀ ਪ੍ਰਭਾਵ-ਮੁਕਤ ਰਹਿ ਕੇ ਸਹੀ ਸਹੀ ਸੋਚਣ ਦੀ ਕਾਬਲੀਅਤ ਹੈ। ਇਹ ਉਲਾਰ ਪੈਦਾ ਕਰਨ ਵਾਲੇ ਪ੍ਰਭਾਵਾਂ ਤੋਂ ਸੁਤੰਤਰ ਹੋ ਕੇ ਅਰਥਾਤ ਪਰ੍ਹਾਂ ਹਟ ਕੇ ਦੇਖਣ ਦੀ ਪ੍ਰਕ੍ਰਿਆ ਹੈ।

ਹਰ ਮਾਂ ਲਈ ਆਪਣਾ ਬੱਚਾ ਧੀ ਜਾਂ ਪੁੱਤਰ ਹੈ, ਜਿਸ ਦਾ ਉਹ ਆਪ ਕਦੇ ਕਸੂਰ ਨਹੀਂ ਕੱਢਦੀ, ਪਰ ਦੂਰ ਖੜ੍ਹੀ ਔਰਤ ਲਈ ਉਹ ਇਕ ਮੁੰਡਾ ਜਾਂ ਕੁੜੀ ਹੈ, ਜਿਸ ਬਾਰੇ ਉਹ ਆਪਣੀ ਸੁਤੰਤਰ ਰਾਏ ਦੇ ਸਕਦੀ ਹੈ। ਇਸ ਲਈ ਮਾਂ ਉਸ ਬੱਚੇ ਬਾਰੇ ਸੱਚ ਤੋਂ ਦੂਰ ਹੁੰਦੀ ਹੈ ਤੇ ਦੂਰ ਖੜ੍ਹੀ ਔਰਤ ਸੱਚ ਦੇ ਨੇੜੇ ਹੁੰਦੀ ਹੈ। ਇਸ ਲਈ ਗੁਰੂ ਸਾਹਿਬ ਅਨੁਸਾਰ ਕਿਸੇ ਵਰਤਾਰੇ ਨੂੰ ਸਹੀ ਸਹੀ ਸਮਝਣ ਲਈ ਉਸ ਨੂੰ ਉਸ ਤੋਂ ਪਿੱਛੇ ਹਟ ਕੇ ਜਾਂ ਨਿਰਪੱਖ ਹੋ ਕੇ ਦੇਖਣਾ ਜਰੂਰੀ ਹੈ। ਗੁਰੂ ਸਾਹਿਬ ਕਹਿੰਦੇ ਹਨ, ਜੋ ਅਜਿਹਾ ਕਰ ਸਕਦਾ ਹੈ, ਉਸ ਕੋਲ ਨਦਰਿ ਹੈ ਭਾਵ ਦੇਖਣ ਤੇ ਵਿਚਾਰਨ ਦਾ ਢੰਗ ਹੈ। ਉਹ ਸਿੱਖ ਹੈ, ਭਾਵ ਉਸ ਨੇ ਕੁਦਰਤ ਨੂੰ ਸਮਝਣ ਦੀ ਵਿਧੀ ਸਿੱਖ ਲਈ ਹੈ।

ਪਰ ਅਜੋਕੇ ਸਿੱਖ ਵਿਦਵਾਨ ਗੁਰੂ ਸਾਹਿਬ ਦੇ ਦਿੱਤੇ ਇਸ ਵਡਮੁੱਲੇ ਗਿਆਨ ਨੂੰ ਸ਼ਰਧਾ ਦੇ ਅੰਧਕਾਰ ਵਿਚ ਰੋਲ ਰਹੇ ਹਨ। ਗਲਤ ਫਹਿਮੀ ਦਾ ਸ਼ਿਕਾਰ ਹੋਏ ਉਹ ਆਪਣੇ ਆਪ ਨੂੰ ਇਤਿਹਾਸਕਾਰ ਦੀ ਥਾਂ ਸਿੱਖ ਇਤਿਹਾਸਕਾਰ ਤੇ ਬੁੱਧੀਜੀਵੀ ਦੀ ਥਾਂ ਸਿੱਖ ਬੁਧੀਜੀਵੀ ਅਖਵਾਉਂਦੇ ਹਨ। ਅੱਜ ਕਿੰਨੇ ਹੀ ਸਿੱਖ ਕਹਾਉਣ ਵਾਲੇ ਇਤਿਹਾਸਕਾਰ ਤੇ ਬੁੱਧੀਜੀਵੀ ਆਪਣੀਆਂ ਲਿਖਤਾਂ ਰਾਹੀਂ ਪਾਠ-ਤੰਤਰ ਤੇ ਡੇਰਾਵਾਦ ਦਾ ਪ੍ਰਚਾਰ ਕਰ ਰਹੇ ਹਨ। ਮੀਡੀਆ ਚੈਨਲਾਂ 'ਤੇ ਆ ਆ ਉਹ ਪਰੰਪਰਾ, ਰਹਿਤ-ਮਰਿਆਦਾ ਤੇ ਅਧਿਆਤਮਵਾਦ ਦੇ ਬਹਾਨੇ ਅਗਿਆਨ ਤੇ ਪੁਜਾਰੀਵਾਦ ਦਾ ਸਮਰਥਨ ਕਰ ਰਹੇ ਹਨ। ਇਸ ਤਰ੍ਹਾਂ ਉਹ ਗੁਰੂ ਸਾਹਿਬ ਦੀ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਦਰ-ਕਿਨਾਰ ਕਰ ਕੇ ਪਿੱਛਾਖੜ ਸੋਚ ਦੀ ਪੈਰਵੀ ਕਰ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੀ ਸਭ ਤੋਂ ਵੱਧ ਉਲੰਘਣਾ ਅੱਜ ਸਿੱਖ ਸੰਪਰਦਾਵਾਂ ਵਲੋਂ ਹੀ ਹੋ ਰਹੀ ਹੈ।

# ਸਿੱਖ, ਖਾਲਸਾ ਅਤੇ ਪੰਜ ਕੱਕਾਰ

ਵੈਸੇ ਤਾਂ ਅਸੀਂ ਸਿੱਖ, ਖਾਲਸਾ, ਸਰਦਾਰ, ਸਿੰਘ, ਸਹਿਜਧਾਰੀ ਸਿੱਖ, ਅੰਮ੍ਰਿਤਧਾਰੀ ਸਿੱਖ ਅਤੇ ਅਸੀਂ ਪੰਥਕ ਹਾਂ ਜਿਹੇ ਸ਼ਬਦਾਂ ਦੇ ਚੱਕਰ ਵਿਚ ਹੀ ਉਲਝੇ ਫਿਰਦੇ ਹਾਂ। ਕੌਣ ਕਰੇਗਾ ਉਪਰੋਕਤ ਸ਼ਬਦਾਂ ਦੀ ਵਿਆਖਿਆ?

ਹੋਰ ਸੁਣੋ ਜੀ! ਮਜਹਬੀ ਸਿੱਖ, ਰਵਿਦਾਸੀਆ ਸਿੱਖ, ਜੱਟ ਸਿੱਖ, ਸੈਣੀ ਸਿੱਖ, ਲੁਬਾਣਾ ਸਿੱਖ, ਭਾਪਾ ਸਿੱਖ, ਵਣਜਾਰੇ ਸਿੱਖ, ਸਿਕਲੀਗਰ ਸਿੱਖ, ਸਿੰਧੀ ਸਿੱਖ ਆਦਿ। ਕਈ ਸੰਸਥਾਵਾਂ-ਦਮਦਮੀ ਟਕਸਾਲ, ਨਾਨਕਸਰ ਦੀ ਸੰਸਥਾ, ਨਾਮਧਾਰੀ ਸੰਸਥਾ, ਨਿਰਮਲੇ ਸੰਸਥਾ ਆਦਿ ਪ੍ਰਚਾਰਕ ਤਾਂ ਸਿੱਖ ਧਰਮ ਦੀਆਂ ਹਨ, ਪ੍ਰੰਤੂ ਨਿਤਨੇਮ ਅਤੇ ਅਰਦਾਸ ਆਪੋ ਆਪਣੀ ਕਰਦੇ ਹਨ। ਕਈ ਡੇਰੇ ਹਨ, ਜਿਨ੍ਹਾਂ ਦੀ ਵਿਚਾਰਧਾਰਾ ਬਾਬੇ ਨਾਨਕ ਦੀ ਹੈ ਅਤੇ ਡੇਰੇ ਚਲਾ ਰਹੇ ਹਨ ਆਪਣੇ ਨਾਂਵਾਂ 'ਤੇ।

**ਸਿੱਖ ਧਰਮ:** ਲੋਹੇ 'ਤੇ ਲਕੀਰ ਸਿੱਖ ਇਕ ਧਰਮ ਹੈ। ਸਿੱਖ ਧਰਮ ਦੀ ਨੀਂਹ ਰੱਖਣ ਵਾਲੇ,

**ਭਜਨ ਸਿੰਘ ਸਿਨਸਿਨੈਟੀ**
ਫੋਨ 513-498-3907

ਸਿੱਖ ਧਰਮ ਦੇ ਸੰਚਾਲਕ, ਸਿੱਖ ਧਰਮ ਦੇ ਸੰਸਥਾਪਕ ਜਾਂ ਕਹਿ ਲਵੋ ਬਾਨੀ ਗੁਰੂ ਨਾਨਕ ਦੇਵ ਜੀ ਹੀ ਹਨ।

**ਖਾਲਸਾ:** ਖਾਲਸਾ ਇਕ ਪੰਥ ਹੈ। ਖਾਲਸਾ ਇਕ ਫੌਜ ਹੈ। ਸੰਨ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ, ਖਾਲਸਾ ਫੌਜ ਸਾਜੀ। ਕਈਆਂ ਪਾਸੋਂ ਮੈਂ ਸੁਣਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਦੀ ਸਾਜਨਾ ਕੀਤੀ, ਇਕ ਵਾਰ ਤਾਂ ਇਕ ਐਮ. ਐਲ. ਏ. ਨੂੰ ਵੀ ਗੁਰਦੁਆਰੇ ਵਿਚ ਬੋਲਦਿਆਂ ਸੁਣਿਆ। ਸੋ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਹਨ ਅਤੇ ਖਾਲਸਾ ਪੰਥ ਦੇ ਬਾਨੀ ਗੁਰੂ ਗੋਬਿੰਦ ਸਿੰਘ ਜੀ ਹਨ।

**ਸਹਿਜਧਾਰੀ ਸਿੱਖ:** ਇਹ ਸ਼ਬਦ ਕਿਸ ਵੱਲੋਂ ਅਤੇ ਕਦੋਂ ਤੋਂ ਵਰਤੋਂ ਵਿਚ ਆਇਆ? ਵੈਸੇ 'ਸਿੱਖ ਰਹਿਤ ਮਰਯਾਦਾ' ਵਿਚ ਸਹਿਜਧਾਰੀ ਸਿੱਖ ਸ਼ਬਦ ਕਿਤੇ ਵੀ ਨਹੀਂ ਆਇਆ ਹੈ। ਹਾਂ, ਸ਼੍ਰੋਮਣੀ ਕਮੇਟੀ ਦੇ ਵੋਟਰ ਫਾਰਮ ਵਿਚ ਹੈ, 1995-96 ਵਿਚ ਦਾਸ ਨੇ ਵੋਟਰ ਫਾਰਮ ਭਰੇ ਸਨ।

ਸਿੱਖ ਕੌਣ ਹੈ? ਮੋਟੇ ਤੌਰ 'ਤੇ ਜਿਸ ਨੇ ਪਗੜੀ ਜਾਂ ਦਸਤਾਰ ਬੰਨੀ ਹੋਵੇ, ਕੇਸ/ਵਾਲ ਰੱਖੇ ਹੋਣ ਅਤੇ ਦਾੜ੍ਹੀ ਸ਼ੇਵ ਨਹੀਂ ਕਰਦਾ, ਉਸ ਨੂੰ ਸਰਦਾਰ ਜੀ ਕਹਿ ਕੇ ਜਾਂ ਸਿੰਘ ਸਾਹਿਬ ਕਹਿ ਕੇ ਬੁਲਾਇਆ ਜਾਂਦਾ ਹੈ। ਸਮਝਿਆ ਜਾਂਦਾ ਹੈ, ਸਿੱਖ ਧਰਮ ਦਾ ਧਾਰਨੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਵੋਟਾਂ ਲਈ ਸਿੱਖ ਦੀ ਪਰਿਭਾਸ਼ਾ ਬਣਾਈ ਹੈ, ਵੋਟਾਂ ਖਾਤਰ ਕੋਰਟ ਕੇਸ ਵੀ ਚੱਲ ਰਹੇ ਹਨ।

ਸਿੱਖ ਰਹਿਤ ਮਰਿਆਦਾ ਦੇ ਸਫਾ ਨੌਂ ਉਪਰ ਵੀ, 'ਸਿੱਖ ਦੀ ਤਾਰੀਫ' ਲਿਖੀ ਹੈ, ਜਿਸ ਨੂੰ ਸਿੱਖ ਦੀ ਪਰਿਭਾਸ਼ਾ ਮੰਨਿਆ ਜਾ ਸਕਦਾ ਹੈ, ਪਰ ਹੈ ਲੰਬੀ।

ਸਿੱਖ ਉਹ ਇਨਸਾਨ ਹੈ, ਜੋ ਦਸਾਂ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਹੀ ਨਿਸ਼ਚਾ ਰੱਖਦਾ ਹੈ। ਹੋ ਸਕਦਾ ਹੈ, ਇਹ ਪਰਿਭਾਸ਼ਾ ਕਿਸੇ ਅੰਗਰੇਜ਼ ਨੇ ਦਿੱਤੀ ਹੋਵੇ। ਹੋਰ ਵੀ ਕਈ ਲੇਖਕਾਂ ਅਤੇ ਬੁੱਧੀਜੀਵੀਆਂ ਨੇ 'ਸਿੱਖ ਕੌਣ ਹਨ?' ਬਾਰੇ ਲਿਖਿਆ ਹੈ।

ਖਾਲਸੇ ਦੇ ਪੰਜ ਕੱਕਾਰ-ਕੇਸ, ਕਿਰਪਾਨ, ਕਛਹਿਰਾ, ਕੰਘਾ ਅਤੇ ਕੜਾ ਹਨ। ਪੰਜ ਕੱਕਾਰਾਂ ਤੋਂ ਪਹਿਲਾਂ ਪਗੜੀ, ਜੋ ਸਰਦਾਰੀ ਬਖਸ਼ਦੀ ਹੈ, ਸਿੱਖਾਂ, ਸਿੰਘਾਂ ਅਤੇ ਖਾਲਸਿਆਂ ਦੇ ਸਿਰਾਂ ਦਾ ਤਾਜ ਹੈ।

**ਪਗੜੀ ਬਾਰੇ ਵਿਚਾਰ:** ਵਿਆਹ-ਸ਼ਾਦੀ ਮੌਕੇ ਕਰੀਬ ਹਰ ਹਿੰਦੁਸਤਾਨੀ ਪਗੜੀ ਬੰਨਦਾ ਹੈ। ਦੁਨੀਆਂ ਦੀਆਂ ਓਲੰਪਿਕਸ ਆਦਿ ਖੇਡਾਂ ਵਿਚ ਭਾਰਤੀ ਖਿਡਾਰੀ ਜਾਂ ਨੁਮਾਇੰਦੇ ਪਗੜੀ ਬੰਨ ਕੇ ਮਾਰਚ ਪਾਸਟ ਕਰਦੇ ਹਨ।

ਸੰਨ 1971 ਵਿਚ ਐਸ. ਐਸ. ਬੀ. ਬੰਗਲੌਰ ਜਾਂਦੇ ਸਮੇਂ ਪੂਨੇ ਤੋਂ ਅੱਗੇ ਗੱਡੀ ਵਿਚ ਜਾਂਦਿਆਂ ਇਕ ਇਲਾਕੇ ਵਿਚ ਰੰਗ ਬਰੰਗੀਆਂ ਪਗੜੀਆਂ ਬੰਨੀ ਲੋਕਾਂ ਦੀ ਦਰਿਆ ਰੂਪੀ ਲਹਿਰ ਵੇਖੀ ਸੀ, ਪੰਜਾਬ ਵਾਂਗ ਕੋਈ ਨੰਗੇ ਸਿਰ ਨਹੀਂ ਸੀ ਵੇਖਿਆ। ਸੰਨ 1984-85 ਵਿਚ ਹਰਿਆਣਾ-ਰਾਜਸਥਾਨ ਦੇ ਪੇਂਡੂ ਲੋਕਾਂ, ਖਾਸ ਕਰ ਬਜੁਰਗਾਂ ਨੂੰ ਚਿੱਟੇ ਰੰਗ ਦੀ ਪਗੜੀ ਬੰਨੀ ਵੇਖਿਆ ਸੀ।

ਪਗੜੀ ਭਾਰਤੀਆਂ ਦੀ ਸੱਭਿਅਤਾ ਦੀ ਨਿਸ਼ਾਨੀ ਹੈ। ਪਾਕਿਸਤਾਨ, ਅਫਗਾਨਿਸਤਾਨ, ਦੁੱਬਈ, ਅਰਬ ਆਦਿ ਮੁਸਲਿਮ ਦੇਸ਼ ਦੇ ਲੋਕ ਵੀ ਪਗੜੀ ਬੰਨਦੇ ਹਨ, ਜੋ ਏਸ਼ੀਅਨ ਲੋਕਾਂ ਦੀ ਪੁਰਾਣੀ ਸੱਭਿਅਤਾ ਹੈ। ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ ਕਿ ਸਿੱਖ ਦਸਤਾਰ ਜ਼ਰੂਰ ਸਜਾਉਣ।

ਯੁੱਧ ਦਾ ਮੈਦਾਨ ਹੋਵੇ ਜਾਂ ਦੁਰਘਟਨਾ ਹੋ ਜਾਵੇ ਤਾਂ ਪਗੜੀ ਸਿਰ ਦੀ ਰਾਖੀ ਕਰਦੀ ਹੈ, ਮਤਲਬ ਸਿੱਖਾਂ ਦਾ ਹੈਲਮਟ ਹੈ। ਗਰਮੀਆਂ ਵਿਚ ਸਿਰ ਨੂੰ ਠੰਡਾ ਰੱਖਦੀ ਹੈ ਤੇ ਸਰਦੀਆਂ ਵਿਚ ਗਰਮ ਰੱਖਦੀ ਹੈ। ਕੇਸਾਂ ਨੂੰ ਘੱਟੇ-ਮਿੱਟੀ ਤੋਂ ਬਚਾਉਂਦੀ ਹੈ।

ਪਗੜੀ ਮੁਸੀਬਤ ਵੇਲੇ ਕੰਮ ਆਉਂਦੀ ਹੈ, ਜਿਵੇਂ ਕੋਈ ਇਨਸਾਨ ਖੂਹ ਜਾਂ ਡੂੰਘੇ ਟੋਏ/ਖਾਈ ਵਿਚ ਡਿੱਗਾ ਹੋਵੇ, ਨਦੀ-ਨਾਲੇ, ਛੱਪੜ-ਟੋਭੇ ਵਿਚ ਰੁੜ੍ਹ ਰਿਹਾ ਜਾਂ ਡੁੱਬ ਰਿਹਾ ਹੋਵੇ, ਰੁੱਖ ਜਾਂ ਟਾਵਰ 'ਤੇ ਫਸਿਆ ਹੋਵੇ, ਰੱਸੇ ਦਾ ਕੰਮ ਦਿੰਦੀ ਹੈ। ਲੋੜ ਪੈਣ 'ਤੇ ਚਾਦਰ ਦਾ ਕੰਮ ਦਿੰਦੀ ਹੈ। 1971 ਦੀ ਲੜਾਈ ਵੇਲੇ ਸਿੱਖ ਫੌਜੀਆਂ ਨੇ ਬੰਗਲਾ ਦੇਸ਼ ਦੀਆਂ ਔਰਤਾਂ ਨੂੰ ਨੰਗੇਜ਼ ਢਕਣ ਲਈ ਪਗੜੀਆਂ ਪਾੜ ਕੇ ਦਿੱਤੀਆਂ। ਪੱਗ ਸਿੱਖ ਦਾ ਤਾਜ ਹੈ, ਸ਼ਾਨ ਹੈ, ਪਰ ਮੁਸੀਬਤ ਵੇਲੇ ਕੰਮ ਆਵੇ ਤਾਂ ਸਿਰ ਤੋਂ ਉਤਾਰਨ ਵਿਚ ਢਿੱਲ੍ਹ ਨਹੀਂ ਕਰਨੀ ਚਾਹੀਦੀ।

ਪਿੱਛੇ ਜਿਹੇ ਇਕ ਸਿੱਖ ਨੇ ਆਪਣੇ ਪਛਤਾਵੇ ਦੀ ਗੱਲ ਦੱਸੀ ਕਿ ਸੜਕ 'ਤੇ ਹਾਦਸਾ ਵਾਪਰ ਗਿਆ, ਸਵਾਰੀ ਖੂਨ 'ਚ ਲਥ ਪਥ ਸੀ। ਇਕ ਆਦਮੀ ਨੇ ਮੇਰੇ ਪਾਸੋਂ ਕੱਪੜੇ ਦੀ ਮੰਗ ਕੀਤੀ, ਉਸ ਵੇਲੇ ਮੈਂ ਪਗੜੀ ਉਤਾਰਨੀ ਠੀਕ ਨਾ ਸਮਝੀ।



ਘਰ ਪਹੁੰਚ ਕੇ ਮੇਰੇ ਮਨ ਵਿਚੋਂ ਐਕਸੀਡੈਂਟ ਵਾਲਾ ਦ੍ਰਿਸ਼ ਜਾਵੇ ਹੀ ਨਾ। ਆਪਣੀ ਗਲਤੀ ਚੇਤੇ ਆਉਂਦਿਆਂ ਮਨ ਨੂੰ ਕੋਸਦਾ ਹਾਂ ਕਿ ਇਨਸਾਨ ਦੀ ਜ਼ਿੰਦਗੀ ਬਹੁਤ ਹੀ ਕੀਮਤੀ ਹੈ, ਕੱਪੜੇ ਦੇ ਟੋਟੇ ਦੀ ਪਗੜੀ ਨਾਲੋਂ।

**ਕੇਸ:** ਕੇਸ ਕੁਦਰਤ ਦੀ ਦੇਣ ਹਨ। ਇਨਸਾਨ ਦੇ ਸਰੀਰ 'ਤੇ ਪਰਮਾਤਮਾ/ਕੁਦਰਤ ਨੇ ਹਰ ਇਕ ਅੰਗ ਬਹੁਤ ਹੀ ਸੂਝ-ਬੂਝ ਨਾਲ ਲੋੜ ਮੁਤਾਬਿਕ ਹੀ ਬਖਸ਼ਿਆ ਹੈ। ਮਰਦਾਂ ਦਾ ਟੌਹਰ ਮੁੱਛਾਂ ਅਤੇ ਦਾਹੜੀ ਨਾਲ ਹੈ; ਔਰਤ ਦੀ ਸੁੰਦਰਤਾ ਬਿਨਾ ਦਾਹੜੀ-ਮੁੱਛ ਤੋਂ ਹੈ। ਭਾਰਤੀ ਰਿਸ਼ੀ-ਮੁਨੀ ਵੀ ਕੇਸਾਧਾਰੀ ਸਨ। ਅੱਜ ਵੀ ਸਨਾਤਨੀ ਮੱਤ ਦੇ ਤੀਰਥ ਅਸਥਾਨਾਂ 'ਤੇ ਕਈ ਸਾਧੂ ਕੇਸਾਧਾਰੀ, ਪੱਗੜੀਧਾਰੀ ਹਨ। ਮੈਂਬਰ ਪਾਰਲੀਮੈਂਟ ਵੀ ਹਨ। ਬੰਗਾਲ ਦੀਆਂ ਔਰਤਾਂ ਲੰਬੇ ਲੰਬੇ ਵਾਲ ਰੱਖਣ ਦੀਆਂ ਸ਼ੌਕੀਨ ਹਨ। ਵੱਡੇ ਵੱਡੇ ਵਿਗਿਆਨੀ, ਫਿਲਾਸਫਰ, ਰਬਿੰਦਰ ਨਾਥ ਟੈਗੋਰ ਅਤੇ ਧਰਮ ਗੁਰੂ ਈਸਾ-ਮਸੀਹ ਤੇ ਮੁਹੰਮਦ ਸਾਹਿਬ ਆਦਿ ਸਭ ਕੇਸਾਧਾਰੀ ਸਨ। ਕੇਸਾਂ ਦੀ ਸਾਂਭ-ਸੰਭਾਲ ਥੋੜ੍ਹਾ ਮੁਸ਼ਕਿਲ ਹੈ, ਪਰ ਖਰਚਾ ਘੱਟ ਹੈ, ਕੇਸ ਸਰੀਰ ਨੂੰ ਤਾਕਤ ਵੀ ਦਿੰਦੇ ਹਨ।

**ਕੇਸਕੀ:** ਮਾਫ ਕਰਨਾ! ਜੇ ਮੈਂ ਗਲਤ ਹੋਵਾਂ। ਕਿਸੇ ਵੇਲੇ ਸੰਸਥਾ ਭਾਈ ਰਣਧੀਰ ਸਿੰਘ ਦੇ ਗੁਰਸਿੱਖਾਂ ਨਾਲ ਸੰਗਤ ਕੀਤੀ ਸੀ, ਜਿਨ੍ਹਾਂ ਦਾ ਵਿਚਾਰ ਸੀ ਕਿ ਕੇਸ ਤਾਂ ਕੁਦਰਤੀ ਹਨ, ਕੇਸਾਂ ਦੀ ਸੰਭਾਲ ਵਾਸਤੇ ਕੇਸਕੀ ਬਹੁਤ ਜ਼ਰੂਰੀ ਹੈ। ਸਾਡੇ ਫੌਜੀ ਮਹਿਕਮੇ ਵਿਚ ਦੋ ਪੱਗਾਂ ਪੰਜ ਪੰਜ ਮੀਟਰ ਦੀਆਂ-ਇਕ ਨੀਲੀ ਤੇ ਇਕ ਹਰੀ, ਮਿਲਦੀਆਂ ਹਨ ਅਤੇ ਦੋ ਕੇਸਰੀ ਰੰਗ ਦੀਆਂ ਕੇਸਕੀਆਂ। ਲੰਬਾਈ ਪੰਜ ਮੀਟਰ ਤੇ ਚੌੜਾਈ ਪੱਗ ਦਾ ਅੱਧ (ਇਕ ਪੱਗ ਦੇ ਦੋ ਹਿੱਸੇ), ਜਿਸ ਤੋਂ ਅੰਗਰੇਜ਼ਾਂ ਵੇਲੇ ਨਾਂ ਪਿਆ, ਫਿਫਟੀ। ਗੁਰਸਿੱਖ ਪਹਿਲਾਂ ਪੂਰੀ ਕੇਸਕੀ ਸਿਰ 'ਤੇ ਵਲ੍ਹੇਟਦੇ, ਫਿਰ ਪੱਗ/ਦਸਤਾਰ ਸਜਾਉਂਦੇ, ਭਾਵੇਂ ਉਹ ਫੌਜੀ ਹੋਣ ਜਾਂ ਸਿਵਲ ਵਿਚ। ਮੇਰੇ ਜਿਹੇ 95% ਤਾਂ ਇਕ ਲੀਰ ਹੀ ਬੰਨਦੇ ਹਨ, ਫਿਫਟੀ ਵਜੋਂ। ਕੇਸਕੀ ਬੰਨ ਕੇ ਬੱਧੀ ਪੱਗ ਛੇਤੀ ਕੀਤਿਆਂ ਸਿਰ ਤੋਂ ਡਿੱਗਦੀ ਨਹੀਂ।

**ਕਿਰਪਾਨ:** ਕਿਰਪਾਨ ਇਕ ਸ਼ਸਤਰ ਹੈ, ਜੋ ਭਾਰਤ ਵਿਚ ਸਿਰਫ ਰਾਜਪੂਤ/ਕਸ਼ੱਤਰੀ ਲੋਕ ਹੀ ਰੱਖ ਸਕਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜ ਕੇ ਸਭ ਸਿੱਖਾਂ ਨੂੰ ਸ਼ਸਤਰ ਧਾਰਨ ਦਾ ਹੁਕਮ ਦੇ ਦਿੱਤਾ। ਕਿਰਪਾਨ, ਸ੍ਰੀ ਸਾਹਿਬ, ਤਲਵਾਰ ਇਕ ਹੀ ਹਨ; ਖੰਡਾ, ਬਰਛਾ, ਤੀਰ, ਪਿਸਤੌਲ, ਬੰਦੂਕ ਆਦਿ ਸਭ ਸ਼ਸਤਰ ਹਨ। ਸਾਨੂੰ ਹੁਕਮ ਹੈ, ਸ਼ਸ਼ਤਰਾਂ ਦੀ ਵਰਤੋਂ ਸੱਚ ਲਈ, ਗਰੀਬ ਦੇ ਹੱਕ ਲਈ ਜਾਂ ਅਬਲਾ ਦੀ ਰਾਖੀ ਲਈ ਉਦੋਂ ਹੀ ਕਰਨੀ ਹੈ, ਜਦੋਂ ਗੱਲਬਾਤ ਰਾਹੀਂ ਸਮਝਾਉਣ ਦੇ ਸਾਰੇ ਹੀਲੇ-ਵਸੀਲੇ ਖਤਮ ਹੋ ਜਾਣ। ਅਫਸੋਸ! ਅਸੀਂ ਬਾਬੇ ਨਾਨਕ ਦੀ ਸਮਝਾਉਣ ਦੀ ਵਿਚਾਰਧਾਰਾ ਨੂੰ ਭੁੱਲ ਗਏ ਅਤੇ ਹਰ ਖੇਤਰ ਵਿਚ ਸ਼ਸਤਰ ਲਹਿਰਾਉਣ ਲੱਗ ਪਏ, ਚਲਾਉਣ ਲੱਗ ਪਏ, ਪੱਗਾਂ ਉਛਾਲਣ ਲੱਗ ਪਏ ਅਤੇ ਦੂਜਿਆਂ ਨੂੰ ਤਮਾਸ਼ਾ ਵਿਖਾਉਣ ਲੱਗ ਪਏ ਹਾਂ। ਵਾਹਿਗੁਰੂ ਖਾਲਸੇ ਨੂੰ ਅਤੇ ਸਿੱਖਾਂ ਨੂੰ ਸੁਮੱਤ ਬਖਸ਼ੇ ਕਿ ਮੈਂ-ਮੇਰੀ ਛੱਡ ਕੇ ੴ ਦੇ ਝੰਡੇ ਥੱਲੇ ਇਕੱਠੇ ਹੋਵਣ।

**ਕਛਹਿਰਾ:** ਕਛਹਿਰਾ ਖਾਲਸੇ ਦੇ ਉਚੇ ਅਤੇ ਸੁੱਚੇ ਚਾਲ-ਚਲਨ ਦਾ ਸਬੂਤ ਹੈ। ਕਛਹਿਰਾ ਗੋਡਿਆਂ ਤੱਕ ਹੰਦਾ ਹੈ, ਜਿਸ ਨੂੰ ਦੋ ਤੋਂ ਢਾਈ ਮੀਟਰ ਕੱਪੜਾ ਲਗਦਾ ਹੈ। ਦਸਮੇਸ਼ ਪਿਤਾ ਨੇ ਯੁੱਧ ਪੱਖੋਂ ਮਜ਼ਬੂਤ ਬਣਵਾਇਆ, ਜੋ ਧੋਤੀ ਅਤੇ ਕੱਛੇ ਦਾ ਹੀ ਸੋਧਿਆ ਹੋਇਆ ਰੂਪ ਹੈ। ਉਤਰ ਭਾਰਤੀ ਆਮ ਤੌਰ 'ਤੇ ਕੱਛਾ ਪਹਿਨਦੇ ਅਤੇ ਚਾਦਰਾ ਬੰਨਦੇ ਸਨ। ਕੱਛੇ ਨੂੰ ਇਕ ਮੀਟਰ ਤੋਂ ਵੀ ਘੱਟ ਕੱਪੜਾ ਲਗਦਾ ਹੈ। ਅੰਗਰੇਜ਼ਾਂ ਨੇ ਫੌਜ ਵਿਚ ਹਰ ਇਕ ਸਿੱਖ ਦੀ ਵਰਦੀ ਵਿਚ ਦੋ ਕਛਹਿਰੇ ਸ਼ਾਮਲ ਕੀਤੇ। ਟਾਂਵੇਂ ਟਾਂਵੇਂ ਸਰਦਾਰ ਹੀ ਕਛਹਿਰੇ ਪਾਉਂਦੇ, ਬਾਕੀ ਸਜ਼ਾ ਕੇ ਰੱਖ ਛੱਡਦੇ ਤੇ ਪਹਿਨਦੇ ਕੱਛਾ ਹੀ। ਕਈਆਂ ਨੇ ਕੱਛੇ ਛੱਡ ਚੱਡੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ।

**ਕੰਘਾ:** ਕੇਸਾਂ ਦੀ ਸਫਾਈ ਲਈ ਕੰਘਾ ਬਹੁਤ ਜ਼ਰੂਰੀ ਹੈ। ਕਲਗੀਆਂ ਵਾਲੇ, ਬਾਜਾਂ ਵਾਲੇ ਗੁਰੂ ਨੇ ਸੋਚਿਆ, ਕਿਤੇ ਸਿੱਖ ਜਟਾ-ਜੂੜ ਨਾ ਹੋ ਜਾਣ, ਸੋ ਹੁਕਮ ਕੀਤਾ ਕਿ ਮੇਰਾ ਖਾਲਸਾ ਦਿਨ ਵਿਚ ਦੋ ਵਾਰ ਕੇਸਾਂ ਨੂੰ ਕੰਘਾ ਕਰੇਗਾ। ਕੰਘਾ ਵੀ ਲੱਕੜ ਦਾ ਹੋਵੇਗਾ। ਅੰਗਰੇਜ਼ ਸਰਕਾਰ ਨੇ ਫੌਜੀ ਸਿੱਖਾਂ ਵਾਸਤੇ ਕੰਘਾ ਵੀ ਵਰਦੀ ਵਿਚ ਸ਼ਾਮਲ ਕੀਤਾ, ਬਾਕੀਆਂ ਲਈ ਕੰਘੀ। ਸੰਨ 1966 ਵਿਚ ਪਹਿਲੀ ਵਾਰ ਚਿੱਟੇ ਗੈਂਡੇ ਦਾ ਬਣਿਆ ਕੰਘਾ ਮਿਲਿਆ, ਕਹਿੰਦੇ ਲੱਕੜੀ ਵਾਲੇ ਨਾਲੋਂ ਮਜ਼ਬੂਤ ਹੈ। ਪਿਛੋਂ ਲੱਕੜੀ ਦਾ ਕੰਘਾ ਵੀ ਮਿਲਿਆ। ਸਵੇਰੇ ਤਾਂ ਹਰ ਕੋਈ ਕੰਘਾ ਕਰਦਾ ਹੈ, ਪਰ ਦੂਜੀ ਵਾਰ ਕੋਈ ਕੋਈ। ਸੱਚ ਜਾਣੋ, ਆਪ ਥੱਕ ਟੁੱਟ ਕੇ ਕੰਮ ਤੋਂ ਆਏ ਹੋ, ਸਫਰ ਤੋਂ ਆਏ ਹੋ, ਸਿਰ ਭਾਰਾ ਹੈ, ਪਗੜੀ ਉਤਾਰ ਕੇ ਕੇਸਕੀ ਬੰਨੋ, ਅੱਖਾਂ 'ਤੇ ਠੰਡੇ ਪਾਣੀ ਦੇ ਛਿੱਟੇ ਮਾਰੋ ਫਿਰ ਕੇਸਾਂ ਨੂੰ ਦੋ ਮਿੰਟ ਕੰਘਾ ਕਰੋ, ਸਾਰੀ ਥਕਾਵਟ ਦੂਰ ਅਤੇ ਭਾਰਾਪਣ ਖਤਮ।

ਕਈ ਬੀਬੀਆਂ ਅਤੇ ਵੀਰਾਂ ਨੇ ਕੰਘੇ ਨੂੰ ਆਪਣੇ ਗਾਤਰੇ ਨਾਲ ਬੰਨਿਆ ਹੈ, ਜੋ ਸਿਰਫ ਵਿਖਾਵਾ ਹੀ ਲਗਦਾ ਹੈ। ਸੋਚ ਆਪੋ ਆਪਣੀ। ਮਤਲਬ ਹੈ, ਦੋ ਵਾਰ ਕੇਸਾਂ ਨੂੰ ਕੰਘਾ ਕਰਕੇ ਸਾਫ ਰੱਖਣਾ, ਜੇ ਕੇਸਾਂ ਵਿਚ ਕੰਘਾ ਟਿਕਦਾ ਹੈ ਤਾਂ ਠੀਕ ਹੈ ਨਹੀਂ ਤਾਂ ਘਰੇ ਰੱਖੋ ਆਪਣੀ ਮਿਥੀ ਜਗ੍ਹਾ 'ਤੇ।

**ਕੜਾ:** ਲੋਹੇ ਦਾ ਬਣਿਆ ਸੱਜੇ ਹੱਥ ਦੀ ਕਲਾਈ ਤੇ ਪਹਿਨਿਆ ਜਾਂਦਾ ਹੈ। ਜਦੋਂ ਵੀ ਅਸੀਂ ਕੋਈ ਚੰਗਾ ਕੰਮ ਕਰਨ ਲਈ ਆਪਣਾ ਹੱਥ ਅੱਗੇ ਕਰਦੇ ਹਾਂ, ਪਵਿੱਤਰ ਕੜਾ ਸਾਨੂੰ ਨੇਕੀ ਦੇ ਹੋਰ ਕੰਮ ਕਰਨ ਲਈ ਪ੍ਰੇਰਦਾ ਹੈ। ਕੰਮ ਨੇਕੀ ਦਾ ਹੋਵੇ ਜਾਂ ਬੁਰਾ, ਸੱਜਾ ਹੱਥ ਹਮੇਸ਼ਾ ਮੋਹਰੀ ਹੁੰਦਾ ਹੈ। ਚੰਚਲ ਅਤੇ ਸ਼ੈਤਾਨ ਮਨ ਜਦੋਂ ਸੱਜੇ ਹੱਥ ਨਾਲ ਕਿਸੇ 'ਤੇ ਵਾਰ ਕਰਦਾ ਹੈ ਜਾਂ ਗਲਤ ਕੰਮ ਕਰਦਾ ਜਾਂ ਕਲਮ ਚਲਾਉਂਦਾ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਪੰਜ ਕੱਕਾਰਾਂ ਵਿਚ ਬਖਸ਼ਿਆ ਕੜਾ ਇਨਸਾਨ ਨੂੰ ਯਾਦ ਕਰਵਾਉਂਦਾ ਹੈ, ਭਾਈ, ਗਲਤ ਨਹੀਂ ਤੂੰ ਹਮੇਸ਼ਾ ਧਰਮ ਦਾ ਹੀ ਕੰਮ ਕਰਨਾ ਹੈ।

**ਕੁਝ ਗੱਲਾਂ:** ਸਨਾਤਨ ਮੱਤ ਵਾਲੇ ਹਰ ਸ਼ੁਭ ਕੰਮ 'ਤੇ ਹਵਨ ਕਰਦੇ ਅਤੇ ਸੱਜੇ ਹੱਥ ਦੀ ਕਲਾਈ 'ਤੇ ਮਾਉਲੀ (ਲਾਲ ਸੂਤੀ ਧਾਗਾ) ਦਾ ਪਵਿੱਤਰ ਧਾਗਾ ਬੰਨਦੇ ਹਨ। ਦਸਮੇਸ਼ ਪਿਤਾ ਨੇ ਤਾਂ ਹਰ ਸਿੱਖ ਦੀ ਸੱਜੀ ਕਲਾਈ 'ਤੇ ਹਮੇਸ਼ਾ ਵਾਸਤੇ ਪੱਕਾ ਸਰਬ-ਲੋਹ ਦਾ ਪਵਿੱਤਰ ਕੜਾ (ਮਾਉਲੀ) ਪਾਇਆ ਹੈ।

### ਕੀ ਕੜੇ ਦੇ ਨਾਲ ਹੀ ਮਾਊਲੀ ਬੰਨੀ ਰੱਖਣਾ ਠੀਕ ਹੈ?

ਕਈ ਰਾਜਨੀਤਿਕ ਸਿੱਖਾਂ ਨੇ ਕੜਾ ਪਾਇਆ ਹੈ, ਨਾਲ ਮਾਊਲੀ ਵੀ ਬੱਧੀ ਹੈ, ਇਸੇ ਤਰ੍ਹਾਂ ਹਿੰਦੂਆਂ ਨੇ ਵੀ। ਕੁਝ ਇਹੋ ਜਿਹੇ ਸਿੱਖ ਵੀ ਹਨ, ਜਿਨ੍ਹਾਂ ਨੇ ਮਾਊਲੀ ਦੀ ਅੱਟੀ ਹੀ ਗੁੱਟ/ਕਲਾਈ ਤੇ ਬੰਨ ਲਈ, ਕੜਾ ਤਾਂ ਛੁਪਾ ਹੀ ਦਿੱਤਾ।

ਦੂਸਰੇ ਸੂਬਿਆਂ, ਦੂਸਰੇ ਧਰਮਾਂ ਵਾਲੇ, ਬਚਿਆਂ ਵਾਸਤੇ ਸਾਥੋਂ ਕੜੇ ਮੰਗਵਾਉਂਦੇ ਹਨ। ਬਹੁਤ ਲੋਕਾਂ ਦਾ ਮੰਨਣਾ ਹੈ ਕਿ ਕੜਾ ਪਹਿਨਣ ਨਾਲ ਬਾਹਰਲੀ ਛਾਇਆ ਦਾ ਅਸਰ ਨਹੀਂ ਹੁੰਦਾ।

ਕਈ ਮਨਮਤੀਏ ਸੱਜੇ ਹੱਥ ਵਿਚ ਕੜਾ ਪਾਈ ਸਿਗਰਿਟਾਂ, ਬੀੜੀਆਂ ਦੇ ਸੂਟੇ ਖਿੱਚਦੇ ਧੂੰਆਂ ਖਿਲਾਰਦੇ ਵੇਖੇ। ਖਾਲਸਾ ਜੀਓ! ਬੇਨਤੀ ਹੈ, ਜੇ ਆਦਮੀ ਵਾਕਫ ਹੈ ਤਾਂ ਠੀਕ, ਨਹੀਂ ਤਾਂ ਪਹਿਲਾਂ ਬੋਲ-ਚਾਲ ਕਰੋ ਫਿਰ ਬਹੁਤ ਹੀ ਨਿਮਰਤਾ ਨਾਲ ਅਦਬ ਨਾਲ ਕਹੋ, ਸ਼੍ਰੀਮਾਨ ਜੀ, ਆਪ ਜੀ ਨੇ ਅੰਮ੍ਰਿਤ ਦੇ ਦਾਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ਿਆ ਕੜਾ ਪਹਿਨਿਆ ਹੈ, ਸੋ ਗੁਰੂ ਦਾ ਹੁਕਮ ਮੰਨੋ, ਸਿਗਰਿਟ, ਬੀੜੀ, ਤੰਬਾਕੂ ਆਦਿ ਨਾ ਪੀਓ-ਖਾਓ, ਪੈਸੇ ਬਚਾਓ, ਰੋਗਾਂ ਤੋਂ ਬਚੋ ਤੇ ਵਾਤਾਵਰਣ ਸ਼ੁਧ ਰੱਖੋ। ਅਖੀਰ ਵਿਚ ਬੇਨਤੀ ਕਰੋ, ਜੇ ਛੱਡ ਸਕਦੇ ਹੋ ਤਾਂ ਆਪ ਦੀ ਭਲਾਈ, ਨਹੀਂ ਤਾਂ ਕੜਾ ਉਤਾਰ ਦੇਣਾ ਜੀ। ਇਹ ਦਾਸ ਦਾ ਤਜਰਬਾ ਹੈ।

ਸਰਬਲੋਹ ਜਾਂ ਸਟੀਲ ਦਾ ਹੀ ਬਣਿਆ ਕੜਾ ਪਹਿਨਣਾ ਚਾਹੀਦਾ ਹੈ। ਕਈ ਸੋਨੇ ਦੇ ਜਾਂ ਚਾਂਦੀ ਦੇ ਬਣੇ ਕੜੇ ਪਾਈ ਫਿਰਦੇ ਹਨ। ਇਕ ਦੋਸਤ ਨੇ ਦੂਜੇ ਦੋਸਤ ਪਾਸੋਂ ਪੁਛਿਆ ਬੜਾ ਵਜ਼ਨੀ ਸੋਨੇ ਦਾ ਕੜਾ ਪਾਈ ਫਿਰਦਾਂ? ਹਾਂ ਯਾਰ ਇਹ ਕੜਾ ਮੇਰੇ ਸਹੁਰਾ ਸਾਹਿਬ ਨੇ ਪਾਇਆ ਹੈ। ਦਸਮੇਸ਼ ਪਿਤਾ ਵੱਲੋਂ ਪਾਇਆ ਕੜਾ ਸਹੁਰੇ ਦਾ ਕੜਾ ਬਣ ਕੇ ਹੀ ਰਹਿ ਗਿਆ। ਸੰਨ 1967-68 ਵਿਚ ਸੂਰਾ ਰਸਾਲਾ ਵਿਚੋਂ ਲੇਖ, 'ਸੋਨੇ ਦਾ ਕੜਾ' ਪੜ੍ਹਿਆ ਸੀ, ਬਾਰੇ ਵਿਚਾਰ ਫਿਰ ਕਦੇ ਸਹੀ।

# ਸ਼ਫ਼ਦਰ-ਏ-ਖ਼ਸਲਤ

ਅਰਬੀ ਭਾਸ਼ਾ ਦਾ ਸ਼ਬਦ ਹੈ, 'ਸ਼ਫ਼ਦਰ' ਜਿਸ ਦਾ ਅਰਥ ਯੋਧਾ, ਦਲੇਰ, ਰਣ ਭੂਮੀ ਵਿਚ ਦੁਸ਼ਮਣ ਦਾ ਮੁਕਾਬਲਾ ਕਰਨ ਵਾਲਾ ਵੀਰ ਨਾਇਕ ਹੈ। ਅਰਬੀ ਭਾਸ਼ਾ ਦਾ ਹੀ ਸ਼ਬਦ ਹੈ, 'ਖ਼ਸਲਤ' ਜਿਸ ਦਾ ਅਰਥ ਆਦਤ ਜਾਂ ਸੁਭਾਅ ਵੀ ਆਖਿਆ ਜਾਂਦਾ ਹੈ। ਇਨ੍ਹਾਂ ਦੋਹਾਂ ਸ਼ਬਦਾਂ ਦਾ ਇਕੱਠ ਇਕ ਯੋਧੇ ਦਾ ਸੁਭਾਅ ਹੈ। ਸਿੱਖ ਕੌਮ ਇਕ ਅਜਿਹੀ ਕੌਮ ਹੈ, ਜਿਸ ਦੇ ਸੁਭਾਅ ਨੂੰ ਇਥੋਂ ਦੇ ਹਾਲਾਤ ਨੇ ਬਦਲਿਆ ਹੈ। ਪੰਜਾਬ ਦੀ

**ਸਰਬਜੀਤ ਕੌਰ ਸਰਬ**

ਧਰਤੀ ਪੀਰ-ਪੈਗੰਬਰਾਂ ਦੀ ਧਰਤੀ ਦੇ ਨਾਲ-ਨਾਲ ਵੀਰ ਯੋਧਿਆਂ ਦੀ ਵੀ ਧਰਤੀ ਹੈ। ਸੰਸਾਰ ਭਰ ਵਿਚ ਸਿੱਖ ਕੌਮ ਇਕ ਵਿਲੱਖਣ ਕੌਮ ਹੈ। ਇਸ ਵਿਲੱਖਣਤਾ ਕਰਕੇ ਹੀ ਇਸ ਨੇ ਸੰਸਾਰ ਭਰ ਵਿਚ ਆਪਣੀ ਇਕ ਅਲੱਗ ਪਛਾਣ ਬਣਾਈ ਹੈ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਨਿਡਰ ਸੂਰਮਿਆਂ ਦੀ ਇਕ ਫੌਜ ਤਿਆਰ ਕੀਤੀ, ਜਿਸ ਨੂੰ ਖਾਲਸੇ ਦਾ ਨਾਂ ਦਿੱਤਾ, ਜੋ ਬੁਰਾਈ ਨਾਲ ਮੁਕਾਬਲਾ ਕਰਨ ਲਈ ਤਤਪਰ ਰਹਿੰਦਾ ਹੈ ਤੇ ਜ਼ਿੰਦਗੀ ਆਪਣੇ ਲਈ ਨਹੀਂ, ਸਗੋਂ ਦੂਜਿਆਂ ਲਈ ਜਿਉਂਦਾ ਹੈ। 'ਦੇਹ ਸਿਵਾ ਬਰ ਮੋਹਿ ਇਹ ਸ਼ੁਭ ਕਰਮਨ ਤੇ ਕਬਹੂ ਨ ਟਰੋ' ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। 'ਸ਼ੁਭ ਕਰਮਨ ਤੇ ਕਬੂਹ ਨ ਟਰੋ' ਦੇ ਨਾਲ ਨਾਲ ਸ਼ਕਤੀ ਧਾਰਨਾ ਦੇ ਵਾਕੰਸ਼ 'ਨਾ ਡਰੋਂ ਅਰ ਸਿਓ ਜਬ ਜਾਇ ਲਰੋ' ਅਤੇ 'ਅਤਿ ਹੀ ਰਣ ਮੇ ਤਬ ਜੂਝ ਮਰੋ' ਸ਼ਾਮਲ ਹਨ। ਇਨ੍ਹਾਂ ਦੋਹਾਂ ਅਹਿਮ ਧਾਰਨਾਵਾਂ ਵਿਚ ਅੰਤਿਮ ਟੀਚਾ ਯਕੀਨੀ ਜਿੱਤ ਦਾ ਹੈ। ਭਾਵ 'ਨਿਸਚੇ ਕਰ ਆਪਣੀ ਜੀਤ ਕਰੋਂ' ਜੋ ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਦੀ ਬੇਮਿਸਾਲ ਸ਼ਖਸੀਅਤ ਦੇ ਪ੍ਰਗਟਾਓ ਲਈ ਇਕ ਭਾਵਪੂਰਤ ਪ੍ਰਤੀਕ ਹੈ। ਗੁਰੂ ਪਾਤਸ਼ਾਹ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਆਮ ਲੋਕਾਈ ਨੂੰ ਸਿੰਘ ਸੂਰਮੇ ਬਣਾ ਦਿੱਤਾ ਤੇ ਉਨ੍ਹਾਂ ਦੇ ਸੁਭਾਅ ਵਿਚ ਇਕ ਜੋਸ਼ ਭਰ ਦਿੱਤਾ।

ਇਕ ਵੀਰ ਯੋਧੇ ਦਾ ਸੁਭਾਅ ਆਮ ਲੋਕਾਈ ਤੋਂ ਥੋੜ੍ਹਾ ਹਟ ਕੇ ਹੁੰਦਾ ਹੈ, ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਧਰਮ ਯੁੱਧ ਵਿਚ ਉਹ ਆਪਣਾ ਜੀਵਨ ਅਰਪਣ ਕਰਨ ਲਈ ਤਿਆਰ




ਬਰ ਤਿਆਰ ਰਹਿੰਦਾ ਹੈ।

ਇਕ ਸੂਰਮਾ ਸਿਦਕ (ਸੱਚ) ਲਈ ਹਮੇਸ਼ਾ ਜੂਝਦਾ ਹੈ। ਉਹ ਆਪਣੀ ਸਲਾਬਤ (ਵੀਰਤਾ) ਨਾਲ ਆਮ ਲੋਕਾਈ ਦੇ ਹਿੱਤਾਂ ਦੀ ਰਾਖੀ ਵੀ ਕਰਦਾ ਹੈ। ਭਾਵੇਂ ਇਸ ਰਾਖੀ ਲਈ ਉਸ ਨੂੰ ਉਕੂਬਤ (ਕਸ਼ਟ) ਵੀ ਮਿਲੇ, ਉਸ ਨੂੰ ਵੀ ਉਹ ਖੁਸ਼ੀ-ਖੁਸ਼ੀ ਸਿਰ ਮੱਥੇ ਮੰਨ ਲੈਂਦਾ ਹੈ। ਇਨ੍ਹਾਂ ਵੀਰ ਯੋਧਿਆ 'ਤੇ ਬਹੁ-ਗਿਣਤੀ ਵਿਚ ਬੀਰ-ਕਾਵਿ ਲਿਖੇ ਗਏ ਹਨ, ਜੋ ਬੀਰਤਾ ਨੂੰ ਹੋਰ ਉਤਸ਼ਾਹ ਦਿੰਦੇ ਹਨ। ਇਕ ਕਵੀ ਲਿਖਦਾ ਹੈ,

ਡੁਲ੍ਹੇ ਜਾਂ ਖੂਨ ਸ਼ਹੀਦਾਂ ਦਾ,
ਤਕਦੀਰ ਬਦਲਦੀ ਕੌਮਾਂ ਦੀ।
ਰੰਬੀਆਂ ਨਾਲ ਖੋਪਰ ਲਹਿੰਦੇ ਜਾਂ
ਤਸਵੀਰ ਬਦਲਦੀ ਕੌਮਾਂ ਦੀ।

ਸੂਰਬੀਰ ਕੌਮਾਂ ਦੇ ਮਹੱਲ ਇੱਟਾਂ, ਚੂਨੇ ਤੇ ਸੀਮੇਂਟ ਨਾਲ ਨਹੀਂ ਬਣਦੇ, ਸਗੋਂ ਉਨ੍ਹਾਂ ਲਈ ਸ਼ਹੀਦਾਂ ਦੀਆਂ ਹੱਡੀਆਂ, ਲਹੂ ਤੇ ਸਰੀਰ ਚਾਹੀਦਾ ਹੈ, ਜੋ ਕੌਮ ਦੇ ਮਹੱਲ ਉਸਾਰਨ ਵਿਚ ਕੰਮ ਆਵੇ।

ਬਾਬਾ ਦੀਪ ਸਿੰਘ ਅਜਿਹੇ ਯੋਧਿਆਂ ਵਿਚੋਂ ਇਕ ਸਨ, ਜੋ ਆਪਣਾ ਸਿਰ ਤਲੀ 'ਤੇ ਧਰ ਕੇ ਵੀ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਰਹੇ। ਅਜੋਕਾ ਸਮਾਂ ਵੀ ਅਜਿਹੇ ਵੀਰ ਯੋਧਿਆਂ ਦੀ ਲੋੜ ਨੂੰ ਮਹਿਸੂਸ ਕਰਦਾ ਹੈ, ਜੋ ਨੌਜਵਾਨ ਪੀੜ੍ਹੀ ਨੂੰ ਸੰਭਾਲਿਆ ਜਾ ਸਕੇ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖ ਕੌਮ ਨੂੰ ਕਿਸੇ ਤਰ੍ਹਾਂ ਦਾ ਕੋਈ ਖਤਰਾ ਹੁੰਦਾ ਹੈ, ਤਦ ਕੋਈ ਨਾ ਕੋਈ ਸੂਰਮਾ ਜ਼ਰੂਰ ਪੈਦਾ ਹੁੰਦਾ ਹੈ।

# ਟ੍ਰਿੱਪਲ ਏਜੰਟ-ਹਮਾਮ ਬਲਾਵੀ

***ਦਹਿਸ਼ਤਪਸੰਦੀ ਨੇ ਸੰਸਾਰ ਦੇ ਬਹੁਤ ਸਾਰੇ ਮੁਲਕ ਆਪਣੀ ਲਪੇਟ ਵਿਚ ਲਏ ਹੋਏ ਹਨ। ਕੌੜਾ ਸੱਚ ਇਹ ਹੈ ਕਿ ਇਸ ਮਸਲੇ ਦਾ ਸਿੱਧਾ ਜਾਂ ਅਸਿੱਧਾ ਸਬੰਧ ਅਮਰੀਕਾ ਨਾਲ ਜੁੜਦਾ ਰਿਹਾ ਹੈ। 'ਆਫੀਆ ਸਿਦੀਕੀ ਦਾ ਜਹਾਦ' ਵਰਗਾ ਇਤਿਹਾਸਕ ਨਾਵਲ ਲਿਖਣ ਵਾਲੇ ਉਮਦਾ ਲਿਖਾਰੀ ਹਰਮਹਿੰਦਰ ਚਹਿਲ ਨੇ ਇਸ ਲੇਖ ਵਿਚ ਇਕ ਅਜਿਹੇ ਸ਼ਖਸ ਦਾ ਜੀਵਨ ਸਾਡੇ ਨਾਲ ਸਾਂਝਾ ਕੀਤਾ ਹੈ, ਜਿਸ ਦੀਆਂ ਲੜੀਆਂ ਦਹਿਸ਼ਤ ਦੀਆਂ ਖੂੰਖਾਰ ਕੜੀਆਂ ਨਾਲ ਜੁੜੀਆਂ ਹੋਈਆਂ ਹਨ। ਇਸ ਲਿਖਤ ਤੋਂ ਇਹ ਕਨਸੋਅ ਵੀ ਮਿਲਦੀ ਹੈ ਕਿ ਦਹਿਸ਼ਤਪਸੰਦੀ ਦੀ ਦੁਨੀਆਂ ਦੀਆਂ ਕਿੰਨੀਆਂ ਅਣਫੋਲੀਆਂ ਪਰਤਾਂ ਹਨ, ਜੋ ਆਮ ਲੋਕਾਂ ਦੇ ਸਾਹਮਣੇ ਕਦੀ ਆਉਂਦੀਆਂ ਹੀ ਨਹੀਂ। ਇਸ ਲੰਮੇ ਲੇਖ ਦੀ ਪਹਿਲੀ ਕੜੀ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਚਾਰ ਕੁ ਲੱਖ ਦੀ ਆਬਾਦੀ ਵਾਲਾ ਅਮਾਨ ਸ਼ਹਿਰ ਜਾਰਡਨ ਦੀ ਰਾਜਧਾਨੀ ਹੈ। ਇਥੋਂ ਦੀ ਬਹੁਤੀ ਆਬਾਦੀ ਪੱਛਮ ਵਾਲੇ ਪਾਸੇ ਹੈ, ਕਿਉਂਕਿ ਇਧਰ ਫਲਸਤੀਨ ਤੋਂ ਉਜੜ ਕੇ ਆਏ ਲੋਕਾਂ ਦਾ ਵਸੇਬਾ ਹੈ। ਹੋਰਨਾਂ ਮੁਲਕਾਂ ਵਾਂਗ ਇਥੇ ਵੀ ਉਹ ਦੂਜੇ ਦਰਜੇ ਦੇ ਸ਼ਹਿਰੀ ਹਨ। ਕੰਮ ਕਰਨ ਲਈ ਵਰਕ ਪਰਮਿਟ ਲੈਣਾ ਪੈਂਦਾ ਹੈ। ਕਿਸੇ ਨੂੰ ਸਿਟੀਜ਼ਨਸ਼ਿਪ ਨਹੀਂ ਮਿਲ ਸਕਦੀ, ਫਿਰ ਵੀ ਕੁਝ ਲੋਕ ਪੜ੍ਹ-ਲਿਖ ਕੇ ਚੰਗੀਆਂ ਨੌਕਰੀਆਂ 'ਤੇ ਲੱਗੇ ਹੋਏ ਹਨ। ਵਧੀਆ ਨੌਕਰੀਆਂ ਕਾਰਨ ਇਨ੍ਹਾਂ 'ਚੋਂ ਬਹੁਤੇ ਲੋਕਾਂ ਦਾ ਚੰਗੇ ਇਲਾਕਿਆਂ 'ਚ ਵਸੇਬਾ ਹੈ। ਇਸੇ ਪਾਸੇ ਹੀ ਉਰਬੀ ਬਿਨ ਵਾਰਡ ਸਟਰੀਟ ਹੈ।

ਇਥੇ ਚੰਗਾ ਖਾਂਦੇ-ਪੀਂਦੇ ਫਲਸਤੀਨੀ ਵਸਦੇ ਹਨ। ਉਂਜ ਤਾਂ ਇਹ ਵੱਡੀ ਸਟਰੀਟ ਹੈ, ਪਰ ਵਿਚਾਲੇ ਜਿਹੇ ਆ ਕੇ ਇਕੋ ਥਾਂ ਤੋਂ ਇਸ 'ਚੋਂ ਦੋ ਗਲੀਆਂ ਹੋਰ ਨਿਕਲਦੀਆਂ ਹਨ। ਇਥੇ ਇਕ ਤਿਕੋਣੀ ਜਿਹੀ ਬਣ ਜਾਂਦੀ ਹੈ। ਇਸੇ ਤਿਕੋਣੀ ਦੇ ਇਕ ਪਾਸੇ ਦਰਮਿਆਨਾ ਜਿਹਾ ਘਰ ਹੈ, ਜਿਸ ਦੀਆਂ ਤਿੰਨ ਮੰਜ਼ਿਲਾਂ ਹਨ। ਹੇਠਲੀ ਮੰਜ਼ਿਲ 'ਤੇ ਸਟੋਰ ਦੇ ਨਾਲ ਕਾਰ ਪਾਰਕਿੰਗ ਹੈ। ਇਸ ਤੋਂ ਉਪਰ ਰਿਹਾਇਸ਼ ਦੇ ਨਾਲ ਡਰਾਇੰਗ ਰੂਮ ਹੈ। ਤੀਜੀ ਮੰਜ਼ਿਲ 'ਤੇ ਕਿਚਨ ਅਤੇ ਇਕ ਹੋਰ ਬੈੱਡ ਰੂਮ ਹੈ।



ਉਸ ਦਿਨ ਰਾਤ ਦੇ 11 ਕੁ ਵੱਜੇ ਸਨ ਤੇ ਸੜਕ ਕਰੀਬ ਸੁੰਨੀ ਪਈ ਸੀ, ਪਰ ਇਸ ਤਿਕੋਣੀ 'ਤੇ ਤਿੰਨਾਂ ਪਾਸਿਆਂ 'ਤੇ ਜਾਰਡਨ ਦੀ ਖੁਫੀਆ

**ਹਰਮਹਿੰਦਰ ਚਹਿਲ**
**ਫੋਨ: 703-362-3239**
**chahals57@yahoo.com**

ਏਜੰਸੀ 'ਮੁਖਾਬਰਤ' ਦੀਆਂ ਵੱਡੀਆਂ ਗੱਡੀਆਂ ਖੜ੍ਹੀਆਂ ਸਨ। ਚੌਥੀ ਕਾਰ ਘਰ ਦੇ ਐਨ ਨਾਲ ਖੜ੍ਹੀ ਸੀ। ਗੱਡੀ ਦੇ ਡਰਾਈਵਰ ਦੀ ਨਿਗ੍ਹਾ ਉਪਰ ਵੱਲ ਸੀ। ਉਹ ਦੇਖ ਰਿਹਾ ਸੀ ਕਿ ਘਰ 'ਚ ਉਤਲੀਆਂ ਮੰਜ਼ਿਲਾਂ 'ਤੇ ਅਜੇ ਬੱਤੀਆਂ ਜਗ ਰਹੀਆਂ ਸਨ। ਉਸ ਨੂੰ ਉਡੀਕ ਸੀ ਕਿ ਕਦੋਂ ਬੱਤੀਆਂ ਬੰਦ ਹੋਣ, ਭਾਵ ਘਰ ਵਾਲੇ ਸੌਣ ਲਈ ਬੈੱਡ ਰੂਮਾਂ 'ਚ ਚਲੇ ਗਏ ਹਨ। ਇਸੇ ਘੜੀ ਦੀ ਮੁਖਾਬਰਤ ਵਾਲਿਆਂ ਨੂੰ ਉਡੀਕ ਸੀ।

ਇੰਨੇ ਨੂੰ ਕਿਸੇ ਦੂਜੇ ਪਾਸਿਉਂ ਚਾਰ ਪੰਜ ਨੌਜਵਾਨ ਪੈਦਲ ਹੀ ਗੱਪਾਂ ਮਾਰਦੇ ਆ ਰਹੇ ਸਨ। ਸ਼ਾਇਦ ਕਿਸੇ ਕਲੱਬ 'ਚੋਂ ਆ ਰਹੇ ਸਨ। ਘੁੱਟ-ਘੁੱਟ ਲੱਗੀ ਹੋਣ ਕਰਕੇ ਮੂਡ 'ਚ ਸਨ। ਬਿਨਾ ਕਿਸੇ ਵੱਡੀ ਵਜ੍ਹਾ ਦੇ ਉਹ ਇਕ ਪਾਸੇ ਖੜ੍ਹੀ ਮੁਖਾਬਰਤ ਦੀ ਗੱਡੀ ਦੇ ਡਰਾਈਵਰ ਨਾਲ ਬਹਿਸ ਪਏ ਕਿ ਤੂੰ ਵਿਚਾਲੇ ਕਾਰ ਲਾ ਕੇ ਗਲੀ ਬੰਦ ਕੀਤੀ ਹੋਈ ਹੈ। ਝਗੜਾ ਵਧਣ ਲੱਗਾ ਤਾਂ ਨੌਜਵਾਨਾਂ ਨੇ ਪੁਲਿਸ ਸੱਦਣ ਦੀ ਧਮਕੀ ਦਿੱਤੀ। ਮੁਖਾਬਰਤ ਟੀਮ ਦੇ ਇੰਚਾਰਜ ਨੂੰ ਫਿਕਰ ਹੋਇਆ ਕਿ ਜੇ ਗੱਲ ਵਧ ਗਈ ਤਾਂ ਉਨ੍ਹਾਂ ਦੀ ਸਾਰੀ ਯੋਜਨਾ ਚੌਪਟ ਹੋ ਜਾਵੇਗੀ। ਉਸ ਨੇ ਕਿਵੇਂ ਨਾ ਕਿਵੇਂ ਨੌਜਵਾਨਾਂ ਨੂੰ ਠੰਢਾ ਕੀਤਾ। ਉਹ ਤਾਂ ਚਲੇ ਗਏ, ਪਰ ਰੌਲਾ ਰੱਪਾ ਸੁਣ ਕੇ ਉਸ ਘਰ ਦੀ ਦੂਜੀ ਮੰਜ਼ਿਲ ਤੋਂ ਇਕ ਬਜੁਰਗ ਨੇ ਤਾਕੀ 'ਚੋਂ ਹੇਠਾਂ ਝਾਕਦਿਆਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਹੇਠਾਂ ਝਗੜਾ ਕਿਉਂ ਹੋ ਰਿਹਾ ਹੈ। ਉਹ ਵਾਹਵਾ ਦੇਰ ਦੇਖਦਾ ਰਿਹਾ ਤਾਂ ਟੀਮ ਮੈਨੇਜਰ ਨੂੰ ਫਿਰ ਫਿਕਰ ਹੋਇਆ, ਪਰ 5-7 ਮਿੰਟ ਪਿਛੋਂ ਬਜੁਰਗ ਨੇ ਤਾਕੀ ਬੰਦ ਕਰ ਦਿੱਤੀ।

ਘਰ ਦੀ ਉਤਲੀ ਮੰਜ਼ਿਲ 'ਤੇ ਲਾਈਟਾਂ ਅਜੇ ਵੀ ਜਗ ਰਹੀਆਂ ਸਨ, ਜਿਨ੍ਹਾਂ ਨੇ ਸਾਰੀ ਟੀਮ ਨੂੰ ਫਿਕਰਮੰਦ ਕੀਤਾ ਹੋਇਆ ਸੀ। ਆਖਰ ਕਰੀਬ ਇਕ ਵਜੇ ਲਾਈਟਾਂ ਬੰਦ ਹੋ ਗਈਆਂ। ਦੂਜੀ ਮੰਜ਼ਿਲ ਦੀਆਂ ਬੱਤੀਆਂ ਵੀ ਬੁਝ ਗਈਆਂ ਤਾਂ ਪੰਦਰਾਂ ਕੁ ਮਿੰਟ ਪਿਛੋਂ ਮੁਖਾਬਰਤ ਵਾਲੇ ਇਕਦਮ ਹਰਕਤ 'ਚ ਆ ਗਏ। ਕਾਰਾਂ 'ਚੋਂ ਹੱਟੇ-ਕੱਟੇ ਅਫਸਰ ਬਾਹਰ ਆਏ ਤੇ ਪਲਾਂ 'ਚ ਹੀ ਹੇਠਲਾ ਦਰਵਾਜਾ ਤੋੜ ਕੇ ਪੌੜੀਆਂ ਚੜ੍ਹ ਗਏ। ਦੂਜੀ ਮੰਜ਼ਿਲ 'ਤੇ ਸੋਫੇ 'ਤੇ ਪਿਆ ਬਜੁਰਗ ਘਬਰਾ ਕੇ ਖੜ੍ਹਾ ਹੋ ਗਿਆ। ਉਸ ਨੂੰ ਆਪਣੇ ਬਾਰੇ ਦੱਸਦਿਆਂ ਇਕ ਅਫਸਰ ਉਸ ਦੇ ਸਿਰਹਾਣੇ ਖੜ੍ਹ ਗਿਆ ਤੇ ਬਾਕੀ ਉਪਰਲੀ ਮੰਜ਼ਿਲ 'ਤੇ ਚਲੇ ਗਏ। ਉਪਰੋਂ ਬੱਚਿਆਂ ਦੇ ਰੋਣ ਕੁਰਲਾਉਣ ਅਤੇ ਚੀਕ ਚਿਹਾੜੇ ਦੀਆਂ ਅਵਾਜ਼ਾਂ ਆਉਣ ਲੱਗੀਆਂ। ਮੁਖਾਬਰਤ ਵਾਲਿਆਂ ਦਸ ਕੁ ਮਿੰਟ 'ਚ ਹੀ ਆਪਣਾ ਕੰਮ ਨਿਬੇੜ ਲਿਆ।

ਜਦੋਂ ਉਹ ਹੇਠਾਂ ਉਤਰੇ ਤਾਂ ਉਨ੍ਹਾਂ ਕੋਲ ਕੰਪਿਊਟਰ ਅਤੇ ਇਸ ਦੇ ਹੋਰ ਸਾਜ਼-ਸਮਾਨ ਦੀਆਂ ਟੋਕਰੀਆਂ ਭਰੀਆਂ ਹੋਈਆਂ ਸਨ। ਇਸ ਤੋਂ ਬਿਨਾ ਉਨ੍ਹਾਂ ਇਕ ਆਦਮੀ ਦੀਆਂ ਬਾਹਾਂ ਮਰੋੜ ਕੇ ਮੂਹਰੇ ਲਾਇਆ ਹੋਇਆ ਸੀ। ਬਜੁਰਗ ਨੇ ਡਰਦਿਆਂ ਕੋਲ ਖੜੋਤੇ ਅਫਸਰ ਨੂੰ ਪੁੱਛਿਆ ਕਿ ਇਹ ਸਭ ਕੀ ਹੋ ਰਿਹਾ ਹੈ? ਉਸ ਨੇ ਜੁਆਬ ਦਿੱਤਾ ਕਿ ਕੱਲ੍ਹ ਨੂੰ ਜਾ ਕੇ ਮੁਖਾਬਰਤ ਦੇ ਦਫਤਰ 'ਚੋਂ ਪਤਾ ਕਰ ਲਈਂ। ਹੇਠਾਂ ਕਾਰ 'ਚ ਬਹਿੰਦਿਆਂ ਹੀ ਟੀਮ ਮੁਖੀ ਨੇ ਰੇਡੀਓ 'ਤੇ ਦੋ ਵਾਰ ਸੁਨੇਹਾ ਦਿੱਤਾ, "ਪੈਕੇਜ ਚੁੱਕ ਲਿਆ ਹੈ... ਪੈਕੇਜ ਚੁੱਕ ਲਿਆ ਹੈ।" ਉਸ ਦਾ ਇਹ ਸੁਨੇਹਾ ਸਿਰਫ ਮੁਖਾਬਰਤ ਦੇ ਦਫਤਰ ਹੀ ਨਹੀਂ ਸਗੋਂ ਅਮਰੀਕਾ ਦੀ ਰਾਜਧਾਨੀ 'ਚ ਨੈਸ਼ਨਲ ਸਿਕਿਉਰਿਟੀ ਏਜੰਸੀ ਦੇ ਦਫਤਰ 'ਚ ਵੀ ਜਾ ਪੁੱਜਾ।

ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. ਦੇ ਬਾਹਰਵਾਰ ਨੈਸ਼ਨਲ ਸਿਕਿਉਰਿਟੀ ਏਜੰਸੀ (ਐਨ. ਐਸ. ਏ.) ਦਾ ਦਫਤਰ ਹੈ। ਪ੍ਰਾਈਵੇਸੀ ਹੱਦ ਦਰਜੇ ਦੀ ਹੈ। ਕਿਸੇ ਨੂੰ ਕੁਝ ਪਤਾ ਨਹੀਂ ਕਿ ਇਥੇ ਕੀ ਹੈ? ਬਾਹਰੋਂ ਕੋਈ ਆਮ ਜਿਹਾ ਦਫਤਰ ਜਾਪਦਾ ਹੈ। ਵੈਸੇ ਵੀ ਕੋਈ ਆਮ ਬੰਦਾ ਤਾਂ ਗੇਟ ਦੇ ਨੇੜੇ ਵੀ ਨਹੀਂ ਢੁੱਕ ਸਕਦਾ, ਅੰਦਰ ਜਾਣਾ ਤਾਂ ਦੂਰ। ਅੰਦਰ ਕੰਮ ਕਰਨ ਵਾਲੇ ਬਹੁਤ ਹੀ ਚੁਸਤ, ਤੇਜ਼ ਦਿਮਾਗ, ਕੰਪਿਊਟਰਾਂ ਦੇ ਮਾਹਰ ਸਿਕਿਉਰਿਟੀ ਮਾਹਰ ਹਨ। ਅੰਦਰ ਪਿਆ ਮੁੱਖ ਕੰਪਿਊਟਰ ਕੋਈ ਆਮ ਕੰਪਿਊਟਰ ਨਹੀਂ ਹੈ। ਇਸ ਦਾ ਕੋਡ ਨਾਂ ਟਰਬੂਲੈਂਸ ਹੈ ਤੇ ਇਸ ਦੀ ਕੀਮਤ ਕੋਈ ਪੰਜ ਸੌ ਮਿਲੀਅਨ ਡਾਲਰ ਹੈ। ਦੁਨੀਆਂ ਭਰ 'ਚ ਚੱਲਦੀਆਂ ਅਮਰੀਕਾ ਵਿਰੋਧੀ ਕਾਰਵਾਈਆਂ ਦੀ ਨਿਗਰਾਨੀ ਕਰਨਾ ਇਸ ਦਾ ਮੁੱਖ ਕੰਮ ਹੈ। ਪੁਰਾਣੇ ਗਰੁੱਪਾਂ ਦਾ ਡਾਟਾ ਇਕੱਠਾ ਕਰਦਾ ਹੈ ਅਤੇ ਜੇ ਕੋਈ ਨਵਾਂ ਗਰੁੱਪ ਹੋਂਦ 'ਚ ਆਉਂਦਾ ਹੈ ਤਾਂ ਇਹ ਝੱਟ ਦੇਣੇ ਉਸ ਪਿਛੇ ਲੱਗ ਜਾਂਦਾ ਹੈ। ਇਹ ਇੰਨਾ ਸ਼ਕਤੀਸ਼ਾਲੀ ਹੈ ਕਿ ਦੁਨੀਆਂ ਦੇ ਕਿਸੇ ਕੋਨੇ 'ਚ ਵੀ ਪਏ ਕਿਸੇ ਕੰਪਿਊਟਰ 'ਚੋਂ ਫਾਈਲਾਂ ਚੋਰੀ ਕਰਨਾ ਇਸ ਦਾ ਪਲ ਭਰ ਦਾ ਕੰਮ ਹੈ; ਜਾਂ ਫਿਰ ਉਸ 'ਚ ਮਨ ਭਾਉਂਦਾ ਡਾਟਾ ਫਿੱਟ ਕਰਨਾ ਇਸ ਲਈ ਬੜਾ ਹੀ ਆਸਾਨ ਕੰਮ ਹੈ; ਭਾਵ ਦੁਨੀਆਂ ਦਾ ਕੋਈ ਕੰਪਿਊਟਰ ਟਰਬੂਲੈਂਸ ਦੀ ਨਜ਼ਰ ਤੋਂ ਬਚ ਨਹੀਂ ਸਕਦਾ। ਦੁਨੀਆਂ ਦੇ ਹੋਰ ਹਿੱਸਿਆਂ ਵਿਚ ਲੋਕਾਂ ਦੇ ਕੰਪਿਊਟਰਾਂ 'ਤੇ ਮਾਰੀਆਂ ਜਾ ਰਹੀਆਂ ਚੋਰ ਝਾਤੀਆਂ ਗੁਪਤ ਰੱਖੀਆਂ ਜਾਂਦੀਆਂ ਹਨ।

ਇਸ ਤਰ੍ਹਾਂ ਦੀ ਲੁਕਣਮੀਚੀ ਖੇਡਦਿਆਂ 2008 ਦੇ ਆਖੀਰ ਜਿਹੇ 'ਚ ਟਰਬੂਲੈਂਸ ਦੀ ਨਜ਼ਰੇ ਇਕ ਵੈੱਬਸਾਈਟ ਚੜ੍ਹ ਗਈ। ਇਸ ਨੂੰ ਚਲਾਉਣ ਵਾਲੇ ਇਨਸਾਨ ਦਾ ਨਾਂ ਸੀ, ਅਬੂ ਦੁਜਾਨਾ ਅਲ ਖੁਰਸਾਨੀ। ਪਹਿਲਾਂ ਤਾਂ ਏਜੰਸੀ ਨੇ ਆਪਣੇ ਆਪ ਨੂੰ ਫਰੋਲਿਆ, ਕਿਉਂਕਿ ਏਜੰਸੀ ਦੇ ਸੈਂਕੜੇ ਕਾਮੇ ਵੱਖ-ਵੱਖ ਫਰਜ਼ੀ ਨਾਂਵਾਂ ਹੇਠ ਵੱਖ-ਵੱਖ ਇਸਲਾਮਿਕ ਵੈੱਬਸਾਈਟਾਂ ਆਪ ਹੀ ਚਲਾਉਂਦੇ ਰਹਿੰਦੇ ਹਨ, ਜੋ ਐਂਟੀ ਅਮਰੀਕਨ ਬਣ ਕੇ ਅਮਰੀਕਾ ਖਿਲਾਫ ਜ਼ਹਿਰ ਉਗਲਦੇ ਹਨ ਤੇ ਦੁਨੀਆਂ, ਖਾਸ ਕਰ ਮੁਸਲਿਮ ਸੰਸਾਰ ਵਿਚੋਂ ਤੱਤੇ ਲੋਕਾਂ ਨੂੰ ਆਪਣੇ ਮਗਰ ਲਾਉਂਦੇ ਹਨ। ਇੰਜ ਉਨ੍ਹਾਂ ਵਿਚੋਂ ਬਹੁਤੇ ਗਰਮ ਲੋਕਾਂ ਦੀ ਲਿਸਟ ਬਣਾ ਕੇ ਥਾਉਂ ਥਾਈਂ ਉਨ੍ਹਾਂ ਨੂੰ ਸਬੰਧਤ ਸਰਕਾਰਾਂ ਵਲੋਂ ਖੁੱਡੇ ਲੁਆਉਂਦੇ ਰਹਿੰਦੇ ਹਨ; ਪਰ ਖੋਜ ਪੜਤਾਲ ਪਿਛੋਂ ਪਤਾ ਲੱਗਾ ਕਿ ਇਹ ਅਬੂ ਦੁਜਾਨਾ ਅਲ ਖੁਰਸਾਨੀ ਕੋਈ ਅਸਲੀ ਅਤਿਵਾਦੀ ਹੈ ਅਤੇ ਆਪਣੇ ਅਮਰੀਕਾ ਵਿਰੋਧੀ ਜ਼ਹਿਰੀਲੇ ਪ੍ਰਚਾਰ ਰਾਹੀਂ ਮੁਸਲਿਮ ਨੌਜਵਾਨਾਂ ਨੂੰ ਆਪਣੇ ਪਿਛੇ ਲਾ ਰਿਹਾ ਹੈ।

ਇਕ ਵਾਰ ਨਿਗ੍ਹਾ ਚੜ੍ਹਿਆ ਤਾਂ ਫਿਰ ਇਸ ਦੀ ਭਾਲ ਸ਼ੁਰੂ ਹੋਈ। ਪਹਿਲੀ ਭਾਲ 'ਚ ਹੀ ਸੂਈ ਮਿਡਲ ਈਸਟ ਜਾ ਪਹੁੰਚੀ। ਹੌਲੀ-ਹੌਲੀ ਟਰਬੂਲੈਂਸ ਹੋਰ ਅੱਗੇ ਵਧਿਆ ਤਾਂ ਉਹ ਜਾਰਡਨ, ਜਾਰਡਨ ਤੋਂ ਅੱਗੇ ਅਮਾਨ ਸ਼ਹਿਰ ਜਾ ਪੁੱਜਾ। ਅਖੀਰ ਟਰਬੂਲੈਂਸ ਨੇ ਉਸ ਘਰ ਦੀ ਨਿਸ਼ਾਨਦੇਹੀ ਕਰ ਲਈ ਸੀ, ਜਿੱਥੇ ਆਪਣੇ ਕੰਪਿਊਟਰ ਤੋਂ ਅਬੂ ਦੁਜਾਨਾ ਅਲ ਖੁਰਸਾਨੀ ਵੈੱਬ 'ਤੇ ਆਪਣੇ ਲੈਕਚਰ ਪਾ ਰਿਹਾ ਸੀ। ਇਥੋਂ ਤੱਕ ਕਿ ਘਰ ਦੇ ਕਈ ਕਮਰਿਆਂ ਵਿਚੋਂ ਉਸ ਕਮਰੇ ਦਾ ਵੀ ਪਤਾ ਲੱਗ ਗਿਆ, ਜਿਥੇ ਅਬੂ ਦੁਜਾਨਾ ਦਾ ਕੰਪਿਊਟਰ ਪਿਆ ਸੀ।

ਅਗਲੇ ਕਈ ਦਿਨ ਏਜੰਸੀ ਅਬੂ ਦੁਜਾਨਾ ਦੀਆਂ ਨਿੱਤ ਦੀਆਂ ਕਾਰਵਾਈਆਂ ਨੋਟ ਕਰਨ ਲੱਗੀ। ਉਹ ਰਾਤ ਵੇਲੇ ਜ਼ਹਿਰ ਉਗਲਦੇ ਪ੍ਰਚਾਰ ਦੇ ਲੇਖ ਆਪਣੀ ਸਾਈਟ 'ਤੇ ਪਾਉਂਦਾ ਸੀ। ਹੁਣ ਤੱਕ ਉਸ ਦੇ ਚਾਹੁਣ ਵਾਲਿਆਂ ਦੀ ਗਿਣਤੀ ਲੱਖਾਂ ਤੱਕ ਪਹੁੰਚ ਚੁਕੀ ਸੀ, ਜੋ ਹਰ ਰੋਜ਼ ਬੜੀ ਬੇਸਬਰੀ ਨਾਲ ਉਸ ਦੀ ਨਵੀਂ ਪੋਸਟ ਉਡੀਕਦੇ ਸਨ।

ਪੂਰੀ ਖੋਜ ਪਿਛੋਂ ਏਜੰਸੀ ਨੇ ਅਗਲਾ ਕਦਮ ਚੁੱਕਣ ਦਾ ਫੈਸਲਾ ਕੀਤਾ। ਉਹ ਸੀ, ਜਾਰਡਨ ਦੀ ਖੁਫੀਆ ਏਜੰਸੀ ਮੁਖਾਬਰਤ ਨਾਲ ਗੱਲ ਸਾਂਝੀ ਕਰਨਾ। ਮੁਖਾਬਰਤ ਆਪਣੀਆਂ ਕਾਰਵਾਈਆਂ ਲਈ ਦੁਨੀਆਂ ਦੀਆਂ ਬਦਨਾਮ ਏਜੰਸੀਆਂ 'ਚੋਂ ਇਕ ਹੈ। ਉਸ ਇਲਾਕੇ ਦੇ ਮੁਖਾਬਰਤ ਮੁਖੀ ਦਾ ਨਾਂ ਸੀ, ਅਲੀ ਬਿਨ ਜ਼ਈਦ। ਅੱਗੇ ਦਾ ਕੰਮ ਉਸ ਦਾ ਸੀ। ਉਸ ਨੇ ਦੇਖਣਾ ਸੀ ਕਿ ਅਬੂ ਦੁਜਾਨਾ ਕਿੰਨਾ ਕੁ ਖਤਰਨਾਕ ਹੈ। ਦਰਮਿਆਨੇ ਲੋਕਾਂ ਦੀਆਂ ਤਾਂ ਉਹ ਵੈੱਬਸਾਈਟਾਂ ਬੰਦ ਕਰ ਕੇ ਕੰਮ ਨਬੇੜ ਦਿੰਦੇ ਸਨ, ਪਰ ਕਈ ਵਾਰੀ ਡੂੰਘੀ ਘੋਖ ਪੜਤਾਲ ਵੀ ਕਰਦੇ ਸਨ। ਇਸ ਵਾਰ ਬਿਨ ਜ਼ਈਦ ਨੇ ਜ਼ਰਾ ਅੱਗੇ ਵਧ ਕੇ ਇਹ ਦੇਖਣ ਦਾ ਮਨ ਬਣਾ ਲਿਆ ਕਿ ਦੇਖੀਏ ਤਾਂ ਸਹੀ ਕਿ ਅਬੂ ਦੁਜਾਨਾ ਅਲ ਖੁਰਸਾਨੀ ਹੈ ਕੌਣ? ਜੋ ਹਰ ਪੋਸਟ ਵਿਚ ਅਮਰੀਕਨਾਂ ਦੇ ਖੂਨ ਨਾਲ ਪਿਆਸ ਬੁਝਾਉਣ ਦੀ ਗੱਲ ਕਰਦਾ ਹੈ।





**ਡਾਕਟਰ ਹਮਾਮ ਬਲਾਵੀ ਅਤੇ ਉਸ ਦੀ ਪਤਨੀ ਦਫੀਨਾ ਬੈਰਕ।**

ਪੈਂਤੀ ਕੁ ਸਾਲਾ ਬਿਨ ਜ਼ਈਦ ਮੁਖਾਬਰਤ ਦਾ ਤਜਰਬੇਕਾਰ ਅਤੇ ਤੇਜ਼ ਤਰਾਰ ਅਫਸਰ ਸੀ। ਉਹ ਅਮਰੀਕਾ ਦਾ ਪੜ੍ਹਿਆ-ਲਿਖਿਆ ਸੀ ਅਤੇ ਉਸ ਦਾ ਸਬੰਧ ਰਾਜਸੀ ਘਰਾਣੇ ਨਾਲ ਜੁੜਦਾ ਸੀ। ਸ਼ਾਇਦ ਇਸੇ ਕਰਕੇ ਉਸ ਨੂੰ ਇੰਨੇ ਵੱਡੇ ਅਹੁਦੇ 'ਤੇ ਬਿਠਾਇਆ ਗਿਆ ਸੀ। ਪਿਛਲੇ 10-11 ਸਾਲ ਦੀ ਸਰਵਿਸ ਨੇ ਉਸ ਨੂੰ ਬਹੁਤ ਕਾਬਲ ਅਫਸਰ ਬਣਾ ਦਿੱਤਾ ਸੀ। ਉਸ ਨੇ ਕਈ ਬੜੇ ਗੁੰਝਲਦਾਰ ਕੇਸ ਸੁਲਝਾਏ ਸਨ। ਵੱਡੇ-ਵੱਡੇ ਅਤਿਵਾਦੀਆਂ ਨੂੰ ਦੁਨੀਆਂ ਭਰ 'ਚੋਂ ਚੁੱਕ ਲਿਆਉਣਾ ਉਸ ਦੇ ਖੱਬੇ ਹੱਥ ਦੀ ਖੇਡ ਸੀ। ਅੱਗੇ ਮੁਖਾਬਰਤ ਦੀ ਜੇਲ੍ਹ, ਜੇਲ੍ਹ ਨਹੀਂ ਬੁੱਚੜਖਾਨਾ ਸੀ, ਜਿਥੋਂ ਕਦੇ ਕੋਈ ਜਿਉਂਦਾ ਘੱਟ ਹੀ ਬਾਹਰ ਨਿਕਲਿਆ ਸੀ। ਬਿਨ ਜ਼ਈਦ ਗੱਲ ਨੂੰ ਲਮਕਾਉਂਦਾ ਨਹੀਂ ਸੀ। ਬਸ ਇਸ ਪਾਰ ਜਾਂ ਉਸ ਪਾਰ। ਉਹ ਬੜੀ ਜਲਦੀ ਨਤੀਜੇ 'ਤੇ ਪਹੁੰਚਦਿਆਂ ਫੜੇ ਅਤਿਵਾਦੀਆਂ ਦੀਆਂ ਤਕਦੀਰਾਂ ਲਿਖ ਦਿੰਦਾ ਸੀ। ਇਸ ਤੋਂ ਇਲਾਵਾ ਅਮਰੀਕਾ 'ਚ ਪੜ੍ਹਿਆ ਹੋਣ ਕਾਰਨ ਅਤੇ ਇਥੇ ਰਿਹਾ ਹੋਣ ਕਾਰਨ ਉਹ ਅਮਰੀਕਨਾਂ ਦੇ ਨੇੜੇ ਸੀ। ਖਾਸ ਕਰ ਸੀ. ਆਈ. ਏ. ਵਾਲੇ ਉਸ ਨਾਲ ਕੰਮ ਕਰਕੇ ਬੜੇ ਖੁਸ਼ ਹੁੰਦੇ ਸਨ।

ਖੈਰ! ਇਸ ਕੇਸ ਦੀ ਫਾਈਲ ਉਸ ਕੋਲ ਪਹੁੰਚੀ ਤਾਂ ਉਹ ਹੈਰਾਨ ਹੋਇਆ ਕਿ ਉਸ ਦੇ ਮੁੱਖ ਦਫਤਰ ਤੋਂ ਕੁਝ ਮੀਲ ਦੂਰ ਹੀ ਕੋਈ ਅਤਿਵਾਦੀ ਦਹਿਸ਼ਤ ਫੈਲਾ ਰਿਹਾ ਹੈ। ਉਸ ਨੇ ਮੁਢਲੀ ਜਾਣਕਾਰੀ ਇਕੱਠੀ ਕਰਨ ਲਈ ਬੰਦਿਆਂ ਦੀ ਡਿਊਟੀ ਲਾ ਦਿੱਤੀ। ਜਦੋਂ ਹਫਤੇ ਕੁ ਤੱਕ ਉਸ ਕੋਲ ਜਾਣਕਾਰੀ ਪਹੁੰਚੀ ਤਾਂ ਉਹ ਹੋਰ ਵੀ ਹੈਰਾਨ ਹੋਇਆ। ਜਿਸ ਘਰ 'ਚੋਂ ਅਬੂ ਦੁਜਾਨਾ ਅਲ ਖੁਰਸਾਨੀ ਪੋਸਟਾਂ ਪਾ ਰਿਹਾ ਸੀ, ਉਹ ਪੜ੍ਹੇ-ਲਿਖੇ ਤੇ ਇੱਜ਼ਤਦਾਰ ਡਾਕਟਰ ਦਾ ਘਰ ਸੀ। ਡਾਕਟਰ ਦਾ ਨਾਂ ਸੀ, ਹਮਾਮ ਖਲੀਲ ਅਬੂ ਮਲਾਲ ਅਲ ਬਲਾਵੀ। ਹਮਾਮ ਬਲਾਵੀ ਬੱਚਿਆਂ ਦਾ ਡਾਕਟਰ ਸੀ ਅਤੇ ਯੂ. ਐਨ. ਓ. ਵਲੋਂ ਮਾਰਕਾ ਕੈਂਪ 'ਚ ਚਲਾਏ ਜਾ ਰਹੇ ਹਸਪਤਾਲ 'ਚ ਕੰਮ ਕਰਦਾ ਸੀ। ਇਸ ਹਸਪਤਾਲ 'ਚ ਆਉਣ ਵਾਲੇ ਸਾਰੇ ਮਰੀਜ਼ ਕਰੀਬ ਮੁਹਾਜਰ ਫਲਸਤੀਨੀ ਲੋਕ ਸਨ। ਆਪਣੇ ਕੰਮ ਦੀ ਵਜ੍ਹਾ ਕਰਕੇ ਹਮਾਮ ਬਲਾਵੀ ਸਭ 'ਚ ਹਰਮਨ ਪਿਆਰਾ ਸੀ। ਉਹ ਵੀ ਭਾਵੇਂ ਫਲਸਤੀਨੀ ਮੁਹਾਜਰ ਖਾਨਦਾਨ 'ਚੋਂ ਹੀ ਸੀ, ਪਰ ਇਹ ਸ਼ਾਂਤ ਅਤੇ ਚੰਗੇ ਰੁਤਬੇ ਵਾਲਾ ਪਰਿਵਾਰ ਸੀ। ਉਸ ਦਾ ਪਿਉ ਮਾਣਮੱਤੇ ਅਧਿਆਪਕ ਵਜੋਂ ਰਿਟਾਇਰ ਹੋਇਆ ਸੀ।

ਉਸ ਦੇ ਪਿਛਲੇ ਰਿਕਾਰਡ ਤੋਂ ਪਤਾ ਲੱਗਦਾ ਸੀ ਕਿ ਉਸ ਨੇ ਅਮਾਨ ਦੇ ਹੀ ਕਿਸੇ ਸਕੂਲ 'ਚੋਂ ਹਾਈ ਸਕੂਲ, ਟਾਪ ਰਹਿੰਦਿਆਂ ਪੂਰਾ ਕੀਤਾ ਸੀ। ਇਸੇ ਕਰਕੇ ਉਸ ਨੂੰ ਅੱਗੇ ਦੀ ਪੜ੍ਹਾਈ ਲਈ ਜਾਰਡਨ ਸਰਕਾਰ ਦਾ ਵਜ਼ੀਫਾ ਮਿਲਿਆ ਸੀ। ਉਸ ਪਿਛੋਂ ਉਸ ਨੇ ਜਾਰਡਨ ਤੋਂ ਬਾਹਰ ਇਸਤਾਂਬੁਲ ਦੀ ਯੂਨੀਵਰਸਿਟੀ 'ਚ ਦਾਖਲਾ ਲਿਆ, ਜਿਥੇ ਆਮ ਤੌਰ 'ਤੇ ਦਾਖਲਾ ਲੈਣਾ ਬੜਾ ਮੁਸ਼ਕਿਲ ਹੈ। ਇਥੋਂ ਹੀ ਉਸ ਨੇ ਡਾਕਟਰੀ ਦੀ ਛੇ ਸਾਲਾ ਡਿਗਰੀ ਕੀਤੀ। ਇਥੇ ਹੀ ਪੜ੍ਹਦਿਆਂ ਉਸ ਦਾ ਵਿਆਹ ਵੀ ਤੁਰਕ ਕੁੜੀ ਦਫੀਨਾ ਬੈਰਕ ਨਾਲ ਹੋ ਗਿਆ। ਇੰਨੀ ਪੜ੍ਹਾਈ ਕਰਨ ਦੇ ਬਾਵਜੂਦ ਉਸ ਨੇ ਵਾਪਸ ਆਪਣੀ ਕਰਮਭੂਮੀ ਜਾਰਡਨ 'ਚ ਆ ਕੇ ਆਪਣੇ ਹਮਵਤਨੀ ਲੋਕਾਂ ਲਈ ਡਾਕਟਰੀ ਦਾ ਪੇਸ਼ਾ ਚੁਣਿਆ।

ਦਿੱਖ ਪੱਖੋਂ ਉਹ ਦਰਮਿਆਨੇ ਜਿਹੇ ਕੱਦ ਦਾ ਬੜਾ ਹੀ ਸ਼ਰਮੀਲਾ ਅਤੇ ਮਾਸੂਮ ਜਿਹਾ ਦਿਸਦਾ ਸੀ। ਜੇ ਦੂਜੇ ਪਾਸੇ ਦੇਖੀਏ ਤਾਂ ਨਾ ਹੀ ਉਸ ਨੇ ਅਤੇ ਨਾ ਹੀ ਉਸ ਦੇ ਪਰਿਵਾਰ 'ਚੋਂ ਕਦੇ ਕਿਸੇ ਨੇ ਕੋਈ ਗੈਰ ਸਮਾਜਕ ਕੰਮ ਕੀਤਾ ਸੀ। ਉਨ੍ਹਾਂ ਤਾਂ ਕਦੇ ਕਿਸੇ ਮੁਜ਼ਾਹਰੇ ਵਗੈਰਾ 'ਚ ਹਿੱਸਾ ਨਹੀਂ ਸੀ ਲਿਆ। ਬੜਾ ਸ਼ਾਂਤ ਜਿਹਾ ਪਰਿਵਾਰ ਸੀ, ਜੋ ਕੰਮ ਕਰਦਾ ਅਤੇ ਚੰਗੇ ਸ਼ਹਿਰੀਆਂ ਵਾਂਗ ਆਰਾਮ ਦੀ ਜ਼ਿੰਦਗੀ ਬਿਤਾ ਰਿਹਾ ਸੀ। ਕੋਈ ਵੀ ਮਾੜਾ ਵਤੀਰਾ ਇਸ ਪਰਿਵਾਰ 'ਚੋਂ ਨਹੀਂ ਲੱਭਦਾ ਸੀ। ਹਮਾਮ ਬਲਾਵੀ ਨੇ ਕਦੇ ਇਕ ਅੱਧ ਟਰੈਫਿਕ ਟਿਕਟ ਲੈਣ ਤੋਂ ਬਿਨਾ ਹੋਰ ਕਿਸੇ ਵੀ ਕਿਸਮ ਦੀ ਕਾਨੂੰਨ ਤੋੜਨ ਵਾਲੀ ਕੋਈ ਗੱਲ ਨਹੀਂ ਸੀ ਕੀਤੀ।

ਸਾਰੀ ਫਾਈਲ ਪੜ੍ਹ ਕੇ ਬਿਨ ਜ਼ਈਦ ਨੇ ਮੱਥਾ ਫੜ ਲਿਆ, ਕਿਉਂਕਿ ਘੰਟਿਆਂ ਬੱਧੀ ਹਮਾਮ ਬਲਾਵੀ ਦੀਆਂ ਰੋਜ਼ਾਨਾ ਸਰਗਰਮੀਆਂ ਅਤੇ ਹੋਰ ਅੱਗਾ ਪਿੱਛਾ ਫਰੋਲਦਿਆਂ ਉਸ ਨੂੰ ਮਾਸਾ ਭਰ ਵੀ ਸਬੂਤ ਨਾ ਲੱਭਾ, ਜਿਸ ਨਾਲ ਉਹ ਉਸ ਨੂੰ ਅਤਿਵਾਦੀਆਂ ਦੀ ਲਿਸਟ 'ਚ ਪਾ ਸਕੇ; ਫਿਰ ਵੀ ਬਿਨ ਜ਼ਈਦ ਅਬੂ ਦੁਜਾਨਾ ਅਲ ਖੁਰਸਾਨੀ ਦੀ ਵਜ੍ਹਾ ਕਾਰਨ ਹਮਾਮ ਬਲਾਵੀ ਨੂੰ ਛੱਡ ਨਹੀਂ ਸੀ ਸਕਦਾ, ਕਿਉਂਕਿ ਅਬੂ ਦੁਜਾਨਾ ਦੀਆਂ ਲਿਖਤਾਂ ਨੇ ਵੈੱਬਸਾਈਟ 'ਤੇ ਧੁੰਮਾਂ ਪਾਈਆਂ ਹੋਈਆਂ ਸਨ। ਲੋਕ ਰੋਜ਼ਾਨਾ ਪਾਈਆਂ ਜਾਂਦੀਆਂ ਪੋਸਟਾਂ ਦੀ ਬੜੀ ਬੇਸਬਰੀ ਨਾਲ ਉਡੀਕ ਕਰਦੇ ਸਨ। ਉਸ ਦੀ ਹਰ ਲਿਖਤ ਇਨ੍ਹਾਂ ਲਫਜ਼ਾਂ ਨਾਲ ਖਤਮ ਹੁੰਦੀ ਸੀ, "ਆਖਰ ਕਦੋਂ ਅਮਰਕੀਨਾਂ ਦੇ ਖੂਨ ਨਾਲ ਮੇਰੇ ਲਫਜ਼ਾਂ ਦੀ ਪਿਆਸ ਬੁਝੇਗੀ।"

ਜਦੋਂ ਤੋਂ ਅਲ ਕਾਇਦਾ ਦਾ ਦੋ ਨੰਬਰ ਦਾ ਲੀਡਰ ਆਈਮਨ ਅਲ ਜਵਾਹਰੀ ਜ਼ਿਆਦਾ ਵੀਡੀਉ ਵਗੈਰਾ ਪਾਉਣ ਲੱਗਾ ਸੀ, ਉਦੋਂ ਦਾ ਅਬੂ ਦੁਜਾਨਾ ਵੀ ਮਸ਼ਹੂਰ ਹੁੰਦਾ ਜਾ ਰਿਹਾ ਸੀ। ਜਦੋਂ ਹੀ ਜਵਾਹਰੀ ਦੀ ਕੋਈ ਵੀਡੀਉ ਆਉਂਦੀ ਤਾਂ ਅਬੂ ਦੁਜਾਨਾ ਉਸ ਬਾਰੇ ਖੁੱਲ੍ਹ ਕੇ ਸਮਝਾਉਂਦਾ। ਅਗਲੀ ਵੀਡੀਉ ਤੱਕ ਉਹ ਜਵਾਹਰੀ ਲਈ ਲਿਖਦਾ ਰਹਿੰਦਾ। ਅਬੂ ਦੁਜਾਨਾ ਚਾਹੁੰਦਿਆਂ, ਨਾ ਚਾਹੁੰਦਿਆਂ ਅਲ ਕਾਇਦਾ ਦਾ ਬੁਲਾਰਾ ਬਣ ਚੁਕਾ ਸੀ। ਇਸ ਸੂਰਤ ਵਿਚ ਬਿਨ ਜ਼ਈਦ ਕਿਵੇਂ ਉਸ ਨੂੰ ਖੁੱਲ੍ਹਾ ਛੱਡ ਸਕਦਾ ਸੀ? ਆਖਰ ਅੱਜ ਦੀ ਰਾਤ ਬਿਨ ਜ਼ਈਦ ਨੇ ਟੀਮ ਤਿਆਰ ਕਰ ਹੀ ਲਈ।

ਹਮਾਮ ਬਲਾਵੀ ਨੂੰ ਘੜੀਸਦਿਆਂ ਜਲਦੀ ਨਾਲ ਕਾਰ 'ਚ ਬਿਠਾਇਆ ਅਤੇ ਕਾਰਾਂ ਨੇ ਸ਼ੂਟ ਵੱਟ ਲਈ। ਅੱਧੀ ਰਾਤ ਖਾਲੀ ਪਈਆਂ ਸੜਕਾਂ 'ਤੇ ਕਾਰਾਂ ਹਵਾ ਬਣੀਆਂ ਹੋਈਆਂ ਸਨ। ਹਮਾਮ ਨੂੰ ਪਿਛਲੀ ਸੀਟ 'ਤੇ ਏਜੰਟਾਂ ਨੇ ਘੁੱਟ ਕੇ ਵਿਚਾਲੇ ਬਿਠਾਇਆ ਹੋਇਆ ਸੀ। ਉਸ ਦਾ ਸਿਰ ਕਾਲੇ ਟੋਪ (ਹੁੱਡ) ਨਾਲ ਢਕਿਆ ਹੋਇਆ ਸੀ। ਅੱਧੇ ਘੰਟੇ ਪਿਛੋਂ ਕਾਰ ਚੈੱਕ ਪੁਆਇੰਟ 'ਤੇ ਰੁਕੀ ਤਾਂ ਹਮਾਮ ਬਲਾਵੀ ਸਮਝ ਗਿਆ ਕਿ ਮੁਖਾਬਰਤ ਦਾ ਮੁੱਖ ਹੈੱਡਕੁਆਰਟਰ ਆ ਗਿਆ ਹੈ। ਇਕ ਚੈੱਕ ਪੁਆਇੰਟ ਹੋਰ ਆਇਆ। ਫਿਰ ਉਸ ਨੂੰ ਕਾਰ 'ਚੋਂ ਖਿੱਚ ਕੇ ਛੋਟੇ ਜਿਹੇ ਕਮਰੇ 'ਚ ਬੰਦ ਕਰ ਦਿੱਤਾ। ਮੂੰਹ ਤੋਂ ਟੋਪ ਭਾਵੇਂ ਉਤਾਰ ਦਿੱਤਾ ਗਿਆ ਸੀ, ਪਰ ਆਲੇ-ਦੁਆਲੇ ਹਨੇਰਾ ਹੀ ਹਨੇਰਾ ਸੀ। ਹਮਾਮ ਬਲਾਵੀ ਨੂੰ ਕੁਝ ਪਤਾ ਨਾ ਲੱਗੇ ਕਿ ਸਭ ਚੱਲ ਕੀ ਰਿਹਾ ਹੈ!

ਇਹ ਇਸ ਦਿਨ ਤੋਂ ਕਰੀਬ ਦੋ ਸਾਲ ਪਹਿਲਾਂ ਦੀ ਗੱਲ ਸੀ, ਜਦੋਂ ਹਮਾਮ ਬਲਾਵੀ ਦੀਆਂ ਬੱਚੀਆਂ ਅਤੇ ਘਰ ਵਾਲੀ ਆਰਾਮ ਨਾਲ ਸੁੱਤੇ ਹੋਏ ਸਨ ਅਤੇ ਉਹ ਖੁਦ ਆਪਣੇ ਕੰਪਿਊਟਰ ਨਾਲ ਚਿਪਕਿਆ ਬੈਠਾ ਆਪਣਾ ਮਨ ਭਾਉਂਦਾ ਕੰਮ ਕਰ ਰਿਹਾ ਸੀ। ਕੁਝ ਹੀ ਘੰਟਿਆਂ ਨੂੰ ਦਿਨ ਚੜ੍ਹ ਜਾਵੇਗਾ ਅਤੇ ਉਹ ਆਪਣੇ ਕੰਮ, ਭਾਵ ਬੱਚਿਆਂ ਦੇ ਹਸਪਤਾਲ ਵਲ ਵਿਦਾ ਹੋ ਜਾਵੇਗਾ। ਫਿਰ ਸਾਰਾ ਦਿਨ ਮਰੀਜ਼ਾਂ 'ਚ ਖੁੱਭਿਆ ਉਹ ਸਭ ਭੁੱਲ ਜਾਵੇਗਾ, ਪਰ ਇਸ ਵੇਲੇ ਘਰ ਦੀ ਕਿਚਨ 'ਚ ਬੈਠਾ ਉਹ ਇਸਲਾਮੀ ਸਾਈਬਰ ਲੜਾਕਾ 'ਅਬੂ ਦੁਜਾਨਾ ਅਲ ਖੁਰਸਾਨੀ' ਬਣਿਆ ਅਮਰੀਕਨਾਂ ਅਤੇ ਇਜ਼ਰਾਈਲੀਆਂ ਦੇ ਖੂਨ ਦੀਆਂ ਨਦੀਆਂ ਵਹਾਉਣ ਦੀਆਂ ਪੋਸਟਾਂ ਪਾ ਰਿਹਾ ਸੀ। ਉਸ ਨੇ ਲੰਮਾ ਲੇਖ ਟਾਈਪ ਕੀਤਾ। ਫਿਰ ਹੇਠਾਂ ਨਾਂ ਅਬੂ ਦੁਜਾਨਾ ਅਲ ਖੁਰਸਾਨੀ ਲਿਖਿਆ। ਅਬੂ ਦੁਜਾਨਾ ਨਾਂ ਵੀ ਉਸ ਨੇ ਬੜੀ ਖੋਜ ਪਿਛੋਂ ਚੁਣਿਆ ਸੀ। ਅਬੂ ਦੁਜਾਨਾ 7ਵੀਂ ਸਦੀ ਦਾ ਲੜਾਕਾ ਸੀ, ਜੋ ਹਜ਼ਰਤ ਮੁਹੰਮਦ ਸਾਹਿਬ ਦੇ ਨੇੜੇ ਰਿਹਾ ਸੀ। ਉਹ ਮਹਾਨ ਲੜਾਕਾ ਸੀ। ਇਸਲਾਮ ਜਗਤ ਵਿਚ ਹਰ ਕੋਈ ਅਬੂ ਦੁਜਾਨਾ ਦੇ ਨਾਂ ਤੋਂ ਭਲੀ ਭਾਂਤ ਜਾਣੂੰ ਸੀ।

ਇਧਰ ਹਮਾਮ ਬਲਾਵੀ ਦੀ ਅੱਜ ਦੀ ਪੋਸਟ 'ਚ ਉਸ ਨੇ ਇਰਾਕ 'ਚ ਲੜ ਰਹੇ ਅਤਿਵਾਦੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਸੀ ਕਿ ਕੱਲ੍ਹ ਨੂੰ ਅਮਰੀਕਨਾਂ ਨੂੰ ਇਸ ਤਰ੍ਹਾਂ ਮਾਰੋ, ਜਿਵੇਂ ਜੁਆਕ ਪਲੇਅ ਸਟੇਸ਼ਨ 'ਤੇ ਟਾਰਗੈਟ ਨੂੰ ਮਾਰਦੇ ਹਨ। ਹਮਾਮ ਬਲਾਵੀ ਨੇ ਇਕ ਵਾਰ ਫਿਰ ਆਪਣਾ ਲੇਖ ਪੜ੍ਹਿਆ। ਪੜ੍ਹ ਕੇ ਉਸ ਨੂੰ ਬੜਾ ਮਜ਼ਾ ਆਇਆ। ਜੋਸ਼ ਆਇਆ। ਫਿਰ ਉਸ ਨੇ ਬਟਨ ਦੱਬਿਆ। ਪਲਾਂ 'ਚ ਹੀ ਉਸ ਦਾ ਲੇਖ, ਬਿਲ ਬੋਰਡ ਆਈਟਮ ਵਧਾ ਅਲ-ਹਸਬਾਹ ਦੀ ਵੈੱਬਸਾਈਟ 'ਤੇ ਚਲਾ

*(ਬਾਕੀ ਅਗਲੇ ਸਫੇ 'ਤੇ)*

ਗਿਆ। ਅਲ-ਹਸਬਾਹ ਅਰਬ ਵਰਲਡ 'ਚ ਮਸ਼ਹੂਰ ਰੈਡੀਕਲ ਇਸਲਾਮਿਕ ਵੈੱਬਸਾਈਟ ਹੈ।

ਉਨ੍ਹੀਂ ਦਿਨੀਂ ਇਸ ਗੱਲ ਦਾ ਕਿਸੇ ਨੂੰ ਵੀ ਨਹੀਂ ਸੀ ਪਤਾ ਕਿ ਅਬੂ ਦੁਜਾਨਾ ਕੌਣ ਹੈ? ਕਈ ਉਸ ਨੂੰ ਅਲ ਕਾਇਦਾ ਦਾ ਉਚ ਕੋਟੀ ਦਾ ਮੈਂਬਰ ਸਮਝਦੇ ਸਨ, ਕਈ ਉਸ ਨੂੰ ਸਾਊਦੀ ਅਰਬ ਦਾ ਬਾਸ਼ਿੰਦਾ ਸਮਝਦੇ ਸਨ। ਕਈਆਂ ਲਈ ਉਹ ਕੋਈ ਨਵੀਂ ਉਭਰ ਰਹੀ ਸ਼ਕਤੀ ਸੀ। ਕੁਲ ਮਿਲਾ ਕੇ ਹਰ ਕਿਸੇ ਦੇ ਦਿਲ 'ਚ ਉਸ ਲਈ ਇੱਜਤ ਸੀ। ਸੀ. ਆਈ. ਏ. ਜਾਂ ਮੁਖਾਬਰਤ ਜਿਹੀਆਂ ਏਜੰਸੀਆਂ ਵੀ ਉਸ ਨੂੰ ਕੋਈ ਵੱਡਾ ਬੰਦਾ ਸਮਝ ਰਹੀਆਂ ਸਨ। ਕਈ ਉਸ ਨੂੰ ਅਈਮਨ ਅਲ ਜਵਾਹਰੀ ਤੋਂ ਦੋ ਨੰਬਰ ਦਾ ਕਮਾਂਡਰ ਸਮਝ ਰਹੇ ਸਨ। ਜਦੋਂ ਤੱਕ ਹਮਾਮ ਬਲਾਵੀ ਫੜਿਆ ਨਹੀਂ ਗਿਆ, ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਉਹ ਮਰੀਅਲ ਜਿਹਾ ਤੇ ਨਿਕੜੇ ਜਿਹੇ ਸਰੀਰ ਦਾ ਡਾਕਟਰ ਹੈ। ਉਹ ਕੋਈ ਜਹਾਦੀ ਨਹੀਂ ਸੀ। ਬਸ ਸ਼ੌਕ ਪੂਰਾ ਕਰਨ ਲਈ ਝੂਠੇ ਨਾਂ ਹੇਠ ਅੱਗ ਲਾਉਂਦੀਆਂ ਪੋਸਟਾਂ ਪਾ ਰਿਹਾ ਸੀ। ਫਿਰ ਜਦੋਂ ਲੋਕ ਉਸ ਦੀਆਂ ਤਾਰੀਫਾਂ ਕਰਦੇ ਤਾਂ ਉਹ ਅੰਦਰ ਹੀ ਅੰਦਰ ਖੁਸ਼ ਹੁੰਦਾ। ਉਦੋਂ ਉਸ ਦੇ ਯਾਦ-ਚਿਤ ਵੀ ਨਹੀਂ ਸੀ ਕਿ ਸ਼ੁਗਲ ਵਜੋਂ ਸ਼ੁਰੂ ਕੀਤਾ ਕੰਮ ਉਸ ਦੀ ਜ਼ਿੰਦਗੀ ਤਬਾਹ ਕਰਕੇ ਰੱਖ ਦੇਵੇਗਾ।

ਹੁਣ ਉਹ ਮੁਖਾਬਰਤ ਦੇ ਹੈੱਡਕੁਆਰਟਰ ਪਹੁੰਚ ਚੁਕਾ ਸੀ। ਇਥੇ ਪਹੁੰਚਿਆ ਕੋਈ ਵੀ ਬੰਦਾ ਕਦੇ ਸਹੀ ਸਾਬਤ ਬਾਹਰ ਨਹੀਂ ਗਿਆ ਸੀ। ਬਹੁਤਿਆਂ ਨੂੰ ਕਿਥੇ ਖਪਾ ਦਿੱਤਾ ਜਾਂਦਾ ਸੀ, ਇਸ ਗੱਲ ਦਾ ਪਤਾ ਹੀ ਨਹੀਂ ਸੀ ਲੱਗਦਾ। ਜੇ ਕੋਈ ਮੁਖਾਬਰਤ ਦਾ ਮੁਖਬਰ ਬਣ ਜਾਣਾ ਮੰਨ ਜਾਂਦਾ ਤਾਂ ਬਾਹਰ ਆ ਕੇ ਉਸ ਨੂੰ ਸੁਸਾਇਟੀ ਜਿਉਣ ਨਹੀਂ ਸੀ ਦਿੰਦੀ। ਬਹੁਤੇ ਸੁਸਾਇਟੀ ਅਤੇ ਰਿਸ਼ਤੇਦਾਰਾਂ ਦੇ ਸਤਾਏ ਖੁਦਕੁਸ਼ੀ ਕਰ ਜਾਂਦੇ ਸਨ। ਕੁਝ ਮੁਲਕ ਛੱਡ ਕੇ ਭੱਜ ਜਾਂਦੇ ਸਨ। ਕਈਆਂ ਨੂੰ ਕੰਮ ਨਿਕਲ ਜਾਣ ਪਿੱਛੋਂ ਮੁਖਾਬਰਤ ਆਪ ਹੀ ਖਤਮ ਕਰ ਦਿੰਦੀ ਸੀ, ਤੇ ਹੁਣ ਹਮਾਮ ਬਲਾਵੀ ਅੰਦਰ ਪਹੁੰਚ ਚੁਕਾ ਸੀ। ਉਸ ਨੂੰ ਪਤਾ ਸੀ ਕਿ ਉਸ ਦਾ ਸਭ ਕੁਝ ਖਤਮ ਹੈ।

---

ਅਮਾਨ ਸ਼ਹਿਰ ਦੇ ਛਿਪਦੇ ਵੱਲ ਮੁਖਾਬਰਤ ਦੀ ਕਾਲੀ ਬਿਲਡਿੰਗ ਕਿਸੇ ਦੈਂਤ ਵਾਂਗ ਖੜ੍ਹੀ ਸੀ। ਅੰਦਰ ਛੋਟੇ-ਛੋਟੇ ਸੈੱਲਾਂ ਵਿਚ ਪਤਾ ਨਹੀਂ ਦੁਨੀਆਂ ਭਰ ਦੇ ਕਿੰਨੇ ਕੁ ਅਤੇ ਕਿਹੜੇ-ਕਿਹੜੇ ਅਤਿਵਾਦੀ ਬੰਦ ਸਨ। ਇਨ੍ਹਾਂ 'ਚੋਂ ਹੀ ਇਕ ਵਿਚ ਹਮਾਮ ਬਲਾਵੀ ਬੰਦ ਸੀ। ਬੜੀ ਦੇਰ 'ਚ ਜਾਰਡਨ ਨੇ ਆਪਣਾ ਅਕਸ ਸੁਧਾਰਿਆ ਸੀ। ਇਸ ਦੀ ਇਜ਼ਰਾਇਲ ਨਾਲ ਸੰਧੀ ਹੋ ਚੁਕੀ ਸੀ। ਇਸ ਦਾ ਆਪਣਾ ਕੋਈ ਝਗੜਾ ਨਹੀਂ ਸੀ, ਫਿਰ ਵੀ ਇਰਾਨ ਦਾ ਹਿਜ਼ਬੁੱਲਾ, ਫਲਸਤੀਨ ਦਾ ਹਮਾਸ ਅਤੇ ਇਰਾਕ ਦਾ ਜ਼ਰਕਾਵੀ ਗਰੁੱਪ ਵਰਤ ਰਹੇ ਸਨ। ਇਸੇ ਕਰਕੇ ਜਾਰਡਨ ਦੀ ਜ਼ੀਰੋ ਟਾਲਰੈਂਸ ਪਾਲਿਸੀ ਸੀ। ਜ਼ਰਕਾਵੀ ਕਦੇ ਇਸੇ ਜੇਲ੍ਹ 'ਚ ਬੰਦ ਰਿਹਾ ਸੀ। ਫਿਰ ਕਿਵੇਂ ਨਾ ਕਿਵੇਂ ਨਿਕਲਣ 'ਚ ਕਾਮਯਾਬ ਹੋ ਗਿਆ। ਉਸ ਨੇ ਇਸ ਦਾ ਬਦਲਾ ਲੈਣ ਦੀ ਕੋਸ਼ਿਸ਼ ਵੀ ਕੀਤੀ। ਉਸ ਨੇ ਬਾਰੂਦ ਅਤੇ ਗੈਸ ਦੇ ਭਰੇ ਟਰੱਕ ਇਧਰ ਨੂੰ ਤੋਰ ਦਿੱਤੇ ਸਨ। ਇਹ ਤਾਂ ਮੌਕੇ 'ਤੇ ਪਤਾ ਲੱਗ ਗਿਆ, ਨਹੀਂ ਤਾਂ ਹਜ਼ਾਰਾਂ ਮੌਤਾਂ ਹੋ ਜਾਣੀਆਂ ਸਨ। ਫਿਰ ਇਹ ਮੁਖਾਬਰਤ ਹੀ ਸੀ, ਜਿਸ ਨੇ ਅਮਰੀਕਨਾਂ ਨੂੰ ਜ਼ਰਕਾਵੀ ਦੀ ਜਾਣਕਾਰੀ ਦਿੱਤੀ ਸੀ। ਮੁਖਾਬਰਤ ਦੇ ਦੂਹਰੇ ਏਜੰਟ ਨੇ ਜ਼ਰਕਾਵੀ ਦੀ ਪੂਰੀ ਜਾਣਕਾਰੀ ਦੇ ਕੇ ਉਸ ਦਾ ਸਫਾਇਆ ਕਰਵਾਇਆ ਸੀ।

ਖੈਰ! ਅਗਲਾ ਦਿਨ ਚੜ੍ਹ ਗਿਆ, ਇਸ ਦਾ ਪਤਾ ਹਮਾਮ ਬਲਾਵੀ ਨੂੰ ਉਦੋਂ ਹੀ ਲੱਗਾ, ਜਦੋਂ ਇੰਟੈਰੋਗੇਟਰ ਅੰਦਰ ਆਏ। ਉਨ੍ਹਾਂ ਆਉਂਦਿਆਂ ਹੀ ਪਹਿਲਾਂ ਲੱਤਾਂ, ਮੁੱਕਿਆਂ ਨਾਲ ਹਮਾਮ ਬਲਾਵੀ ਦੀ ਖੂਬ ਕੁਟਾਈ ਕੀਤੀ। ਫਿਰ ਘਸੁੰਨ ਮਾਰਦਿਆਂ ਇਕ ਏਜੰਟ ਨੇ ਪੁੱਛਿਆ, "ਬੋਲ ਅਬੂ ਦੁਜਾਨਾ ਕੌਣ ਐ?"

"ਤੁਸੀਂ ਜਾਣ ਈ ਗਏ ਹੋ, ਉਹ ਮੈਂ ਆਂ।" ਉਸ ਦੇ ਜੁਆਬ 'ਤੇ ਏਜੰਟ ਭੁਚੱਕੇ ਰਹਿ ਗਏ। ਜੋ ਸੁਆਲ ਆਮ ਅਤਿਵਾਦੀ ਤੋਂ ਉਗਲਵਾਉਣ ਲਈ ਉਨ੍ਹਾਂ ਨੂੰ ਕਈ ਦਿਨ ਲਾਉਣੇ ਪੈਣੇ ਸਨ, ਇਸ ਆਦਮੀ ਨੇ ਆਪ ਹੀ ਦੇ ਦਿੱਤਾ। ਖੈਰ! ਉਸ ਦੀ ਤਫਤੀਸ਼ ਸ਼ੁਰੂ ਹੋ ਚੁਕੀ ਸੀ। ਏਜੰਟ ਇਕ ਘੰਟਾ ਕੁੱਟ-ਕੁਟਾਈ ਅਤੇ ਸੁਆਲ-ਜੁਆਬ ਕਰਦੇ ਤੇ ਫਿਰ ਅੰਦਰ ਸੈੱਲ 'ਚ ਬੰਦ ਕਰ ਦਿੰਦੇ। ਦੋ ਘੰਟਿਆਂ ਦੀ ਬਰੇਕ ਹੁੰਦੀ ਸੀ। ਇਨ੍ਹਾਂ ਦੋ ਘੰਟਿਆਂ 'ਚ ਪਹਿਲਾਂ ਤਾਂ ਉਪਰੋਂ ਪੈਂਦੀਆਂ ਸਰਚ ਲਾਈਟਾਂ ਉਸ ਨੂੰ ਸੌਣ ਨਾ ਦਿੰਦੀਆਂ। ਜਦੋਂ ਜ਼ਰਾ ਹੀ ਨੀਂਦ ਆਉਂਦੀ ਤਾਂ ਉਦੋਂ ਨੂੰ ਦੂਜੀ ਟੀਮ ਆ ਜਾਂਦੀ। ਇਹ ਕੰਮ ਸਾਰਾ ਦਿਨ ਚੱਲਦਾ ਰਿਹਾ।

ਸੁਆਲ ਤਾਂ ਬੜੇ ਸਨ, ਪਰ ਹਮਾਮ ਬਲਾਵੀ ਕੋਲ ਕਿਸੇ ਦਾ ਜੁਆਬ ਨਹੀਂ ਸੀ। ਮਿਸਾਲ ਵਜੋਂ ਉਸ ਨੂੰ ਵਖ-ਵਖ ਅਤਿਵਾਦੀਆਂ ਬਾਰੇ ਪੁੱਛਿਆ ਜਾਂਦਾ, ਪਰ ਉਹ ਤਾਂ ਕੁਝ ਜਾਣਦਾ ਹੀ ਨਹੀਂ ਸੀ। ਫਿਰ ਉਸ ਨੂੰ ਪੁੱਛਿਆ ਗਿਆ ਕਿ ਅਲ-ਹਸਬਾਹ ਵੈੱਬਸਾਈਟ ਕੌਣ ਚਲਾਉਂਦਾ ਹੈ। ਇਸ ਬਾਰੇ ਵੀ ਉਸ ਦਾ ਕਹਿਣਾ ਸੀ ਕਿ ਉਹ ਤਾਂ ਇਸ 'ਤੇ ਲੇਖ ਪਾਉਂਦਾ ਹੈ, ਇਸ ਤੋਂ ਵੱਧ ਉਸ ਨੂੰ ਕੋਈ ਪਤਾ ਨਹੀਂ। ਉਸ ਨੂੰ ਹਰ ਤਰ੍ਹਾਂ ਇੰਟੈਰੋਗੇਟ ਕੀਤਾ ਗਿਆ, ਤਸੀਹੇ ਦਿੱਤੇ ਗਏ, ਪਰ ਉਸ ਕੋਲੋਂ ਕੁਝ ਨਾ ਨਿਕਲਿਆ, ਕਿਉਂਕਿ ਉਸ ਨੂੰ ਪਤਾ ਹੀ ਨਹੀਂ ਸੀ ਕਿਸੇ ਗੱਲ ਦਾ। ਸ਼ੌਕ-ਸ਼ੌਕ 'ਚ ਫਸਿਆ ਸੀ ਉਹ ਤਾਂ। ਦੋ ਦਿਨ ਦੀ ਇੰਟੈਰੋਗੇਸ਼ਨ ਪਿਛੋਂ ਫਾਈਲ ਬਿਨ ਜ਼ਈਦ ਕੋਲ ਪਹੁੰਚ ਗਈ। ਉਹ ਇੰਟੈਰੋਗੇਸ਼ਨ ਰਿਪੋਰਟ ਪੜ੍ਹ ਕੇ ਹੈਰਾਨ ਹੋਇਆ ਕਿ ਇੰਨਾ ਵੱਡਾ



ਹਮਾਮ ਖਲੀਲ ਅਬੂ ਮਲਾਲ ਅਲ ਬਲਾਵੀ

ਅਤਿਵਾਦੀ ਫੜਿਆ, ਪਰ ਨਿਕਲਿਆ ਕੁਝ ਵੀ ਨਹੀਂ। ਫਿਰ ਉਹ ਖੁਦ ਪਹੁੰਚਿਆ ਇੰਟੈਰੋਗੇਸ਼ਨ ਕਰਨ ਲਈ। ਸਭ ਤੋਂ ਪਹਿਲਾਂ ਉਸ ਨੇ ਟਰਿੱਕ ਵਜੋਂ ਹਮਾਮ ਬਲਾਵੀ ਨੂੰ ਚੰਗੇ ਸੈੱਲ 'ਚ ਸ਼ਿਫਟ ਕਰਾ ਦਿੱਤਾ। ਫਿਰ ਉਹ ਕੁਰਸੀ ਡਾਹ ਕੇ ਉਸ ਦੇ ਸਾਹਮਣੇ ਬਹਿ ਗਿਆ। ਉਹ ਹਮਾਮ ਬਲਾਵੀ ਦੇ ਚਿਹਰੇ ਦੇ ਰੰਗ ਪੜ੍ਹਦਾ ਰਿਹਾ। ਦਿਲੋਂ ਬਿਨ ਜ਼ਈਦ ਵੀ ਇਜ਼ਰਾਇਲ ਦੇ ਖਿਲਾਫ ਸੀ, ਪਰ ਕੌਮੀ ਨੀਤੀ ਤਹਿਤ ਉਸ ਨੂੰ ਸਭ ਕੁਝ ਮੰਨਣਾ ਪੈ ਰਿਹਾ ਸੀ।

ਕਾਫੀ ਦੇਰ ਹਮਾਮ ਬਲਾਵੀ ਦਾ ਚਿਹਰਾ ਪੜ੍ਹਨ ਪਿੱਛੋਂ ਉਸ ਨੂੰ ਲੱਗਾ, ਜਿਵੇਂ ਇਹ ਡਾਕਟਰ ਕਾਲਜ ਵੇਲੇ ਉਸ ਦਾ ਜਮਾਤੀ ਰਿਹਾ ਹੋਵੇ। ਦਿਲੋਂ ਉਸ ਨੂੰ ਉਸ 'ਤੇ ਤਰਸ ਆਇਆ, ਪਰ ਨੌਕਰੀ ਤਾਂ ਨੌਕਰੀ ਸੀ। ਉਸ ਨੇ ਬੜੇ ਧੀਰਜ ਨਾਲ ਪੁੱਛਿਆ, "ਤੇਰੀ ਤਫਤੀਸ਼ ਤੋਂ ਸਾਬਤ ਹੋਇਐ ਕਿ ਤੇਰਾ ਜਾਂ ਤੇਰੇ ਪਰਿਵਾਰ ਦਾ ਕਦੇ ਅਤਿਵਾਦ ਨਾਲ ਦੂਰ ਦਾ ਸਬੰਧ ਨਹੀਂ ਰਿਹਾ। ਸਾਡੀ ਰਿਪੋਰਟ ਮੁਤਾਬਕ ਤੂੰ ਸ਼ਰੀਫ ਆਦਮੀ ਐਂ। ਫਿਰ ਇਹ ਅਬੂ ਦੁਜਾਨਾ ਅਲ ਖੁਰਸਾਨੀ ਵਾਲਾ ਕਿੱਸਾ ਕੀ ਐ?"

ਹਮਾਮ ਬਲਾਵੀ ਨੇ ਬਿਨ ਜ਼ਈਦ ਦੇ ਚਿਹਰੇ ਵੱਲ ਨਜ਼ਰਾਂ ਗੱਡ ਕੇ ਦੇਖਿਆ। ਫਿਰ ਨੀਵੀਂ ਪਾਉਂਦਿਆਂ ਬੋਲਿਆ, "ਸ਼ੁਰੂ 'ਚ ਸ਼ੁਗਲ ਵਜੋਂ ਇਕ-ਦੋ ਪੋਸਟਾਂ ਝੂਠੇ ਨਾਂ ਹੇਠ ਪਾਈਆਂ। ਜਦੋਂ ਕੁਝ ਹੁੰਗਾਰਾ ਮਿਲਿਆ ਤਾਂ ਮੈਂ ਹੌਲੀ-ਹੌਲੀ ਇਹ ਪੋਸਟਾਂ ਨਿੱਤ ਪਾਉਣ ਲੱਗਾ। ਉਂਜ ਮੇਰਾ ਕਿਸੇ ਅਤਿਵਾਦ ਨਾਲ ਕੋਈ ਲੈਣਾ ਦੇਣਾ ਨਹੀਂ।"

ਉਸ ਦੇ ਜੁਆਬ 'ਚ ਬਿਨ ਜ਼ਈਦ ਕੁਝ ਨਾ ਬੋਲਿਆ ਤਾਂ ਹਮਾਮ ਬਲਾਵੀ ਕਹਿਣ ਲੱਗਾ, "ਵੈਸੇ ਨਿਜੀ ਤੌਰ 'ਤੇ ਮੈਂ ਹਰ ਕਿਸਮ ਦੇ ਅਤਿਵਾਦ ਅਤੇ ਮਾਰ-ਮਰਾਈ ਦੇ ਖਿਲਾਫ ਆਂ। ਮੈਂ ਤਾਂ ਕੰਮ ਕਰਨ ਵਾਲਾ ਸਾਦਾ ਜਿਹਾ ਬੰਦਾ ਆਂ, ਪਰ ਇਹ ਪੋਸਟਾਂ ਹੌਲੀ-ਹੌਲੀ ਮੇਰਾ ਸ਼ੌਕ ਬਣ ਗਈਆਂ। ਮੈਂ ਅਬੂ ਦੁਜਾਨਾ ਬਣ ਕੇ ਜੋ ਵੀ ਪੋਸਟਾਂ ਪਾਈਆਂ, ਉਹ ਸਿਰਫ ਸ਼ੌਕ ਵਜੋਂ ਪਾਈਆਂ। ਸੱਚਾਈ ਇਹੀ ਐ। ਅੱਗੇ ਜੋ ਅੱਲ੍ਹਾ ਦੀ ਮਰਜ਼ੀ।"

ਤਜਰਬੇਕਾਰ ਬਿਨ ਜ਼ਈਦ ਝੱਟ ਸਮਝ ਗਿਆ ਕਿ ਇਹ ਬੰਦਾ ਅਤਿਵਾਦੀ ਨਹੀਂ ਹੈ। ਨਾ ਹੀ ਇਸ ਦਾ ਕਿਸੇ ਨਾਲ ਸਬੰਧ ਹੈ। ਉਸ ਦੇ ਸ਼ੌਕ ਵਾਲੀ ਗੱਲ ਨਾਲ ਵੀ ਉਹ ਸਹਿਮਤ ਸੀ। ਕੁਝ ਸੋਚਣ ਪਿਛੋਂ ਉਹ ਬੋਲਿਆ, "ਚੱਲ ਹਮਾਮ ਬਲਾਵੀ, ਜੋ ਹੋਇਆ ਸੋ ਹੋਇਆ। ਪਿਛਲਾ ਭੁੱਲ ਜਾਹ। ਆਪਾਂ ਕਿਸੇ ਵੇਲੇ ਫਿਰ ਮਿਲਾਂਗੇ। ਇੰਨਾ ਕਹਿ ਕੇ ਬਿਨ ਜ਼ਈਦ ਨੇ ਉਸ ਨੂੰ ਆਪਣੀ ਨਿਜੀ ਕਾਰ 'ਚ ਬਿਠਾਇਆ ਤੇ ਉਸ ਦੇ ਘਰ ਕੋਲ ਲਾਹ ਆਇਆ। ਰਸਤੇ 'ਚ ਉਹ ਸ਼ਹਿਰ ਦੀਆਂ, ਟਰੈਫਿਕ ਦੀਆਂ ਅਤੇ ਮੌਸਮ ਵਗੈਰਾ ਦੀਆਂ ਗੱਲਾਂ ਕਰਦੇ ਰਹੇ। ਘਰ ਤੋਂ ਥੋੜ੍ਹੀ ਦੂਰ ਬਿਨ ਜ਼ਈਦ ਨੇ ਕਾਰ ਰੋਕ ਦਿੱਤੀ। ਜਦੋਂ ਹਮਾਮ ਬਲਾਵੀ ਉਤਰਨ ਲੱਗਾ ਤਾਂ ਬਿਨ ਜ਼ਈਦ ਸੁਭਾਵਕ ਜਿਹਾ ਬੋਲਿਆ, "ਮੇਰੇ ਸਿਰ ਤੇਰਾ ਲੰਚ ਰਿਹਾ। ਕਿਸੇ ਦਿਨ ਇਕੱਠੇ ਬੈਠਾਂਗੇ। ਨਾਲੇ ਸੱਚ ਇਕ ਗੱਲ ਹੋਰ...?"

ਹਮਾਮ ਬਲਾਵੀ ਉਤਰਦਾ-ਉਤਰਦਾ ਰੁਕ ਗਿਆ ਤੇ ਉਸ ਨੇ ਬਿਨ ਜ਼ਈਦ ਵੱਲ ਦੇਖਿਆ। ਬਿਨ ਜ਼ਈਦ ਨੇ ਕਿਹਾ, "ਹਾਲ ਦੀ ਘੜੀ ਉਹ ਅਬੂ ਦੁਜਾਨਾ ਵਾਲੀਆਂ ਪੋਸਟਾਂ ਉਵੇਂ ਹੀ ਪਾਉਂਦਾ ਰਹਿ। ਦੋ ਚਾਰ ਦਿਨਾਂ ਬਾਅਦ ਮਿਲਦੇ ਆਂ ਤਾਂ ਦੱਸੂੰਗਾ ਕਿ ਅੱਗੇ ਕੀ ਕਰਨਾ ਹੈ।"

---

ਗੁੰਮ-ਸੁੰਮ ਜਿਹਾ ਹਮਾਮ ਬਲਾਵੀ ਘਰ ਪਹੁੰਚਿਆ। ਉਸ ਦੇ ਜੁਆਕ ਉਸ ਨੂੰ ਚੰਬੜ ਗਏ। ਘਰ ਵਾਲੀ ਵੀ ਰੋਣ ਲੱਗੀ। ਉਸ ਨੇ ਸਭ ਦਾ ਦਿਲ ਧਰਾਇਆ। ਇੰਨੇ ਨੂੰ ਉਸ ਦਾ ਪਿਉ ਅਤੇ ਭਰਾ ਆ ਗਏ। ਉਹ ਪਿਛਲੇ ਦੋ ਦਿਨਾਂ ਤੋਂ ਉਸ ਨੂੰ ਲਗਾਤਾਰ ਲੱਭ ਰਹੇ ਸਨ, ਪਰ ਹੁਣ ਉਹ ਉਨ੍ਹਾਂ ਤੋਂ ਪਹਿਲਾਂ ਹੀ ਘਰ ਆਇਆ ਬੈਠਾ ਸੀ। ਉਨ੍ਹਾਂ ਦੀ ਹੈਰਾਨੀ ਦੀ ਵੀ ਹੱਦ ਨਾ ਰਹੀ। ਸਾਰੇ ਉਸ ਦੇ ਮੂੰਹੋਂ ਕੁਝ ਸੁਣਨ ਲਈ ਉਤਾਵਲੇ ਸਨ। ਹਮਾਮ ਨੇ ਇੰਨਾ ਕਹਿ ਕੇ ਸਭ ਦੇ ਮਨ ਸ਼ਾਂਤ ਕਰ ਦਿੱਤੇ, "ਦੇਖੋ ਇੰਟੈਰੋਗੇਸ਼ਨ ਤਾਂ ਮੇਰੀ ਬਹੁਤ ਹੋਈ, ਪਰ ਇਹ ਸਭ ਕਿਸੇ ਗਲਤੀ ਕਾਰਨ ਹੋਇਆ। ਉਹ ਕਿਸੇ ਹੋਰ ਨੂੰ ਲੱਭ ਰਹੇ ਸਨ ਤੇ ਧੱਕੇ ਮੈਂ ਚੜ੍ਹ ਗਿਆ, ਪਰ ਹੁਣ ਸਭ ਗੱਲ ਸਾਫ ਹੋ ਗਈ ਹੈ। ਆਪਣੇ ਪਰਿਵਾਰ ਨੂੰ ਕੋਈ ਖਤਰਾ ਨਹੀਂ ਹੈ।"

ਉਸ ਦੀਆਂ ਇਨ੍ਹਾਂ ਗੱਲਾਂ ਨੇ ਸਭ ਦੇ ਚਿਹਰੇ ਦੀ ਰੌਣਕ ਵਾਪਸ ਲੈ ਆਂਦੀ; ਪਰ ਹੁਣ ਤੱਕ ਰੋਜ਼ ਰਾਤ ਨੂੰ ਸ਼ੌਕ ਪੂਰਾ ਕਰਨ ਵਾਲਾ ਹਮਾਮ ਬਲਾਵੀ ਅਸ਼ਾਂਤ ਹੋ ਗਿਆ। ਇੰਨਾ ਤਾਂ ਉਹ ਸਮਝ ਹੀ ਗਿਆ ਕਿ ਹੁਣ ਮੁਖਾਬਰਤ ਨਾਲ ਉਸ ਦਾ ਰਾਬਤਾ ਬਣੇਗਾ। ਜੇ ਉਨ੍ਹਾਂ ਨਾਲ ਮਿਲ ਕੇ ਚੱਲੇਗਾ ਤਾਂ ਜ਼ਿੰਦਗੀ ਚੰਗੇ ਢੰਗ ਨਾਲ ਚੱਲਦੀ ਰਹੂ, ਨਹੀਂ ਤਾਂ ਫਿਰ ਅੰਤ ਦੂਰ ਨਹੀਂ।

ਕਈ ਦਿਨ ਲੰਘ ਗਏ। ਉਸ ਨੂੰ ਇਸ ਨਵੇਂ ਫਿਕਰ ਨੇ ਅੰਦਰੇ ਅੰਦਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਉਸ ਦੀ ਪਤਨੀ ਦਫੀਨਾ ਨੇ ਉਸ ਨੂੰ ਬਹੁਤ ਪੁੱਛਿਆ, ਪਰ ਉਹ ਹਰ ਵਾਰ ਟਾਲ ਜਾਂਦਾ। ਆਖਰ ਇਕ ਰਾਤ ਦਫੀਨਾ ਨੇ ਉਸ ਨੂੰ ਮਨਾ ਹੀ ਲਿਆ ਕਿ ਉਹ ਦੱਸੇ ਕਿਹੜੀ ਗੱਲ ਉਸ ਨੂੰ ਪ੍ਰੇਸ਼ਾਨ ਕਰੀ ਜਾ ਰਹੀ ਹੈ?

"ਦਫੀਨਾ, ਸੱਚ ਪੁੱਛਦੀ ਐਂ ਤਾਂ ਹੁਣ ਮੈਂ ਆਜ਼ਾਦ ਆਦਮੀ ਨਹੀਂ ਆਂ। ਮੈਨੂੰ ਐਵੇਂ ਨ੍ਹੀਂ ਛੱਡਿਆ। ਮੇਰੇ ਕੋਲੋਂ ਕੋਈ ਨਾ ਕੋਈ ਕੰਮ ਤਾਂ ਉਹ ਕਰਵਾਉਣਗੇ ਹੀ।"

"ਜਦੋਂ ਕੋਈ ਕੰਮ ਕਹਿਣਗੇ ਉਦੋਂ ਦੇਖੀ ਜਾਊ, ਪਰ ਤੂੰ ਹੁਣੇ ਕਿਉਂ ਦਿਲ ਢਾਹਿਐ?"

"ਦਫੀਨਾ ਗੱਲ ਇਹ ਐ ਕਿ ਮੈਂ ਹੁਣ ਮੁਖਾਬਰਤ ਦਾ ਗੁਲਾਮ ਆਂ।"

"ਕਿਧਰੇ ਭੱਜ ਕੇ ਨ੍ਹੀਂ ਜਾ ਸਕਦੇ?" ਪਤਨੀ ਨੇ ਨਹੁੰ ਟੁੱਕਦਿਆਂ ਪੁੱਛਿਆ।

"ਨਹੀਂ! ਹੁਣ ਉਹ ਆਪਾਂ ਨੂੰ ਪਤਾਲ 'ਚੋਂ ਵੀ ਲੱਭ ਲਿਆਉਣਗੇ। ਪਤਾ ਨ੍ਹੀਂ ਕੀ ਬਣੂੰ?"

"ਤੂੰ ਫਿਕਰ ਛੱਡ। ਜਦੋਂ ਕੋਈ ਕੰਮ ਕਹਿਣਗੇ, ਉਦੋਂ ਦੇਖੀ ਜਾਊ। ਤੂੰ ਹੁਣੇ ਢੇਰੀ ਢਾਹ ਕੇ ਬਹਿ ਗਿਆਂ।"

ਪਰ ਕਹਿਣ ਸੁਣਨ ਨਾਲ ਕੁਝ ਨਹੀਂ ਸੀ ਬਣਨਾ। ਹਮਾਮ ਬਲਾਵੀ ਅੰਦਰੇ ਅੰਦਰ ਸੜਨ ਲੱਗ ਪਿਆ। ਉਸ ਦਾ ਭਾਰ ਘਟਣ ਲੱਗ ਪਿਆ। ਉਸ ਤੋਂ ਕੰਮ ਵਲ ਵੀ ਪੂਰਾ ਧਿਆਨ ਨਹੀਂ ਸੀ ਦਿੱਤਾ ਜਾ ਰਿਹਾ, ਪਰ ਇੰਨਾ ਜ਼ਰੂਰ ਸੀ ਕਿ ਕਿਸੇ ਨੂੰ ਇਹ ਪਤਾ ਨਾ ਲੱਗਾ ਕਿ ਉਸ ਨੂੰ ਮੁਖਾਬਰਤ ਨੇ ਫੜਿਆ ਸੀ। ਇਸ ਦਾ ਪਰਿਵਾਰਕ ਮੈਂਬਰਾਂ ਤੋਂ ਬਿਨਾ ਕਿਸੇ ਨੂੰ ਕੋਈ ਪਤਾ ਨਹੀਂ ਸੀ।

ਫਿਰ ਇਕ ਦਿਨ ਉਸ ਨੂੰ ਫੋਨ 'ਤੇ ਸੁਨੇਹਾ ਮਿਲਿਆ ਕਿ ਅੱਜ ਸ਼ਾਮ ਨੂੰ ਡਾਊਨ ਟਾਊਨ ਦੇ ਕਿਸੇ ਰੈਸਟੋਰੈਂਟ ਪਹੁੰਚੇ। ਉਹ ਦਿੱਤੇ ਵਕਤ 'ਤੇ ਪਹੁੰਚ ਗਿਆ। ਅੱਗੇ ਬਿਨ ਜ਼ਈਦ ਖੜ੍ਹਾ ਸੀ। ਉਹ ਹਮਾਮ ਨੂੰ ਨਾਲ ਲਈ ਅੰਦਰ ਦਾਖਲ ਹੋ ਗਿਆ। ਇੰਨੇ ਵੱਡੇ ਅਤੇ ਮਹਿੰਗੇ ਰੈਸਟੋਰੈਂਟ 'ਚ ਆਉਣਾ ਹਮਾਮ ਲਈ ਵੱਡੀ ਗੱਲ ਸੀ। ਅੰਦਰ ਗੱਲਾਂ ਮਾਰਦਿਆਂ ਬਿਨ ਜ਼ਈਦ ਨੇ ਖਾਣੇ ਦਾ ਆਰਡਰ ਕਰ ਦਿੱਤਾ ਤੇ ਆਪਣੇ ਲਈ ਵਿਸਕੀ ਦਾ ਪੈੱਗ ਮੰਗਵਾ ਲਿਆ। ਨਾਲ ਹੀ ਉਸ ਨੇ ਹਮਾਮ ਨੂੰ ਕਿਹਾ, "ਹਮਾਮ ਮੈਂ ਅਮਰੀਕਾ 'ਚ ਪੜ੍ਹਿਆ ਲਿਖਿਆ ਆਂ, ਤੇ ਮੈਂ ਕੋਈ ਬਹੁਤਾ ਧਾਰਮਿਕ ਵੀ ਨਹੀਂ। ਇਸ ਤਰ੍ਹਾਂ ਕਦੇ ਮੌਕਾ ਮਿਲੇ ਤਾਂ ਘੁੱਟ ਲਾ ਲਈਦੀ ਐ। ਤੂੰ ਦੱਸ ਕੀ ਲਏਂਗਾ?"

"ਬਹੁਤਾ ਕੱਟੜ ਤਾਂ ਮੈਂ ਵੀ ਨ੍ਹੀਂ। ਕੁਛ ਵੀ ਚੱਲੂ।"

"ਵਾਹ ਫਿਰ ਤਾਂ ਗੱਲ ਬਣ ਗਈ।" ਇੰਨਾ ਕਹਿੰਦਿਆਂ ਬਿਨ ਜ਼ਈਦ ਨੇ ਆਪਣੇ ਨਾਲ ਹੀ ਇਕ ਪੈੱਗ ਹੋਰ ਆਰਡਰ ਕਰ ਦਿੱਤਾ। ਥੋੜ੍ਹੀ ਦੇਰ ਆਮ ਗੱਲਾਂ ਕਰਦੇ ਰਹੇ। ਫਿਰ ਥੋੜ੍ਹਾ ਨਸ਼ਾ ਹੋਇਆ ਤਾਂ ਬਿਨ ਜ਼ਈਦ ਬੋਲਿਆ, "ਦੇਖ ਹਮਾਮ, ਜੋ ਮੈਂ ਉਸ ਦਿਨ ਕੀਤਾ ਜਾਂ ਹਰ ਰੋਜ਼ ਕਰ ਰਿਹਾ ਆਂ, ਇਹ ਮੇਰੀ ਨੌਕਰੀ ਐ। ਉਂਜ ਨਾ ਮੈਂ ਅਮਰੀਕਨਾਂ ਨੂੰ ਪਸੰਦ ਕਰਦਾਂ ਤੇ ਨਾ ਇਜ਼ਰਾਇਲ ਨੂੰ। ਇਜ਼ਰਾਇਲ ਨੂੰ ਤਾਂ ਮੈਂ ਬਹੁਤ ਨਫਰਤ ਕਰਦਾਂ। ਤੈਨੂੰ ਪਤਾ ਈ ਐ ਕਿ ਇਸ ਨੇ ਜਾਰਡਨ ਦਾ ਬਹੁਤ ਸਾਰਾ ਇਲਾਕਾ ਦੱਬਿਆ ਹੋਇਐ। ਇਸ ਗੱਲ 'ਚ ਆਪਣੀ ਸੋਚ ਇਕ ਐ, ਕਿਉਂਕਿ ਫਲਸਤੀਨੀਆਂ ਨਾਲ ਜੋ ਹੋਈ ਐ, ਉਹੀ ਸਾਡੇ ਨਾਲ ਹੋਈ ਐ।"

"ਜੀ...।"

"ਪਰ ਦੇਖ! ਆਪਣਾ ਮੁਲਕ, ਮਤਲਬ ਜਾਰਡਨ ਕਿੱਡਾ ਕੁ ਵੱਡਾ ਮੁਲਕ ਐ? ਸਾਰੀ ਸੱਠ ਲੱਖ ਆਪਣੀ ਆਬਾਦੀ ਐ। ਤੁਸੀਂ ਵੀ ਹੁਣ ਤਾਂ ਇਸੇ ਦੇਸ਼ ਦੇ ਨਾਗਰਿਕ ਹੋ। ਕੋਈ ਤਿੰਨ ਲੱਖ ਫਲਸਤੀਨੀ ਇਥੇ ਰਹਿੰਦੇ ਆ। ਇਸ ਹਾਲਤ 'ਚ ਆਪਣਾ ਫਰਜ਼ ਬਣਦੈ ਕਿ ਆਪਣੇ ਦੇਸ਼ ਨੂੰ ਬਚਾਈਏ। ਆਲੇ ਦੁਆਲੇ ਕੀ ਕੁਝ ਹੋ ਰਿਹੈ, ਆਪਾਂ ਨੂੰ ਦਿਸ ਈ ਰਿਹਾ ਐ। ਇਰਾਕ ਖਾਨਾਜੰਗੀ ਨੇ ਖਾ ਲਿਆ। ਇਰਾਨ ਦੇ ਆਪਣੇ ਪੰਗੇ ਨ੍ਹੀਂ ਮੁੱਕਦੇ। ਉਧਰ ਲਿਬਨਾਨ। ਮੇਰਾ ਮਤਲਬ ਆਪਣਾ ਇਕੋ-ਇਕ ਮੁਲਕ ਐ, ਜਿਥੇ ਅੰਦੂਰਨੀ ਸਮੱਸਿਆ ਨ੍ਹੀਂ ਐ। ਆਪਾਂ ਆਰਾਮ ਨਾਲ ਰਹਿਨੇ ਆਂ, ਪਰ ਦੂਜੇ ਮੁਲਕ ਆਪਣੀ ਸ਼ਾਂਤੀ ਬਰਦਾਸ਼ਤ ਨ੍ਹੀਂ ਕਰ ਰਹੇ।"

"ਜੀ ਮੈਂ ਸਮਝਦਾਂ ਤੁਸੀਂ ਕੀ ਕਹਿ ਰਹੇ ਓ।"

"ਤੇਰੇ ਅਬੂ ਦੁਜਾਨਾ ਵਾਲੇ ਕੰਮ ਨੂੰ ਮੈਂ ਕਿਸੇ ਹੋਰ ਢੰਗ ਨਾਲ ਵਰਤਣਾ ਚਾਹੁੰਨਾਂ। ਆਪਣਾ ਕੰਮ ਵੀ ਹੋ ਜਾਊ ਤੇ ਦੁਸ਼ਮਣ ਤਾਕਤਾਂ ਤੋਂ ਖਹਿੜਾ ਵੀ ਛੁੱਟ ਜਾਊ।"

ਹਮਾਮ ਬਲਾਵੀ ਬੋਲਿਆ ਕੁਝ ਨਾ, ਪਰ ਉਸ ਦਾ ਚਿਹਰਾ ਸੁਆਲ ਪੁੱਛਣ ਲਈ ਉਤਾਂਹ ਨੂੰ ਉਠਿਆ। ਬਿਨ ਜ਼ਈਦ ਬੋਲਿਆ, "ਤੂੰ ਅਬੂ ਦੁਜਾਨਾ ਵਾਲੀਆਂ ਪੋਸਟਾਂ ਪਾਉਂਦਾ ਰਹਿ ਅਤੇ ਜੋ ਨਾਂ ਮੈਂ ਤੈਨੂੰ ਦੇਵਾਂਗਾ, ਉਨ੍ਹਾਂ ਨਾਲ ਨਿਜੀ ਸੰਪਰਕ ਸਾਧਣ ਦੀ ਕੋਸ਼ਿਸ਼ ਕਰ।"

ਹੁਣ ਤੱਕ ਹਮਾਮ ਬਲਾਵੀ ਸਾਰੀ ਕਹਾਣੀ ਸਮਝ ਗਿਆ ਸੀ। ਆਖਰ ਖਾਣਾ ਖਾ ਕੇ ਉਹ ਬਾਹਰ ਨਿਕਲੇ। ਜਾਣ ਲੱਗਿਆਂ ਬਿਨ ਜ਼ਈਦ ਨੇ ਲਿਫਾਫਾ ਹਮਾਮ ਬਲਾਵੀ ਵਲ ਕੀਤਾ। ਉਸ ਨੇ ਝਿਜਕਦੇ ਜਿਹੇ ਨੇ ਹੱਥ ਅਗਾਂਹ ਵਧਾਇਆ ਤਾਂ ਬਿਨ ਜ਼ਈਦ ਬੋਲਿਆ, "ਅਸੀਂ ਖਾਹ-ਮਖਾਹ ਤੇਰੇ ਤਿੰਨ ਦਿਨ ਬਰਬਾਦ ਕੀਤੇ। ਉਸ ਦੀ ਕੁਝ ਕੁ ਭਰਪਾਈ ਐ।"

ਹਮਾਮ ਨੇ ਟੈਕਸੀ ਲੈ ਲਈ। ਰਾਹ 'ਚ ਉਸ ਨੇ ਲਿਫਾਫਾ ਖੋਲ੍ਹਿਆ ਤਾਂ ਦੇਖਿਆ, ਵਿਚ ਪੰਜ ਸੌ ਦਿਨਾਰ ਸਨ। ਉਸ ਨੇ ਘਰ ਜਾ ਕੇ ਸਾਰੀ ਗੱਲ ਦਫੀਨਾ ਨੂੰ ਦੱਸੀ ਅਤੇ ਲਿਫਾਫਾ ਉਸ ਦੇ ਹਵਾਲੇ ਕਰ ਦਿੱਤਾ। ਉਹ ਵੀ ਪਹਿਲਾਂ ਤਾਂ ਸੋਚਾਂ ਵਿਚ ਡੁੱਬ ਗਈ। ਫਿਰ ਉਸ ਨੂੰ ਖਿਆਲ ਆਇਆ ਤੇ ਉਸ ਨੇ ਹਮਾਮ ਨੂੰ ਕਿਹਾ, "ਕਾਫੀ ਹੱਦ ਤੱਕ ਤਾਂ ਬਿਨ ਜ਼ਈਦ ਠੀਕ ਈ ਕਹਿ ਰਿਹੈ, ਪਰ...।"

ਅੱਗੇ ਉਹ ਕੁਝ ਨਾ ਬੋਲੀ। ਦੋਨੋਂ ਹੀ ਸਮਝ ਗਏ ਸਨ ਕਿ ਹੁਣ ਉਨ੍ਹਾਂ ਦੀ ਜ਼ਿੰਦਗੀ ਮੁਖਾਬਰਤ ਦੇ ਹੱਥਾਂ ਵਿਚ ਹੈ। ਅਗਲੇ ਹਫਤੇ ਫਿਰ ਬਿਨ ਜ਼ਈਦ ਨੇ ਹਮਾਮ ਬਲਾਵੀ ਨੂੰ ਆਪਣੇ ਘਰ ਬੁਲਾਇਆ। ਬੜੇ ਹਮਦਰਦੀ ਅਤੇ ਦੋਸਤੀ ਭਰੇ ਮਾਹੌਲ 'ਚ ਗੱਲ ਹੋਈ। ਜਦੋਂ ਬਿਨ ਜ਼ਈਦ ਨੂੰ ਲੱਗਾ ਕਿ ਹਮਾਮ ਬਲਾਵੀ ਉਸ ਨਾਲ ਸਹਿਮਤ ਹੈ ਤਾਂ ਉਸ ਨੇ ਗੱਲ ਅੱਗੇ ਤੋਰੀ, "ਦੇਖ ਬਲਾਵੀ, ਹੁਣ ਆਪਾਂ ਆਪਣੇ ਮੁਲਕ ਦੇ ਦੁਸ਼ਮਣਾਂ ਦਾ ਸਫਾਇਆ ਕਰਨਾ ਐ। ਤੂੰ ਆਪਣੀ ਅਬੂ ਦੁਜਾਨਾ ਵਾਲੀ ਪੋਸਟ ਰਾਹੀਂ ਇਨ੍ਹਾਂ ਅਤਿਵਾਦੀਆਂ ਨਾਲ ਰਾਬਤਾ ਬਣਾ। ਇਨ੍ਹਾਂ ਦੇ ਅਸਲ ਪਤੇ ਲੱਭ ਤਾਂ ਕਿ ਇਨ੍ਹਾਂ ਦਾ ਖਾਤਮਾ ਕਰੀਏ।"

"ਪਰ ਇਹ ਤਾਂ ਤੁਹਾਡੀ ਏਜੰਸੀ ਦਾ ਕੰਮ ਐ। ਇਹ ਤੁਸੀਂ ਕਰਨੈਂ। ਮੈਂ ਤਾਂ ਆਮ ਬੰਦਾ ਆਂ। ਇਹ ਸਭ ਕਰਨ ਨਾਲ ਮੈਨੂੰ ਕੀ ਮਿਲੂ?" ਹਮਾਮ ਨੇ ਕਾਫੀ ਦੇਰ ਤੋਂ ਮਨ 'ਚ ਘੁੰਮ ਰਿਹਾ ਸੁਆਲ ਪੁੱਛਿਆ।

"ਮਿਸਟਰ ਹਮਾਮ ਬਲਾਵੀ, ਇਨ੍ਹਾਂ ਅਤਿਵਾਦੀਆਂ 'ਤੇ ਲੱਖਾਂ ਡਾਲਰਾਂ ਦੇ ਇਨਾਮ ਨੇ। ਜਿਸ-ਜਿਸ ਨੂੰ ਫੜਾਈ ਜਾਵੇਂਗਾ, ਉਵੇਂ-ਉਵੇਂ ਤੈਨੂੰ ਇਨਾਮ ਮਿਲੀ ਜਾਊ। ਕਈਆਂ 'ਤੇ ਤਾਂ ਮਿਲੀਅਨਜ਼ ਦੇ ਇਨਾਮ ਨੇ। ਉਹ ਸਭ ਤੇਰੇ ਨੇ। ਜੇ ਤੂੰ ਸਹੀ ਢੰਗ ਨਾਲ ਕੰਮ ਕੀਤਾ ਤਾਂ ਤੇਰੇ ਕੋਲ ਇੰਨਾ ਪੈਸਾ ਇਕੱਠਾ ਹੋ ਜੂ ਕਿ ਤਿੰਨ ਪੀੜ੍ਹੀਆਂ ਤੋਂ ਨ੍ਹੀਂ ਮੁੱਕਣਾ।"

ਸੁਣ ਕੇ ਹਮਾਮ ਬਲਾਵੀ ਨੂੰ ਧਰਵਾਸ ਮਿਲਿਆ। ਉਸ ਨੇ ਘਰ ਜਾ ਕੇ ਬੀਵੀ ਨੂੰ ਦੱਸਿਆ ਕਿ ਆਪਾਂ ਨੂੰ ਬਹੁਤ ਪੈਸੇ ਮਿਲਣਗੇ। ਜਦੋਂ ਦੱਸਿਆ ਕਿ ਇਹ ਪੈਸੇ ਲੱਖਾਂ ਡਾਲਰ ਹੋਣਗੇ ਤਾਂ ਉਸ ਦਾ ਵੀ ਚਿੱਤ ਖੁਸ਼ ਹੋ ਗਿਆ; ਪਰ ਜੋ ਕੁਝ ਬਿਨ ਜ਼ਈਦ ਉਸ ਤੋਂ ਕਰਵਾ ਰਿਹਾ ਸੀ, ਉਸ ਦਾ ਸਿਰਫ ਮੀਆਂ-ਬੀਵੀ ਤੋਂ ਬਿਨਾ ਹੋਰ ਕਿਸੇ ਨੂੰ ਪਤਾ ਨਹੀਂ ਸੀ। ਬਿਨ ਜ਼ਈਦ ਨਾਲ ਹਰ ਹਫਤੇ ਮੀਟਿੰਗ ਹੁੰਦੀ ਸੀ। ਬਲਾਵੀ ਨੇ ਘਰ ਵਾਲੀ ਨੂੰ ਇਹ ਵੀ ਦੱਸ ਦਿੱਤਾ, "ਉਸ ਨੂੰ ਪੜ੍ਹਾਈ ਦੇ ਬਹਾਨੇ ਬਾਹਰ ਜਾਣਾ ਪਊ। ਕੁਝ ਮੁਖਾਬਰਤ ਦਾ ਕੰਮ ਹੈ। ਜਿਉਂ ਹੀ ਕੰਮ ਹੋ ਗਿਆ, ਆਪਾਂ ਨੂੰ ਮਿਲੀਅਨ ਡਾਲਰ ਅਤੇ ਅਮਰੀਕਾ ਰਹਿਣ ਦੀ ਇਜਾਜ਼ਤ ਮਿਲ ਜਾਊ। ਫਿਰ ਮਜ਼ੇ ਨਾਲ ਜ਼ਿੰਦਗੀ ਗੁਜ਼ਾਰਾਂਗੇ।"

ਘਰ ਵਾਲੀ ਉਦਾਸ ਸੀ, ਪਰ ਨਾ ਕੁਝ ਕਹਿ ਸਕਦੀ ਸੀ, ਨਾ ਕਰ ਸਕਦੀ ਸੀ। ਫਿਰ ਆਖਰ ਉਹ ਵਕਤ ਆ ਗਿਆ, ਜਦੋਂ ਬਿਨ ਜ਼ਈਦ ਨੇ ਹਮਾਮ ਨੂੰ ਕਿਹਾ ਕਿ ਹੁਣ ਵਕਤ ਆ ਗਿਆ ਹੈ ਕਿ ਉਹ ਮੁਲਕ ਛੱਡ ਕੇ ਉਥੇ ਜਾਵੇ, ਜਿਥੇ ਕਿਤੇ ਇਹ ਅਤਿਵਾਦੀ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਫੜਾਉਣ ਦੀਆਂ ਸਕੀਮਾਂ ਬਣਾਵੇ। ਬਿਨ ਜ਼ਈਦ ਨੇ ਅਮਰੀਕਨਾਂ ਨਾਲ ਮਿਲ ਕੇ ਨਵੀਂ ਤਕਨਾਲੋਜੀ ਦੇ ਸਹਾਰੇ ਹਮਾਮ ਬਲਾਵੀ ਨੂੰ ਵੱਧ ਤੋਂ ਵੱਧ ਟਰੇਨਿੰਗ ਦਿੱਤੀ। ਨਵੇਂ ਤੋਂ ਨਵੇਂ ਉਪਕਰਨ ਦਿੱਤੇ। ਜਦੋਂ ਹਰ ਪਾਸਿਉਂ ਤਿਆਰੀ ਹੋ ਗਈ ਤਾਂ ਹਮਾਮ ਨੇ ਆਪਣੇ ਪਿਉ ਨੂੰ ਕਿਹਾ ਕਿ ਉਹ ਉਚ ਪੜ੍ਹਾਈ ਲਈ ਯੂ. ਐਸ. ਏ. ਜਾਣਾ ਚਾਹੁੰਦਾ ਹੈ। ਉਂਜ, ਇਹ ਗੱਲ ਉਹ ਪਹਿਲਾਂ ਵੀ ਕਹਿੰਦਾ ਆ ਰਿਹਾ ਸੀ, ਹੁਣ ਉਸ ਨੇ ਪੱਕੀ ਤਿਆਰੀ ਕਰ ਲਈ ਸੀ, ਪਰ ਯੂ. ਐਸ. ਏ. ਦਾਖਲਾ ਲੈਣ ਲਈ ਪਹਿਲਾਂ ਤੁਰਕੀ ਜਾ ਕੇ ਇਸਤਾਂਬੁਲ ਵਿਚ ਦਾਖਲਾ ਟੈਸਟ ਦੇਣਾ ਹੋਵੇਗਾ। ਅੱਜ ਕੱਲ੍ਹ ਉਸੇ ਦੀ ਤਿਆਰੀ ਲਈ ਹਮਾਮ ਬਲਾਵੀ ਲੱਗਾ ਹੋਇਆ ਸੀ।

ਆਖਰ ਉਸ ਨੇ ਟਿਕਟ ਵਗੈਰਾ ਖਰੀਦ ਲਈ ਅਤੇ ਜਾਣ ਦਾ ਦਿਨ ਆ ਢੁੱਕਾ। ਉਸ ਨੇ ਆਪਣੇ ਛੋਟੇ ਭਰਾ ਅਸਦ ਨੂੰ ਤਿਆਰ ਕੀਤਾ ਕਿ ਉਹ ਉਸ ਨੂੰ ਏਅਰਪੋਰਟ ਤੱਕ ਛੱਡ ਆਵੇ। ਉਸ ਨੇ ਬੱਚੀਆਂ ਨੂੰ ਘੁੱਟ ਕੇ ਬੁੱਕਲ 'ਚ ਲਿਆ, ਪਤਨੀ ਨੂੰ ਮਿਲਿਆ ਤੇ ਫਿਰ ਪਿਉ ਨਾਲ ਗੱਲਬਾਤ ਕੀਤੀ। ਸਾਰੇ ਉਸ ਨੂੰ ਤੋਰਨ ਲਈ ਇਕੱਠੇ ਹੋਏ ਸਨ। ਆਖਰ ਅਸਦ ਉਸ ਨੂੰ ਕਾਰ 'ਚ ਏਅਰਪੋਰਟ ਨੂੰ ਲੈ ਤੁਰਿਆ। ਅਸਦ ਪਾਸੇ ਖੜ੍ਹ ਗਿਆ ਤੇ ਹਮਾਮ ਬੋਰਡਿੰਗ ਪਾਸ ਵਗੈਰਾ ਲੈਣ ਲੱਗਾ। ਸਭ ਕੰਮ ਹੋਣ ਪਿਛੋਂ ਹਮਾਮ, ਪਾਕਿਸਤਾਨ ਜਾਣ ਵਾਲੀ ਏਅਰਲਾਈਨਜ਼ ਦੀ ਲਾਈਨ 'ਚ ਲੱਗ ਗਿਆ। ਅਸਦ ਹੱਦੋਂ ਵੱਧ ਹੈਰਾਨ ਸੀ ਕਿ ਇਹ ਕੀ ਹੋ ਰਿਹਾ ਹੈ। ਹਮਾਮ ਉਸ ਕੋਲ ਆਇਆ। ਉਸ ਨੂੰ ਘੁੱਟ ਕੇ ਜੱਫੀ ਪਾਉਂਦਿਆਂ ਕਿਹਾ, "ਤੂੰ ਮੇਰਾ ਛੋਟਾ ਭਰਾ ਐਂ। ਘਰ ਵਿਚ ਤੈਥੋਂ ਬਿਨਾ ਸਭ ਸਮਝਦੇ ਨੇ ਕਿ ਮੈਂ ਤੁਰਕੀ ਜਾ ਰਿਹਾਂ। ਵਾਅਦਾ ਕਰ ਕਿ ਉਨ੍ਹਾਂ ਨੂੰ ਸੱਚਾਈ ਨ੍ਹੀਂ ਦੱਸੇਂਗਾ।"

"ਉਹ ਤਾਂ ਠੀਕ ਐ ਪਰ...।"

"ਮੌਕਾ ਆਉਣ 'ਤੇ ਤੈਨੂੰ ਸਭ ਕੁਝ ਦੱਸ ਦਿਆਂਗਾ, ਪਰ ਹਾਲ ਦੀ ਘੜੀ ਤੂੰ ਘਰ ਜਾ ਕੇ ਇਹੀ ਕਹਿਣਾ ਹੈ ਕਿ ਹਮਾਮ ਤੁਰਕੀ ਚਲਾ ਗਿਐ।"

ਭਾਈ ਨੇ ਹਾਂ ਕਹਿੰਦਿਆਂ ਅੱਖਾਂ ਭਰ ਲਈਆਂ। ਉਹ ਵੀ ਸਮਝ ਗਿਆ ਕਿ ਕੋਈ ਨਾ ਕੋਈ ਭੇਤ ਵਾਲੀ ਗੱਲ ਜ਼ਰੂਰ ਹੈ, ਪਰ ਉਸ ਨੇ ਵੱਡੇ ਭਰਾ ਦਾ ਕਹਿਣਾ ਮੰਨਦਿਆਂ ਚੁੱਪ ਰਹਿਣਾ ਬਿਹਤਰ ਸਮਝਿਆ। ਉਸ ਦੇ ਦੇਖਦਿਆਂ ਹੀ ਹਮਾਮ ਬਲਾਵੀ ਪਾਕਿਸਤਾਨੀ ਏਅਰਲਾਈਨਜ਼ ਦੇ ਜਹਾਜ ਅੰਦਰ ਜਾ ਬੈਠਾ ਅਤੇ ਕੁਝ ਦੇਰ ਪਿਛੋਂ ਉਹ ਤੁਰਕੀ ਦੀ ਥਾਂ ਅਣਜਾਣੇ ਮੁਲਕ ਪਾਕਿਸਤਾਨ ਵੱਲ ਉਡਾਰੀ ਮਾਰ ਗਿਆ।

**(ਚਲਦਾ)**

# ਧੀਆਂ, ਇੱਜਤ ਅਤੇ ਸਮਾਜ

ਸੋਸ਼ਲ ਮੀਡੀਆ 'ਤੇ ਇਕ ਗੀਤ ਸੁਣਿਆ, ਜਿਸ ਨੂੰ ਬਹੁਤ ਲਾਈਕ ਕੁਮੈਂਟ ਮਿਲੇ ਹੋਏ ਸਨ। ਬੋਲ ਸਨ,

ਤੂੰ ਮੈਨੂੰ ਸ਼ੀਸ਼ਿਆਂ ਤੋਂ ਵੱਧ ਸਾਫ ਲੱਗਦੀ
ਦੇਖੀਂ ਨਾ ਯਕੀਨ ਕਰੀਂ ਗੰਦਲਾ।
ਧੀਏ ਤੇਰੀ ਅੱਖ ਵਿਚ ਦੇਖ ਕੇ
ਬਾਪੂ ਤੇਰਾ ਬੰਨਦਾ ਏ ਸ਼ਮਲਾ।

ਇਸ ਤਰ੍ਹਾਂ ਦੇ ਹਜ਼ਾਰਾਂ ਹੀ ਗੀਤ, ਲੋਕ ਗੀਤ ਜਾਂ ਗੀਤਾਂ ਵਿਚ ਅੰਤਰੇ ਹੋਣਗੇ, ਜੋ ਧੀ ਨੂੰ ਇੱਜਤ ਸਾਂਭਣ ਦੀ ਹਦਾਇਤ ਕਰਦੇ ਹਨ। ਮੁੰਡਿਆਂ ਤੋਂ ਬਚ ਕੇ ਰਹਿਣ ਜਾਂ ਦੂਰ ਰਹਿਣ ਦੀ ਤਾਕੀਦ ਕਰਦੇ ਹਨ। ਅਜਿਹੇ ਗੀਤਾਂ ਨੂੰ ਲੋਕ ਬਿਨਾ ਸੋਚੇ-ਸਮਝੇ ਇਕ ਪਰਿਵਾਰਕ ਤੇ ਸੱਚੇ-ਸੁੱਚੇ ਮਹਾਨ



**ਸ਼ਮਿੰਦਰ, ਸ੍ਰੀ ਮੁਕਤਸਰ ਸਾਹਿਬ**
**ਫੋਨ: 91-75268-08047**

ਗੀਤ ਜਾਂ ਰਚਨਾ ਦਾ ਦਰਜਾ ਦੇ ਦਿੰਦੇ ਹਨ।

ਸਵਾਲ ਹੈ ਕਿ ਇੱਜਤ ਹੈ ਕੀ? ਦੂਜੀ ਗੱਲ ਪਿਓ, ਭਾਈ, ਪਰਿਵਾਰ, ਖਾਨਦਾਨ, ਮੁਹੱਲੇ, ਪਿੰਡ ਦੀ ਇੱਜਤ ਕੁੜੀਆਂ ਕਿਉਂ ਸਾਂਭਣ? ਹਰ ਬੰਦਾ ਆਪਣੀ ਇੱਜਤ ਆਪ ਸਾਂਭਣੋਂ ਇਨਕਾਰੀ ਹੈ ਅਤੇ ਇੱਜਤ ਦਾ ਸਾਰਾ ਬੋਝ ਧੀ ਦੇ ਮੋਢਿਆਂ 'ਤੇ ਸੁੱਟ ਕੇ ਆਪ ਸੁਰਖਰੂ ਹੋ ਕੇ ਜਿਉਂਦਾ ਹੈ।

ਭਾਈ ਕੁਝ ਕਰਨ ਤਾਂ ਇੱਜਤ ਨੂੰ ਕੋਈ ਫਰਕ ਨਹੀਂ ਪੈਂਦਾ। ਪਿਓ-ਦਾਦੇ ਨੇ ਜਮੀਨਾਂ ਵੇਚ ਖਾਧੀਆਂ ਹੋਣ, ਸਾਰੀ ਉਮਰ ਸ਼ਰਾਬ ਪੀ-ਪੀ ਟੱਬਰ ਦਾ ਜਿਊਣਾ ਮੁਹਾਲ ਕੀਤਾ ਹੋਵੇ-ਇੱਜਤ ਨੂੰ ਕੁਝ ਨਹੀਂ ਹੁੰਦਾ। ਕੁੜੀ ਨਾਲ ਕੋਈ ਬਦਤਮੀਜ਼ੀ ਕਰੇ ਜਾਂ ਕੁੜੀ ਕਹੇ ਮੈਂ ਆਪਣੀ ਮਰਜੀ ਨਾਲ ਵਿਆਹ ਕਰਾਉਣਾ ਹੈ ਤਾਂ ਇੱਜਤ ਗਾਇਬ ਹੋ ਜਾਂਦੀ ਹੈ।

ਇਕ ਚੁਟਕਲਾ ਯਾਦ ਆਇਆ ਕਿ ਅੱਗ ਕੀ ਹੁੰਦੀ ਹੈ? "ਅੱਗ ਉਹ ਹੁੰਦੀ ਹੈ, ਜੋ ਲਵ ਮੈਰਿਜ ਦਾ ਨਾਂ ਸੁਣ ਕੇ ਰਿਸ਼ਤੇਦਾਰਾਂ ਨੂੰ ਲੱਗਦੀ ਹੈ।"

ਪੜ੍ਹ ਕੇ ਮੈਂ ਹੱਸੀ, ਪਰ ਹੈ ਇਹ ਸੱਚ। ਜਸਵੰਤ ਸਿੰਘ ਕੰਵਲ ਲਿਖਦੇ ਹਨ ਕਿ ਬੰਦਾ ਦੂਜੇ ਬੰਦੇ ਤੋਂ ਇਸ ਲਈ ਸੜਦਾ ਹੈ, ਕਿਉਂਕਿ ਜੋ ਅਗਲੇ ਨੂੰ ਮਿਲ ਰਿਹਾ, ਉਸ ਨੂੰ ਨਹੀਂ ਮਿਲਿਆ। ਇਹ ਸਹੀ ਵੀ ਹੈ।

ਮੁੱਦਾ ਮੈਂ ਇਹ ਰੱਖਣਾ ਚਾਹੁੰਦੀ ਹਾਂ ਕਿ ਇੱਜਤ ਦਾ ਸਾਰਾ ਬੋਝ ਕੁੜੀ 'ਤੇ ਕਿਉਂ ਸੁੱਟਿਆ ਜਾਂਦਾ ਹੈ? ਕਿਉਂ ਉਸ ਨੂੰ ਤਿਲ-ਤਿਲ ਮਰਨ ਲਈ ਮਜਬੂਰ ਕੀਤਾ ਜਾਂਦਾ ਹੈ? ਇਸ ਅਖੌਤੀ ਇੱਜਤ ਨੂੰ ਸਾਂਭਦੇ-ਸਾਂਭਦੇ ਉਹ ਕਿੰਨੀਆਂ ਖਾਹਿਸ਼ਾਂ, ਚਾਅ, ਪੜ੍ਹਾਈ, ਸਰੀਰਕ-ਮਾਨਸਿਕ ਲੋੜਾਂ ਕੁਰਬਾਨ ਕਰਦੀ ਹੈ।

ਇਸ ਦਾ ਅੰਦਾਜ਼ਾ ਖੁਦ ਉਸ ਨੂੰ ਵੀ ਅੱਜ ਤੱਕ ਹੋਣ ਨਹੀਂ ਦਿੱਤਾ ਗਿਆ। ਉਸ ਦੇ ਦਿਮਾਗ ਵਿਚ ਵੀ ਇਹ ਗੱਲ ਬਿਠਾ ਦਿੱਤੀ ਗਈ ਹੈ ਕਿ ਤੇਰੇ ਤਨ, ਮਨ ਵਿਚ ਸਭ ਦੀ ਇੱਜਤ ਰੱਖੀ ਹੋਈ ਹੈ। ਮੈਂ ਪੁੱਛਦੀ ਹਾਂ, ਕਿਸ ਨੇ ਰੱਖੀ ਹੈ ਇੱਜਤ ਔਰਤ ਦੇ ਸਰੀਰ ਵਿਚ, ਜੋ ਲੁੱਟੀ ਜਾਂਦੀ ਹੈ, ਚੋਰੀ ਹੋ ਜਾਂਦੀ ਹੈ ਤਾਂ ਕਦੇ ਵਾਪਸ ਨਹੀਂ ਆਉਂਦੀ?

ਇਹ ਕੈਸੇ ਫੋਬੀਏ ਦਾ ਸਮਾਜ ਸ਼ਿਕਾਰ ਹੈ! ਜਬਰਦਸਤੀ ਸਰੀਰਕ ਸਬੰਧ ਬਣਾਉਣਾ ਅਪਰਾਧ ਹੈ, ਜਿਵੇਂ ਕੁੱਟਣਾ, ਮਾਰਨਾ, ਕਤਲ, ਚੋਰੀ ਆਦਿ। ਦੋਸ਼ੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਪਰ ਇਹ ਕੈਸਾ ਜ਼ੁਲਮ ਕਿ ਔਰਤ ਨੂੰ ਨੀਵੀਂ ਨਜ਼ਰ ਨਾਲ ਦੇਖਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਸਾਰੀ ਜ਼ਿੰਦਗੀ ਸਭ ਦੀਆਂ ਨਜ਼ਰਾਂ ਵਿਚ ਉਚੀ-ਸੁੱਚੀ ਰਹਿਣ ਲਈ ਉਹ ਸਰੀਰਕ, ਮਾਨਸਿਕ ਕੁਰਬਾਨੀਆਂ ਕਰਦੀ ਜਾਂਦੀ ਹੈ। ਆਪਣੇ-ਆਪ ਨੂੰ ਖਾਨਦਾਨੀ ਕਹਿਣ ਵਾਲੇ ਘਰਾਣੇ ਕੁੜੀਆਂ ਨੂੰ ਸੱਤ ਪਰਦਿਆਂ ਵਿਚ ਲੁਕੋ ਕੇ ਰੱਖਦੇ ਹਨ। ਗਵਾਂਢੀਆਂ ਦੇ ਘਰ ਜਾਣਾ ਹੋਵੇ ਤਾਂ ਵੀ ਕੋਈ ਨਾਲ ਹੋਣਾ ਜਰੂਰੀ ਹੈ-ਕੋਈ ਭਰਾ, ਮਾਂ ਜਾਂ ਕੋਈ ਹੋਰ ਸਿਆਣੀ ਔਰਤ, ਕਿਉਂਕਿ ਇਹ ਸਭ ਰਖਵਾਲੇ ਹਨ, ਜੋ ਉਸ ਨੂੰ ਹਰ ਸਮੇਂ ਸੁਰੱਖਿਅਤ ਰੱਖਦੇ ਹਨ।

ਜੇ ਕੁੜੀ ਇਹ ਸਭ ਸਹਿਣੋਂ ਨਾਂਹ ਕਰੇ ਤਾਂ ਬਦਨਾਮ ਕੀਤੀ ਜਾਂਦੀ ਹੈ, ਫਿਰ ਉਹਦਾ ਕੋਈ ਭਰੋਸਾ ਨਹੀਂ, ਪਰ ਮਰਦ ਨੂੰ ਅਜਿਹੀ ਕੋਈ ਸਮੱਸਿਆ ਨਹੀਂ ਹੈ, ਕਿਉਂਕਿ ਇੱਜਤ ਦਾ ਉਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਹੁਣ ਤੁਸੀਂ ਕਹੋਗੇ ਕਿ ਕੁੜੀਆਂ ਬਹੁਤ ਅਵਾਰਾਗਰਦੀ ਕਰਦੀਆਂ ਹਨ, ਨਸ਼ੇ ਵੀ ਕਰਦੀਆਂ ਹਨ ਤੇ ਸ਼ਰਾਬ ਵੀ ਪੀਂਦੀਆਂ ਹਨ। ਬਿਲਕੁਲ! ਸਭ ਕੁਝ ਕਰਦੀਆਂ ਹਨ, ਜਿਵੇਂ ਸਾਰੇ ਮਰਦ ਮਹਾਤਮਾ ਨਹੀਂ, ਔਰਤਾਂ ਵੀ ਨਹੀਂ। ਕੁੜੀ ਇਕ ਆਮ ਇਨਸਾਨ ਹੈ ਤੇ ਉਸ ਵਿਚ ਆਮ ਇਨਸਾਨ ਵਾਲੀਆਂ ਸਾਰੀਆਂ ਕਮੀਆਂ-ਖੂਬੀਆਂ ਹੋਣਾ ਵੀ ਸੁਭਾਵਿਕ ਹੈ। ਜਿਵੇਂ ਹਰ ਪਸ਼ੂ, ਪੰਛੀ, ਜਾਨਵਰ, ਮਨੁੱਖ ਦੀਆਂ ਸਰੀਰਕ-ਮਾਨਸਿਕ ਲੋੜਾਂ ਹੁੰਦੀਆਂ ਹਨ, ਕੁੜੀਆਂ ਦੀਆਂ ਵੀ ਹਨ। ਹਰ ਮਨੁੱਖ ਆਪਣੇ ਚੰਗੇ-ਮਾੜੇ ਲਈ ਖੁਦ ਜ਼ਿੰਮੇਵਾਰ ਹੈ ਅਤੇ ਕੁਦਰਤ ਦੇ ਨੇਮ ਅਨੁਸਾਰ ਪਸ਼ੂ-ਪੰਛੀ ਤੇ ਮਨੁੱਖ ਆਪਣੇ ਬੱਚੇ ਨੂੰ ਜੀਵਨ ਜਾਚ ਸਿਖਾਉਂਦੇ ਹੀ ਹਨ।

ਪਰ ਕੁੜੀ ਨਾਲ ਜੁੜੀ ਇੱਜਤ ਦੀ ਰਾਖੀ ਦੇ ਨਾਂ 'ਤੇ ਉਸ ਨੂੰ ਮਾਨਸਿਕ ਪ੍ਰੇਸ਼ਾਨ ਕਰ ਦੇਣਾ ਕਿਥੋਂ ਤੱਕ ਸਹੀ ਹੈ? ਕੁੜੀਆਂ ਨੂੰ ਇਸ ਦੇ ਬਦਲੇ ਕੀ ਖਾਸ ਅਦਾ ਕੀਤਾ ਜਾਂਦਾ ਹੈ? ਸਮਾਜੀ ਢਾਂਚੇ ਅਨੁਸਾਰ ਉਹ ਨਾ ਘਰ ਦੀਆਂ ਹਨ, ਨਾ ਘਾਟ ਦੀਆਂ। ਵਿਆਹ 'ਤੇ ਖਰਚ ਜ਼ਰੂਰ ਕੀਤਾ



ਜਾਂਦਾ ਹੈ, ਪਰ ਸਹੁਰੇ ਘਰ ਦੁਖੀ ਹੋਣ ਦੀ ਹਾਲਤ ਵਿਚ ਦੁੱਖ ਸਹਿਣ ਲਈ ਤੇ ਰੱਬ-ਰੱਬ ਕਰਕੇ ਸਮਾਂ ਕੱਟਣ ਦੀ ਸਲਾਹ ਦਿੱਤੀ ਜਾਂਦੀ ਹੈ। ਮਾਂ-ਬਾਪ ਡਰਦੇ ਹਨ ਕਿ ਕਿਤੇ ਪੇਕੇ ਘਰ ਆ ਕੇ ਨਾ ਬੈਠ ਜਾਵੇ। ਮੁਢਲੇ ਹੱਕ ਉਨ੍ਹਾਂ ਨੂੰ 2020 ਵਿਚ ਵੀ ਨਹੀਂ ਮਿਲੇ; ਨਾ ਸੁਤੰਤਰਤਾ ਮਿਲੀ, ਨਾ ਬਰਾਬਰੀ, ਨਾ ਸੁਰੱਖਿਆ। ਭਾਰਤ ਵਿਚ ਹਰ 20 ਮਿੰਟ ਵਿਚ ਇਕ ਬਲਾਤਕਾਰ ਹੁੰਦਾ ਹੈ।

ਕਵਿੱਤਰੀ ਕਰਮਜੀਤ ਦਿਓਣ ਐਲਨਾਬਾਦ ਲਿਖਦੀ ਹੈ,

ਪਿਆਰ ਮਹੁੱਬਤ ਦਾ ਅੱਖਰ
ਜਦ ਮੇਰੀ ਕਾਨੀ ਪਾਉਂਦੀ ਹੈ।
ਬਾਬੁਲ ਦੀ ਸ਼ਮਲੇ ਵਾਲੀ ਪੱਗ
ਖਾਬਾਂ ਵਿਚ ਲਹਿਰਾਉਂਦੀ ਹੈ।
ਮੇਰੀ ਝਾਂਜਰ ਦੇ ਬੋਲਾਂ 'ਚੋਂ
ਇੱਜਤ ਦੀ ਹੁੰਕਰ ਗੂੰਜੇ,
ਬਚਪਨ ਦੀ ਗੁੱਡੀ 'ਚੋਂ ਜਦ ਵੀ
ਵਿਦਰੋਹ ਦੀ ਬੋ ਆਉਂਦੀ ਹੈ।
ਮੇਰੀ ਅੱਖ ਦਾ ਬਾਗੀ ਕੱਜਲ
ਕਾਲਖ ਥੱਪਦਾ ਚਿਹਰੇ 'ਤੇ,
ਮੇਰੀ ਗੁੱਤ ਰੁੱਖ 'ਤੇ ਇਕ ਰੱਸੀ ਦੀ
ਤਸਵੀਰ ਬਣਾਉਂਦੀ ਹੈ।

ਮੈਂ, ਮੇਰੇ ਪਿੰਡ ਅਤੇ ਸਕੂਲ ਦੀਆਂ ਕੁੜੀਆਂ ਖੁਦ ਇਸ ਤਸ਼ੱਦਦ ਦਾ ਸ਼ਿਕਾਰ ਰਹੀਆਂ ਹਨ। ਸਾਡੇ ਘਰ-ਪਰਿਵਾਰ ਅਤੇ ਸਕੂਲ ਵਿਚ ਅਜਿਹਾ ਮਾਹੌਲ ਸਿਰਜਿਆ ਗਿਆ, ਜੋ ਦੱਸਦਾ ਸੀ ਕਿ ਮੁੰਡਾ ਕੋਈ ਭੂਤ ਹੈ, ਜੋ ਤੁਹਾਨੂੰ ਖਾ ਜਾਵੇਗਾ। ਜੇ ਉਸ ਨੇ ਤੁਹਾਨੂੰ ਕੁਝ ਕਿਹਾ ਤਾਂ ਭੁਚਾਲ ਆ ਜਾਵੇਗਾ। ਜੇ ਕਿਸੇ ਕੁੜੀ ਨੇ ਮੁੰਡੇ ਨੂੰ ਬੁਲਾਇਆ ਵੀ ਤਾਂ ਉਹ ਮਾੜੀ ਕੁੜੀ ਹੋਵੇਗੀ। ਇਸ ਮਾਹੌਲ ਵਿਚ ਕਿਸੇ ਦਾ ਕੀ ਮਾਨਸਿਕ ਵਿਕਾਸ ਹੋਣਾ ਸੀ!

ਦੁਨੀਆਂ ਔਰਤ ਤੇ ਮਰਦ-ਦੋਹਾਂ ਨਾਲ ਹੀ ਚਲਦੀ ਹੈ। ਇਕ ਦੂਜੇ ਬਾਰੇ ਇਸ ਤਰ੍ਹਾਂ ਦਾ ਮਾਹੌਲ ਸਿਰਜਣਾ ਇਕ ਤਸ਼ੱਦਦ ਹੈ। ਇਸ ਸਭ ਨੇ ਸਾਡੇ ਆਲੇ ਦੁਆਲੇ ਇਕ ਬਹੁਤ ਡਰਾਵਣਾ ਤੇ ਸਹਿਮ ਭਰਿਆ ਮਾਹੌਲ ਸਿਰਜਿਆ ਹੈ।

ਮੁੰਡੇ ਸਾਨੂੰ ਆਪਣੇ ਸਭ ਤੋਂ ਵੱਡੇ ਦੁਸ਼ਮਣ ਨਜ਼ਰ ਆਉਂਦੇ ਸਨ। ਜਿਵੇਂ ਉਹ ਕੋਈ ਡਾਕੂ ਲੁਟੇਰੇ ਹੋਣ। ਇਸ ਨਜ਼ਰੀਏ ਕਰਕੇ ਮੈਂ ਕਦੇ ਕਾਲਜ ਦੀ ਜ਼ਿੰਦਗੀ ਨਾ ਦੇਖ ਸਕੀ। 12ਵੀਂ ਪਿਛੋਂ ਮੇਰੀ ਸਾਰੀ ਪੜ੍ਹਾਈ ਪ੍ਰਾਈਵੇਟ ਹੋਈ। ਕਾਲਜ ਪੇਪਰ ਦੇਣ ਗਈ ਮੈਂ ਮੁੰਡਿਆਂ ਨੂੰ ਇਉਂ ਦੇਖਦੀ ਸਾਂ, ਜਿਵੇਂ ਉਹ ਕੋਈ ਰਾਖਸ਼ਸ ਹੋਣ।

ਬਾਲ ਮਨ ਨੂੰ ਬੜੀ ਸਮਝਦਾਰੀ ਨਾਲ ਸਹਿਜਤਾ ਸਵਾਰਨਾ ਪੈਂਦਾ ਹੈ। ਇਕ ਪੌਦੇ ਨੂੰ ਵਧਣ ਫੁਲਣ ਤੇ ਫਲਦਾਰ ਰੁੱਖ ਬਣਨ ਲਈ ਹਵਾ, ਪਾਣੀ ਅਤੇ ਉਪਜਾਊ ਮਿੱਟੀ ਦੀ ਲੋੜ ਹੁੰਦੀ ਹੈ। ਜੇ ਇਕ ਬੀਜ ਨੂੰ ਮਿੱਟੀ ਵਿਚ ਦੱਬ ਕੇ ਚਾਰੇ ਪਾਸੇ ਤੋਂ ਬੰਦ ਕਰ ਦੇਵਾਂਗੇ ਤਾਂ ਉਸ ਨੂੰ ਫਲ-ਫੁੱਲ ਕਿਵੇਂ ਲੱਗਣਗੇ?

ਹਰ ਇਨਸਾਨ ਵਿਚ ਜਜ਼ਬਾਤ ਹੁੰਦੇ ਹਨ। ਤੁਹਾਡੇ-ਮੇਰੇ ਵਿਚੋਂ ਕੌਣ ਹੈ, ਜਿਸ ਨੂੰ ਸਾਥੀ ਦੀ ਲੋੜ ਮਹਿਸੂਸ ਨਹੀਂ ਹੁੰਦੀ? ਸਭ ਨੂੰ ਇਕ ਮਹਿਬੂਬ ਚਾਹੀਦਾ ਹੈ, ਪਰ 'ਮੇਰੀ ਭੈਣ ਕਿਸੇ ਦੀ ਮਹਿਬੂਬ ਹੋਵੇ, ਇਹ ਨਹੀਂ ਹੋਣਾ ਚਾਹੀਦਾ।' ਇਹ ਦੂਹਰੇ ਮਾਪਦੰਡ ਕਿਵੇਂ ਮੰਨੇ ਜਾ ਸਕਦੇ ਹਨ?

ਫਿਲਮ ਅਦਾਕਾਰ ਆਮਿਰ ਖਾਨ ਦੀ ਗੱਲ ਚੇਤੇ ਆਉਂਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਕੋਈ ਆਪਣੇ ਬੱਚੇ ਵਿਚ ਜਵਾਨ ਭਾਵਨਾਵਾਂ ਪ੍ਰਗਟ ਹੋਣ ਤੋਂ ਡਰਦਾ ਹੈ, ਜਦਕਿ ਮੈਂ ਉਡੀਕ ਕਰਦਾ ਹਾਂ ਕਿ ਜੋ ਖੂਬਸੂਰਤ ਅਹਿਸਾਸ ਮੈਂ ਹੰਢਾਏ, ਮੇਰੇ ਬੱਚੇ ਉਹ ਸਭ ਕਦੋਂ ਮਹਿਸੂਸ ਕਰਨਗੇ। ਇਹ ਹੋਈ ਅਕਲਮੰਦੀ ਦੀ ਗੱਲ। ਔਰਤ-ਮਰਦ ਜਾਂ ਪੰਛੀ-ਜਨੌਰ ਸਭ ਵਿਚ ਭਾਵਨਾਵਾਂ ਕੁਦਰਤ ਪੈਦਾ ਕਰਦੀ ਹੈ ਅਤੇ ਜਿਨ੍ਹਾਂ ਨੂੰ ਨਿਕਾਸ ਚਾਹੀਦਾ ਹੈ। ਜੇ ਨਹੀਂ ਮਿਲੇਗਾ, ਮਨੁੱਖ ਰੋਗੀ ਹੋ ਜਾਵੇਗਾ। ਜੋ ਵੀ ਕੁਦਰਤੀ ਭਾਵਨਾਵਾਂ ਦੇ ਪ੍ਰਗਟਾਵੇ ਵਿਚ ਰੁਕਾਵਟ ਪਾਉਂਦਾ ਹੈ, ਉਹ ਅਧਰਮੀ ਹੈ।

ਖਾਸ ਕਰ ਗੀਤਕਾਰਾਂ ਨੇ ਸਾਲਾਂ ਤੋਂ ਪੁੱਠੇ ਸਿੱਧੇ ਗੀਤ ਲਿਖ-ਲਿਖ ਕੇ ਸਮਾਜ ਦਾ ਬੇੜਾ ਗਰਕ ਕੀਤਾ ਹੈ। ਮੈਨੂੰ ਇਕ ਗੀਤ ਦੱਸੋ, ਜਿਸ ਵਿਚ ਪੁੱਤਾਂ ਨੂੰ ਔਰਤਾਂ ਦਾ ਆਦਰ ਸਤਿਕਾਰ ਕਰਨ ਬਾਰੇ ਸਮਝਾਇਆ ਗਿਆ ਹੋਵੇ? ਮੁੰਡਿਆਂ ਨੂੰ ਸ਼ਰਾਬੀ, ਗੁੰਡੇ, ਗੈਂਗਸਟਰ ਬਣਾ ਕੇ ਪੇਸ਼ ਕਰਦੇ ਹਨ ਅਤੇ ਕੁੜੀਆਂ ਨੂੰ ਦਸਦੇ ਹਨ ਕਿ ਉਹ ਚਰਖਾ ਕੱਤਣਾ ਭੁੱਲ ਗਈਆਂ ਹਨ, ਉਨ੍ਹਾਂ ਨੂੰ ਹੁਣ ਚੱਜ ਨਹੀਂ ਰਿਹਾ। ਉਨ੍ਹਾਂ ਨੂੰ ਕੋਈ ਪੁੱਛੇ, ਭਲੇ ਮਾਣਸੋ! ਜਦ ਮਸ਼ੀਨਾਂ ਸਭ ਕੰਮ ਕਰਦੀਆਂ ਹਨ ਤਾਂ ਕੁੜੀਆਂ ਕਿਉਂ ਚਰਖਾ ਕੱਤੀ ਜਾਣ? ਕੁੜੀਆਂ ਡਾਕਟਰ, ਇੰਜੀਨੀਅਰ, ਆਰਕੀਟੈਕਟ, ਪਾਇਲਟ, ਪ੍ਰੋਫੈਸਰ, ਅਫਸਰ ਹਨ, ਚਰਖਾ ਕੱਤਣਾ ਕੀ ਇਸ ਸਭ ਤੋਂ ਵੱਧ ਜਰੂਰੀ ਹੈ? ਪਾਬੰਦੀਆਂ ਸੁਚੱਜੇ ਸਮਾਜ ਦੀ ਸਿਰਜਣਾ ਕਦੇ ਨਹੀਂ ਕਰ ਸਕਦੀਆਂ, ਇਕ ਸੁਚੱਜਾ ਸਮਾਜ ਸਿਰਜਣ ਲਈ ਜ਼ਿੰਦਗੀ 'ਚ ਇਕ ਵਿਸ਼ਾਲ ਅਤੇ ਨਿਰਪੱਖ ਨਜ਼ਰੀਏ ਦੀ ਲੋੜ ਹੁੰਦੀ ਹੈ।

# ਮਦਦ ਚਾਹਤੀ ਹੈ ਆਜ ਹਵਾ ਕੀ ਬੇਟੀ!

ਔਰਤਾਂ ਦੀ ਦੁਰਦਸ਼ਾ ਸਬੰਧੀ ਸਾਹਿਰ ਲੁਧਿਆਣਵੀ ਨੇ ਕੋਈ 60-70 ਸਾਲ ਪਹਿਲਾਂ ਜੋ ਨਕਸ਼ਾ ਆਪਣੀਆਂ ਨਜ਼ਮਾਂ ਤੇ ਗੀਤਾਂ 'ਚ ਪੇਸ਼ ਕੀਤਾ ਸੀ, ਅੱਜ ਵੀ ਹਾਲਾਤ ਉਹੋ ਜਿਹੇ ਹੀ ਹਨ। ਸਾਹਿਰ ਲੁਧਿਆਣਵੀ ਨੇ ਔਰਤ ਦੇ ਜੀਵਨ ਵਿਚਲੀ ਤ੍ਰਾਸਦੀ ਨੂੰ ਪੇਸ਼ ਕਰਦਿਆਂ ਕਿਹਾ ਹੈ,

ਔਰਤ ਨੇ ਜਨਮ ਦੀਆ ਮਰਦੋਂ ਕੋ
ਮਰਦੋਂ ਨੇ ਉਸੇ ਬਾਜ਼ਾਰ ਦੀਆ।
ਜਬ ਜੀਅ ਚਾਹਾ ਮਸਲਾ, ਕੁਚਲਾ
ਜਬ ਜੀਅ ਚਾਹਾ ਧੁਤਕਾਰ ਦੀਆ।
ਤਿਤਲੀ ਹੈ ਕਹੀਂ ਦੀਨਾਰੋਂ ਮੇਂ ਬਿਕਤੀ
ਹੈ ਕਹੀਂ ਬਾਜ਼ਾਰੋਂ ਮੇਂ।
ਨੰਗੀ ਨਚਵਾਈ ਜਾਤੀ ਹੈ
ਅਯਾਸ਼ੋਂ ਕੇ ਦਰਬਾਰੋਂ ਮੇਂ।
ਯੇਹ ਵੋਹ ਬੇਇਜ਼ਤ ਚੀਜ਼ ਹੈ ਜੋ

**ਅੱਬਾਸ ਧਾਲੀਵਾਲ, ਮਾਲੇਰਕੋਟਲਾ**
**ਫੋਨ: 91-98552-59650**

ਬਟ ਜਾਤੀ ਹੈ ਇੱਜ਼ਤਦਾਰੋਂ ਮੇਂ।
ਔਰਤ ਨੇ ਜਨਮ ਦੀਆ ਮਰਦੋਂ ਕੋ
ਮਰਦੋਂ ਨੇ ਉਸੇ ਬਾਜ਼ਾਰ ਦੀਆ।

ਦੁਨੀਆਂ ਭਰ 'ਚ 8 ਮਾਰਚ 'ਵਿਸ਼ਵ ਔਰਤ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਸ ਮੌਕੇ ਔਰਤਾਂ ਦੇ ਸਸ਼ਕਤੀਕਰਨ ਨੂੰ ਲੈ ਕੇ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ। ਔਰਤਾਂ ਨੂੰ ਹੱਕ ਦਿਵਾਉਣ ਦੀਆਂ ਡੀਂਗਾਂ ਮਾਰੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਸਸ਼ਕਤੀਕਰਨ ਲਈ ਲੰਮੇ ਸਮੇਂ ਤੋਂ ਗੱਲਾਂ ਚੱਲ ਰਹੀਆਂ ਹਨ।

ਜੇ ਅਸੀਂ ਭਾਰਤ ਵਿਚ ਰਹਿੰਦੀਆਂ ਔਰਤਾਂ ਦੇ ਜੀਵਨ 'ਤੇ ਝਾਤ ਮਾਰੀਏ ਤਾਂ ਯਕੀਨਨ ਸਾਨੂੰ ਵੱਡੀ ਨਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ। ਜਿਸ ਔਰਤ ਨੂੰ ਦੇਵੀ ਦਾ ਦਰਜਾ ਦਿੱਤਾ ਜਾਂਦਾ ਹੈ, ਕੰਜਕਾਂ ਦੇ ਰੂਪ ਵਿਚ ਪੂਜਿਆ ਜਾਂਦਾ ਹੈ; ਜਿਸ ਔਰਤ ਦੀ ਕੁੱਖੋਂ ਦੁਨੀਆਂ ਦੇ ਮਹਾਨ ਮਹਾਪੁਰਸ਼ਾਂ, ਨਬੀਆਂ, ਪੈਗੰਬਰਾਂ ਅਤੇ ਸੂਫੀ ਸੰਤਾਂ ਨੇ ਜਨਮ ਲਿਆ, ਜਿਸ ਨੇ ਟੀਪੂ ਸੁਲਤਾਨ, ਭਗਤ ਸਿੰਘ, ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ, ਰਾਮ ਪ੍ਰਸਾਦ ਬਿਸਮਿਲ ਤੇ ਕਰਤਾਰ ਸਿੰਘ ਸਰਾਭੇ ਜਿਹੇ ਸੂਰਵੀਰਾਂ ਨੂੰ ਜਨਮ ਦਿੱਤਾ, ਅੱਜ ਦੇ ਭਾਰਤ ਵਿਚ ਉਸ ਦੀ ਕੋਈ ਵੁੱਕਤ ਹੀ ਨਹੀਂ ਸਮਝੀ ਜਾਂਦੀ। ਹਾਲਾਤ ਤਾਂ ਇਸ ਤੋਂ ਵੀ ਬਦਤਰ ਹੋਏ ਪਏ ਹਨ।

ਔਰਤਾਂ ਨੂੰ ਹਰ ਧਰਮ ਵਿਚ ਇੱਜਤ ਤੇ ਅਹਿਤਰਾਮ ਦਿੱਤਾ ਗਿਆ ਹੈ। ਇਸਲਾਮ ਵਿਚ ਔਰਤ ਦੇ ਰੁਤਬੇ ਨੂੰ ਬਿਆਨ ਕਰਦਿਆਂ ਸਵਰਗ ਨੂੰ ਮਾਂ ਦੇ ਕਦਮਾਂ ਹੇਠ ਦੱਸਿਆ ਗਿਆ ਹੈ, ਜਦੋਂ ਕਿ ਗੁਰੂ ਨਾਨਕ ਦੇਵ ਜੀ ਨੇ ਔਰਤ ਜ਼ਾਤ ਦੀ ਵਡਿਆਈ ਕਰਦਿਆਂ ਆਖਿਆ, "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"

ਅੱਜ ਇਸ ਸਮਾਜ ਵਿਚ ਔਰਤ ਦੀ ਜੋ ਦੁਰਗਤ ਤੇ ਬੇਕਦਰੀ ਹੋ ਰਹੀ ਹੈ, ਉਸ ਦੀ ਮਿਸਾਲ ਸ਼ਾਇਦ ਪੱਥਰ ਯੁੱਗ ਵਿਚੋਂ ਵੀ ਢੂੰਡ ਪਾਉਣਾ ਮੁਸ਼ਕਿਲ ਹੈ। ਪਿਛਲੇ ਲੰਮੇ ਅਰਸੇ ਤੋਂ ਜਿਸ ਤਰ੍ਹਾਂ ਇਕ ਤੋਂ ਬਾਅਦ ਇਕ ਬਲਾਤਕਾਰਾਂ ਦੀਆਂ ਘਟਨਾਵਾਂ ਘਟੀਆ ਹਨ, ਜਿਸ ਤਰ੍ਹਾਂ ਵੱਖ ਵੱਖ ਸ਼ੈਲਟਰ ਹਾਊਸਾਂ ਵਿਚ ਮੌਜੂਦ ਬੱਚੀਆਂ ਦਾ ਮਾਨਸਿਕ ਤੇ ਸਰੀਰਕ ਸੋਸ਼ਣ ਕੀਤੇ ਜਾਣ ਦੀਆਂ ਖਬਰਾਂ ਆਈਆਂ ਹਨ, ਯਕੀਨਨ ਉਹ ਸਭ ਸਾਡੇ ਸਮਾਜ ਵਿਚ ਵਿਚਰਨ ਵਾਲੇ ਲੋਕਾਂ ਦੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਕਰਦੀਆਂ ਹਨ।

ਇਕ ਲੜਕੀ ਦੇ ਬਲਾਤਕਾਰ ਦਾ ਸ਼ਿਕਾਰ ਹੋ ਜਾਣ 'ਤੇ ਪੀੜਤ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਇਨਸਾਫ ਲਈ ਜਿਸ ਤਰ੍ਹਾਂ ਦਰ ਬਦਰ ਜਲੀਲ-ਓ-ਖੁਆਰ ਹੋਣਾ ਪੈਂਦਾ ਹੈ, ਉਹ ਯਕੀਨਨ ਦੁਖਦਾਈ ਤੇ ਖਤਰਨਾਕ ਹੈ। ਸਾਹਿਰ ਲੁਧਿਆਣਵੀ ਦੇ ਸ਼ਬਦਾਂ ਵਿਚ,

ਮਦਦ ਚਾਹਤੀ ਹੈ ਯੇਹ ਹਵਾ ਕੀ ਬੇਟੀ।
ਯਸ਼ੋਧਾ ਕੀ ਹਮ ਜਿਨਸ ਰਾਧਾ ਕੀ ਬੇਟੀ।
ਪੈਗੰਬਰ ਕੀ ਉੱਮਤ ਜ਼ੁਲੇਖਾ ਕੀ ਬੇਟੀ।

ਪਿਛਲੇ 8 ਸਾਲ ਤੋਂ ਲਟਕਦੇ ਆ ਰਹੇ ਨਿਰਭਯਾ ਕਾਂਡ ਦੇ ਦੋਸ਼ੀਆਂ ਨੂੰ ਫਾਂਸੀ ਦੇਣ ਦੀਆਂ ਤਾਰੀਖਾਂ ਜਿਸ ਤਰ੍ਹਾਂ ਵਾਰ ਵਾਰ ਅੱਗੇ ਪਾਈਆਂ ਜਾ ਰਹੀਆਂ ਹਨ, ਉਸ ਨਾਲ ਅਸੀਂ ਪੂਰੀ ਦੁਨੀਆਂ ਵਿਚ ਮਜ਼ਾਕ ਦੇ ਪਾਤਰ ਬਣ ਰਹੇ ਹਾਂ। ਜੇ ਦੋਸ਼ੀਆਂ ਨੂੰ ਸਮੇਂ ਸਿਰ ਫਾਹੇ ਲਾਇਆ ਹੁੰਦਾ ਤਾਂ ਸ਼ਾਇਦ ਕਠੂਆ, ਉਨਾਓ, ਹੈਦਰਾਬਾਦ ਜਿਹੀਆਂ ਦਰਦਨਾਕ ਘਟਨਾਵਾਂ ਨਾ ਵਾਪਰਦੀਆਂ। ਔਰਤਾਂ ਨਾਲ ਮਰਦ ਪ੍ਰਧਾਨ ਸਮਾਜ ਵਲੋਂ ਕੀਤੀ ਜਾਂਦੀ ਬੇਇਨਸਾਫੀ ਤੇ ਜ਼ੁਲਮ ਦੇ ਸੰਦਰਭ ਵਿਚ ਸਾਹਿਰ ਲਿਖਦੇ ਹਨ,

ਮਰਦੋਂ ਕੇ ਲੀਏ ਹਰ ਜ਼ੁਲਮ ਰਵਾ
ਔਰਤ ਕੇ ਲੀਏ ਰੋਨਾ ਭੀ ਖਤਾ।
ਮਰਦੋਂ ਕੇ ਲੀਏ ਹਰ ਐਸ਼ ਕਾ ਹੱਕ
ਔਰਤ ਕੇ ਲੀਏ ਜੀਨਾ ਭੀ ਖਤਾ।
ਮਰਦੋਂ ਕੇ ਲੀਏ ਲਾਖੋਂ ਸੇਜੇਂ
ਔਰਤ ਕੇ ਲੀਏ ਬਸ ਏਕ ਚਿਤਾ।

ਪੀੜਤ ਲੜਕੀਆਂ ਨੂੰ ਸਮੇਂ ਸਿਰ ਇਨਸਾਫ ਨਾ ਮਿਲਣਾ ਯਕੀਨਨ ਸਾਡੇ ਨਿਆਂ ਸਿਸਟਮ 'ਤੇ ਧੱਬਾ ਹੈ ਅਤੇ ਇਨਸਾਫ 'ਚ ਹੁੰਦੀ ਦੇਰੀ ਪੀੜਤ ਤੇ ਉਸ ਦੇ ਪਰਿਵਾਰ ਵਿਚ ਮਾਯੂਸੀ ਅਤੇ ਸਮਾਜ ਦੇ ਮਾੜੇ ਅਨਸਰਾਂ ਨੂੰ ਹੱਲਾਸ਼ੇਰੀ ਦਿੰਦਾ ਹੈ। ਪਿਛਲੇ ਸਾਲ ਚਿਮਨਿਆਨੰਦ ਵਾਲੇ ਕੇਸ ਵਿਚ ਵਿਦਿਆਰਥਣ ਨਾਲ ਜੋ ਹੋਇਆ, ਉਸ ਬਾਰੇ ਸਾਰੇ ਹੀ ਭਲੀਭਾਂਤ ਜਾਣਦੇ ਹਨ। ਅਜਿਹੇ ਹਾਲਾਤ ਕਾਰਨ ਅੱਜ ਕਿੰਨੀਆਂ ਪੀੜਤ ਲੜਕੀਆਂ ਆਪਣੇ ਨਾਲ ਹੋਏ ਸੋਸ਼ਣ 'ਤੇ ਚੁੱਪ ਧਾਰ ਲੈਂਦੀਆਂ ਹਨ।

ਬੇਸ਼ੱਕ ਸਰਕਾਰ ਵੱਲੋਂ 'ਬੇਟੀ ਬਚਾਓ, ਬੇਟੀ ਪੜ੍ਹਾਓ' ਨਾਅਰੇ ਲਾਏ ਜਾਂਦੇ ਹਨ, ਪਰ ਕੁਝ ਵਿਦਿਅਕ ਸੰਸਥਾਵਾਂ 'ਚ ਜਿਸ ਤਰ੍ਹਾਂ ਲੜਕੀਆਂ ਨਾਲ ਭੇਦਭਾਵ ਕੀਤਾ ਜਾਂਦਾ ਹੈ, ਉਸ ਨੂੰ ਵੇਖਦਿਆਂ ਲੱਗਦਾ ਹੈ ਕਿ ਜਿਵੇਂ ਇਹ ਉਕਤ ਨਾਅਰਿਆਂ ਨੂੰ ਦੰਦੀਆਂ ਚਿੜਾ ਰਹੇ ਹੋਣ। ਘਟਨਾ ਗੁਜਰਾਤ ਦੇ ਇਕ ਇੰਸਟੀਚਿਊਟ ਦੀ ਹੈ, ਜਿੱਥੇ ਇਕ ਪ੍ਰਿੰਸੀਪਲ ਨੇ 68 ਵਿਦਿਆਰਥਣਾਂ ਦੇ ਕੱਪੜੇ ਸਿਰਫ ਇਹ ਜਾਣਨ ਲਈ ਲੁਹਾਏ ਕਿ ਪਤਾ ਲਾਇਆ ਜਾ ਸਕੇ ਕਿ ਸੈਨੇਟਰੀ ਪੈਡ ਕਿਸ ਕੁੜੀ ਨੇ ਸੁੱਟਿਆ ਸੀ। ਇਹ ਗੱਲ ਵੀ ਸਾਹਮਣੇ ਆਈ ਕਿ ਉਕਤ ਇੰਸਟੀਚਿਊਟ 'ਚ ਪੜ੍ਹਦੀਆਂ ਕੁੜੀਆਂ ਨੂੰ ਜਦੋਂ ਵੀ ਮਹਾਮਾਰੀ ਆਉਂਦੀ ਹੈ ਤਾਂ ਉਨ੍ਹਾਂ ਦਿਨਾਂ ਦੌਰਾਨ ਉਨ੍ਹਾਂ ਵਾਸਤੇ ਕੁਝ ਖਾਸ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਜਿਵੇਂ ਲੜਕੀਆਂ ਨੂੰ ਹੋਸਟਲ ਦੀ ਥਾਂ ਬੇਸਮੈਂਟ ਵਿਚ ਰਹਿਣਾ ਪੈਂਦਾ ਹੈ, ਉਹ ਰਸੋਈ ਵਿਚ ਨਹੀਂ ਵੜ ਸਕਦੀਆਂ ਤੇ ਪੂਜਾ ਆਦਿ ਨਹੀਂ ਕਰ ਸਕਦੀਆਂ। ਕਲਾਸਾਂ ਵਿਚ ਵੀ ਪਿਛਲੇ ਬੈਂਚਾਂ 'ਤੇ ਬੈਠਣਾ ਪੈਂਦਾ ਹੈ।

ਜਿਥੋਂ ਤੱਕ ਕਾਲਜਾਂ ਅਤੇ ਯੂਨੀਵਰਸਿਟੀਆਂ ਦਾ ਸਵਾਲ ਹੈ, ਅੱਜ ਇਹ ਅਦਾਰੇ ਵੀ ਲੜਕੀਆਂ ਲਈ ਸੁਰੱਖਿਅਤ ਨਹੀਂ ਹਨ। ਪਿਛਲੇ ਦਿਨੀਂ ਅਜਿਹੀ ਹੀ ਇਕ ਖਬਰ ਨੇ ਸਾਡੀ ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਅਨੁਸਾਰ ਗਾਰਗੀ ਗਰਲਜ਼ ਹੋਸਟਲ ਵਿਖੇ ਗੁੰਡਾ ਅਨਸਰਾਂ ਨੇ ਲੜਕੀਆਂ ਦੀਆਂ ਛਾਤੀਆਂ ਨੂੰ ਮਧੋਲਿਆ ਤੇ ਸਤਨਾਂ ਨੂੰ ਨੋਚਿਆ ਅਤੇ ਕੱਪੜੇ ਫਾੜੇ ਗਏ। ਇਥੋਂ ਤਕ ਕਿ ਬਾਥਰੂਮਾਂ ਵਿਚ ਬੰਦ ਕਰਕੇ ਉਨ੍ਹਾਂ ਸਾਹਮਣੇ ਹਸਤਮੈਥੁਨ ਕੀਤਾ ਗਿਆ। ਸਾਹਿਰ ਲੁਧਿਆਣਵੀ ਲਿਖਦਾ ਹੈ,

ਜਿਨ ਸੀਨੋਂ ਨੇ ਉਨਹੇ ਦੂਧ ਦੀਆ,
ਉਨ ਸੀਨੋਂ ਕਾ ਵਿਓਪਾਰ ਕੀਆ।
ਜਿਸ ਕੋਖ ਮੇਂ ਉਨਕਾ ਜਿਸਮ ਢਲਾ,
ਉਸ ਕੋਖ ਕਾ ਕਾਰੋਬਾਰ ਕੀਆ।
ਜਿਸ ਤਨ ਸੇ ਉਗੇ ਕੋਂਪਲ ਬਨ ਕਰ,
ਉਸ ਤਨ ਕੋ ਜ਼ਲੀਲ-ਓ-ਖੁਆਰ ਕੀਆ।

ਇਸ ਤੋਂ ਪਹਿਲਾਂ ਦਿੱਲੀ ਦੇ ਜਾਮੀਆ ਮਿਲੀਆ ਇਸਲਾਮੀਆ ਦੀਆਂ ਵਿਦਿਆਰਥਣਾਂ ਨਾਲ ਪੁਲਿਸ ਨੇ ਜੋ ਦੁਰਵਿਹਾਰ ਕੀਤਾ, ਉਸ ਨੂੰ ਪੂਰੀ ਦੁਨੀਆਂ ਨੇ ਹੀ ਵੇਖਿਆ। ਇਸ ਸੰਦਰਭ ਵਿਚ ਯੂਨੀਵਰਸਿਟੀ ਵਿਦਿਆਰਥਣਾਂ ਦੇ ਸੰਗਠਨ ਨੇ ਪੁਲਿਸ 'ਤੇ ਤਸ਼ੱਦਦ ਦੇ ਗੰਭੀਰ ਦੋਸ਼ ਲਾਏ ਸਨ। ਇਸ ਤੋਂ ਪਹਿਲਾਂ ਅਜਿਹਾ ਕੁਝ ਹੀ ਜੇ. ਐਨ. ਯੂ. 'ਚ ਵਾਪਰਿਆ। ਉਥੇ ਵੀ ਗੁੰਡਾ ਅਨਸਰਾਂ ਨੇ ਯੂਨੀਵਰਸਿਟੀ ਕੈਂਪਸ ਵਿਚ ਜਾ ਕੇ ਵਿਦਿਆਰਥਣਾਂ ਦੀ ਕੁੱਟਮਾਰ ਕੀਤੀ ਸੀ।

ਪਿਛਲੇ ਦਿਨੀਂ ਜਿਸ ਇਕ ਹੋਰ ਘਟਨਾ ਨੇ ਰੌਂਗਟੇ ਖੜ੍ਹੇ ਕਰ ਦਿੱਤੇ, ਉਹ ਸੀ 14 ਦਿਨ ਦੀ ਜੇਲ੍ਹ ਕੱਟ ਕੇ ਆਈ ਇਕ ਉਸ ਵਿਧਵਾ ਮਾਂ ਦੀ ਕਹਾਣੀ, ਜਿਸ ਦਾ ਕੋਈ ਜੁਰਮ ਨਹੀਂ ਸੀ। ਉਸ ਨੂੰ ਦੇਸ਼ ਧ੍ਰੋਹ ਦੇ ਮੁਕਦਮੇ ਵਿਚ ਸਲਾਖਾਂ ਪਿੱਛੇ ਡੱਕ ਦਿੱਤਾ ਗਿਆ। ਉਸ ਦਾ ਜੁਰਮ ਸਿਰਫ ਇਹ ਸੀ ਕਿ ਬਿਦਰ (ਕਰਨਾਟਕ) ਦੇ ਸ਼ਾਹੀਨ ਸਕੂਲ ਵਿਚ ਬੱਚਿਆਂ ਵਲੋਂ ਸੀ. ਏ. ਏ., ਐਨ. ਆਰ. ਸੀ. ਅਤੇ ਐਨ. ਪੀ. ਆਰ. ਦੇ ਵਿਰੋਧ ਵਿਚ ਇੱਕ ਡਰਾਮਾ ਕੀਤਾ ਗਿਆ ਸੀ, ਜਿਸ ਵਿਚ ਉਸ ਦੀ ਬੇਟੀ ਨੇ ਹਿੱਸਾ ਲਿਆ ਸੀ। ਬੱਚੀ ਦੀ ਮਾਂ ਵਿਰੁਧ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਰ ਕੇ ਉਸ ਨੂੰ ਬੱਚੀ ਤੋਂ ਜੁਦਾ ਕਰਦਿਆਂ 14 ਦਿਨਾਂ ਲਈ ਹਿਰਾਸਤ ਵਿਚ ਭੇਜ ਦਿੱਤਾ ਗਿਆ। ਅਖੀਰ ਵਿਚ ਸਾਹਿਰ ਦੇ ਇਨ੍ਹਾਂ ਸ਼ਬਦਾਂ ਨਾਲ ਹੀ ਮੈਂ ਆਪਣੀ ਗੱਲ ਮੁਕਾਵਾਂਗਾ,

ਔਰਤ ਸੰਸਾਰ ਕੀ ਕਿਸਮਤ ਹੈ
ਫਿਰ ਭੀ ਤਕਦੀਰ ਕੀ ਬੇਟੀ ਹੈ।
ਅਵਤਾਰ ਪੈਗੰਬਰ ਜਨਤੀ ਹੈ
ਫਿਰ ਭੀ ਸ਼ੈਤਾਨ ਕੀ ਬੇਟੀ ਹੈ।
ਯੇਹ ਵੋਹ ਬਦਕਿਸਮਤ ਮਾਂ ਹੈ
ਜੋ ਬੇਟੋਂ ਕੀ ਸੇਜ ਪੇ ਲੇਟੀ ਹੈ।

# ਭਾਰਤ ਦਾ ਪਹਿਲਾ ਅਖਬਾਰ: ਬੰਗਾਲ ਗਜ਼ਟ

*ਹਿੰਦੋਸਤਾਨ ਦੇ ਪਹਿਲੇ ਅਖ਼ਬਾਰ 'ਬੰਗਾਲ ਗਜ਼ਟ' ਅੰਗਰੇਜ਼ ਪੱਤਰਕਾਰ ਜੇਮਜ਼ ਅਗਸਤਸ ਹਿੱਕੀ ਨੇ 29 ਜਨਵਰੀ 1780 ਨੂੰ ਕਲਕੱਤਾ ਵਿਚ ਸ਼ੁਰੂ ਕੀਤਾ। ਬੰਗਾਲ ਗਜ਼ਟ ਨੂੰ 'ਕਲਕੱਤਾ ਜਨਰਲ ਐਡਵਰਟਾਈਜ਼ਰ' ਅਤੇ 'ਹਿੱਕੀਜ਼ ਗਜ਼ਟ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਇਸ ਪਿਛੋਂ ਹਿੰਦੋਸਤਾਨ ਵਿਚ ਕਈ ਅਖਬਾਰ ਨਿਕਲੇ, ਜਿਨ੍ਹਾਂ ਨੇ ਮੁਲਕ ਦੀ ਆਜ਼ਾਦੀ ਦੇ ਘੋਲ 'ਚ ਵੀ ਯੋਗਦਾਨ ਪਾਇਆ। ਜੇਮਜ਼ ਹਿੱਕੀ ਨੇ ਵਾਰਨ ਹੇਸਟਿੰਗਜ਼, ਜੋ ਉਦੋਂ ਈਸਟ ਇੰਡੀਆ ਕੰਪਨੀ ਦਾ ਭਾਰਤ 'ਚ ਵਾਇਸਰਾਏ ਸੀ, ਖਿਲਾਫ ਖੁੱਲ੍ਹ ਕੇ ਲਿਖਿਆ। ਪਿਛੋਂ ਬਰਤਾਨੀਆ ਸਰਕਾਰ ਨੇ ਵੀ ਵਾਰਨ ਹੇਸਟਿੰਗਜ਼ ਖਿਲਾਫ ਰਿਸ਼ਵਤਖੋਰੀ ਦਾ ਮੁਕੱਦਮਾ ਚਲਾਇਆ।*

ਚੌਵੀ ਅਗਸਤ 1600 ਨੂੰ ਅੰਗਰੇਜ਼ਾਂ ਨੇ ਹਿੰਦੋਸਤਾਨ ਦੀ ਧਰਤੀ 'ਤੇ ਵਪਾਰ ਅਤੇ ਇਸਾਈ ਧਰਮ ਦੇ ਫੈਲਾਅ ਦੀ ਮਨਸ਼ਾ ਨਾਲ ਹੀ ਪੈਰ ਧਰਿਆ ਸੀ ਪਰ ਬਾਅਦ ਵਿਚ ਉਨ੍ਹਾਂ ਇਥੇ ਆਪਣਾ ਰਾਜ ਹੀ ਕਾਇਮ ਕਰ ਲਿਆ। ਆਪਣੀ ਹਕੂਮਤ ਦੇ ਸਾਲਾਂ ਦੌਰਾਨ ਉਨ੍ਹਾਂ ਨੇ ਇਥੇ ਕਈ ਕਿਸਮ ਦੇ ਪ੍ਰਸ਼ਾਸਨਿਕ, ਸਮਾਜਿਕ, ਤਕਨੀਕੀ, ਕਾਨੂੰਨੀ ਅਤੇ ਹੋਰ ਸੁਧਾਰ ਕੀਤੇ। ਚਾਹੇ ਇਨ੍ਹਾਂ ਸੁਧਾਰਾਂ ਨੂੰ ਅਣਚਿਤਵੇ ਜਾਂ ਨਿੱਜੀ ਹਿੱਤਾਂ ਦੀ ਪੂਰਤੀ ਲਈ ਕੀਤੇ ਮੰਨਿਆ ਜਾਂਦਾ ਹੈ, ਪਰ ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਇਨ੍ਹਾਂ ਸੁਧਾਰਾਂ ਸਦਕਾ ਹੀ ਹਿੰਦੋਸਤਾਨ ਵਿਚ ਕਈ ਇਨਕਲਾਬਾਂ ਨੂੰ ਹੁਲਾਰਾ ਮਿਲਿਆ ਅਤੇ ਗੱਲ

**ਗੁਰਪ੍ਰਵੇਸ਼ ਸਿੰਘ ਢਿੱਲੋਂ**

ਅਗਾਂਹ ਵਧੀ। ਹਿੰਦੋਸਤਾਨ ਵਿਚ ਜਨਸੰਚਾਰ ਦੀ ਮੋੜ੍ਹੀ ਗੱਡਣ ਵਾਲੇ ਵੀ ਅੰਗਰੇਜ਼ ਹੀ ਸਨ। ਅੱਗੇ ਚੱਲ ਕੇ ਜਨਸੰਚਾਰ ਦੇ ਸ਼ਕਤੀਸ਼ਾਲੀ ਹਥਿਆਰ 'ਅਖਬਾਰ' ਨੇ ਹੀ ਦੇਸ਼ ਦੀ ਆਜ਼ਾਦੀ ਲਈ ਰਾਹ ਪੱਧਰਾ ਕਰਨ ਵਿਚ ਅਹਿਮ ਭੂਮਿਕਾ ਨਿਭਾਈ।

ਹਿੰਦੋਸਤਾਨ ਦੇ ਪਹਿਲੇ ਅਖਬਾਰ 'ਬੰਗਾਲ ਗਜ਼ਟ' ਦੀ ਸ਼ੁਰੂਆਤ ਜੇਮਜ਼ ਅਗਸਤਸ ਹਿੱਕੀ ਨਾਮੀ ਅੰਗਰੇਜ਼ ਨੇ 29 ਜਨਵਰੀ 1780 ਨੂੰ ਕਲਕੱਤਾ ਦੀ ਧਰਤੀ 'ਤੇ ਕੀਤੀ। ਬੰਗਾਲ ਗਜ਼ਟ ਨੂੰ 'ਕਲਕੱਤਾ ਜਨਰਲ ਐਡਵਰਟਾਈਜ਼ਰ' ਅਤੇ 'ਹਿੱਕੀਜ਼ ਗਜ਼ਟ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਹਰ ਸ਼ਨਿਚਰਵਾਰ ਛਪਦਾ ਹਫਤਾਵਾਰੀ 'ਬੰਗਾਲ ਗਜ਼ਟ' 12 ਇੰਚ ਲੰਮਾ, 8 ਇੰਚ ਚੌੜਾ, ਚਾਰ ਪੰਨਿਆਂ ਦਾ ਪੱਤਰ ਸੀ ਜਿਸ ਨੂੰ ਤਿੰਨ ਕਾਲਮਾਂ ਵਿਚ ਵੰਡਿਆ ਹੋਇਆ ਸੀ। ਇਸ ਅਖਬਾਰ ਦੀ ਸ਼ੁਰੂਆਤ ਉਨ੍ਹਾਂ ਵੇਲਿਆਂ 'ਚ ਹੋਈ, ਜਦੋਂ ਪੂਰੀ ਦੁਨੀਆ 'ਚ ਕਈ ਅਹਿਮ ਘਟਨਾਵਾਂ ਅੰਗੜਾਈਆਂ ਭੰਨ ਰਹੀਆਂ ਸਨ। 1776 'ਚ ਅੰਗਰੇਜ਼ਾਂ ਨੇ ਆਪਣੀ ਪਹਿਲੀ ਕਲੋਨੀ, ਅਮਰੀਕਾ, ਗੁਆ ਲਈ ਸੀ ਅਤੇ ਫਰਾਂਸ ਵਿਚ ਇਨਕਲਾਬ ਦੀ ਫਿਜ਼ਾ ਰੁਮਕਣ ਲੱਗੀ ਸੀ। ਇਸ ਹਵਾ ਦੇ ਬੁੱਲੇ ਹਿੰਦੋਸਤਾਨ ਦੀ ਤਤਕਾਲੀ ਰਾਜਧਾਨੀ ਕਲਕੱਤਾ ਵਿਚ ਵੀ ਆਉਣ ਲੱਗੇ ਸਨ।

ਆਇਰਲੈਂਡ ਦੇ ਜੰਮਪਲ ਹਿੱਕੀ ਨੇ ਇੰਗਲੈਂਡ 'ਚ ਰਹਿੰਦਿਆਂ ਕਈ ਧੰਦਿਆਂ ਵਿਚ ਕਿਸਮਤ ਅਜ਼ਮਾਈ ਪਰ ਸਭ ਪਾਸੇ ਘਾਟਾ ਹੀ ਪੇਸ਼ ਪਿਆ। ਅਖੀਰ ਫਰਵਰੀ 1773 ਵਿਚ ਉਹ ਹਿੰਦੋਸਤਾਨ ਆਇਆ ਅਤੇ ਸਮੁੰਦਰੀ ਵਪਾਰ ਕਰਨ ਲੱਗਾ। ਇਥੇ ਵੀ ਬੁਰੇ ਹਾਲਾਤ ਨੇ ਉਸ ਦਾ ਪਿੱਛਾ ਨਾ ਛੱਡਿਆ ਅਤੇ ਇਕ ਦਿਨ ਭਾਰੀ ਤੂਫਾਨ ਕਾਰਨ ਉਸ ਦਾ ਜਹਾਜ਼ ਡੁੱਬ ਗਿਆ ਜਿਸ ਕਾਰਨ ਉਸ ਦੀ ਆਰਥਿਕ ਹਾਲਤ ਡਾਵਾਂਡੋਲ ਹੋ ਗਈ। ਕਰਜ਼ਦਾਰ ਹੋਣ ਅਤੇ ਕਰਜ਼ਾ ਨਾ ਮੋੜ ਸਕਣ ਕਾਰਨ ਉਸ ਨੂੰ ਜੇਲ੍ਹ ਜਾਣਾ ਪਿਆ। ਇਸੇ ਜੇਲ੍ਹ 'ਚ ਰਹਿੰਦਿਆਂ ਉਸ ਨੇ ਛਪਾਈ ਦਾ ਸਾਮਾਨ ਖਰੀਦਿਆ ਅਤੇ ਛਪਾਈ ਦੇ ਧੰਦੇ ਵਿਚ ਪੈ ਗਿਆ। ਇਹੀ ਧੰਦਾ ਅੱਗੇ ਚੱਲ ਕੇ 'ਬੰਗਾਲ ਗਜ਼ਟ' ਦੇ ਜਨਮ ਦਾ ਸਬੱਬ ਬਣਿਆ।

ਜੇਮਜ਼ ਅਗਸਤਸ ਹਿੱਕੀ ਇਸ ਗੱਲ ਤੋਂ ਜਾਣੂ ਸੀ ਕਿ ਉਸ ਦਾ ਅੰਗਰੇਜ਼ ਹੋਣਾ ਆਮ ਪਾਠਕਾਂ ਨੂੰ ਇਸ ਅਖਬਾਰ ਦੇ ਈਸਟ ਇੰਡੀਆ


HICKY's
BENGAL GAZETTE;
OR THE ORIGINAL
Calcutta General Advertiser.

A Weekly Political and Commercial Paper, Open to all Parties, but influenced by None,

59 From Saturday March 3d to Saturday March 10th 1781. No. VII

From the LONDON GAZETTE EXTRAORDINARY.
Admiralty Office May 25, 1780

*1780 'ਚ ਸ਼ੁਰੂ ਹੋਏ 'ਬੰਗਾਲ ਗਜ਼ਟ' ਦੇ 3-10 ਮਾਰਚ 1781 ਵਾਲੇ ਅੰਕ ਦਾ ਮੁਖੜਾ।*

ਕੰਪਨੀ ਪੱਖੀ ਹੋਣ ਦਾ ਪ੍ਰਭਾਵ ਦੇ ਸਕਦਾ ਹੈ। ਇਸ ਭੁਲੇਖੇ ਨੂੰ ਦੂਰ ਕਰਨ ਲਈ ਉਸ ਨੇ ਅਖਬਾਰ ਦੇ ਨਾਮ (ਮਾਸਟਹੈੱਡ) ਹੇਠਾਂ ਇਕ ਨਾਅਰਾ 'ਬੰਗਾਲ ਗਜ਼ਟ- ਸਰਬ ਸਾਂਝਾ ਹਫਤਾਵਾਰੀ ਸਿਆਸੀ ਅਤੇ ਵਪਾਰਕ ਪੱਤਰ ਜਿਹੜਾ ਕਿਸੇ ਪਾਰਟੀ ਦੇ ਪ੍ਰਭਾਵ ਥੱਲੇ ਨਹੀਂ' ਲਿਖਿਆ। ਹਿੱਕੀ ਨੇ ਆਪਣੇ ਅਖਬਾਰ 'ਚ ਹਰ ਉਸ ਖਬਰ ਨੂੰ ਜਗ੍ਹਾ ਦਿੱਤੀ ਜੋ ਕਲਕੱਤਾ ਲਈ ਮਹੱਤਵ ਰੱਖਦੀ ਸੀ। ਸੜਕਾਂ ਦੀ ਖਸਤਾ ਹਾਲਤ ਤੋਂ ਲੈ ਕੇ ਅੰਗਰੇਜ਼ ਅਫਸਰਾਂ ਦੇ ਆਲੀਸ਼ਾਨ ਬੰਗਲਿਆਂ 'ਚ ਹੁੰਦੇ ਭ੍ਰਿਸ਼ਟਾਚਾਰ ਤੱਕ ਦੀਆਂ ਸਭ ਖਬਰਾਂ ਨੂੰ ਹਿੱਕੀ ਨੇ ਬੜੀ ਹਿੰਮਤ ਅਤੇ ਦਲੇਰੀ ਨਾਲ ਛਾਪਿਆ।

ਮਿਸਾਲ ਵਜੋਂ ਪੁਰਤਗਾਲੀਆਂ ਦੇ ਕਬਰਸਤਾਨ ਕੋਲ ਰਹਿੰਦੇ ਬੰਗਾਲ ਗਜ਼ਟ ਦੇ ਇਕ ਪੱਤਰਕਾਰ ਨੇ ਖਬਰ ਛਾਪੀ ਕਿ ਇਸ ਛੋਟੇ ਜਿਹੇ ਕਬਰਸਤਾਨ 'ਚ ਹਰ ਵਰ੍ਹੇ 400 ਮੁਰਦੇ ਬਿਨਾਂ ਤਾਬੂਤਾਂ ਤੋਂ ਦਫਨਾਏ ਜਾਂਦੇ ਹਨ ਅਤੇ ਮੌਨਸੂਨ 'ਚ ਤੇਜ਼ ਬਾਰਸ਼ਾਂ ਕਾਰਨ ਇਨ੍ਹਾਂ ਕਬਰਾਂ ਦੀ ਮਿੱਟੀ ਖੁਰ ਜਾਂਦੀ ਹੈ। ਕਬਰਾਂ 'ਚ ਸੜਦੀਆਂ ਇਨ੍ਹਾਂ ਲਾਸ਼ਾਂ ਦੇ ਟੁਕੜੇ ਮੀਂਹ ਵਾਲੇ ਪਾਣੀ 'ਚ ਘੁਲ ਕੇ ਪੀਣ ਦੇ ਪਾਣੀ 'ਚ ਆ ਰਲਦੇ ਹਨ ਅਤੇ ਉਸ ਨੂੰ ਪਲੀਤ ਕਰ ਦਿੰਦੇ ਹਨ ਜਿਸ ਕਾਰਨ ਲੋਕਾਂ ਨੂੰ ਬਿਮਾਰੀਆਂ ਹੁੰਦੀਆਂ ਹਨ। ਇਸੇ ਤਰ੍ਹਾਂ ਇਕ ਪੱਤਰਕਾਰ ਨੇ ਲਿਖਿਆ ਕਿ ਕੰਪਨੀ ਨੂੰ ਸੜਕਾਂ 'ਤੇ ਗਲਦੀਆਂ ਪਸ਼ੂਆਂ ਦੀਆਂ ਲਾਸ਼ਾਂ ਨੂੰ ਚੁੱਕਣਾ ਚਾਹੀਦਾ ਹੈ।

ਉਸ ਵੇਲੇ ਬੰਗਾਲੀ ਗਰੀਬ ਲੋਕ ਫੂਸ ਦੀਆਂ ਛੱਤਾਂ ਦੇ ਘਰ ਬਣਾਉਂਦੇ ਸਨ ਅਤੇ ਗਰਮੀਆਂ 'ਚ ਅਕਸਰ ਹੀ ਇਨ੍ਹਾਂ ਦੇ ਘਰਾਂ ਨੂੰ ਅੱਗ ਪੈ ਜਾਂਦੀ ਸੀ। ਬੰਗਾਲ ਗਜ਼ਟ 'ਚ ਇਨ੍ਹਾਂ ਘਟਨਾਵਾਂ ਦਾ ਵਿਸ਼ੇਸ਼ ਜ਼ਿਕਰ ਹੁੰਦਾ ਸੀ। ਇਨ੍ਹਾਂ ਖਬਰਾਂ ਦੀ ਬਦੌਲਤ ਹੀ ਸੁਪਰੀਮ ਕੋਰਟ ਨੇ ਕਲਕੱਤਾ ਵਿਚ ਘਾਹ ਦੀਆਂ ਛੱਤਾਂ ਵਾਲੇ ਘਰ ਬਣਾਉਣ 'ਤੇ ਰੋਕ ਲਾਉਣ ਅਤੇ ਸ਼ਹਿਰ ਦੀਆਂ ਸੜਕਾਂ ਦੀ ਹਾਲਤ ਸੁਧਾਰਨ ਦੀ ਹਦਾਇਤ ਕੀਤੀ। 'ਬੰਗਾਲ ਗਜ਼ਟ' ਵਿਚ ਅੰਗਰੇਜ਼ਾਂ ਦੀਆਂ ਫੌਜੀ ਮੁਹਿੰਮਾਂ ਬਾਰੇ ਵੀ ਬੇਝਿਜਕ ਹੋ ਕੇ ਛਾਪਿਆ ਜਾਂਦਾ ਸੀ। ਹਿੱਕੀ ਨੇ ਆਪਣੀਆਂ ਲਿਖਤਾਂ ਵਿਚ ਈਸਟ ਇੰਡੀਆ ਕੰਪਨੀ ਉਤੇ ਹਿੰਦੋਸਤਾਨੀ ਰਿਆਸਤਾਂ ਨੂੰ ਧੱਕੇ ਨਾਲ ਆਪਣੇ ਰਾਜ ਵਿਚ ਰਲਾਉਣ ਦੇ ਸਿੱਧੇ ਦੋਸ਼ ਲਾਏ। ਜਦੋਂ ਅੰਗਰੇਜ਼ ਹੈਦਰ ਅਲੀ ਹੱਥੋਂ ਪੌਲੀਲੂਰ ਦੀ ਜੰਗ ਹਾਰੇ ਤਾਂ ਕੰਪਨੀ ਇਹ ਖਬਰ ਲੁਕਾਉਣਾ ਚਾਹੁੰਦੀ ਸੀ ਪਰ ਹਿੱਕੀ ਨੇ ਖੁੱਲ੍ਹ ਕੇ ਇਸ ਬਾਬਤ ਲਿਖਿਆ ਅਤੇ ਹੈਦਰ ਅਲੀ ਵਲੋਂ ਅੰਗਰੇਜ਼ ਸਿਪਾਹੀਆਂ ਨਾਲ ਕੀਤੇ ਮਨੁੱਖੀ ਵਰਤਾਅ ਦੀ ਸ਼ਲਾਘਾ ਕੀਤੀ।

ਹਿੱਕੀ ਦੀ ਲਿਖਣ ਸ਼ੈਲੀ ਸਾਹਿਤਕ ਨਹੀਂ ਸੀ ਪਰ ਉਹ ਵਿਅੰਗਾਤਮਕ ਚੋਭਾਂ ਲਿਖਣ ਵਿਚ ਮਾਹਿਰ ਸੀ। ਉਹ ਉਸ ਵੇਲੇ ਦੇ ਮਰਦ ਪ੍ਰਧਾਨ ਸਮਾਜ ਦਾ ਵੀ ਹਾਮੀ ਸੀ ਅਤੇ ਔਰਤਾਂ ਸਬੰਧੀ ਵਿਸ਼ਿਆਂ 'ਤੇ ਲਿਖਣ ਲੱਗਾ ਅਕਸਰ ਮਰਦਾਂ ਨੂੰ ਔਰਤਾਂ ਤੋਂ ਉਪਰ ਦੱਸਦਾ ਸੀ। ਹਿੱਕੀ ਨੇ ਪਾਠਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਲਈ ਉਨ੍ਹਾਂ ਨੂੰ ਖਤ ਅਤੇ ਕਵਿਤਾਵਾਂ ਲਿਖਣ ਲਈ ਵੀ ਪ੍ਰੇਰਿਆ। ਇਸ ਅਖਬਾਰ ਦੀ ਖਾਸੀਅਤ, ਇਸ ਵਿਚ ਛਪਦੇ 'ਸੰਪਾਦਕ ਦੇ ਨਾਂ ਖਤ' ਅਤੇ ਪੁੰਗਰਦੇ ਕਵੀਆਂ ਲਈ ਨਿਰਧਾਰਿਤ 'ਪੋਇਟਸ ਕੌਰਨਰ' ਨਾਮੀ ਕਾਲਮ ਸਨ। ਇਨ੍ਹਾਂ ਕਾਲਮਾਂ ਜ਼ਰੀਏ ਹੀ ਹਿੱਕੀ ਨੇ ਲੋਕਾਂ ਨੂੰ ਹਕੂਮਤ ਦੇ ਕੰਨੀਂ ਆਪਣੀ ਅਵਾਜ਼ ਪਹੁੰਚਾਉਣ ਦਾ ਜ਼ਰੀਆ ਬਖਸ਼ਿਆ।

ਈਸਟ ਇੰਡੀਆ ਕੰਪਨੀ ਨੇ 'ਬੰਗਾਲ ਗਜ਼ਟ' ਰਾਹੀਂ ਹੁੰਦੇ ਵਿਰੋਧੀ ਪ੍ਰਚਾਰ ਦਾ ਟਾਕਰਾ ਕਰਨ


*ਜੇਮਜ਼ ਅਗਸਤਸ ਹਿੱਕੀ*

ਲਈ ਨਵੰਬਰ 1780 ਵਿਚ ਆਪਣੀ ਸਰਪ੍ਰਸਤੀ ਹੇਠ 'ਦਿ ਇੰਡੀਆ ਗਜ਼ਟ' ਨਾਮੀ ਅਖਬਾਰ ਸ਼ੁਰੂ ਕਰਵਾਇਆ। ਇਸ ਅਖਬਾਰ ਦੇ ਸੰਚਾਲਕ ਬੀ. ਮੈਸਿੰਕ ਅਤੇ ਪੀਟਰ ਰੀਡ ਨਾਮੀ ਅੰਗਰੇਜ਼ ਸਨ। ਤਤਕਾਲੀ ਗਵਰਨਰ-ਜਨਰਲ ਵਾਰਨ ਹੇਸਟਿੰਗਜ਼ ਨੇ 'ਦਿ ਇੰਡੀਆ ਗਜ਼ਟ' ਲਈ ਡਾਕ ਸੇਵਾ ਵੀ ਮੁਫਤ ਕਰ ਦਿੱਤੀ ਜਦੋਂਕਿ ਹਿੱਕੀ ਨੂੰ ਆਪਣਾ ਅਖਬਾਰ ਡਾਕ ਰਾਹੀਂ ਭੇਜਣ ਬਦਲੇ ਪੈਸੇ ਅਦਾ ਕਰਨੇ ਪੈਂਦੇ ਸਨ। ਹੇਸਟਿੰਗਜ਼ ਦੇ ਇਸ ਫੈਸਲੇ ਨੇ ਹਿੱਕੀ ਅੰਦਰ ਰੋਹ ਭਰ ਦਿੱਤਾ ਅਤੇ ਉਸ ਨੇ ਵਾਰਨ ਹੇਸਟਿੰਗਜ਼ 'ਤੇ ਸਿੱਧੇ ਸ਼ਬਦੀ ਹਮਲੇ ਸ਼ੁਰੂ ਕਰ ਦਿੱਤੇ। ਹੇਸਟਿੰਗਜ਼ ਖਿਲਾਫ ਛਾਪੇ ਇਕ ਲੇਖ 'ਚ ਉਸ ਨੇ ਦੋਸ਼ ਲਾਇਆ ਕਿ ਉਹ ਗੁਆਂਢੀ ਸੂਬਿਆਂ ਨੂੰ ਧੱਕੇ ਨਾਲ ਹਥਿਆਉਣਾ ਚਾਹੁੰਦਾ ਹੈ। ਹਿੱਕੀ ਨੇ ਹੇਸਟਿੰਗਜ਼ ਨੂੰ 'ਗ੍ਰੇਟ ਮੁਗਲ' ਦਾ ਲਕਬ ਦੇਣ ਦੇ ਨਾਲ-ਨਾਲ ਉਸ ਦੀ ਮਰਦਾਨਗੀ 'ਤੇ ਵੀ ਉਂਗਲ ਚੱਕੀ।

ਹਿੱਕੀ ਨੇ ਸਿਰਫ ਵਾਰਨ ਹੇਸਟਿੰਗਜ਼ ਨੂੰ ਹੀ ਨਿਸ਼ਾਨੇ 'ਤੇ ਨਹੀਂ ਸੀ ਲਿਆ ਸਗੋਂ ਉਦੋਂ ਦੀਆਂ ਦੋ ਹੋਰ ਵੱਡੀਆਂ ਹਸਤੀਆਂ ਨਾਲ ਵੀ ਸਿੱਧਾ ਮੱਥਾ ਲਾਇਆ। ਤਤਕਾਲੀ ਕ੍ਰਿਸ਼ਚੀਅਨ ਮਿਸ਼ਨ ਦੇ ਆਗੂ ਜੌਨ ਜ਼ੈਕਾਰਿਸ ਕੇਰਨੈਂਡਰ 'ਤੇ ਉਸ ਨੇ ਇਕ ਲੇਖ ਰਾਹੀਂ ਦੋਸ਼ ਮੜ੍ਹਿਆ ਕਿ ਉਸ ਨੇ ਅਨਾਥ ਬੱਚਿਆਂ ਦੀ ਪੜ੍ਹਾਈ ਲਈ ਰੱਖਿਆ ਪੈਸਾ ਖਾਧਾ ਹੈ।

ਹਿੱਕੀ ਬੜਾ ਚੁਸਤ ਸੀ ਅਤੇ ਮਾਣਹਾਨੀ ਦੇ ਦਾਅਵਿਆਂ ਤੋਂ ਬਚਣ ਲਈ ਅਕਸਰ ਆਪਣੇ 'ਸ਼ਿਕਾਰਾਂ' ਨੂੰ ਨਿੱਕੇ ਨਾਂਵਾਂ ਨਾਲ ਸੰਬੋਧਨ ਕਰਦਾ ਸੀ। ਉਹ ਬੰਗਾਲ ਦੀ ਸੁਪਰੀਮ ਕੋਰਟ ਦੇ ਪ੍ਰਮੁੱਖ ਜੱਜ ਐਲੀਜਾਹ ਇੰਪੇ ਦਾ ਜ਼ਿਕਰ ਆਪਣੇ ਅਖਬਾਰ ਵਿਚ 'ਪੂਲਬੰਡੀ' ਨਾਂ ਹੇਠ ਕਰਦਾ ਸੀ। ਹਿੱਕੀ ਨੇ ਇੰਪੇ ਦਾ ਇਹ ਨਾਂ ਇਸ ਲਈ ਰੱਖਿਆ ਸੀ ਕਿਉਂਕਿ ਉਸ (ਇੰਪੇ) 'ਤੇ ਦਰਿਆ ਦੇ ਪੁਲ ਅਤੇ ਬੰਨ੍ਹ ਪੱਕੇ ਕਰਨ ਦੇ ਠੇਕੇ 'ਚੋਂ ਪੈਸੇ ਖਾਣ ਦਾ ਦੋਸ਼ ਸੀ।

ਸਾਈਮਨ ਡਰੋਜ਼ ਨਾਮੀ ਇਕ ਅੰਗਰੇਜ਼ ਰਾਹੀਂ ਵਾਰਨ ਹੇਸਟਿੰਗਜ਼ ਦੀ ਪਤਨੀ ਮਰੀਅਮ ਹੇਸਟਿੰਗਜ਼ ਨੇ ਹਿੱਕੀ ਤੋਂ 'ਬੰਗਾਲ ਗਜ਼ਟ' ਲਈ ਡਾਕ ਸੇਵਾ ਕਰ-ਮੁਕਤ ਕਰਵਾਉਣ ਬਦਲੇ ਰਿਸ਼ਵਤ ਦੀ ਮੰਗ ਕੀਤੀ ਪਰ ਆਪਣੇ ਅਸੂਲ ਦਾ ਪੱਕਾ ਹਿੱਕੀ ਇਸ ਲਈ ਰਾਜ਼ੀ ਨਾ ਹੋਇਆ। ਵਾਰਨ ਹੇਸਟਿੰਗਜ਼ ਨੂੰ ਹਿੱਕੀ ਦੀ ਇਸ ਹੈਂਕੜ 'ਤੇ ਗੁੱਸਾ ਆਇਆ ਅਤੇ ਉਸ ਨੇ 'ਬੰਗਾਲ ਗਜ਼ਟ' ਲਈ ਡਾਕ ਸੇਵਾ ਮੁਕੰਮਲ ਤੌਰ 'ਤੇ ਬੰਦ ਕਰਨ ਦਾ ਹੁਕਮ ਦੇ ਦਿੱਤਾ। ਹਿੱਕੀ ਨੇ ਹਿੰਮਤ ਹਾਰਨ ਦੀ ਜਗ੍ਹਾ 20 ਡਾਕੀਏ ਰੱਖ ਲਏ ਜਿਹੜੇ ਉਸ ਦਾ ਅਖਬਾਰ ਪਾਠਕਾਂ ਤੱਕ ਪਹੁੰਚਾਉਣ ਲੱਗੇ ਪਰ ਡਾਕ ਸੇਵਾ ਬੰਦ ਹੋਣ ਨਾਲ 'ਬੰਗਾਲ ਗਜ਼ਟ' ਦੀ ਪ੍ਰਸਿਧੀ ਨੂੰ ਭਾਰੀ ਸੱਟ ਵੱਜੀ।

ਹਿੱਕੀ ਦੀ ਕਲਮ ਨੂੰ ਖੁੰਢਾ ਕਰਨ ਲਈ ਅੰਗਰੇਜ਼ ਅਫਸਰਾਂ ਨੇ ਪੂਰੀ ਵਾਹ ਲਾ ਲਈ। ਅਖੀਰ ਜਦ ਉਹ ਹਿੱਕੀ ਨੂੰ ਘੇਰਨ 'ਚ ਨਾਕਾਮ ਰਹੇ ਤਾਂ 12 ਜੂਨ 1781 ਨੂੰ ਹੇਸਟਿੰਗਜ਼ ਅਤੇ ਕੇਰਨੈਂਡਰ ਨੇ ਉਸ 'ਤੇ ਮਾਣਹਾਨੀ ਦਾ ਦਾਅਵਾ ਠੋਕ ਦਿੱਤਾ। ਇਸ ਕੇਸ 'ਚ ਉਸ ਨੂੰ 2000 ਰੁਪਏ ਜੁਰਮਾਨਾ ਅਤੇ ਕੈਦ ਹੋਈ। ਹਿੱਕੀ ਭਾਵੇਂ ਇਸ ਮੁਕੱਦਮੇ 'ਚੋਂ ਬਾਅਦ ਵਿਚ ਬਰੀ ਹੋ ਗਿਆ ਪਰ ਨਾਲ ਦੀ ਨਾਲ ਉਸ ਉਪਰ ਕਈ ਹੋਰ ਮਾਣਹਾਨੀ ਦੇ ਮੁਕੱਦਮੇ ਚਲਾ ਦਿੱਤੇ ਗਏ ਜਿਨ੍ਹਾਂ ਦੀ ਘੁੰਮਣਘੇਰੀ 'ਚ ਉਹ ਉਲਝਦਾ ਚਲਾ ਗਿਆ। ਉਹ ਫਿਰ ਵੀ ਨਾ ਘਬਰਾਇਆ ਅਤੇ ਜੇਲ੍ਹ 'ਚ ਰਹਿੰਦਿਆਂ ਵੀ ਅਖਬਾਰ ਕੱਢਦਾ ਰਿਹਾ ਅਤੇ ਅੰਗਰੇਜ਼ ਹਕੂਮਤ ਵਿਰੁਧ ਲਿਖਦਾ ਰਿਹਾ। ਆਖਰ ਅਦਾਲਤ ਨੇ ਮਾਰਚ 1782 ਵਿਚ ਉਸ ਦੀ ਪ੍ਰੈਸ ਜ਼ਬਤ ਕਰਨ ਦੇ ਹੁਕਮ ਦੇ ਦਿੱਤੇ। ਹਿੱਕੀ ਲੰਮੇ ਅਰਸੇ ਬਾਅਦ ਜੇਲ੍ਹੋਂ ਛੁੱਟਿਆ ਤਾਂ ਮੁਕੱਦਮਿਆਂ ਕਾਰਨ ਉਸ ਦੀ ਆਰਥਿਕ ਹਾਲਤ ਕਮਜ਼ੋਰ ਹੋ ਚੁੱਕੀ ਸੀ। ਉਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਅਤਿ ਦੀ ਆਰਥਿਕ ਤੰਗੀ ਨਾਲ ਜੂਝਦਾ ਹਿੱਕੀ ਅਖੀਰ 1802 'ਚ ਚੀਨ ਨੂੰ ਜਾਂਦੇ ਜਹਾਜ਼ ਵਿਚ ਫੌਤ ਹੋ ਗਿਆ।

ਹਿੱਕੀ ਤਾਂ ਭਾਵੇਂ ਅਣਜਾਣ ਮੌਤ ਮਰ ਗਿਆ ਪਰ ਉਸ ਦੀਆਂ ਲਿਖਤਾਂ ਦੀ ਕੀਮਤ ਪਈ। ਇਨ੍ਹਾਂ ਲਿਖਤਾਂ ਦੇ ਸਿਰ 'ਤੇ ਹੀ ਜੱਜ ਐਲਿਜਾਹ ਇੰਪੇ ਅਤੇ ਗਵਰਨਰ ਜਨਰਲ ਵਾਰਨ ਹੇਸਟਿੰਗਜ਼ ਖਿਲਾਫ ਮਹਾਂਦੋਸ਼ ਦੀ ਕਾਰਵਾਈ ਅਮਲ 'ਚ ਲਿਆਂਦੀ ਗਈ ਤੇ ਉਨ੍ਹਾਂ ਨੂੰ ਆਪਣੀਆਂ ਨੌਕਰੀਆਂ ਤੋਂ ਹੱਥ ਧੋਣੇ ਪਏ। ਸਿਰਫ ਪ੍ਰੈਸ ਹੀ ਨਹੀਂ ਸਗੋਂ ਪ੍ਰੈਸ ਦੀ ਆਜ਼ਾਦੀ ਅਤੇ ਤਾਕਤ ਦਾ ਅਹਿਸਾਸ ਵੀ ਸਾਨੂੰ ਅੰਗਰੇਜ਼ਾਂ ਨੇ ਹੀ ਕਰਵਾਇਆ ਹੈ।

## ਜੇਮਜ਼ ਅਗਸਤਸ ਹਿੱਕੀ ਤੇ ਦੀਵਾਨ ਸਿੰਘ ਮਫਤੂਨ ਦਾ ਰਿਸ਼ਤਾ?

ਕੀ ਜੇਮਜ਼ ਅਗਸਤਸ ਹਿੱਕੀ ਅਤੇ ਦੀਵਾਨ ਸਿੰਘ ਮਫਤੂਨ ਵਿਚ ਕੋਈ ਰਿਸ਼ਤਾ ਹੈ? ਨਹੀਂ। ਪਰ ਸ਼ਾਇਦ ਹੈ। ਉਹ ਇਹ ਹੈ ਕਿ ਆਪਣੇ ਅਖਬਾਰ 'ਚ ਖਬਰਾਂ ਛਾਪਣ ਕਾਰਨ ਕਈ ਵਾਰ ਜਿਵੇਂ ਹਿੱਕੀ ਉਤੇ ਮੁਕੱਦਮੇ ਚੱਲੇ; ਉਸੇ ਤਰ੍ਹਾਂ ਅੰਗਰੇਜ਼ਾਂ ਦੇ ਜ਼ਮਾਨੇ 'ਚ ਛਪਦੇ ਉਰਦੂ ਦੇ ਹਫਤਾਵਾਰੀ 'ਰਿਆਸਤ' ਦੇ ਸੰਪਾਦਕ ਦੀਵਾਨ ਸਿੰਘ ਮਫਤੂਨ ਉਤੇ ਸਮੇਂ ਦੇ ਰਾਜਿਆਂ, ਮਹਾਰਾਜਿਆਂ ਨੇ ਬਹੁਤ ਸਾਰੇ ਕੇਸ ਕੀਤੇ। ਸਆਦਤ ਹਸਨ ਮੰਟੋ ਮੁਤਾਬਿਕ ਉਰਦੂ ਦੀ ਪੱਤਰਕਾਰੀ ਵਿਚ ਦੀਵਾਨ ਸਿੰਘ ਮਫਤੂਨ ਦਾ ਉਹੀ ਰੁਤਬਾ ਸੀ ਜੋ ਉਸ ਸਮੇਂ ਦੇ ਅੰਗਰੇਜ਼ੀ ਅਖਬਾਰ 'ਬੰਬੇ ਸੈਂਟੀਨਲ' ਦੇ ਸੰਪਾਦਕ ਬੀ.ਜੀ. ਹਾਰਨੀਮੈਨ ਦਾ।

ਮੰਟੋ ਮੁਤਾਬਿਕ "ਦੀਵਾਨ ਸਿੰਘ ਮਫਤੂਨ ਨੇ ਆਪਣੀ ਪਹਿਲਵਾਨੀ ਦਾ ਜ਼ੋਰ ਕਈ ਅਖਾੜਿਆਂ ਵਿਚ ਦਿਖਾਇਆ। ਵੱਡੀਆਂ-


*ਦੀਵਾਨ ਸਿੰਘ ਮਫਤੂਨ*

ਵੱਡੀਆਂ ਰਿਆਸਤਾਂ ਨਾਲ ਪੰਜਾ ਲੜਾਇਆ। ਅਕਾਲੀਆਂ ਨਾਲ ਟਾਕਰਾ ਹੋਇਆ। ਮਾਸਟਰ ਤਾਰਾ ਸਿੰਘ ਅਤੇ ਸਰਦਾਰ ਖੜਕ ਸਿੰਘ ਨਾਲ ਤਲਵਾਰਬਾਜ਼ੀ ਕੀਤੀ। ਮੁਸਲਿਮ ਲੀਗ ਨਾਲ ਵੀ ਲੜਿਆ। ਪੁਲੀਸ ਨੂੰ ਵੀ ਨਚਾਇਆ। ਖੁਆਜ਼ਾ ਗੇਸੂਦਰਾਜ਼ ਹਜ਼ਰਤ ਨਿਜ਼ਾਮੀ ਨਾਲ ਮਸ਼ਕਰੀਆਂ ਕੀਤੀਆਂ। ਤੀਹ ਤੋਂ ਉਤੇ ਮੁਕੱਦਮੇ ਚਲਾਏ ਗਏ ਅਤੇ ਹਰ ਵਾਰ ਸੁਰਖਰੂ ਰਿਹਾ। ਬਹੁਤ ਵੱਡਾ ਅਤੇ ਬਹੁਤ ਮਸ਼ਹੂਰ ਮੁਕੱਦਮਾ (ਜੋ ਨਵਾਬ ਭੋਪਾਲ ਨੇ ਉਸ 'ਤੇ ਚਲਾਇਆ ਸੀ) ਜਿਸ ਵਿਚ ਉਨ੍ਹਾਂ ਨੂੰ ਸ਼ਾਇਦ ਉਸ ਸਮੇਂ ਦੀ ਕੈਦ ਦੀ ਸਜ਼ਾ ਦਿੱਤੀ ਗਈ ਸੀ ਜੋ ਉਨ੍ਹਾਂ ਨੇ ਹਵਾਲਾਤ ਵਿਚ ਗੁਜ਼ਾਰਿਆ ਸੀ। ਸਰਦਾਰ ਸਾਹਿਬ ਨੇ ਸਿਆਣੇ ਜੱਜ ਦੇ ਇਹ ਸ਼ਬਦ ਖਾਸ ਤੌਰ 'ਤੇ ਆਪਣੇ ਬਿਆਨ ਵਿਚ ਦਰਜ ਕੀਤੇ ਹੋਏ ਸਨ: "ਮੈਂ ਸਰਦਾਰ ਦੀਵਾਨ ਸਿੰਘ ਮਫਤੂਨ ਦੀ ਹਿੰਮਤ ਦੀ ਦਾਦ ਦਿੰਦਾ ਹਾਂ ਜੋ ਆਪਣੇ ਸੀਮਿਤ ਸਾਧਨਾਂ ਦੇ ਬਾਵਜੂਦ ਲੰਬੇ ਸਮੇਂ ਤਕ ਇਕ ਸ਼ਹਿਜ਼ਾਦੇ ਦਾ ਤਨਦੇਹੀ ਨਾਲ ਮੁਕਾਬਲਾ ਕਰਦਾ ਰਿਹਾ।"

## ਅੱਜ ਦਾ ਇਨਕਲਾਬੀ

**ਮਿਨੀ ਕਹਾਣੀ**

ਮੁੱਖਾ ਆਪਣੇ ਆਪ ਨੂੰ ਬੜਾ ਵੱਡਾ ਕ੍ਰਾਂਤੀਕਾਰੀ ਸਮਝਦਾ ਸੀ ਅਤੇ ਸਰਕਾਰੇ-ਦਰਬਾਰੇ ਪਹੁੰਚ ਬਣਾਉਣੀ ਚਾਹੁੰਦਾ ਸੀ, ਪਰ ਆਰਥਕ ਮੰਦੀ ਉਸ ਦੀ ਪੇਸ਼ ਨਹੀਂ ਸੀ ਜਾਣ ਦਿੰਦੀ। ਇਹ ਇੱਛਾ ਪੂਰੀ ਕਰਨ ਲਈ ਉਸ ਨੇ ਪੰਮੇ ਕਲੱਚ ਨਾਲ ਨੇੜਤਾ ਵਧਾਉਣੀ ਸ਼ੁਰੂ ਕੀਤੀ। ਕਲੱਚ ਸ਼ਹਿਰ ਦੇ ਅਮੀਰ ਬੰਦਿਆਂ ਵਿਚੋਂ ਇੱਕ ਸੀ, ਜਿਸ ਦੀ ਸਿਆਸੀ ਅਤੇ ਗੈਰ ਸਿਆਸੀ ਖੇਤਰਾਂ ਵਿਚ ਪੂਰੀ ਪੁੱਛ-ਗਿੱਛ ਸੀ। ਸਰਕਾਰ ਚਿੱਟਿਆਂ ਦੀ ਹੁੰਦੀ ਜਾਂ ਕਾਲਿਆਂ ਦੀ, ਕਲੱਚ ਦੀ ਤੂਤੀ ਬੋਲਦੀ ਹੀ ਰਹਿੰਦੀ।

ਮੁੱਖਾ ਹਮੇਸ਼ਾ ਕਲੱਚ ਦੀ ਜੀ ਹਜ਼ੂਰੀ ਕਰਦਾ। ਕਦੇ-ਕਦੇ ਬਿਨਾ ਕਹੇ ਉਸ ਦੀ ਮਹਿੰਗੀ ਕਾਰ ਸਾਫ ਕਰਨ ਲੱਗ ਜਾਂਦਾ। ਕਾਰ ਸਾਫ ਕਰਦਿਆਂ ਉਹ ਆਪਣੇ ਆਪ ਨੂੰ ਕਲੱਚ ਸਮਝਣ ਲੱਗ ਜਾਂਦਾ। ਕਦੇ ਉਸ ਵਾਂਗ ਤੁਰਨ ਦੀ ਕੋਸ਼ਿਸ਼ ਕਰਦਾ, ਕਦੇ ਨੌਕਰਾਂ 'ਤੇ ਰੋਹਬ ਝਾੜਦਾ।

ਕਲੱਚ ਕਦੇ ਕਦੇ ਮੁੱਖੇ ਨੂੰ ਖਾਣੇ ਵਾਲੇ ਮੇਜ 'ਤੇ ਵੀ ਬੁਲਾ ਲੈਂਦਾ। ਕਲੱਚ ਦੇ ਬਰਾਬਰ ਬੈਠਾ ਮੁੱਖਾ ਆਪਣੇ ਆਪ ਨੂੰ ਕਲੱਚ ਤੋਂ ਘੱਟ ਨਾ ਸਮਝਦਾ। ਇੱਕ ਦਿਨ ਕਲੱਚ ਨੇ ਮੁੱਖੇ ਨੂੰ ਵਿਸਕੀ ਪੀਣ ਲਈ ਆਪਣੀ ਨਿੱਜੀ ਬਾਰ ਵਿਚ ਬੁਲਾਇਆ। ਦੋਵੇਂ ਦੋ-ਦੋ ਗਲਾਸ ਵਿਸਕੀ ਪੀ ਚੁਕੇ ਸਨ। ਮੁੱਖੇ ਨੂੰ ਯਾਦ ਆਇਆ ਕਿ ਉਹ ਤਾਂ ਕ੍ਰਾਂਤੀਕਾਰੀ ਹੈ। ਕਲੱਚ ਕਿਸੇ ਵੀ ਤਰ੍ਹਾਂ ਦੀ ਕ੍ਰਾਂਤੀ ਦੇ ਹੱਕ ਵਿਚ ਨਹੀਂ ਸੀ। ਹੁਣ ਜਿਵੇਂ ਮੁੱਖੇ ਅੰਦਰ ਇਨਕਲਾਬ ਤੜਫ ਰਿਹਾ ਸੀ। ਉਸ ਤੋਂ ਰਿਹਾ ਨਾ ਗਿਆ। ਉਸ ਨੇ ਪੰਮੇ ਨੂੰ ਕਿਹਾ, ਯਾਰ ਤੈਨੂੰ ਕਹਿਣ ਨੂੰ ਦਿਲ ਵੀ ਨਹੀਂ ਕਰਦਾ ਤੇ ਰਿਹਾ ਵੀ ਨਹੀਂ ਜਾਂਦਾ। ਮੇਰਾ ਦਿਲ ਕਰਦੈ ਇੱਕ ਨਾਅਰਾ ਇਨਕਲਾਬ ਜ਼ਿੰਦਾਬਾਦ ਦਾ ਲਾ ਲਵਾਂ।

ਪਹਿਲਾਂ ਤਾਂ ਕਲੱਚ ਨੂੰ ਗੁੱਸਾ ਆਇਆ, ਫਿਰ ਉਸ ਨੇ ਸੋਚਿਆ, ਮੁਫਤ ਦੀ ਚਾਪਲੂਸੀ ਵਾਲੇ ਬੰਦੇ ਕਿੱਥੇ ਲੱਭਦੇ ਅੱਜ ਕੱਲ! ਉਸ ਨੇ ਝੱਟ ਹੱਲ ਕੱਢਿਆ ਤੇ ਕਿਹਾ, ਦੇਖ ਮੁੱਖਿਆ, ਆਪਣੀ ਆ ਯਾਰੀ ਪੱਕੀ। ਤੂੰ ਇਉਂ ਕਰ ਮੂੰਹ ਅਤੇ ਮੁੱਠੀ ਬੰਦ ਕਰਕੇ ਬਾਂਹ ਹਵਾ ਵਿਚ ਉਛਾਲ ਲੈ, ਤੇਰੇ ਦਿਲ ਨੂੰ ਸਕੂਨ ਮਿਲ ਜਾਊ। ਮੁੱਖੇ ਨੂੰ ਥੋੜਾ ਬੁਰਾ ਲੱਗਾ, ਇੱਕ ਕ੍ਰਾਂਤੀਕਾਰੀ ਨੂੰ ਇਹ ਜਵਾਬ?

ਏਨੇ ਨੂੰ ਫੋਨ ਦੀ ਘੰਟੀ ਵੱਜੀ। ਕਲੱਚ ਫੋਨ ਸੁਣਨ ਗਿਆ। ਇੱਧਰ ਕ੍ਰਾਂਤੀ ਦੇ ਜੋਸ਼ ਵਿਚ ਗਲਤਾਨ ਕ੍ਰਾਂਤੀਕਾਰੀ ਦੋਵੇਂ ਗਲਾਸ ਖਾਲੀ ਕਰਨ ਪਿਛੋਂ ਮੁੱਠੀ ਬੰਦ ਕਰ ਕੇ ਬਾਂਹ ਹਵਾ ਵਿਚ ਲਹਿਰਾਉਂਦਿਆਂ ਹੌਲੀ ਜਿਹੀ ਇਨਕਲਾਬ ਜ਼ਿੰਦਾਬਾਦ ਕਹਿੰਦਾ ਆਪਣੇ ਆਪ ਨੂੰ ਜਿੱਤਿਆ ਮਹਿਸੂਸ ਕਰਨ ਲੱਗਾ।

*-ਜਗਜੀਤ ਖੋਸਾ*

# ਕੈਨੇਡਾ ਵਿਚ ਪੰਜਾਬ ਦੀਆਂ ਮਹਿਕਾਂ

***ਪੰਜਾਬੀਆਂ ਨੇ ਦੂਜੇ ਮੁਲਕਾਂ ਵਿਚ ਜਾ ਕੇ ਖੂਬ ਮੱਲਾਂ ਮਾਰੀਆਂ ਹਨ। ਇਨ੍ਹਾਂ ਵਿਚੋਂ ਇਕ ਮੁਲਕ ਕੈਨੇਡਾ ਹੈ। ਕੈਨੇਡਾ ਵਿਚ ਹੁਣ ਅਜਿਹੇ ਕਈ ਸ਼ਹਿਰ ਅਤੇ ਸੂਬੇ ਹਨ ਜਿਥੇ ਪੰਜਾਬੀਆਂ ਦਾ ਬੋਲ-ਬਾਲਾ ਹੈ। ਹੋਰ ਤਾਂ ਹੋਰ, ਪਰਵਾਸੀ ਪੰਜਾਬੀ ਸਿਆਸੀ ਖੇਤਰ ਵਿਚ ਵੀ ਪਿਛਾਂਹ ਨਹੀਂ ਹਨ। ਪੰਜਾਬੀਆਂ ਦੇ ਇਨ੍ਹਾਂ ਸਮੁੱਚੇ ਪੱਖਾਂ ਬਾਰੇ ਚਰਚਾ ਮੀਡੀਆ ਅਤੇ ਸਾਹਿਤ ਅੰਦਰ ਅਕਸਰ ਹੁੰਦੀ ਰਹਿੰਦੀ ਹੈ। ਉਘੇ ਨਾਟਕਕਾਰ ਆਤਮਜੀਤ ਨੇ ਪੰਜਾਬੀਆਂ ਦੀ ਇਸ ਚੜ੍ਹਤ ਬਾਰੇ ਨਿਵੇਕਲੀਆਂ ਗੱਲਾਂ ਆਪਣੇ ਇਸ ਲੇਖ ਅੰਦਰ ਕੀਤੀਆਂ ਹਨ। -ਸੰਪਾਦਕ***

ਟੋਰਾਂਟੋ ਵਿਚ ਮੇਰੇ ਕਈ ਪਿਆਰੇ ਸ਼ਾਗਿਰਦਾਂ ਦਾ ਵਾਸਾ ਹੈ, ਵਿਨੀਪੈਗ ਵਿਚ ਮੇਰੀ ਧੀ ਅਤੇ ਸ਼ਿਕਾਗੋ ਵਿਚ ਮੇਰਾ ਪੁੱਤਰ ਰਹਿੰਦਾ ਹੈ। ਮੈਂ ਇਨ੍ਹਾਂ ਸ਼ਹਿਰਾਂ ਦੀ ਕਈ ਸਾਲਾਂ ਤੋਂ ਲਗਾਤਾਰ ਯਾਤਰਾ ਕਰ ਰਿਹਾ ਹਾਂ। ਜਦੋਂ 1994 ਵਿਚ ਪਹਿਲੀ ਵਾਰ ਕੈਨੇਡਾ ਗਿਆ ਸੀ ਤਾਂ ਸੋਚਦਾ ਸਾਂ ਕਿ ਮੈਨੂੰ ਕਿਸੇ ਕਿਸਮ ਦਾ ਸਫਰਨਾਮਾ ਲਿਖਣ ਦੀ ਜ਼ਰੂਰਤ ਨਹੀਂ। ਜੇ ਲਿਖ ਸਕਾਂ ਤਾਂ ਨਾਟਕ ਲਿਖਣਾ ਚਾਹੀਦਾ ਹੈ। ਨਤੀਜੇ ਵਜੋਂ 1996 ਵਿਚ ਕੈਲਗਰੀ ਅਤੇ ਐਡਮੰਟਨ ਦੇ ਕਲਾਕਾਰਾਂ ਨੂੰ ਲੈ ਕੇ ਨਾਟਕ 'ਕੈਮਲੂਪਸ ਦੀਆਂ ਮੱਛੀਆਂ' ਮੁਲਕ ਭਰ ਦੇ ਸ਼ਹਿਰਾਂ ਵਿਚ ਖੇਡਿਆ ਜਿਸ ਦਾ ਕਾਫੀ ਚਰਚਾ ਹੋਇਆ। ਇਸ ਨਾਟਕ ਦਾ ਇਕ ਕਲਾਕਾਰ ਅਮਰਜੀਤ ਸੋਹੀ ਬਾਅਦ ਵਿਚ ਕੈਨੇਡਾ ਦੀ ਫੈਡਰਲ ਸਰਕਾਰ ਦਾ ਕੈਬਨਿਟ ਮੰਤਰੀ ਵੀ ਬਣਿਆ। ਇਸ ਗੇੜੀ ਤੋਂ ਬਾਅਦ 8-10 ਵਾਰ ਉਤਰੀ ਅਮਰੀਕਾ ਦੇ ਦੋ ਦੇਸ਼ਾਂ, ਕੈਨੇਡਾ ਅਤੇ ਅਮਰੀਕਾ ਵਿਚ ਜਾਣ



**ਆਤਮਜੀਤ**
ਫੋਨ: +91-98760-18501

ਦਾ ਮੌਕਾ ਮਿਲਿਆ ਜਿਸ ਦੌਰਾਨ ਮੈਂ ਆਪਣੇ ਨਾਟਕਾਂ ਦਾ ਨਿਰਦੇਸ਼ਨ ਵੀ ਕੀਤਾ ਅਤੇ ਉਥੋਂ ਦੇ ਨਾਟਕਾਂ ਤੇ ਜੀਵਨ ਨੂੰ ਵੀ ਦੇਖਿਆ। ਅੱਜ ਮੈਨੂੰ ਲੱਗਦਾ ਹੈ ਕਿ ਮੈਂ ਉਥੋਂ ਦੇ ਸਭਿਆਚਾਰਕ ਅਤੇ ਕਲਾ ਨਾਲ ਜੁੜੇ ਆਪਣੇ ਕੁਝ ਅਨੁਭਵਾਂ ਨੂੰ ਪਾਠਕਾਂ ਨਾਲ ਸਾਂਝਾ ਕਰ ਸਕਦਾ ਹਾਂ।

ਟੋਰਾਂਟੋ ਗਰੇਟਰ ਏਰੀਆ ਵਿਚ ਅਨੇਕਾਂ ਨਿੱਕੇ-ਵੱਡੇ ਸ਼ਹਿਰ ਹਨ ਜਿਥੇ ਵੱਡੀ ਗਿਣਤੀ ਵਿਚ ਪੰਜਾਬੀਆਂ ਦਾ ਵਾਸਾ ਹੈ, ਜਿਵੇਂ ਰੈਕਸਡੇਲ, ਸਕਾਰਬਰੋ ਆਦਿ। ਬਰੈਂਪਟਨ ਤਾਂ ਹੈ ਹੀ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਦਾ ਗੜ੍ਹ। ਹੁਣ ਉਸ ਤੋਂ ਅਗਲਾ ਸ਼ਹਿਰ ਕੈਲੇਡਨ ਵੀ ਸਾਡੇ ਲੋਕਾਂ ਨੇ ਮੱਲਣਾ ਸ਼ੁਰੂ ਕਰ ਦਿੱਤਾ ਹੈ। ਜਿਧਰ ਇਕ ਭਾਈਚਾਰਾ ਵੱਸਣ ਲੱਗਦਾ ਹੈ, ਬਾਕੀ ਵੀ ਉਸ ਪਾਸੇ ਤੁਰਨਾ ਸ਼ੁਰੂ ਹੋ ਜਾਂਦੇ ਹਨ। ਬਹੁਤ ਘੱਟ ਐਸੇ ਇਲਾਕੇ ਹਨ ਜਿਥੇ ਹਰ ਕਿਸਮ ਦੀ ਸਾਂਝੀ ਵਸੋਂ ਹੋਵੇ ਤੇ ਉਸ ਦਾ ਕੋਈ ਸਾਂਝਾ ਕਿਰਦਾਰ ਵੀ ਦਿੱਸੇ। ਕਈ ਵਰ੍ਹੇ ਪਹਿਲਾਂ ਗਰੇਟਰ ਟੋਰਾਂਟੋ ਏਰੀਆ ਦੇ ਸ਼ਹਿਰ ਮਿਸੀਸਾਗਾ ਦੇ ਕੁਝ ਇਲਾਕਿਆਂ ਵਿਚ ਪੰਜਾਬੀਆਂ ਦੀ ਵੱਡੀ ਗਿਣਤੀ ਸੀ ਪਰ ਹੁਣ ਜਦੋਂ ਉਨ੍ਹਾਂ ਇਲਾਕਿਆਂ ਵਿਚ ਪਾਕਿਸਤਾਨੀ ਲੋਕਾਂ ਦੀ ਆਮਦ ਵਧ ਗਈ ਹੈ ਤਾਂ ਹਿੰਦੋਸਤਾਨੀ ਪੰਜਾਬੀਆਂ ਨੇ ਉਥੋਂ ਪਲਾਇਨ ਕਰ ਲਿਆ ਹੈ। ਜਿਥੇ ਸਾਡੇ ਪੰਜਾਬੀਆਂ ਦੀ ਬਹੁ-ਗਿਣਤੀ ਹੋਣ ਲੱਗਦੀ ਹੈ, ਉਥੋਂ ਚੀਨੇ ਜਾਂ ਗੋਰੇ ਹੋਰ ਪਾਸੇ ਚਲੇ ਜਾਂਦੇ ਹਨ। ਇਸ ਨੂੰ ਲਾਜ਼ਮੀ ਤੌਰ 'ਤੇ ਨਾਂਹਪੱਖੀ ਵਰਤਾਰਾ ਨਹੀਂ ਸਮਝਣਾ ਚਾਹੀਦਾ। ਹਰ ਕਿਸਮ ਦੇ ਲੋਕਾਂ ਦੀਆਂ ਵੱਖਰੀਆਂ ਲੋੜਾਂ ਅਤੇ ਸਭਿਆਚਾਰਕ ਦਬਾਅ ਹਨ ਜਿਸ ਕਰਕੇ ਉਨ੍ਹਾਂ ਦਾ ਇਕੱਠੇ ਹੋਣਾ ਸਾਰਥਕ ਵੀ ਹੈ। ਘਰੇਲੂ ਵਸਤਾਂ ਦੀ ਪੂਰਤੀ ਦੇ ਸਟੋਰ ਤੁਹਾਡੀਆਂ ਸਭਿਆਚਾਰਕ ਅਤੇ ਖਾਣ-ਪੀਣ ਦੀਆਂ ਵਿਸ਼ੇਸ਼ ਲੋੜਾਂ ਦਾ ਖਿਆਲ ਰੱਖਦੇ ਹਨ। ਨਹੀਂ ਤਾਂ ਨੇੜਿਉਂ-ਤੇੜਿਉਂ ਰਸੋਈ ਦੇ ਮਸਾਲੇ ਲੱਭਣੇ ਵੀ ਮੁਸ਼ਕਿਲ ਹੋ ਜਾਣਗੇ। ਭਾਰਤੀ ਰੈਸਟੋਰਾਂ ਉਥੇ ਹੀ ਖੁੱਲ੍ਹਣਗੇ ਜਿਥੇ ਉਨ੍ਹਾਂ ਦੀ ਭਰਪੂਰ ਵਸੋਂ ਹੋਵੇਗੀ। ਸਕੂਲਾਂ ਵਿਚ ਪੜ੍ਹਨ ਵਾਲੇ ਹੋਰ ਬੱਚੇ ਜੇ ਆਪਣੇ ਸਭਿਆਚਾਰ ਵਿਚੋਂ ਹੋਣ ਤਾਂ ਮਾਪਿਆਂ ਦੇ ਮਨ ਵਿਚ ਸੁਰੱਖਿਆ ਦੀ ਭਾਵਨਾ ਬਣੀ ਰਹਿੰਦੀ ਹੈ।

ਇਨ੍ਹਾਂ ਵਰਤਾਰਿਆਂ ਦੇ ਅਪਵਾਦ ਵੀ ਹਨ। ਬਹੁਤੇ ਅਮੀਰ ਆਦਮੀ ਆਪਣੇ ਭਾਈਚਾਰੇ ਦੇ ਗ਼ਰੀਬਾਂ ਵਿਚ ਰਹਿਣ ਦੀ ਬਜਾਏ ਦੂਜੇ ਅਮੀਰਾਂ ਦਾ ਸਾਥ ਭਾਲਦੇ ਹਨ। ਬਹੁਤ ਜ਼ਿਆਦਾ ਪੜ੍ਹੇ-ਲਿਖੇ ਲੋਕਾਂ ਵਿਚ ਵੀ ਅਜਿਹੀ ਰੁਚੀ ਦੇਖੀ ਜਾ ਸਕਦੀ ਹੈ। ਪਿੰਡਾਂ ਦੇ ਖੁੱਲ੍ਹੇ ਮਾਹੌਲ ਵਿਚੋਂ ਗਏ ਲੋਕ ਜਦੋਂ ਚੰਗੀ ਰੋਟੀ ਖਾਣ ਲੱਗ ਜਾਂਦੇ ਹਨ ਤਾਂ ਦੁਰੇਡੀਆਂ ਥਾਂਵਾਂ 'ਤੇ ਵੱਡੀਆਂ ਜਾਇਦਾਦਾਂ ਖਰੀਦ ਕੇ ਮਹਿਲਾਂ ਵਰਗੇ ਘਰਾਂ ਵਿਚ ਵੀ ਰਹਿੰਦੇ ਹਨ; ਉਨ੍ਹਾਂ 'ਚੋਂ ਕਈ ਫਾਰਮ ਹਾਊਸ ਹਨ। ਕੁਝ ਕੰਮਾਂ-ਕਾਜਾਂ ਦੀਆਂ ਮਜਬੂਰੀਆਂ ਵੀ ਹੁੰਦੀਆਂ ਹਨ। ਗਰੇਟਰ ਏਰੀਆ ਦੇ ਸ਼ਹਿਰਾਂ ਵਿਚ ਮੰਗ ਵਧਣ ਦੇ ਨਾਲ ਕਿਰਾਏ ਅਤੇ ਮਕਾਨਾਂ ਦੀਆਂ ਕੀਮਤਾਂ ਵਿਚ ਢੇਰ ਸਾਰਾ ਵਾਧਾ ਹੋ ਗਿਆ ਹੈ। ਨਤੀਜੇ ਵਜੋਂ ਸੌ-ਸਵਾ ਸੌ ਕਿਲੋਮੀਟਰ ਦੇ ਅੰਦਰ ਪੈਂਦੇ ਹੋਰ ਨਿੱਕੇ-ਨਿੱਕੇ ਸ਼ਹਿਰਾਂ ਵਿਚ ਵੀ ਪੰਜਾਬੀਆਂ ਦੀ ਗਿਣਤੀ ਬਹੁਤ ਵਧ ਗਈ ਹੈ ਜਿਵੇਂ ਕਿਚਨਰ, ਨਿਆਗਰਾ, ਹੈਮਿਲਟਨ, ਵਾਟਰਲੂ, ਗੁਲਫ, ਕੈਂਬਰਿਜ ਆਦਿ। ਤੇਜ਼ੀ ਨਾਲ ਦੌੜਦੇ ਹਾਈਵੇਅ ਲੋਕਾਂ ਨੂੰ ਉਨ੍ਹਾਂ ਦੇ ਕੰਮਾਂ ਉਤੇ ਥੋੜ੍ਹੇ ਵਕਤ ਵਿਚ ਪਹੁੰਚਣ 'ਚ ਮਦਦ ਕਰਦੇ ਹਨ।

ਟੋਰਾਂਟੋ ਵਿਚ ਸਿੱਖਾਂ ਦੀ ਵੱਡੀ ਗਿਣਤੀ ਹੋਣ ਕਾਰਨ ਉਥੇ ਬਹੁਤ ਸਾਰੇ ਗੁਰਦੁਆਰੇ ਹਨ। ਇਸ ਦੇ ਨਾਲ-ਨਾਲ ਇਹ ਵੀ ਸੱਚ ਹੈ ਕਿ ਕਈ ਵਾਰ ਸਾਡੇ ਧਰਮ ਸਥਾਨ ਆਪਣੇ ਲੋਕਾਂ ਦੀ ਅੰਦਰਲੀ ਰਾਜਨੀਤੀ ਨੂੰ ਚਮਕਾਉਣ ਦਾ ਅਤੇ ਉਨ੍ਹਾਂ ਦੇ ਸਵਾਰਥਾਂ ਦਾ ਵੀ ਕੇਂਦਰ ਬਣ ਜਾਂਦੇ ਹਨ। ਇਸੇ ਲਈ ਮੁੱਖ ਧਾਰਾ ਰਾਜਨੀਤੀ ਨੂੰ ਵੀ ਇਨ੍ਹਾਂ ਦੀ ਲੋੜ ਹੈ, ਕਿਉਂਕਿ ਉਨ੍ਹਾਂ ਦੀਆਂ ਵੋਟਾਂ ਵਾਸਤੇ ਵੀ ਇਥੇ ਹੀ ਆਧਾਰ ਤਿਆਰ ਹੁੰਦਾ ਹੈ ਪਰ ਵਿਦੇਸ਼ ਵਿਚ ਧਰਮ ਸਥਾਨਾਂ ਦਾ ਕਈ ਕਿਸਮ ਦਾ ਆਸਰਾ ਵੀ ਹੁੰਦਾ ਹੈ। ਇਹ ਸਥਾਨ ਭਗਤੀ-ਭਾਵ ਦੇ ਨਾਲ-ਨਾਲ ਸਭਿਆਚਾਰਕ ਮੇਲ-ਮਿਲਾਪ ਲਈ, ਬੱਚਿਆਂ ਵਾਸਤੇ ਆਪਣੇ ਇਤਿਹਾਸ ਅਤੇ ਬੋਲੀ ਦੀ ਸਿੱਖਿਆ ਦੇ ਕੇਂਦਰ ਵਜੋਂ, ਪੰਜਾਬੀ ਖੇਡਾਂ ਵਾਸਤੇ ਆਪਣੀ ਵਸੋਂ ਨੂੰ ਮੁੱਢਲਾ ਆਧਾਰ ਦੇਣ ਲਈ, ਕਮਿਊਨਿਟੀ ਵਿਚ ਵਾਪਰਦੀਆਂ ਚੰਗੀਆਂ-ਮੰਦੀਆਂ ਗੱਲਾਂ ਉਤੇ ਵਿਚਾਰ-ਵਟਾਂਦਰੇ ਲਈ ਅਤੇ ਸਥਾਨਕ ਸਮਾਜਿਕ ਤੇ ਰਾਜਸੀ ਵਰਤਾਰਿਆਂ ਨੂੰ ਸਮਝਣ-ਸਮਝਾਉਣ ਦਾ ਕੰਮ ਵੀ ਕਰਦੇ ਹਨ। ਟੋਰਾਂਟੋ ਵਿਚ ਇਕ ਦਰਜਨ ਤੋਂ ਵੱਧ ਵੱਡੇ ਗੁਰਦੁਆਰੇ ਹਨ। ਦਸ ਕੁ ਸਾਲ ਪਹਿਲਾਂ ਬਣੇ ਗੋਰ ਰੋਡ ਗੁਰਦੁਆਰਾ ਦੀ ਇਮਾਰਤ ਬਿਲਕੁਲ ਸਾਡੇ ਮੁਲਕ ਦੇ ਗੁਰਦੁਆਰਿਆਂ ਵਾਂਗ ਹੈ ਜਦੋਂਕਿ ਬਾਕੀ ਗੁਰੂ-ਘਰਾਂ ਦੀ ਇਮਾਰਤ ਪੱਛਮੀ ਅਤੇ ਭਾਰਤੀ ਇਮਾਰਤਕਾਰੀ ਦਾ ਮਿਲਾਪ ਜਾਪਦੀ ਹੈ।

ਖਾਲਸਾ ਡਰਾਈਵ 'ਤੇ ਸਥਿਤ ਡਿਕਸੀ ਗੁਰੂ-ਘਰ (ਓਂਟਾਰੀਓ ਖਾਲਸਾ ਦਰਬਾਰ) ਓਂਟਾਰੀਓ ਰਾਜ ਦਾ ਵੱਡਾ ਗੁਰਦੁਆਰਾ ਹੈ ਜਿਥੇ ਪ੍ਰਬੰਧਕਾਂ ਦੀ ਚੋਣ ਵੀ ਹੁੰਦੀ ਹੈ। 40 ਏਕੜ ਜ਼ਮੀਨ ਦੇ ਮਾਲਕ ਇਸ ਗੁਰਦੁਆਰੇ ਦੀ ਆਪਣੀ




*ਕੈਨੇਡਾ ਦੇ ਸ਼ਹਿਰ ਬਰੈਂਪਟਨ ਦੇ ਵਿਲੀਅਮ ਓਸਲਰ ਹਸਪਤਾਲ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬਣਿਆ ਐਮਰਜੈਂਸੀ ਵਾਰਡ।*

ਸ਼ਾਨ ਹੈ ਜਿਸ ਦੀ ਬਿਲਡਿੰਗ ਵਿਚ ਇਕੋ ਸਮੇਂ ਪੰਜ ਹਾਲ ਬਣਾਏ ਜਾ ਸਕਦੇ ਹਨ। ਇਉਂ ਇੱਕੋ ਵੇਲੇ ਕਈ ਅਖੰਡ ਪਾਠ ਧਰੇ ਜਾਂਦੇ ਹਨ। ਪੰਜਾਬ ਤੋਂ ਗਏ ਬਹੁਤ ਸਾਰੇ ਰਾਗੀ ਜਥੇ ਗੁਰਦੁਆਰੇ ਦੇ ਅੰਦਰ ਹੀ ਠਹਿਰਦੇ ਹਨ ਅਤੇ ਵਾਰੀ ਸਿਰ ਉਨ੍ਹਾਂ ਨੂੰ ਕੀਰਤਨ ਕਰਨ ਦਾ ਮੌਕਾ ਮਿਲਦਾ ਹੈ। ਪਸੰਦ ਦੇ ਰਾਗੀਆਂ ਨੂੰ ਲੋਕ ਘਰਾਂ ਵਿਚ ਵੀ ਲੈ ਜਾਂਦੇ ਹਨ। ਹਰਿਮੰਦਰ ਸਾਹਿਬ ਤੋਂ ਬਾਅਦ ਇਹ ਸ਼ਾਇਦ ਦੁਨੀਆਂ ਦਾ ਇੱਕੋ-ਇੱਕ ਗੁਰਦੁਆਰਾ ਹੈ ਜਿਥੇ ਸਵੇਰੇ ਚਾਰ ਵਜੇ ਤੋਂ ਰਾਤ ਦਸ ਵਜੇ ਤੱਕ ਗੁਰਬਾਣੀ ਕੀਰਤਨ ਹੁੰਦਾ ਹੈ ਅਤੇ ਨਿਰੰਤਰ ਲੰਗਰ ਵਰਤਦਾ ਹੈ। ਡਿਕਸੀ ਗੁਰਦੁਆਰੇ ਵਿਚ ਕਈ ਵਾਰ ਆਪਸੀ ਵੈਰ-ਵਿਰੋਧ ਵੀ ਹੁੰਦਾ ਹੈ ਅਤੇ ਮਾਮਲੇ ਕਚਹਿਰੀਆਂ ਤੱਕ ਵੀ ਪਹੁੰਚਦੇ ਹਨ। 1984 ਦੀਆਂ ਪੰਜਾਬ ਦੀਆਂ ਦੁਖਦਾਈ ਘਟਨਾਵਾਂ ਤੋਂ ਬਾਅਦ ਸੁਭਾਵਿਕ ਤੌਰ 'ਤੇ ਲੋਕਾਂ ਵਿਚ ਭਾਰਤ ਸਰਕਾਰ ਅਤੇ ਖਾਸ ਕਰਕੇ ਕਾਂਗਰਸ ਵਿਰੁਧ ਗੁੱਸਾ ਬਰਕਰਾਰ ਹੈ। ਇਸ ਦਾ ਮਤਲਬ ਇਹ ਨਹੀਂ ਕਿ ਲੋਕ ਭਾਜਪਾ ਜਾਂ ਅਕਾਲੀ ਸਰਕਾਰ ਤੋਂ ਖੁਸ਼ ਹਨ। ਅੱਜ ਵੀ ਤਕਰੀਬਨ ਹਰ ਗੁਰਦੁਆਰੇ ਵਿਚ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਹੋਏ ਹਨ। ਇਸੇ ਕਰਕੇ ਭਾਰਤ ਤੋਂ ਜਾਣ ਵਾਲੇ ਬਹੁਤ ਸਾਰੇ ਰਾਜਸੀ ਨੇਤਾਵਾਂ ਨੂੰ ਇਨ੍ਹਾਂ ਗੁਰਦੁਆਰਿਆਂ ਵਿਚ ਬੋਲਣ ਦੀ ਆਗਿਆ ਵੀ ਨਹੀਂ ਮਿਲਦੀ। ਗੁਰਦੁਆਰੇ ਤੋਂ ਇਲਾਵਾ ਹੋਰ ਕਿਸੇ ਥਾਂ 'ਤੇ ਏਨੀ ਵੱਡੀ ਸੰਗਤ ਨੂੰ ਸੰਬੋਧਨ ਕਰਨਾ ਸੰਭਵ ਨਹੀਂ। ਜੇ ਕੋਈ ਅਜਿਹਾ ਯਤਨ ਕਰਦਾ ਹੈ ਤਾਂ ਇਸ ਨੂੰ ਗੁਰੂ-ਘਰ ਦੇ ਵਿਰੋਧ ਵਜੋਂ ਵੀ ਲਿਆ ਜਾ ਸਕਦਾ ਹੈ।

ਉਂਜ ਕੱਲ੍ਹ ਟੋਰਾਂਟੋ ਵਿਚ ਪੰਜਾਬੀ ਰੰਗਮੰਚ ਚੜ੍ਹਦੀ ਕਲਾ ਵਿਚ ਹੈ। ਬਹੁਤ ਸਾਰੇ ਨਾਟਕਾਂ ਦੀ ਰਿਹਰਸਲ ਵੀ ਗੁਰਦੁਆਰਿਆਂ ਵਲੋਂ ਉਥੇ ਬਣੇ ਛੋਟੇ-ਛੋਟੇ ਹਾਲਾਂ ਵਿਚ ਹੁੰਦੀ ਰਹੀ ਹੈ। ਉਂਜ ਕੈਲੀਫੋਰਨੀਆ ਵਿਚ ਤਿਆਰ ਕੀਤੇ ਨਾਟਕ 'ਗਦਰ ਐਕਸਪ੍ਰੈਸ' ਦੀਆਂ ਰਿਹਰਸਲਾਂ ਮੈਂ ਉਥੋਂ ਦੇ ਇਕ ਮੰਦਿਰ ਵਿਚ ਕੀਤੀਆਂ ਸਨ। ਮੇਰਾ ਅਨੁਭਵ ਬੜਾ ਵਿਲੱਖਣ ਹੈ। ਮੈਨੂੰ 1999 ਵਿਚ ਗੁਰੂ ਗੋਬਿੰਦ ਸਿੰਘ ਦੀ ਜਨਮ ਸ਼ਤਾਬਦੀ ਦੇ ਸਬੰਧ ਵਿਚ ਗੁਰਦਿਆਲ ਸਿੰਘ ਫੁੱਲ ਦਾ ਨਾਟਕ 'ਸਭਿ ਕਿਛੁ ਹੋਤ ਉਪਾਇ' ਤਿਆਰ ਕਰਨ ਲਈ ਸੱਦਿਆ ਗਿਆ ਸੀ। ਜਿਸ ਗੁਰੂ-ਘਰ ਵਿਚ ਅਸੀਂ ਰਿਹਰਸਲਾਂ ਕਰ ਰਹੇ ਸੀ, ਕੁਝ ਦਿਨਾਂ ਬਾਅਦ ਸਾਨੂੰ ਉਥੋਂ ਛੱਡ ਕੇ ਜਾਣ ਦਾ ਹੁਕਮ ਹੋਇਆ। ਗੁਰਦੁਆਰਾ ਪ੍ਰਬੰਧਕਾਂ ਨੂੰ ਇਤਰਾਜ਼ ਸੀ ਕਿ ਸਾਡੀ ਟੀਮ ਵਿਚ ਕੁਝ ਲੋਕ ਕਾਮਰੇਡ ਸਨ, ਕੁਝ ਨਿਰੰਕਾਰੀ ਅਤੇ ਕੁਝ ਦਾਰੂ ਪੀਣ ਵਾਲੇ। ਸਵਾਲ ਇਹ ਹੈ: ਕੀ ਉਹ ਉਥੇ ਆਪਣੀ ਕਾਮਰੇਡੀ ਦਿਖਾ ਰਹੇ ਸਨ ਜਾਂ ਦਾਰੂ ਪੀ ਰਹੇ ਸਨ? ਉਂਜ ਵੀ ਭਾਈਚਾਰੇ ਦੇ ਸਾਰੇ ਵਿਆਹ ਗੁਰੂ-ਘਰਾਂ ਵਿਚ ਹੁੰਦੇ ਹਨ। ਚੰਗੀ ਗੱਲ ਇਹ ਹੈ ਕਿ ਕੋਰਿਆਂ ਵਾਲੇ ਦਿਨ ਮੈਰਿਜ ਪੈਲੇਸ ਦਾ ਲੰਚ ਨਹੀਂ ਕੀਤਾ ਜਾਂਦਾ ਬਲਕਿ ਗੁਰਦੁਆਰੇ ਵਿਚ ਲੰਗਰ ਛਕਾਇਆ ਜਾਂਦਾ ਹੈ ਜਿਹੜੀ ਬੜੀ ਸਿਹਤਮੰਦ ਪਿਰਤ ਹੈ ਪਰ ਮੈਂ ਸੋਚਦਾ ਹਾਂ ਕਿ ਪ੍ਰਬੰਧਕਾਂ ਕੋਲ ਅਜਿਹਾ ਕੀ ਤਰੀਕਾ ਸੀ ਜਿਸ ਨਾਲ ਉਹ ਵਿਆਹ ਵਿਚ ਆਇਆਂ ਦਾ ਟੈਸਟ ਕਰ ਸਕਦੇ ਹੋਣ ਕਿ ਉਹ ਕੈਸੇ ਹਨ? ਮੈਨੂੰ ਇਸ ਘਟਨਾ 'ਤੇ ਸਦਾ ਅਫਸੋਸ ਰਹੇਗਾ ਪਰ ਇਹ ਵੀ ਸੱਚ ਹੈ ਕਿ ਇਸ ਨਾਟਕ ਦੀਆਂ ਬਾਕੀ ਰਿਹਰਸਲਾਂ ਸ਼੍ਰੋਮਣੀ ਸਿੱਖ ਸੰਗਤ ਨਾਂ ਦੇ ਗੁਰੂ-ਘਰ ਵਿਚ ਹੋਈਆਂ।

ਟੋਰਾਂਟੋ ਤੋਂ ਅਨੇਕਾਂ ਪੰਜਾਬੀ ਚੋਣ ਲੜ ਕੇ ਓਂਟਾਰੀਉ ਰਾਜ ਅਤੇ ਕੈਨੇਡਾ ਦੇ ਕੇਂਦਰ ਦੀ ਪਾਰਲੀਮੈਂਟ ਵਿਚ ਅਕਸਰ ਪ੍ਰਤੀਨਿਧਤਾ ਕਰਦੇ ਹਨ। ਇਸ ਵੇਲੇ ਕੈਨੇਡਾ ਦੀ ਪਾਰਲੀਮੈਂਟ ਵਿਚ 20 ਪੰਜਾਬੀ ਐਮ.ਪੀ. ਹਨ ਅਤੇ ਚਾਰ ਮੰਤਰੀ ਹਨ। ਕੈਨੇਡਾ ਦੀ ਪਾਰਲੀਮੈਂਟ ਦੇ ਅੰਦਰ ਹਰ ਸਾਲ ਵਿਸਾਖੀ ਸਮੇਂ ਅਖੰਡ ਪਾਠ ਤੇ ਕੀਰਤਨ ਹੁੰਦਾ ਹੈ। ਬਹੁ-ਸਭਿਆਚਾਰ ਦੀ ਇਸ ਤੋਂ ਵੱਡੀ ਮਿਸਾਲ ਕੀ ਹੋਵੇਗੀ ਕਿ ਪ੍ਰਧਾਨ ਮੰਤਰੀ ਟਰੂਡੋ ਕਈ ਵਾਰ ਬਿਨਾਂ ਦੱਸੇ-ਪੁੱਛੇ ਔਟਵਾ ਦੇ ਗੁਰੂ-ਘਰ ਵਿਚ ਮੱਥਾ ਟੇਕਣ ਚਲਾ ਜਾਂਦਾ ਹੈ? ਸਾਡੇ ਲੋਕਾਂ ਨੇ ਉਥੋਂ ਦੀ ਟਰਾਂਸਪੋਰਟ, ਵਪਾਰ, ਮੋਟਲ, ਰੀਐਲਟਿੰਗ, ਫਾਈਨਾਂਸ਼ਲ, ਲੀਗਲ, ਬੀਮਾ ਸੇਵਾਵਾਂ ਆਦਿ ਖੇਤਰਾਂ ਵਿਚ ਸਤਿਕਾਰਯੋਗ ਥਾਂ ਬਣਾਇਆ ਹੈ। ਸਾਰੇ ਕੈਨੇਡਾ ਦੀ ਅੱਧੀ ਤੋਂ ਵੱਧ ਟ੍ਰਕਿੰਗ ਪੰਜਾਬੀਆਂ ਦੇ ਹੱਥ ਵਿਚ ਹੈ। ਜਿੰਨਾ ਕੈਨੇਡਾ ਨੇ ਪੰਜਾਬੀਆਂ ਨੂੰ ਅਪਣਾਇਆ ਹੈ, ਸ਼ਾਇਦ ਕਿਸੇ ਵੀ ਹੋਰ ਮੁਲਕ ਨੇ ਨਹੀਂ ਅਪਣਾਇਆ। ਇਸੇ ਲਈ ਸਾਡੇ ਲੋਕਾਂ ਨੇ ਸਮਾਜ ਸੇਵਾ ਵਿਚ ਵੀ ਮਿਸਾਲੀ ਯੋਗਦਾਨ ਪਾਇਆ ਹੈ। ਇੰਗਲੈਂਡ ਦੀ ਵਿਸ਼ਵ ਪ੍ਰਸਿਧ ਸੰਸਥਾ ਖਾਲਸਾ ਏਡ ਨੇ ਦੁਨੀਆਂ ਭਰ ਵਿਚ ਜ਼ਿਕਰਯੋਗ ਕੰਮ ਕੀਤਾ ਹੈ। 1999 ਤੋਂ ਉਹ ਸਾਰੀਆਂ ਮਨੁੱਖੀ ਬਿਪਤਾਵਾਂ ਦੌਰਾਨ ਆਪਣੀ ਸੇਵਾ ਕਰ ਰਹੇ ਹਨ। ਟਰਕੀ, ਕਾਂਗੋ, ਅਫਗਾਨਿਸਤਾਨ, ਇੰਡੋਨੇਸ਼ੀਆ, ਸੀਰੀਆ, ਕੀਨੀਆ, ਫਿਲੀਪੀਨਜ਼ ਇੰਗਲੈਂਡ ਅਤੇ ਬੰਗਲਾਦੇਸ਼ ਵਰਗੇ ਮੁਲਕਾਂ ਵਿਚ ਜਦੋਂ ਵੀ ਮਨੁੱਖ ਉਤੇ ਬਿਪਤਾ ਪਈ ਇਸ ਸੰਸਥਾ ਨੇ ਇਤਿਹਾਸਕ ਕੰਮ ਕੀਤਾ। ਮੇਰੇ ਇਕ ਜਾਣਕਾਰ ਅਨੁਸਾਰ ਟੋਰਾਂਟੋ ਦੇ ਲੋਕਾਂ ਨੇ ਇਸ ਪੁੰਨ ਵਾਸਤੇ ਖੁੱਲ੍ਹ ਕੇ ਦਾਨ ਦਿੱਤਾ। ਟੋਰਾਂਟੋ ਦੇ ਪੰਜਾਬੀਆਂ ਨੇ ਵਿਲੀਅਮ ਓਸਲਰ ਹਸਪਤਾਲ, ਬਰੈਂਪਟਨ ਵਿਚ 10-12 ਸਾਲ ਪਹਿਲਾਂ ਕਈ ਮਿਲੀਅਨ ਡਾਲਰ ਦੀ ਸਹਾਇਤਾ ਦੇ ਕੇ 'ਗੁਰੂ ਨਾਨਕ' ਦੇ ਨਾਂ 'ਤੇ ਹਸਪਤਾਲ ਦਾ ਇਕ ਵਿੰਗ ਬਣਵਾਇਆ ਜਿਸ ਨੂੰ ਗੁਰੂ ਨਾਨਕ ਐਮਰਜੈਂਸੀ ਸਰਵਿਸ ਡਿਪਾਰਟਮੈਂਟ ਦਾ ਨਾਂ ਦਿੱਤਾ ਗਿਆ। ਇਕੱਲੇ ਹਰਪ੍ਰੀਤ ਸੇਠੀ ਨੇ ਪੰਜ ਲੱਖ ਡਾਲਰ ਭੇਟ ਕੀਤੇ। ਇਸੇ ਤਰ੍ਹਾਂ ਕੁਝ ਸਾਲ ਪਹਿਲਾਂ ਕਰੈਡਿਟ ਵੈਲੀ ਹਸਪਤਾਲ ਵਿਚ ਵੀ ਵਿਚ ਸਿੱਖ/ਪੰਜਾਬੀ ਭਾਈਚਾਰੇ ਵੱਲੋਂ ਦਿੱਤੇ ਗਏ ਦਾਨ ਨਾਲ 'ਗੁਰੂ ਨਾਨਕ ਵਾਰਡ' ਬਣਿਆ ਹੈ। ਪਿਛਲੇ ਅਨੇਕਾਂ ਸਾਲਾਂ ਤੋਂ ਜਸਵਿੰਦਰ ਖੋਸਾ ਦੀ ਅਗਵਾਈ ਵਿਚ ਹਰ ਐਤਵਾਰ ਲੰਗਰ ਪਕਾ ਕੇ ਉਥੋਂ ਦੇ ਐਬੋਰਿਜਨਲ ਲੋਕਾਂ (ਆਦਿ-ਵਾਸੀਆਂ) ਵਿਚ ਵਰਤਾਇਆ ਜਾ ਰਿਹਾ ਹੈ। ਇਕ ਹੋਰ ਮਾਅਰਕੇ ਦਾ ਕੰਮ 'ਸੇਵਾ ਫੂਡ ਬੈਂਕ' ਦੀ ਸਥਾਪਨਾ ਹੈ ਜਿਸ ਵਿਚ ਪਿਛਲੇ ਕੁਝ ਸਮੇਂ ਤੋਂ ਲੋਕਾਂ ਨੇ 12 ਲੱਖ ਡਾਲਰ ਦਾਨ ਦੇ ਰੂਪ ਵਿਚ ਦਿੱਤੇ। ਇਥੋਂ ਕੋਈ ਵੀ ਲੋੜਵੰਦ ਆਪਣੇ ਪਰਿਵਾਰ ਵਾਸਤੇ ਸੁੱਕੀ ਰਸਦ ਲੈ ਜਾ ਸਕਦਾ ਹੈ। ਹਰ ਹਫਤੇ ਤਕਰੀਬਨ 500 ਤੋਂ 1000 ਪਰਿਵਾਰ ਇਸ ਦਾ ਲਾਭ ਲੈ ਰਹੇ ਹਨ। ਕਮਾਲ ਦੀ ਗੱਲ ਇਹ ਹੈ ਇਥੋਂ ਰਸਦ ਲੈ ਕੇ ਜਾਣ ਵਾਲਿਆਂ ਵਿਚ ਕੋਈ ਵਿਰਲਾ-ਟਾਂਵਾਂ ਹੀ ਪੰਜਾਬੀ ਹੁੰਦਾ ਹੈ। ਹੁਣ ਉਨ੍ਹਾਂ ਨੇ ਗੈਰ-ਪੰਜਾਬੀਆਂ ਨੂੰ ਪੰਜਾਬੀ ਖਾਣਾ ਬਣਾਉਣ ਦੀ ਜਾਚ ਵੀ ਸਿਖਾਉਣੀ ਸ਼ੁਰੂ ਕਰ ਦਿੱਤੀ ਹੈ। ਇਥੋਂ ਗਏ ਵਿਦਿਆਰਥੀ ਪਹਿਲਾਂ ਵਾਂਗ ਹੁਣ ਵੀ ਗੁਰੂ-ਘਰਾਂ ਵਿਚ ਜਾ ਕੇ ਲੰਗਰ ਛਕਦੇ ਹਨ। ਸੇਵਾ-ਭਾਵ ਵਜੋਂ ਅੱਜ ਕੱਲ੍ਹ ਦੁਪਹਿਰ ਦੇ ਖਾਣੇ ਦਾ ਟਿਫਨ ਵੀ ਪੈਕ ਕਰਕੇ ਦਿੱਤਾ ਜਾਂਦਾ ਹੈ। ਇਨ੍ਹਾਂ ਪੰਜਾਬੀਆਂ ਨੇ ਗੁਰੂ ਸਾਹਿਬਾਨ ਦੇ ਮਿਸ਼ਨ 'ਤੇ ਸਹੀ ਢੰਗ ਨਾਲ ਚੱਲ ਕੇ ਸਾਡਾ ਸਭ ਦਾ ਸਿਰ ਉਚਾ ਕੀਤਾ ਹੈ।

ਪੰਜਾਬੀਆਂ ਨੇ ਹਰ ਖੇਤਰ ਵਿਚ ਭਰਪੂਰ ਤਰੱਕੀ ਕੀਤੀ ਹੈ। ਸਾਡੀ ਕਮਿਊਨਿਟੀ ਵਿਚ ਬਹੁਤ ਚੜ੍ਹਦੀ ਕਲਾ ਹੈ ਪਰ ਤੇਜ਼ੀ ਨਾਲ ਦੌੜ ਰਹੇ ਇਸ ਸ਼ਹਿਰ ਵਿਚ ਆਰਾਮ ਨਹੀਂ ਹੈ; ਬੇਚੈਨੀ ਹੈ। ਆਮ ਬੰਦਾ ਬੇਚੈਨ ਹੈ ਕਿਉਂਕਿ ਉਸ ਨੇ ਆਪਣਾ ਕੰਮ-ਧੰਦਾ ਬਚਾ ਕੇ ਰੱਖਣਾ ਹੈ। ਜੇ ਉਸ ਦੀਆਂ ਦਿਹਾੜੀਆਂ ਨਹੀਂ ਲੱਗਣਗੀਆਂ ਤਾਂ ਉਹ ਚੰਗੀ ਰੋਟੀ ਨਹੀਂ ਖਾ ਸਕੇਗਾ। ਸਾਦੀ ਰੋਟੀ ਤਾਂ ਇੰਡੀਆ ਵੀ ਦਿੰਦਾ ਸੀ। ਆਮ ਬੰਦਾ ਪੜ੍ਹ-ਲਿਖ ਕੇ ਜਾਵੇ ਤਾਂ ਉਸ ਨੂੰ ਆਪਣੀ ਯੋਗਤਾ ਦੇ ਹਾਣ ਦਾ ਕੰਮ ਨਹੀਂ ਮਿਲਦਾ। ਕਿਸੇ ਨੂੰ ਲੀਗਲ ਮਾਈਗ੍ਰੈਂਟ ਹੋਣ ਦਾ ਫਿਕਰ ਹੈ, ਕੋਈ ਪਰਿਵਾਰ ਨੂੰ ਲਿਆਉਣਾ ਚਾਹੁੰਦਾ ਹੈ। ਘਰਾਂ ਦੀਆਂ ਕਿਸ਼ਤਾਂ ਤਾਰਨ ਦਾ ਵੀ ਵੱਡਾ ਬੋਝ ਹੈ। ਕਈ ਕਾਰਨਾਂ ਕਰਕੇ ਚੰਗੇ-ਭਲੇ ਚਲਦੇ ਬਿਜ਼ਨਸ ਦੇਖਦੇ-ਦੇਖਦੇ ਤਬਾਹ ਹੋ ਜਾਂਦੇ ਹਨ। ਹੱਸਦੇ-ਖੇਡਦੇ, ਪੁਸ਼ਤਾਂ ਤੋਂ ਵੱਡੇ ਘਰਾਂ ਵਿਚ ਵੱਸਦੇ ਤੇ ਅਮੀਰੀ ਭੋਗਦੇ ਲੋਕਾਂ ਦੇ ਮਨਾਂ ਅੰਦਰ ਵੱਖਰੇ ਸਹਿਮ ਹਨ ਜਿਨ੍ਹਾਂ ਨੂੰ ਸਵੀਕਾਰ ਕਰਨਾ ਵੀ ਮੁਸ਼ਕਲ ਹੈ। ਇਸ ਡਰ ਨੂੰ ਮੰਨਣਾ ਉਸ ਫੈਸਲੇ ਦੀ ਹਾਰ ਹੈ ਜਿਸ ਕਰਕੇ ਅਸੀਂ ਉਥੇ ਗਏ ਸੀ। ਉਨ੍ਹਾਂ ਨੂੰ ਔਲਾਦ ਦੇ ਬੇਕਾਬੂ ਹੋ ਜਾਣ ਦਾ ਫਿਕਰ ਹੈ। ਚਿੰਤਾ ਹੈ ਕਿ ਕੁੜੀ ਪਰਾਈ ਨਸਲ ਦਾ ਮੁੰਡਾ ਨਾ ਲੱਭ ਲਵੇ। ਪਰੇਸ਼ਾਨੀ ਹੈ ਕਿ ਮੁੰਡਾ ਗਲਤ ਰਾਹ 'ਤੇ ਨਾ ਤੁਰ ਪਵੇ। ਸ਼ੱਕ ਹੈ ਕਿ ਬੀਵੀ/ਖਾਵੰਦ ਕਿਸੇ ਬਾਹਰਲੇ ਰਿਲੇਸ਼ਨਸ਼ਿਪ ਵਿਚ ਤਾਂ ਨਹੀਂ। ਇਹ ਸਾਰੇ ਫਿਕਰ ਹਿੰਦੋਸਤਾਨ ਵਿਚ ਵੀ ਹਨ ਪਰ ਏਥੇ ਉਨ੍ਹਾਂ ਦੀ ਸ਼ਕਲ ਬਦਲ ਜਾਂਦੀ ਹੈ। ਦੋਹਾਂ ਥਾਵਾਂ 'ਤੇ ਦੌੜ ਹੈ ਪਰ ਭਾਰਤ ਵਿਚ ਜ਼ਿਆਦਾ ਦੌੜ ਆਪਣੇ ਆਪ ਨੂੰ ਅੱਗੇ ਲੈ ਜਾਣ ਦੀ ਹੈ ਜਦੋਂਕਿ ਉਥੇ ਦੌੜ ਦੂਜੇ ਤੋਂ ਵੀ ਅੱਗੇ ਜਾਣ ਦੀ ਹੈ। ਗੱਡੀਆਂ, ਕਾਰਾਂ ਅਤੇ ਵਿਆਹਾਂ ਦੇ ਪੱਧਰ ਨੂੰ ਲਗਾਤਾਰ ਵਧਾਉਂਦੇ ਰਹਿਣਾ ਬਹੁਤ ਜ਼ਰੂਰੀ ਹੋ ਗਿਆ ਹੈ। ਇਥੇ ਅਸੀਂ ਸੰਭਲਣ ਲਈ ਸੰਘਰਸ਼ ਕਰਦੇ ਹਾਂ ਪਰ ਠੇਡਾ ਲੱਗ ਜਾਂਦਾ ਹੈ। ਉਥੇ ਆਦਰਸ਼ ਭਾਲਣ ਜਾਂਦੇ ਹਾਂ ਅਤੇ ਫ੍ਰਸਟਰੇਸ਼ਨ ਵਿਚ ਖੁਦ ਟੱਕਰਾਂ ਮਾਰਨ ਲੱਗਦੇ ਹਾਂ। ਇਥੇ ਤਕਲੀਫ ਹੈ ਕਿ ਸਾਡੇ ਕੋਲ ਸਾਧਨ ਨਹੀਂ ਹਨ। ਉਥੇ ਦੁੱਖ ਹੈ ਕਿ ਸਾਧਨ ਤਾਂ ਹਨ, ਪਰ ਅਸੀਂ ਸਹੀ ਤਰ੍ਹਾਂ ਵਰਤ ਨਹੀਂ ਸਕੇ। ਦਰਅਸਲ, ਮਨੁੱਖੀ ਵਰਤਾਰਾ ਬੜਾ ਗੁੰਝਲਦਾਰ ਹੈ!




*ਸਿੱਖ ਸੇਵਾ ਸੁਸਾਇਟੀ ਦੀ ਸੇਵਾ ਦੀ ਝਲਕ।*

ਕਹਾਣੀ

# ਡਾਇਨਾਸੋਰ

***ਨਵੇਂ ਕਹਾਣੀਕਾਰਾਂ ਵਿਚ ਅਜਮੇਰ ਸਿੱਧੂ ਦਾ ਉਭਰਵਾਂ ਨਾਂ ਹੈ। ਉਹਨੇ ਸਾਹਿਤ ਅਤੇ ਸਾਇੰਸ ਦੀ ਜੁਗਲਬੰਦੀ ਵਿਚੋਂ ਅਜਿਹੀਆਂ ਰਚਨਾਵਾਂ ਕੀਤੀਆਂ ਹਨ, ਜੋ ਭੂਤਕਾਲ ਬਾਰੇ ਤਾਂ ਬੜਾ ਕੁਝ ਦੱਸਦੀਆਂ ਹੀ ਹਨ, ਵਰਤਮਾਨ ਬਾਰੇ ਵੀ ਜਾਗਰੂਕ ਕਰਦੀਆਂ ਹਨ। ਕਹਾਣੀ 'ਡਾਇਨਾਸੋਰ' ਅਸਲ ਵਿਚ ਭਾਰਤ ਅੰਦਰ ਆਰ. ਐਸ. ਐਸ. ਦੀ ਕੱਟੜ ਸਿਆਸਤ ਦੇ ਦਰਸ਼ਨ ਕਰਵਾਉਂਦੀ ਹੈ। -ਸੰਪਾਦਕ***



**ਅਜਮੇਰ ਸਿੱਧੂ**

ਮੈਂ ਥਿਏਟਰ ਹਾਲ ਪਹੁੰਚਿਆ, ਅਜੇ ਪਲੇਅ ਸ਼ੁਰੂ ਨਹੀਂ ਹੋਇਆ। ਲਗਦੈ ਪ੍ਰਬੰਧਕ, ਮੰਤਰੀ ਸਾਹਿਬ ਦੀ ਉਡੀਕ ਕਰਦੇ ਪਏ ਨੇ। ਹਾਲ 'ਚ ਦਾਖਲ ਹੁੰਦਾ ਹਾਂ। ਮੈਨੂੰ ਦੇਖ ਕੇ ਦੱਤਾ ਸਾਹਿਬ ਮੁਸਕਰਾਏ। ਸਟੇਜ ਸੈਕਟਰੀ ਮੇਰੇ ਬਾਰੇ ਬੋਲਣ ਲੱਗ ਪਿਆ ਹੈ। "ਇਹ ਸਕਰਿਪਟ ਰਾਈਟਰ ਭਵਨਦੀਪ ਸਿੰਘ ਨੇ ਜਿਨ੍ਹਾਂ 'ਅਨਬੋਰਨ ਚਾਈਲਡ' ਵਰਗੀ ਸੰਸਾਰ ਪ੍ਰਸਿਧ ਫਿਲਮ ਲਿਖੀ ਹੈ, ਤੇ ਫਿਲਮੀ ਦੁਨੀਆਂ ਵਿਚ ਤਹਿਲਕਾ ਮਚਾਇਆ ਹੈ।" ਉਹ ਫਿਲਮ ਦੀ ਪ੍ਰਸ਼ੰਸਾ ਕਰਨ ਲੱਗ ਪਿਆ ਹੈ। ਮੈਂ ਸਟੇਜ ਕੋਲ ਪੁੱਜਾ। ਸਟੇਜ ਸੈਕਟਰੀ ਦੇ ਬੋਲਾਂ 'ਤੇ ਹਾਲ ਤਾੜੀਆਂ ਨਾਲ ਗੂੰਜ ਉਠਿਆ ਹੈ।

ਮੈਂ ਮੂਹਰਲੀਆਂ ਕੁਰਸੀਆਂ 'ਤੇ ਬੈਠੇ ਦਰਸ਼ਕਾਂ ਵੱਲ ਵੇਖਦਾ ਹਾਂ। ਸ਼ਬਾਨਾ ਨੇ ਨੱਕ 'ਕੱਠਾ ਕਰਕੇ ਸ਼ਰਾਰਤ ਕੀਤੀ ਹੈ। ਮੈਂ ਇਹਦੇ ਨਖਰਿਆਂ ਦਾ ਆਸ਼ਕ ਹਾਂ। ਉਸ ਦੀ ਪਿਛਲੀ ਕਤਾਰ ਵਿਚ ਖਾਲੀ ਕੁਰਸੀ 'ਤੇ ਬੈਠ ਜਾਂਦਾ ਹਾਂ।

ਸੂਚਨਾ ਤੇ ਪ੍ਰਸਾਰਨ ਮੰਤਰੀ ਘਣਸ਼ਿਆਮ ਜੋਸ਼ੀ ਵੀ ਪਹੁੰਚ ਗਏ ਹਨ। ਪ੍ਰਬੰਧਕਾਂ ਦੀ ਨੱਠ-ਭੱਜ ਵਧ ਗਈ ਹੈ। ਦੱਤਾ ਸਾਹਿਬ ਨੇ ਆਪ ਮਾਈਕ ਸੰਭਾਲਦਿਆਂ ਜੋਸ਼ੀ ਖਾਨਦਾਨ ਤੇ ਉਸ ਦੀ ਸਰਕਾਰ ਦੀਆਂ ਸਿਫਤਾਂ ਦੇ ਪੁਲ ਬੰਨ੍ਹਣੇ ਸ਼ੁਰੂ ਕੀਤੇ ਹਨ। ਮੰਤਰੀ ਦੇ ਮੱਥੇ ਦਾ ਤਿਲਕ ਚਮਕ ਰਿਹਾ ਹੈ। ਚਿੱਟਾ ਕੁੜਤਾ ਧੋਤੀ ਪਹਿਨੀ, ਗਲੇ ਵਿਚ ਕੇਸਰੀ ਪਰਨਾ ਲਟਕਾਈ, ਮੰਤਰੀ ਸਾਹਿਬ ਖੁਸ਼ ਨਜ਼ਰ ਆ ਰਹੇ ਹਨ। ਦੱਤਾ ਸਾਹਿਬ ਨੇ ਮੰਤਰੀ ਨਾਲ ਸਬੰਧਤ ਨਿੱਜੀ ਗੱਲਾਂ ਛੇੜ ਲਈਆਂ ਹਨ। ਉਨ੍ਹਾਂ ਦੇ ਘਰ ਦੀਆਂ, ਬੱਚਿਆਂ ਦੀਆਂ ਤੇ ਰਾਜਨੀਤੀ ਦੀਆਂ। ਮੰਤਰੀ ਸਾਹਿਬ ਫੁੱਲੇ ਨਹੀਂ ਸਮਾ ਰਹੇ। ਹੱਸ ਹੱਸ ਦੂਹਰੇ ਹੋ ਰਹੇ ਹਨ। ਦੱਤਾ ਸਾਹਿਬ ਨੇ ਸਵਾਗਤੀ ਭਾਸ਼ਨ ਦਿੱਤਾ ਹੈ।

ਐਸ. ਕੇ. ਦੱਤਾ ਨੇ ਹੀ ਅੱਜ ਦਾ ਇਹ ਸਮਾਗਮ ਕਰਵਾਇਆ ਹੈ। ਇਹ ਫਿਲਮੀ ਦੁਨੀਆਂ ਦੀ ਮੰਨੀ ਪ੍ਰਮੰਨੀ ਹਸਤੀ ਹੈ। ਅੱਜ ਕੱਲ੍ਹ ਫਿਲਮ ਲਾਈਨ ਛੱਡ ਕੇ ਦੂਰਦਰਸ਼ਨ ਦੇ ਸੀਰੀਅਲ ਬਣਾਉਣ 'ਤੇ ਲੱਗੇ ਹੋਏ ਹਨ। ਇਨ੍ਹਾਂ ਦਾ ਧਾਰਮਿਕ ਸੀਰੀਅਲ 'ਮਰਯਾਦਾ ਪ੍ਰਸ਼ੋਤਮ' ਬੜਾ ਚਰਚਿਤ ਹੋਇਆ ਹੈ। ਇਸ ਸੀਰੀਅਲ ਨੇ ਵੀ ਦੱਤਾ ਸਾਹਿਬ ਨੂੰ ਨੇਮ ਐਂਡ ਫੇਮ ਦਿੱਤਾ ਹੈ। ਅੱਜ ਦੇ ਸਮਾਗਮ ਦਾ ਮਕਸਦ ਵੀ ਮੇਰੀ ਸਮਝ ਵਿਚ ਆ ਗਿਆ ਹੈ।

ਦੂਰਦਰਸ਼ਨ ਤੋਂ ਦਿਖਾਏ ਜਾਂਦੇ ਹੋਰ ਸੀਰੀਅਲਾਂ ਬਾਰੇ ਬੋਲਦਿਆਂ ਦੱਤਾ ਸਾਹਿਬ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੋਇਐ ਕਿ ਭਾਰਤੀ ਸੰਸਕ੍ਰਿਤੀ ਨਾਲ ਸਬੰਧਤ ਸੀਰੀਅਲ ਹੀ ਦਿਖਾਏ ਜਾਣ। ਮੈਂ ਉਹਦੇ ਭਾਸ਼ਨ ਤੋਂ ਕਾਇਲ ਨਹੀਂ ਹੋਇਆ।

ਥਿਏਟਰ ਹਾਲ ਦੇ ਨਾਲ ਹੀ ਓਪਨ ਏਅਰ ਥਿਏਟਰ ਵੀ ਹੈ। ਮਿਸਿਜ਼ ਦੱਤਾ ਸਮੇਤ ਬਹੁਤੇ ਪ੍ਰਬੰਧਕ ਓਪਨ ਏਅਰ ਥਿਏਟਰ ਦੀ ਸਟੇਜ ਤੇ ਰੁੱਝੇ ਹੋਏ ਹਨ। ਬਹੁਤੀਆਂ ਔਰਤਾਂ ਨੇ। ਮੈਨੂੰ ਸਮਝ ਨਹੀਂ ਆ ਰਹੀ ਕਿ ਇਹ ਲੋਕ ਕੀ ਕਰੀ ਜਾ ਰਹੇ ਹਨ। ਮੈਂ ਸਿਰਫ ਨਾਟਕ ਦੇਖਣ ਆਇਆਂ। ਵਿਸ਼ਾ ਡਾਇਨਾਸੋਰਾਂ ਦੀ ਉਤਪਤੀ, ਵਿਕਾਸ ਤੇ ਵਿਨਾਸ਼ ਬਾਰੇ ਹੈ। ਸਕਰਿਪਟ ਮੇਰੀ ਲਿਖੀ ਹੈ। ਪਹਿਲਾਂ ਇਨ੍ਹਾਂ ਨੂੰ ਸਕਰਿਪਟ ਨਾ ਦੇਣ ਦਾ ਮਨ ਬਣਾਇਆ ਸੀ। ਟੀਮ ਦੇ ਡਾਇਰੈਕਟਰ ਹਰਤੇਸ਼ ਚੌਧਰੀ ਦੇ ਕਹਿਣ 'ਤੇ ਹੀ ਰਾਜੀ ਹੋਇਆ। ਉਂਜ ਵੀ ਉਹ ਪ੍ਰੋਗਰੈਸਿਵ ਫਰੰਟ ਦਾ ਕਨਵੀਨਰ ਐ ਤੇ ਹਮਖਿਆਲੀਆ ਮਿੱਤਰ ਵੀ। ਜਦੋਂ ਮੈਂ ਯੂਨੀਵਰਸਿਟੀ ਐਮ.ਐਸਸੀ. ਕਰਦਾ ਸੀ, ਉਦੋਂ ਥਿਏਟਰ ਦੇ ਐਮ.ਏ. ਦੇ ਵਿਦਿਆਰਥੀਆਂ ਰਾਹੀਂ ਉਨ੍ਹਾਂ ਨਾਲ ਸੰਪਰਕ ਹੋਇਆ ਸੀ। ਮੈਨੂੰ ਥਿਏਟਰ ਨਾਲ ਉਨ੍ਹਾਂ ਹੀ ਜੋੜਿਆ ਸੀ। ਫੇਰ ਤਾਂ ਮੈਂ ਥਿਏਟਰ ਨਾਲ ਅਜਿਹਾ ਜੁੜਿਆ, ਪਿੱਛੇ ਮੁੜ ਕੇ ਨਹੀਂ ਦੇਖਿਆ ਸਗੋਂ ਫਿਲਮੀ ਦੁਨੀਆਂ ਦਾ ਵੀ ਅੰਗ ਬਣ ਗਿਆ। ਮੇਰੇ ਮੋਹਰੇ ਬੈਠੀ ਸ਼ਬਾਨਾ ਸਾਡੀ ਸਟੂਡੈਂਟ ਲੀਡਰ ਸੀ। ਇਹਨੇ ਸਾਨੂੰ ਚੰਗੇ ਮਾੜੇ ਨੂੰ ਪਛਾਨਣ ਲਈ ਅੱਖਾਂ ਦਿੱਤੀਆਂ, ਇਹਦੇ ਬਾਰੇ ਮਸ਼ਹੂਰ ਸੀ ਕਿ ਇਹ ਆਪਣੇ ਪਿੱਛੇ ਕੀ ਹੋ ਰਿਹਾ, ਦੱਸ ਦਿੰਦੀ ਸੀ। ਇਹ 'ਪਿੱਠ 'ਤੇ ਉਗੀਆਂ ਅੱਖਾਂ ਵਾਲੀ ਕੁੜੀ' ਵਜੋਂ ਜਾਣੀ ਜਾਂਦੀ ਸੀ।

ਦੱਤਾ ਸਾਹਿਬ ਦਾ ਭਾਸ਼ਨ ਮੁੱਕਣ ਵਿਚ ਨਹੀਂ ਆ ਰਿਹਾ। ਉਹ ਆਪਣੇ ਸੀਰੀਅਲ 'ਮਰਯਾਦਾ ਪ੍ਰਸ਼ੋਤਮ' ਦੇ ਬਹਾਨੇ ਸਰਕਾਰ ਦੀਆਂ ਟੈਲੀਕਾਸਟ ਪਾਲਿਸੀਜ਼ ਦੀ ਸਿਫਤ ਕਰ ਰਹੇ ਹਨ। 'ਮਰਯਾਦਾ ਪ੍ਰਸ਼ੋਤਮ' ਦੀ ਸਕਰਿਪਟ ਲਿਖਣ ਲਈ ਪਹਿਲਾਂ ਮੈਨੂੰ ਕਿਹਾ ਗਿਆ ਸੀ, ਪਰ ਮੈਂ ਦੱਤਾ ਸਾਹਿਬ ਨੂੰ ਹੁੰਗਾਰਾ ਨਾ ਦਿੱਤਾ। ਮੈਂ ਮਿੱਥ 'ਤੇ ਕੰਮ ਨਹੀਂ ਕਰਨਾ ਚਾਹੁੰਦਾ। ਨਾਲੇ ਮਿਥਿਹਾਸ ਨੇ ਭਾਰਤ ਦਾ ਬੜਾ ਨੁਕਸਾਨ ਕੀਤਾ ਹੈ। ਉਂਜ ਵੀ ਮੈਨੂੰ ਭਵਿਖ ਪਿਆਰਾ। ਮੈਂ ਭਵਿਖ ਨੂੰ ਪਿੱਛਲਖੁਰੀ ਤੋਰਨ ਦੇ ਹੱਕ ਵਿਚ ਨਹੀਂ ਹਾਂ। ਜਦੋਂ ਕੋਈ ਰਿਸ਼ੀ, ਔਰਤ 'ਤੇ ਅੱਖਾਂ ਗੱਡ ਲੈਂਦਾ, ਉਹ ਗਰਭਵਤੀ ਹੋ ਜਾਂਦੀ, ਕੋਈ ਭਗਵਾਨ ਤੀਰ ਮਾਰ ਕੇ ਮੀਂਹ ਵਰ੍ਹਾ ਦਿੰਦਾ ਹੈ, ਸਾਰੇ ਬ੍ਰਹਿਮੰਡ ਵਿਚ ਤਰਥੱਲੀ ਮਚਾ ਦਿੰਦਾ ਹੈ ਤਾਂ ਮੈਨੂੰ ਧਰਤੀ ਖੜ੍ਹੀ ਨਜ਼ਰ ਆਉਂਦੀ ਹੈ।

ਇਹ ਤੇ ਭਲਾ ਹੋਵੇ ਪ੍ਰੋਫੈਸਰ ਯਸ਼ਪਾਲ ਸ਼ਰਮਾ ਦਾ ਜਿਨ੍ਹਾਂ ਸਕਾਟਲੈਂਡ ਦੇ ਵਿਗਿਆਨੀਆਂ ਵਲੋਂ ਕੀਤੀ ਕਲੋਨ ਦੀ ਖੋਜ ਵਿਚ ਹਿੱਸਾ ਲਿਆ ਸੀ। ਕਲੋਨਿੰਗ ਦੀ ਤਕਨੀਕ ਬਾਰੇ ਮੈਨੂੰ ਜਾਣਕਾਰੀ ਦਿੱਤੀ ਸੀ। ਪ੍ਰੋ. ਸ਼ਰਮਾ ਨੇ ਲੈਬਾਰਟਰੀ ਵਿਚ ਸੂਰ ਦਾ ਕਲੋਨ ਤਿਆਰ ਕੀਤਾ। ਸੂਰ ਦੀ ਡਿਵੈਲਪਮੈਂਟ ਵੇਲੇ ਮੈਨੂੰ ਨਾਲ ਰੱਖਿਆ। ਮੈਂ ਇਸ ਖੋਜ 'ਤੇ ਬਹੁਤ ਖੁਸ਼ ਹਾਂ। ਜੀਵਾਂ ਦੀ ਖੇਤੀ 'ਤੇ। ਕਮਾਲ ਦੀ ਖੋਜ ਆ। ਇਕ ਜੀਵ ਤੋਂ ਅਣਗਿਣਤ ਜੀਵ ਬਣਾ ਲੈਣੇ। ਇਕ ਮਨੁੱਖ ਦੀ ਕਾਰਬਨ ਕਾਪੀ ਕਰ ਦੇਣੀ।

ਮੈਂ ਪਹਿਲਾਂ ਨਾਟਕ ਦੀ ਸਕਰਿਪਟ ਲਿਖਣ ਦਾ ਮਨ ਬਣਾਇਆ ਸੀ। ਵਿਸ਼ਾ ਦੇਖ ਕੇ ਤੇ ਪਲਾਟ ਦੇ ਵਿਸਥਾਰ ਨੇ ਫਿਲਮ ਦੀ ਸਟੋਰੀ ਲਿਖਵਾ ਦਿੱਤੀ ਸੀ। 'ਅਨਬੋਰਨ ਚਾਈਲਡ' ਦੇ ਬੈਨਰ ਹੇਠ ਫਿਲਮ ਬਣੀ ਤਾਂ ਚਾਰੇ ਪਾਸੇ ਲਾਲਾ-ਲਾਲਾ ਹੋ ਗਈ ਸੀ। 'ਅਨਬੋਰਨ ਚਾਈਲਡ' ਨੇ ਹੀ ਮੈਨੂੰ ਵਧੀਆ ਸਕਰਿਪਟ ਲੇਖਕ ਦਾ ਖਿਤਾਬ ਦਿੱਤਾ ਸੀ।

ਪ੍ਰੋ. ਯਸ਼ਪਾਲ ਸ਼ਰਮਾ ਮੰਨੇ-ਪ੍ਰਮੰਨੇ ਵਿਗਿਆਨੀ ਹਨ, ਪਰ ਜੋਸ਼ੀ ਸਾਹਿਬ ਤੇ ਉਸ ਦੀ ਸਰਕਾਰ ਪ੍ਰੋ. ਸ਼ਰਮਾ ਦੇ ਵਿਰੁਧ ਹਨ। ਇਨ੍ਹਾਂ ਦੀ ਟਸਲ ਉਦੋਂ ਸ਼ੁਰੂ ਹੋਈ, ਜਦੋਂ ਸਰਕਾਰ ਵਲੋਂ ਪਰਮਾਣੂ ਪਰੀਖਣ ਕੀਤੇ ਗਏ ਸਨ। ਪ੍ਰੋ. ਸ਼ਰਮਾ ਨੇ ਪਰਮਾਣੂ ਪਰੀਖਣ ਦੀ ਨਿਖੇਧੀ ਕੀਤੀ ਸੀ। ਉਨ੍ਹਾਂ ਦੇ ਨਿਖੇਧੀ ਬਿਆਨ ਅਖਬਾਰਾਂ ਵਿਚ ਛਪੇ ਸਨ। ਮੈਂ ਪ੍ਰੋ. ਸ਼ਰਮਾ ਤੋਂ ਕਾਇਲ ਹਾਂ। ਹੁਣ ਜੋ ਡਾਇਨਾਸੋਰਾਂ ਬਾਰੇ ਨਾਟਕ ਮੰਚਨ ਹੋਣ ਜਾ ਰਿਹਾ, ਇਸ ਦੀ ਸਕਰਿਪਟ ਵੀ ਮੈਂ ਉਨ੍ਹਾਂ ਤੇ ਸ਼ਬਾਨਾ ਦੇ ਸਹਿਯੋਗ ਨਾਲ ਹੀ ਲਿਖੀ ਹੈ। ਮੇਰੀ ਡਾਇਨਾਸੋਰਾਂ ਵਿਚ ਦਿਲਚਸਪੀ ਉਦੋਂ ਬਣੀ ਜਦੋਂ ਪ੍ਰੋਫੈਸਰ ਹੁਰਾਂ ਮਰੇ ਹੋਏ ਮੱਛਰ ਦੇ ਖੂਨ ਵਿਚੋਂ ਡਾਇਨਾਸੋਰ ਦਾ ਡੀ. ਐਨ. ਏ. ਅਲੱਗ ਕਰਕੇ ਇਸ ਜੀਵ ਨੂੰ ਲੈਬਾਰਟਰੀ ਵਿਚ ਵਿਕਸਿਤ ਕੀਤਾ।

ਦੱਤਾ ਸਾਹਿਬ ਦਾ ਭਾਸ਼ਨ ਖਤਮ ਹੋਇਆ ਹੈ। ਉਨ੍ਹਾਂ ਸਭ ਨੂੰ ਹਵਨ ਯੱਗ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਮੈਂ ਸੁਣ ਕੇ ਹੈਰਾਨ ਪ੍ਰੇਸ਼ਾਨ ਹੋਇਆ ਹਾਂ। ਪਤਾ ਨਹੀਂ ਇਨ੍ਹਾਂ ਲੋਕਾਂ ਦੇ ਦਿਮਾਗਾਂ ਨੂੰ ਕੀ ਹੋ ਗਿਆ ਹੈ? ਦਰਸ਼ਕ ਓਪਨ ਏਅਰ ਥਿਏਟਰ ਦੀਆਂ ਪੌੜੀਆਂ 'ਤੇ ਜਾ ਬੈਠੇ ਹਨ। ਮੰਤਰੀ ਦਾ ਸਾਰਾ ਕੋੜਮਾ, ਫਿਲਮੀ ਹਸਤੀਆਂ ਤੇ ਪ੍ਰਬੰਧਕ ਸਟੇਜ 'ਤੇ ਬੈਠ ਗਏ ਹਨ। ਮਿਸਿਜ਼ ਦੱਤਾ ਤੇ ਹੋਰ ਔਰਤਾਂ ਨੇ ਹਵਨ ਕੁੰਡ ਤਿਆਰ ਕੀਤਾ। ਔਰਤਾਂ ਸਜ-ਧਜ ਕੇ ਬੈਠੀਆਂ ਹਨ। ਦੋ ਔਰਤਾਂ ਨੇ ਸਮੱਗਰੀ ਹਵਨ ਕੁੰਡ ਦੇ ਨੇੜੇ ਕੀਤੀ। ਪੰਡਿਤ ਜੀ ਨੇ ਹਵਨ ਸ਼ੁਰੂ ਕਰਵਾਇਆ।

ਪੰਡਿਤ ਜੀ ਨੇ ਹਵਨ ਕੁੰਡ ਵਿਚ ਆਹੂਤੀ ਪਾਉਣ ਦਾ ਕਾਰਜ ਅਰੰਭ ਕੇ ਮੰਤਰੀ ਅੱਗੇ ਸਮੱਗਰੀ ਕੀਤੀ। ਉਨ੍ਹਾਂ ਹਵਨ ਕੁੰਡ ਵਿਚ ਆਹੂਤੀ ਪਾਈ। ਪੰਡਿਤ ਨੇ ਸਭ ਨੂੰ ਮੰਤਰ ਉਚਾਰਨ 'ਤੇ ਲਾ ਲਿਆ। ਮਿਸਿਜ਼ ਦੱਤਾ ਨੇ ਮੰਤਰੀ ਅੱਗੇ ਘਿਉ ਵਾਲਾ ਬਰਤਨ ਕੀਤਾ। ਉਨ੍ਹਾਂ ਚਮਚੇ ਨਾਲ ਕੁੰਡ ਵਿਚ ਘਿਉ ਪਾਇਆ। ਹਵਨ ਦੇ ਨਾਲ ਨਾਲ ਧੂੰਆਂ ਤੇਜ਼ ਹੋ ਗਿਆ। ਧੂੰਏਂ ਨੇ ਅੱਖਾਂ ਵਿਚ ਪਾਣੀ ਲੈ ਆਂਦਾ ਹੈ। ਲੋਕਾਂ ਦੇ ਸਿਰਾਂ 'ਤੇ ਧੂੰਆਂ ਹੀ ਧੂੰਆਂ ਹੋ ਗਿਆ ਹੈ। ਮੈਨੂੰ ਸਾਹ ਲੈਣ ਵਿਚ ਔਖਾਈ ਆ ਰਹੀ ਹੈ। ਹਵਨ ਨਾਲ ਤਾਂ ਵਾਤਾਵਰਣ ਸ਼ੁੱਧ ਹੋ ਜਾਂਦਾ, ਇਹ ਕੇਹਾ ਹਵਨ ਹੈ? ਜਿਸ ਨਾਲ ਔਖੇ-ਔਖੇ ਸਾਹ ਆਉਣ ਲੱਗ ਪਏ ਹਨ।

ਮੈਂ ਓਪਨ ਏਅਰ ਥਿਏਟਰ ਨੂੰ ਅਲਵਿਦਾ ਕਹਿ ਗਰਾਊਂਡ ਵੱਲ ਆ ਜਾਂਦਾ ਹਾਂ।

ਪੰਡਿਤ ਦੇ ਇਸ਼ਾਰੇ 'ਤੇ ਦੱਤਾ ਸਾਹਿਬ ਦਾ ਪੀ. ਏ. ਮੈਨੂੰ ਮੁੜ ਹਵਨ ਕੁੰਡ ਵਾਲੀ ਥਾਂ ਲੈ ਆਇਆ। ਕੁੰਡ 'ਚ ਕੋਈ ਆਹੂਤੀ ਪਾ ਰਿਹਾ ਹੈ, ਕੋਈ ਘਿਉ ਦੇ ਚਮਚੇ। ਪੰਡਿਤ ਦੇ ਮੰਤਰ ਉਚੇ ਹੋਏ ਤਾਂ ਬਾਕੀ ਲੋਕ ਵੀ ਮੰਤਰ ਉਚੀ ਉਚੀ ਉਚਾਰਨ ਲੱਗ ਪਏ। ਮੈਨੂੰ ਫੇਰ ਹੁੱਥੂ ਆਇਆ ਹੈ।

ਹਰਤੇਸ਼ ਚੌਧਰੀ ਵਿਚਾਰਾ ਬੇਵੱਸ ਬੈਠਾ ਹੈ। ਮੈਨੂੰ ਚਿੰਤਾ ਕਲਾਕਾਰਾਂ ਦੀ ਹੈ। ਵਿਚਾਰੇ ਪਰਦੇ ਪਿੱਛੇ ਮੇਕਅੱਪ ਕਰੀ ਸੁਸਤਾ ਰਹੇ ਹੋਣੇ ਨੇ। ਹਾਲ 'ਚੋਂ ਕਲਾਕਾਰਾਂ ਦੀ ਅਵਾਜ਼ ਆਉਂਦੀ ਹੈ ਤਾਂ ਜੋਸ਼ੀ ਸਾਹਿਬ ਦੀਆਂ ਅੱਖਾਂ ਉਨ੍ਹਾਂ ਦਾ ਪਿੱਛਾ ਕਰਦੀਆਂ ਹਨ। ਮਿਸਿਜ਼ ਦੱਤਾ ਦਾ ਮੰਤਰ ਉਚਾਰਨ ਦਾ ਸੁਰ ਉਚਾ ਹੋ ਜਾਂਦਾ ਹੈ। ਚੌਧਰੀ ਸਾਹਿਬ ਕਦੇ ਮੇਰੇ ਵੱਲ ਵੇਖਦੇ ਹਨ, ਕਦੇ ਮੈਂ ਉਨ੍ਹਾਂ ਵੱਲ। ਮੇਰੇ ਮੋਹਰੇ ਸ਼ਬਾਨਾ ਬੈਠੀ ਹੈ। ਕਿਤੇ ਕਿਤੇ ਮੇਰਾ ਧਿਆਨ ਉਹਦੀ ਪਿੱਠ 'ਤੇ ਚਲਾ ਜਾਂਦਾ ਹੈ, ਪਰ ਮੈਂ ਝੱਟ ਅੱਖਾਂ ਫੇਰ ਲੈਂਦਾ ਹਾਂ। ਮੈਨੂੰ ਮਹਿਸੂਸ ਹੋ ਰਿਹੈ, ਉਹਦੀ ਪਿੱਠ 'ਤੇ ਅੱਜ ਫੇਰ ਅੱਖਾਂ ਉਗ ਆਈਆਂ ਹਨ। ਮੈਨੂੰ ਅਜਿਹੀਆਂ ਅੱਖਾਂ ਤੋਂ ਡਰ ਵੀ ਲਗਦੈ। ਉਂਜ ਮੈਂ ਤੇ ਸ਼ਬਾਨਾ ਇਕਮਿਕ ਹਾਂ।

ਹਵਨ ਸਮਾਪਤੀ ਵੱਲ ਜਾ ਰਿਹੈ। ਪੰਡਿਤ ਜੀ ਪੂਰੇ ਜਲੌਅ 'ਚ ਮੰਤਰ ਉਚਾਰ ਰਹੇ ਹਨ। ਜੋਸ਼ੀ ਸਾਹਿਬ ਦੀ ਸੁਰਤੀ ਲੱਗੀ ਹੋਈ ਹੈ। ਬਾਕੀ ਜਨਤਾ ਵੀ ਮੰਤਰਾਂ ਵਿਚ ਮੰਤਰ ਮੁਗਧ ਹੈ। ਚੌਧਰੀ, ਸ਼ਬਾਨਾ ਤੇ ਮੈਂ ਬੇਗਾਨਿਆਂ ਵਾਂਗ ਬੈਠੇ ਹਾਂ।



ਮੈਂ ਆਪਣੀ ਨਿਗ੍ਹਾ ਸ਼ਬਾਨਾ ਦੀ ਪਿੱਠ 'ਤੇ ਗੱਡ ਦੇਣੀ ਚਾਹੁੰਨਾਂ, ਪਰ ਪਿੱਠ 'ਤੇ ਉਗੀਆਂ ਅੱਖਾਂ...।

ਪ੍ਰੋ. ਯਸ਼ਪਾਲ ਸ਼ਰਮਾ ਮੇਰੇ ਦਿਮਾਗ ਵਿਚ ਆ ਵੜੇ ਹਨ। ਮੈਂ ਜਦੋਂ ਵੀ ਉਨ੍ਹਾਂ ਕੋਲ ਜਾਨਾਂ, ਉਹ ਭਾਰਤੀਆਂ ਦੀ ਪੱਥਰ ਯੁੱਗ ਦੀ ਮਾਨਸਿਕਤਾ 'ਤੇ ਚਿੰਤਾ ਪ੍ਰਗਟਾਉਣਗੇ, "ਇਕ ਪਾਸੇ ਕਲੋਨ ਵਰਗੀਆਂ ਖੋਜਾਂ ਤੇ ਦੂਜੇ ਪਾਸੇ...।"

ਪੰਡਿਤ ਨੇ ਅੰਤਿਮ ਮੰਤਰ ਉਚਾਰਿਆ ਹੈ। ਮਿਸਿਜ਼ ਦੱਤਾ ਤੇ ਸਾਥਣਾਂ ਨੇ ਫੁੱਲਾਂ ਦੀ ਵਰਖਾ ਕੀਤੀ ਹੈ। ਮੰਤਰੀ ਵੱਲ ਫੁੱਲਾਂ ਦੀਆਂ ਪੱਤੀਆਂ ਸੁੱਟੀਆਂ ਜਾ ਰਹੀਆਂ ਹਨ। ਪੰਡਿਤ ਜੀ ਨੇ ਧਰਮ ਸੰਕਟ 'ਤੇ ਭਾਸ਼ਨ ਦਿੱਤਾ ਹੈ। ਹੁਣ ਵਾਰੀ ਮੰਤਰੀ ਦੀ ਹੈ। ਉਨ੍ਹਾਂ ਨੂੰ ਦੁਖ ਹੈ, "ਭਾਰਤ ਦੇ ਇਤਿਹਾਸ ਅਤੇ ਇਥੋਂ ਦੀ ਸੰਸਕ੍ਰਿਤੀ ਨੂੰ ਇਤਿਹਾਸਕਾਰ ਅਤੇ ਸਾਹਿਤਕਾਰ ਭੁੱਲ ਗਏ ਹਨ। ਵੱਡਾ ਦੁੱਖ ਇਸ ਗੱਲ ਦਾ ਹੈ ਕਿ ਆਜ਼ਾਦੀ ਪਿਛੋਂ ਹੁਣ ਤੱਕ ਧਰਮ ਨਿਰਪੱਖਤਾ ਦੇ ਨਾਂ 'ਤੇ ਵਿਦੇਸ਼ੀ ਸਾਹਿਤ ਅਤੇ ਇਤਿਹਾਸ 'ਤੇ ਖੋਜਾਂ ਹੋਈਆ ਹਨ।"

ਮੰਤਰੀ ਨੇ ਪ੍ਰਣ ਲਿਆ ਹੈ, "ਅਸੀਂ ਵੇਦਾਂ ਤੇ ਉਪਨਿਸ਼ਦਾਂ ਦੀ ਧਰਤੀ 'ਤੇ ਕੂੜ ਦਾ ਪ੍ਰਚਾਰ ਨਹੀਂ ਹੋਣ ਦੇਵਾਂਗੇ।"

ਦਰਸ਼ਕਾਂ ਨੇ ਤਾੜੀਆਂ ਨਾਲ ਮੰਤਰੀ ਦੇ ਬਿਆਨ ਦਾ ਸਵਾਗਤ ਕੀਤਾ। ਜੈਕਾਰੇ ਲੱਗਣੇ ਸ਼ੁਰੂ ਹੋ ਗਏ ਹਨ। ਦੱਤਾ ਸਾਹਿਬ ਨੇ ਸਭ ਨੂੰ ਹਾਲ ਵਿਚ ਜਾਣ ਦਾ ਇਸ਼ਾਰਾ ਕੀਤਾ ਹੈ।

ਲੋਕ ਹਾਲ ਵਿਚ ਕੁਰਸੀਆਂ 'ਤੇ ਬੈਠ ਗਏ ਹਨ। ਚੌਧਰੀ ਸਾਹਿਬ ਇਸ਼ਾਰਾ ਮਿਲਦੇ ਹੀ ਕਲਾਕਾਰਾਂ ਨੂੰ ਨਿਰਦੇਸ਼ ਦੇਣ ਲੱਗ ਪਏ ਹਨ। ਮੰਤਰੀ, ਉਸ ਦਾ ਅਮਲਾ, ਫਿਲਮੀ ਹਸਤੀਆਂ ਵਿਸ਼ੇਸ਼ ਥਾਂਵਾਂ 'ਤੇ ਬੈਠ ਗਏ ਹਨ। ਮੰਚ ਦੇ ਇਕ ਪਾਸੇ। ਮੇਰੇ ਐਨ ਸਾਹਮਣੇ। ਸ਼ਬਾਨਾ ਸਵੇਰ ਵਾਂਗ ਮੇਰੇ ਮੋਹਰਲੀ ਕਤਾਰ ਵਿਚ ਬੈਠੀ ਹੈ। ਮੰਚ ਦੇ ਇਕ ਖੂੰਜੇ ਵਿਚ ਲਾਈਟ ਫੋਕਸ ਹੋਈ ਹੈ। ਨਾਟਕ ਦਾ ਮੁੱਖ ਪਾਤਰ ਐਸ. ਡਾਇਨਾਸੋਰ ਦਰਸ਼ਕਾਂ ਸਾਹਮਣੇ ਆ ਕੇ ਦਹਾੜਿਆ ਹੈ। ਚੌਧਰੀ ਨੇ ਡਾਇਨਾਸੋਰਾਂ ਦੀ ਅਵਾਜ਼ ਪੈਦਾ ਕਰਨ ਲਈ ਡਾਲਫਿਨ, ਕੱਛੂ ਅਤੇ ਹੰਸ ਦੀਆਂ ਅਵਾਜ਼ਾਂ ਮਿਲਾਈਆਂ ਹੋਈਆਂ ਹਨ। ਡਾਇਨਾਸੋਰ ਦੇ ਦਹਾੜਨ ਨਾਲ ਦਰਸ਼ਕਾਂ ਦੇ ਮਨਾਂ 'ਚ ਡਰ ਅਤੇ ਸਹਿਮ ਪੈਦਾ ਹੋਇਆ ਹੈ। ਹੋਰ ਡਾਇਨਾਸੋਰ ਵੀ ਮੰਚ 'ਤੇ ਆਏ ਹਨ। ਮੰਚ 'ਤੇ ਭੱਜ ਨੱਠ ਪੈ ਗਈ ਹੈ। ਸੀਨ ਫੇਡ ਆਊਟ ਹੁੰਦਾ ਹੈ। ਘੁੱਪ ਹਨੇਰੇ ਵਿਚ ਦਰਸ਼ਕ ਹੋਰ ਦਹਿਲ ਜਾਂਦੇ ਹਨ।

ਨਾਟਕ ਦੀ ਕਹਾਣੀ ਫਲੈਸ਼ਬੈਕ ਤਕਨੀਕ ਨਾਲ ਸ਼ੁਰੂ ਹੁੰਦੀ ਹੈ। ਪੈਂਠ ਮਿਲੀਅਨ ਵਰ੍ਹੇ ਪਹਿਲਾਂ ਤੱਕ ਧਰਤੀ 'ਤੇ ਵਿਚਰਦੇ ਰਹੇ ਜੀਵਾਂ ਦੀ ਕਹਾਣੀ। ਇਕ ਸੌ ਸੱਠ ਮਿਲੀਅਨ ਸਾਲ ਦਾ ਇਤਿਹਾਸ। ਚੌਧਰੀ ਸੱਚਮੁੱਚ ਅੱਛਾ ਡਾਇਰੈਕਟਰ ਐ। ਵਿਸ਼ਾ ਬੌਧਿਕ ਹੋਣ ਦੇ ਬਾਵਜੂਦ ਉਹ ਨਾਟਕ ਨੂੰ ਭਜਾਈ ਲਿਜਾ ਰਿਹੈ। ਸੀਨ 'ਤੇ ਸੀਨ ਬਦਲ ਰਿਹੈ।

ਮੰਤਰੀ ਐਨ ਮੇਰੇ ਸਾਹਮਣੇ ਸ਼ਾਂਤ ਚਿਤ ਹੋ ਕੇ ਨਾਟਕ ਦੇਖ ਰਿਹਾ ਹੈ, ਨਾਟਕ ਵਿਚ ਖੁੱਭਾ ਹੋਇਆ। ਮੇਰੀ ਨਿਗ੍ਹਾ ਸ਼ਬਾਨਾ ਦੀ ਪਿੱਠ 'ਤੇ ਗਈ ਹੈ। ਉਗੀਆਂ ਅੱਖਾਂ ਕੁਝ ਹੋਰ ਦੱਸ ਰਹੀਆਂ ਹਨ। 'ਮੰਤਰੀ ਦੀ ਨਾਟਕ ਵਿਚ ਕੋਈ ਦਿਲਚਸਪੀ ਨਹੀਂ। ਤਰ੍ਹਾਂ ਤਰ੍ਹਾਂ ਦਾ ਮੂੰਹ ਬਣਾ ਰਹੇ ਨੇ। ਅੱਗੇ ਪਿੱਛੇ ਨਜ਼ਰ ਦੌੜਾਈ ਜਾ ਰਹੇ ਨੇ। ਚਿਹਰੇ 'ਤੇ ਗੁੱਸੇ ਦੇ ਤੇਵਰ ਹਨ।' ਮੈਂ ਨਾਟਕ ਦਾ ਇਕ ਵੀ ਦ੍ਰਿਸ਼ ਮਿਸ ਨਹੀਂ ਕਰਨਾ ਚਾਹੁੰਦਾ, ਪਰ ਸ਼ਬਾਨਾ ਦੀ ਪਿੱਠ ਮੰਤਰੀ ਦਾ ਲਗਾਤਾਰ ਪਿੱਛਾ ਕਰ ਰਹੀ ਹੈ।

ਦੱਤਾ ਸਾਹਿਬ ਤੇ ਮਿਸਿਜ਼ ਦੱਤਾ ਖੁਸ਼ ਨਜ਼ਰ ਆ ਰਹੇ ਹਨ। ਦੋਨੋਂ ਮੀਆਂ ਬੀਵੀ, ਮੰਤਰੀ ਦੀ ਖੁਸ਼ਾਮਦ ਕਰਨ 'ਤੇ ਲੱਗੇ ਹੋਏ ਹਨ। ਮੰਤਰੀ ਸਾਹਿਬ ਕਲਾਕਾਰਾਂ ਦੀਆਂ ਅਦਾਵਾਂ ਤੇ ਵਾਰੇ ਵਾਰੇ ਜਾ ਰਹੇ ਹਨ ਪਰ ਸ਼ਬਾਨਾ ਦੀ ਪਿੱਠ ਬੋਰ ਹੋਣ ਦਾ ਇਸ਼ਾਰਾ ਕਰ ਰਹੀ ਐ। ਸਟੇਜ 'ਤੇ ਘੁੰਮਦੀ ਹੋਈ ਧਰਤੀ ਦਾ ਦ੍ਰਿਸ਼ ਦਿਖਾਇਆ ਜਾ ਰਿਹੈ। ਮੈਂ ਪਿੱਠ 'ਤੇ ਧਿਆਨ ਗੱਡਿਆ। '...ਮੰਤਰੀ ਨੇ ਉਬਾਸੀ ਲਈ ਹੈ। ਮੈਨੂੰ ਉਹਦੇ ਮੂੰਹ ਵਿਚ ਕ੍ਰਿਸ਼ਨ ਚੱਕਰ ਘੁੰਮਦਾ ਨਜ਼ਰ ਆ ਰਿਹੈ।' ਪਿੱਠ ਉਤੇ ਉਹਦੇ ਹੋਰ ਮੂੰਹ ਅੱਡਣ ਦਾ ਦ੍ਰਿਸ਼ ਉਭਰਿਐ। 'ਮੈਨੂੰ ਜੀਭ 'ਤੇ ਹਵਨ ਯੱਗ ਦੇ ਦ੍ਰਿਸ਼ ਦਿਸਦੇ ਪਏ ਹਨ। ਹਵਨ ਕੁੰਡ ਵਿਚ ਆਹੂਤੀ ਪਾਈ ਜਾ ਰਹੀ ਹੈ।'

ਪਰ ਮੰਤਰੀ ਦਾ ਮੂੰਹ ਤਾਂ ਬੰਦ ਆ। ਇਹ ਮੈਨੂੰ ਕੀ ਹੋ ਗਿਆ। ਮੇਰੀਆਂ ਅੱਖਾਂ ਦੇ ਕਲਰ ਤਾਂ ਠੀਕ ਨੇ? ਕੁਝ ਸਮਝ ਨਹੀਂ ਆ ਰਿਹਾ। ਮੈਂ ਮਿਥਿਹਾਸ ਦੇ ਭਵਸਾਗਰ ਵਿਚ ਕਿਉਂ ਡੁੱਬਦਾ ਜਾ ਰਿਹਾਂ? ਚੱਲ ਛੱਡ ਪਰ੍ਹਾਂ। ਕਿਉਂ ਛੱਡਾਂ? ਮੈਂ ਤਾਂ ਸਾਇੰਸ ਦਾ ਵਿਦਿਆਰਥੀ ਹਾਂ ਪਰ ਮਿਥਿਹਾਸ...।

ਮੈਂ ਡਾਇਨਾਸੋਰਾਂ ਦੇ ਕਰਤੱਵ ਵੇਖਣ ਲੱਗ ਪਿਆ ਹਾਂ। ਮਾੜੇ ਤੇ ਤਕੜੇ ਡਾਇਨਾਸੋਰਾਂ ਦਾ ਯੁੱਧ। ਮੈਂ ਮੰਤਰੀ ਵੱਲ ਵੇਖਦਾਂ। ਮੰਤਰੀ ਕਮਜ਼ੋਰ ਡਾਇਨਾਸੋਰਾਂ ਨਾਲ ਹਮਦਰਦੀ ਜਤਾ ਰਿਹੈ ਪਰ ਸ਼ਬਾਨਾ ਦੀ ਪਿੱਠ ਕੁੱਝ ਹੋਰ ਕਹਿੰਦੀ ਆ। 'ਉਹਨੇ ਜ਼ੋਰ ਨਾਲ ਸੋਫੇ 'ਤੇ ਮੁੱਕਾ ਮਾਰਿਐ। ਜਿਵੇਂ ਸੋਫਾ ਨਾ ਹੋਵੇ ਸਗੋਂ ਕਮਜ਼ੋਰ ਡਾਇਨਾਸੋਰ ਹੋਣ। ਅੱਖਾਂ ਲਾਲ ਹਨ। ਮੂੰਹ ਕਿਸੇ ਵਣਮਾਣਸ ਵਰਗਾ ਬਣਾਇਆ ਹੋਇਐ। ਉਚੀ ਦੇਣੀ ਉਬਾਸੀ ਲਈ ਹੈ। ਮਿਸਿਜ਼ ਦੱਤਾ ਪਾਣੀ ਦਾ ਗਿਲਾਸ ਲੈ ਆਈ ਹੈ। ਮੰਤਰੀ ਨੇ ਇਕ ਮਿੰਟ ਵਿਚ ਹੀ ਪਾਣੀ ਪੀ ਕੇ ਗਿਲਾਸ ਖਾਲੀ ਕਰ ਦਿੱਤਾ ਹੈ। ਮੈਨੂੰ ਲਗਦੈ, ਇਹਨੇ ਸਮੁੰਦਰ ਡੀਕ ਲਾ ਕੇ ਪੀ ਜਾਣੈ। ਸੱਚਮੁੱਚ ਮੇਰੀਆਂ ਅੱਖਾਂ ਅੱਗੇ ਧਰਤੀ ਮਾਰੂਥਲ ਬਣੀ ਪਈ ਆ।'

ਮੈਂ ਪਿੱਠ ਨੂੰ ਨੀਝ ਲਾ ਕੇ ਵੇਖਦਾ ਹਾਂ। 'ਮੰਤਰੀ ਉਬਾਸੀ 'ਤੇ ਉਬਾਸੀ ਲੈ ਰਿਹੈ। ਅੱਖਾਂ ਲਾਲ ਹਨ। ਮੱਖੀ ਮੁੱਛ ਉਪਰ ਥੱਲੇ ਹੋ ਰਹੀ ਹੈ। ਕਚੀਚੀਆਂ ਵੱਟ ਰਿਹੈ। ਮੰਤਰੀ ਨੇ ਫਿਰ ਉਬਾਸੀ ਲਈ ਹੈ। ਮੂੰਹ ਵਿਚੋਂ ਹਵਾੜ ਆਈ ਹੈ।'

ਮੇਰੀ ਨਜ਼ਰ ਨੂੰ ਪਤਾ ਨਹੀਂ ਕੀ ਹੋ ਗਿਆ। 'ਮੈਨੂੰ ਇਹਦੀ ਜੀਭ 'ਤੇ ਹਵਨ ਕੁੰਡ ਪਿਆ ਦਿਸਦਾ। ਮੈਨੂੰ ਲੱਗਦਾ ਇਹਨੇ ਅੱਗ ਖਾਣ ਵਾਲੇ ਬੌਰੇ ਦਾ ਰੂਪ ਧਾਰ ਲੈਣਾ। ਕੁੰਡ ਵਿਚ ਆਹੂਤੀ ਪੈ ਰਹੀ ਹੈ। ਅੱਗ ਦੀਆਂ ਲਪਟਾਂ ਤੇਜ਼ ਹੋ ਗਈਆਂ ਹਨ। ਇਹ ਕੀ ਹੋਇਆ ਹੈ? ਹਵਨ ਕੁੰਡ ਵਿਚੋਂ ਵੇਦ ਬਾਹਰ ਆ ਰਹੇ ਹਨ। ਉਪਨਿਸ਼ਦ ਹਵਾ ਵਿਚ ਉਡ ਰਹੇ ਹਨ।'

ਮੈਨੂੰ ਲੱਗਦਾ ਮੈਂ ਅੱਜ ਪਾਗਲ ਹੋ ਜਾਣੈ। 'ਡਾਇਨਾਸੋਰ ਉਡ ਪਏ ਹਨ। ਨਹੀਂ, ਇਹ ਤਾਂ ਮੰਤਰੀ ਉਡਣ ਲੱਗ ਪਿਆ। ਹੱਥ 'ਤੇ ਪਹਾੜ ਚੁੱਕੀ ਅਸਮਾਨ 'ਚ ਤਾਰੀਆਂ ਲਾ ਰਿਹੈ। ਗੁਆਂਢੀ ਪਿੰਡ 'ਤੇ ਪਹਾੜ ਸੁੱਟਦਾ ਹੈ। ਧਮਾਕਾ ਹੋਇਆ ਹੈ। ਬੰਬ ਧਮਾਕਾ। ਲੋਕਾਂ ਦੀ ਹਾਹਾਕਾਰ। ਲਾਸ਼ਾਂ ਹੀ ਲਾਸ਼ਾਂ। ਸ਼ਕਤੀ ਪੀਠ ਮੰਦਿਰ ਬਣ ਗਿਆ ਹੈ। ਕਿੰਨੇ ਸਾਰੇ ਲੋਕ ਚਿੱਟਾ ਕੁੜਤਾ ਧੋਤੀ ਪਹਿਨੀ, ਮੱਥੇ 'ਤੇ ਤਿਲਕ ਲਾਈ ਮੰਦਿਰ ਵੱਲ ਤੁਰੇ ਹੋਏ ਹਨ। ਸ਼ਕਤੀ ਪ੍ਰਦਰਸ਼ਨ ਨੂੰ ਸਲਾਮ ਕਹਿਣ।'

ਸਟੇਜ 'ਤੇ 45 ਮੀਟਰਕ ਟਨ ਦਾ ਡਾਇਨਾਸੋਰ ਖੜ੍ਹਾ। ਨਾਟਕ ਦਾ ਮੁੱਖ ਪਾਤਰ ਐਸ. ਡਾਇਨਾਸੋਰ। ਉਹਦੇ ਕੋਲ ਕਿਰਲੀ ਸ਼ੇਪ ਦਾ ਕਮਜ਼ੋਰ ਡਾਇਨਾਸੋਰ ਖੜ੍ਹਾ। ਕਿਰਲੀ ਸ਼ੇਪ ਦੇ ਹੋਰ ਡਾਇਨਾਸੋਰ ਸਟੇਜ 'ਤੇ ਖਿੱਚ ਕੇ ਲਿਆਂਦੇ ਜਾ ਰਹੇ ਹਨ। ਘੱਟ ਗਿਣਤੀ ਵਿਚਾਰੇ ਮਿੰਨਤ ਤਰਲਾ ਕਰ ਰਹੇ ਹਨ। ਆਲੇ ਦੁਆਲੇ ਨੂੰ ਭੱਜਦੇ ਹਨ। ਚਾਰੇ ਪਾਸੇ ਐਸ. ਡਾਇਨਾਸੋਰ ਦੇ ਸਾਥੀ ਡਾਇਨਾਸੋਰ ਘੇਰਾਬੰਦੀ ਕਰੀ ਖੜ੍ਹੇ ਨੇ। ਐਸ. ਡਾਇਨਾਸੋਰ ਨੇ ਜਬਾੜ੍ਹਾ ਖੋਲ੍ਹਿਆ ਹੈ। ਕਿਰਲੀ ਸ਼ੇਪ ਦੇ ਡਾਇਨਾਸੋਰ ਉਹਦੇ ਮੂੰਹ ਅੰਦਰ। ਉਹਦੇ ਸਾਥੀ ਵੀ ਝਪਟ ਪਏ ਹਨ। ਸਟੇਜ 'ਤੇ ਦਹਿਸ਼ਤ ਫੈਲ ਗਈ ਹੈ। ਡਾਇਨਾਸੋਰ ਫੁੰਕਾਰੇ ਮਾਰ ਰਹੇ ਹਨ। ਦਰਸ਼ਕਾਂ ਨੂੰ ਕਾਂਬਾ ਛਿੜ ਪਿਆ ਹੈ।

ਸ਼ਬਾਨਾ ਦੀ ਪਿੱਠ ਚਮਕੀ ਹੈ। ਮੈਂ ਮੰਤਰੀ ਵੱਲ ਦੇਖਦਾ ਹਾਂ। 'ਉਹਨੇ ਉਬਾਸੀ ਲਈ ਹੈ। ਹਵਨ ਕੁੰਡ ਵਿਚ ਆਹੂਤੀ ਹੋਰ ਪਾਈ ਜਾ ਰਹੀ ਹੈ। ਕੁੰਡ ਵਿਚੋਂ ਧੂੰਆਂ ਨਿਕਲ ਰਿਹੈ।' ਮੈਨੂੰ ਲਗਦੈ, ਹਾਲ 'ਚ ਹਨੇਰਾ ਇਸ ਧੂੰਏਂ ਕਰਕੇ ਹੋਇਆ। ਲੋਕ ਕਿਵੇਂ ਬੈਠੇ ਹਨ। ਇਥੇ ਤਾਂ ਸਾਹ ਲੈਣਾ ਔਖਾ ਹੋਇਆ ਪਿਐ। ਸਾਰੇ ਪਾਸੇ ਧੂੰਆਂ ਹੀ ਧੂੰਆਂ ਹੈ। ਮੈਨੂੰ ਲੱਗਦਾ, ਇਨ੍ਹਾਂ ਸਾਰੇ ਲੋਕਾਂ ਨੇ ਮਾਰੇ ਜਾਣਾ।' ਇਨ੍ਹਾਂ ਨੂੰ ਹਨੇਰਾ ਨਿਗਲ ਜਾਊ।

ਮੈਂ ਮੰਤਰੀ ਦੀ ਜੀਭ ਨੂੰ ਧਿਆਨ ਨਾਲ ਦੇਖਦਾਂ। 'ਯਾਰ ਸੱਚਮੁੱਚ ਮੈਨੂੰ ਹਵਨ ਕੁੰਡ ਦਿਸਦਾ। ਘਿਉ ਦੇ ਚਮਚੇ ਤੇਜ਼ ਹੋ ਗਏ ਹਨ। ਕੁੰਡ ਵਿਚਲੀਆਂ ਅੱਗ ਦੀਆਂ ਲਾਟਾਂ ਵੀ ਤੇਜ਼ ਹੋ ਗਈਆਂ ਹਨ। ਮੰਤਰੀ ਦੇ ਮੂੰਹ ਵਿਚੋਂ ਅੰਗਿਆਰੇ ਨਿਕਲ ਰਹੇ ਨੇ। ਮੈਨੂੰ ਚਾਰੇ ਪਾਸੇ ਅੱਗ ਹੀ ਅੱਗ ਨਜ਼ਰ ਆ ਰਹੀ ਹੈ। ਕੁੰਡ ਵਿਚੋਂ ਖਾਨਦਾਨ ਸ਼ਾਸਤਰ ਤੇ ਸੂਰਿਆ ਸ਼ਾਸਤਰ ਨਿਕਲੇ ਹਨ। ਲੰਕਾ ਰਾਖ ਹੋ ਗਈ ਹੈ। ਆਦਿਵਾਸੀ ਮਰ ਰਹੇ ਹਨ।'

ਹਵਨ ਕੁੰਡ ਵਿਚੋਂ ਡਾਇਨਾਸੋਰ ਬਾਹਰ ਆਉਣ ਲੱਗੇ ਹਨ। ਐਸ. ਡਾਇਨਾਸੋਰ ਤੇ ਉਸ ਦੇ ਸਾਥੀ। ਮੈਨੂੰ ਜੋਸ਼ੀ ਸਾਹਿਬ ਦਿਖਾਈ ਨਹੀਂ ਦੇ ਰਹੇ। ਸਿਰਫ ਐਸ. ਡਾਇਨਾਸੋਰ ਤੇ ਉਹਦੇ ਸਾਥੀ, ਲੋਕਾਂ ਵਲ ਫੁੰਕਾਰੇ ਮਾਰਦੇ ਨਜ਼ਰ ਆ ਰਹੇ ਹਨ। ਐਸ. ਡਾਇਨਾਸੋਰ ਦੇ ਮੰਤਰੀ ਦਾ ਮੂੰਹ ਲੱਗ ਗਿਐ। ਜਬਾੜ੍ਹੇ ਖੁੱਲ੍ਹਦੇ ਹਨ। ਬੱਚੇ, ਬੁੱਢੇ, ਮਰਦ ਸਭ ਜਬਾੜ੍ਹਿਆਂ ਅੰਦਰ। ਹਾਹਾਕਾਰ ਮੱਚ ਗਈ ਹੈ। ਸਟੇਜ 'ਤੇ ਵਿਗਿਆਨੀ ਨੱਠੇ ਭੱਜੇ ਫਿਰ ਰਹੇ ਹਨ। ਉਨ੍ਹਾਂ ਦਾ ਬਚਾਅ ਨਹੀਂ ਹੋ ਰਿਹਾ। ਮੰਤਰੀ ਨੇ ਮੂੰਹ ਖੋਲ੍ਹਿਆ ਹੈ। ਵਿਗਿਆਨੀ ਜਬਾੜ੍ਹੇ ਅੰਦਰ।

ਚਿੱਟੀਆਂ ਧੋਤੀਆਂ ਵਾਲੇ ਮੱਥੇ 'ਤੇ ਤਿਲਕ ਲਾਈ ਸ਼ਕਤੀ ਪੀਠ ਮੰਦਿਰ ਵੱਲ ਜਾ ਰਹੇ ਹਨ।

ਡਾਇਨਾਸੋਰ ਲੋਕਾਂ 'ਤੇ ਝਪਟ ਰਹੇ ਹਨ। ਚਾਰੇ ਪਾਸੇ ਭਗਦੜ ਮਚੀ ਹੋਈ ਹੈ। ਚੌਧਰੀ, ਕਲਾਕਾਰਾਂ ਸਮੇਤ ਜਬਾੜ੍ਹੇ ਵਿਚ ਪੀਸਿਆ ਜਾ ਚੁਕੈ। ਮੈਨੂੰ 'ਨੇਰਾ-ਨੇਰਾ' ਦਿਖ ਰਿਹੈ। ਧਰਤੀ 'ਤੇ ਪੈਰ ਮਾਰਦਾ ਹਾਂ। ਲਹੂ ਨਾਲ ਲੱਥ ਪੱਥ ਹੈ। ਮੈਨੂੰ ਕੁਝ ਦਿਸ ਨਹੀਂ ਰਿਹਾ। ਮੇਰੇ ਵੀ ਅਗਨੀ ਤੀਰ ਵੱਜਣ ਲੱਗੇ ਹਨ। ਨਾ ਪਿੱਠ ਦਿਖ ਰਹੀ ਐ ਤੇ ਨਾ ਪਿੱਠ 'ਤੇ ਉਗੀਆਂ ਅੱਖਾਂ। ਮੈਂ ਵੀ...।

# ਹਟਵੇਂ, ਪ੍ਰਭਾਵੀ ਤੇ ਅਦੁੱਤੀ ਨਾਟਕ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਪਿਛਲੇ ਹਫਤੇ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਦੇ ਰੰਧਾਵਾ ਆਡੀਟੋਰੀਅਮ ਵਿਚ ਬਨਿੰਦਰਜੀਤ ਬੰਨੀ ਦੇ ਥਿਏਟਰ ਗਰੁਪ 'ਇੰਪੈਕਟ ਆਰਟਸ' ਵਲੋਂ ਚਾਰ ਰੋਜ਼ਾ ਨਾਟ ਉਤਸਵ ਰਚਾਇਆ ਗਿਆ, ਜਿਸ ਵਿਚ ਚਾਰ ਹਟਵੇਂ ਤੇ ਵਧੀਆ ਨਾਟਕਾਂ-ਸਾਹਬ ਸਿੰਘ ਦਾ 'ਵੈਜਾਈਨਾ ਟਾਕ', ਆਤਮਜੀਤ ਦਾ 'ਰਿਸ਼ਤਿਆਂ ਦਾ ਕੀ ਰਖੀਏ ਨਾਂ', ਅਜਮੇਰ ਔਲਖ ਦਾ 'ਝਨਾਂ ਦੇ ਪਾਣੀ' ਅਤੇ ਵੀਨਾ ਵਰਮਾ ਦਾ 'ਮੈਂ ਹੁਣ ਸੈੱਟ ਹਾਂ' ਦਾ ਮੰਚਨ ਹੋਇਆ। ਸਆਦਤ ਹਸਨ ਮੰਟੋ ਦੀ ਕਹਾਣੀ 'ਟੋਭਾ ਟੇਕ ਸਿੰਘ' ਦੀ ਪੈੜ ਨੱਪਣ ਵਾਲੇ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਰਾਹੀਂ ਭਾਰਤ ਦੀ ਮੌਜੂਦਾ ਵੰਡ ਪਊ ਸਥਿਤੀ ਦੇ ਭਿਆਨਕ ਨਤੀਜੇ ਪੇਸ਼ ਕਰਨ ਸਦਕਾ ਸਮੇਂ ਦੀ ਲੋੜ ਉਤੇ ਪੂਰਾ ਉਤਰਦਾ ਹੈ। ਇਸ ਵਿਚ ਪੂਰੀ ਵੱਸੋਂ ਨੂੰ ਪਾਗਲਖਾਨੇ ਦਾ ਰੂਪ ਦੇ ਕੇ ਇਸ ਦੇ ਪਾਤਰਾਂ ਨੂੰ ਧਰਤੀ ਤੋਂ ਏਨੇ ਉਖੜੇ ਤੇ ਉਲਝੇ ਦਿਖਾਇਆ ਗਿਆ ਹੈ ਕਿ 1947 ਦੀ ਦੇਸ਼ ਵੰਡ ਨੇ ਉਨ੍ਹਾਂ ਨੂੰ ਉਕਾ ਹੀ ਜੜ੍ਹਹੀਣ ਤੇ ਨਿਥਾਂਵੇਂ ਕਰ ਛੱਡਿਆ ਸੀ।

ਸੰਨ ਸੰਤਾਲੀ ਦੇ ਸੱਤ ਦਹਾਕੇ ਪੁਰਾਣੇ ਪਾਗਲਪਨ ਨੂੰ ਦਰਸਾ ਕੇ ਦੇਸ਼ ਵਾਸੀਆਂ ਨੂੰ ਵੰਡੀਆਂ ਤੋਂ ਪੈਦਾ ਹੋਣ ਵਾਲੇ ਵਹਿਸ਼ੀਪਨ ਤੋਂ ਚੇਤੰਨ ਕਰਨਾ ਇਸ ਦਾ ਮੂਲ ਮੰਤਵ ਹੈ।

ਵੈਜਾਈਨਾ ਟਾਕ ਭਾਵ 'ਯੋਨੀ ਚਰਚਾ' ਸਿਰਫ ਇਸ ਲਈ ਹਟਵਾਂ ਤੇ ਪ੍ਰਭਾਵੀ ਨਹੀਂ ਕਿ ਇਸ ਵਿਚਲੀ ਚਰਚਾ ਵਾਂਗ ਉਹ ਨਾਟਕ ਪਹਿਲਾਂ ਹੀ ਸਮੇਂ ਦੀ ਕਸਵੱਟੀ ਉਤੇ ਪੂਰਾ ਉਤਰ ਚੁੱਕੇ ਹਨ। 'ਯੋਨੀ ਚਰਚਾ' ਦਾ ਵਿਸ਼ਾ ਅਛੂਤਾ ਹੀ ਨਹੀਂ, ਸਮੇਂ ਦੀ ਲੋੜ ਪੂਰੀ ਕਰਦਾ ਹੋਣ ਕਾਰਨ ਮਹੱਤਵ ਰਖਦਾ ਹੈ। ਬਿਜਲਈ ਤੇ ਪ੍ਰਿੰਟ ਮੀਡੀਆ ਹਰ ਆਏ ਦਿਨ ਇਸ ਦੇ ਗੰਭੀਰ ਤੇ ਵਹਿਸ਼ੀ ਨਤੀਜਿਆਂ ਨੂੰ ਉਘਾੜਦਾ ਹੈ। ਵੈਜਾਈਨਾ ਟਾਕ ਦਾ ਕਲਾਤਮਕ ਰੂਪ ਸਾਹਮਣੇ ਆਉਣਾ ਸਰਬ-ਵਿਆਪਕ ਹੋਵੇ ਨਾ ਹੋਵੇ, ਪ੍ਰਭਾਵੀ ਹੈ।

ਜਿਥੋਂ ਤੱਕ ਮਲਿਕਾ ਸਿੰਘ ਦਾ ਸਵਾਲ ਹੈ, ਉਹ ਕੋਮਲ ਕਲਾਵਾਂ ਦੇ ਵਿਸ਼ੇ ਦੀ ਗਰੈਜੂਏਟ ਹੈ, ਪਰ ਅਦਾਕਾਰੀ ਉਸ ਨੂੰ ਪਿਤਾ ਸਾਹਿਬ ਸਿੰਘ ਤੇ ਮਾਂ ਰੋਜ਼ੀ ਤੋਂ ਵਿਰਸੇ ਵਿਚ ਮਿਲੀ ਹੈ। ਉਹ ਜੀਵਨ ਵਿਚ ਕਿਥੋਂ ਕਿੱਥੇ ਪਹੁੰਚਦੀ ਹੈ, ਸਮੇਂ ਨੇ ਦੱਸਣਾ



*ਬਨਿੰਦਰਜੀਤ ਬੰਨੀ*

ਹੈ! ਬਨਿੰਦਰਜੀਤ ਬੰਨੀ ਦੇ ਇੰਪੈਕਟ ਆਰਟਸ ਦਾ ਇੰਪੈਕਟ ਜ਼ਿੰਦਾਬਾਦ!

ਇਤਿਹਾਸਕ ਤੇ ਮਿਥਿਹਾਸਕ ਪ੍ਰਮਾਣ ਦੇ ਕੇ ਮੌਜੂਦਾ ਭਾਈਚਾਰੇ ਦੀ ਬਲਾਤਕਾਰੀ ਸੋਚ ਨੂੰ ਭੰਡਿਆ ਗਿਆ ਹੈ। ਇਸ ਦੀ ਪੇਸ਼ਕਾਰੀ ਏਨੀ ਪ੍ਰਚੰਡ ਹੈ ਕਿ ਦਰਸ਼ਕ ਤੇ ਸਰੋਤੇ ਬੁਰੀ ਤਰ੍ਹਾਂ ਕੀਲੇ ਜਾਂਦੇ ਹਨ। ਸਾਹਿਬ ਸਿੰਘ ਦੀ ਬਾਲਗ ਬੇਟੀ ਮਲਿਕਾ ਸਿੰਘ ਦੀ ਅਦਾਕਾਰੀ ਨੇ ਅਜਿਹੀਆਂ ਸਿਖਰਾਂ ਛੂਹੀਆਂ ਹਨ ਕਿ ਉਨ੍ਹਾਂ ਦਾ ਕੋਈ ਜਵਾਬ ਨਹੀਂ। ਮਲਿਕਾ ਦੀ ਗੱਲ ਵਿਸਥਾਰ ਨਾਲ ਕਰਨ ਦਾ ਮਤਲਬ ਇਹ ਨਹੀਂ ਕਿ ਇੰਪੈਕਟ ਆਰਟਸ ਵਲੋਂ ਕਰਵਾਏ ਬਾਕੀ ਨਾਟਕਾਂ ਵਿਚ ਦਮ ਨਹੀਂ, 'ਰਿਸ਼ਤਿਆਂ ਦਾ ਕੀ ਰੱਖੀਏ ਨਾਂ!'

ਪਤਾ ਲਗਦਾ ਹੈ ਕਿ ਕੱਲ੍ਹ ਤੱਕ ਯੋਨੀ ਤੇ ਲਿੰਗ ਦੀ ਗੱਲ ਵਰਜਿਤ ਹੋਣ ਕਾਰਨ ਹੀ ਬਲਾਤਕਾਰ ਬਿਰਤੀ ਨੂੰ ਉਤਸ਼ਾਹ ਮਿਲਦਾ ਰਿਹਾ ਹੈ। ਮਨੁੱਖੀ ਮਨ ਦੀਆਂ ਭਾਵਨਾਵਾਂ ਨੂੰ ਦੱਬ ਲੈਣਾ ਹੀ ਇਸ ਦੇ ਨੰਗੇ ਨਾਚ ਦਾ ਕਾਰਨ ਬਣਿਆ ਹੈ। ਚੰਡੀਗੜ੍ਹ ਤੋਂ ਪਹਿਲਾਂ ਦੋ ਵਾਰ ਅੰਮ੍ਰਿਤਸਰ ਦੀ ਪਾਠਸ਼ਾਲਾ ਵਿਚ ਖੇਡੇ ਜਾਣ ਤੋਂ ਪਹਿਲਾਂ ਇਸ ਵਿਸ਼ੇ ਦਾ ਮੰਚਨ ਸ਼ਿਕਾਗੋ (ਅਮਰੀਕਾ) ਤੋਂ ਬਿਨਾ ਪੱਛਮ ਦੇ ਹੋਰ ਸ਼ਹਿਰਾਂ ਵਿਚ ਹੋ ਚੁਕਾ ਹੈ। ਇੱਕ ਯੂ. ਕੇ. ਦੀ ਸ਼ੈਫੀਲਡ ਹੈਲਮ ਯੂਨੀਵਰਸਟੀ ਵਿਚ ਗੈਰਕਾਨੂੰਨੀ ਅਪਰਾਧ ਦੀ ਅਧਿਆਪਕਾ ਮਧੂਮਤੀ ਪਾਂਡੇ ਨੇ ਵੀ ਨਿਰਭੈ ਕਾਂਡ ਤੋਂ ਪਿਛੋਂ ਜੇਲ੍ਹਾਂ ਵਿਚ ਬੰਦ 142 ਦੋਸ਼ੀਆਂ ਨੂੰ ਇੰਟਰਵੀਊ ਕਰਕੇ ਉਨ੍ਹਾਂ ਦੀ ਮਾਨਸਿਕਤਾ ਦੀ ਜੜ੍ਹ ਵੀ ਇਹੀਓ ਲੱਭੀ ਸੀ, ਜੋ ਇਸ ਨਾਟਕ ਵਿਚ ਪੇਸ਼ ਹੈ।

**ਸੰਯੁਕਤ ਅਰਬ ਦੇਸ਼ਾਂ ਦੇ ਚਿਹਨ ਚਕਰ:** ਯੂਨਾਈਟਿਡ ਅਰਬ ਅਮੀਰਾਤ (ਯੂ. ਏ. ਈ.) ਅਰਬ ਦੇਸ਼ਾਂ ਦਾ ਅਜਿਹਾ ਕੁਟੰਭ ਹੈ, ਜਿਸ ਦੀ ਆਪਣੀ ਵਸੋਂ ਤਾਂ ਸਿਰਫ 15 ਪ੍ਰਤੀਸ਼ਤ ਹੈ, 85 ਪ੍ਰਤੀਸ਼ਤ ਲੋਕ ਬਾਹਰਲੇ ਦੇਸ਼ਾਂ ਤੋਂ ਰੋਜ਼ੀ ਰੋਟੀ ਦੀ ਭਾਲ ਵਿਚ ਉਥੇ ਗਏ ਹੋਏ ਹਨ। ਯੂ. ਏ. ਈ. ਵਿਚ ਕਤਰ, ਸ਼ਾਰਜਾਹ, ਅਦਵਾਹਨ, ਆਬੂ ਧਾਬੀ, ਦੁੱਬਈ, ਦੋਹਾ, ਅਜਮਾਨ ਆਦਿ ਕਈ ਨਿੱਕੇ ਨਿੱਕੇ ਦੇਸ਼ ਹਨ। ਪੰਜਾਬੀ ਲੇਖਿਕਾ ਕਾਨਾ ਸਿੰਘ ਦਾ ਬੇਟਾ ਹਰਦੀਪ ਸਿੰਘ ਆਨੰਤ ਅਜਮਾਨ ਦੇ ਸਿਟੀ ਯੂਨੀਵਰਸਟੀ ਕਾਲਜ ਵਿਚ ਪ੍ਰੋਫੈਸਰ ਹੈ। ਕਾਨਾ ਸਿੰਘ ਪਿਛਲੇ ਹਫਤੇ ਉਥੇ ਜਾ ਕੇ ਆਪਣੇ ਬੇਟੇ ਦੇ ਸ਼ੁਭਚਿੰਤਕਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦੀਆਂ ਸਲਾਮਾਂ ਲੈ ਕੇ ਤੇ ਉਥੋਂ ਦੇ ਵਸਨੀਕਾਂ ਦੇ ਚਿਹਨ ਚਕਰ ਨਾਲ ਮਾਲਾ ਮਾਲ ਹੋ ਕੇ ਆਈ ਹੈ।

ਅਜਮਾਨ ਦੇ ਗੁਰਦੁਆਰੇ ਗਈ ਤਾਂ ਪਤਾ ਲੱਗਾ ਕਿ ਇਸ ਦੀ ਉਸਾਰੀ ਦਾ ਬੀੜਾ ਤਾਂ ਸਿੰਧੀ ਸਿੱਖਾਂ ਨੇ ਚੁੱਕਿਆ ਸੀ, ਪਰ ਅਜਮਾਨ ਦੇ ਬਾਦਸ਼ਾਹ ਦਾ ਮਾਇਕ ਯੋਗਦਾਨ ਸਭ ਤੋਂ ਵੱਧ ਸੀ। ਸਾਰੀ ਵਸੋਂ ਇਸ ਨੂੰ ਨਾਨਕ ਦਰਬਾਰ ਕਹਿ ਕੇ ਸਤਿਕਾਰਦੀ ਹੈ। ਕਾਨਾ ਦੇ ਜਾਣ ਤੋਂ ਪਹਿਲਾ ਉਥੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ ਸੀ।

ਸਾਗਰੀ ਤੱਟ ਨੂੰ ਛੱਡ ਕੇ ਸਾਰੇ ਦਾ ਸਾਰਾ ਇਲਾਕਾ ਰੇਤਲਾ ਹੈ, ਜਿਥੇ ਕੋਈ ਫਸਲ ਨਹੀਂ ਹੁੰਦੀ। 19ਵੀਂ ਸਦੀ ਦੇ ਅੱਧ ਤੱਕ ਲੋਕਾਂ ਦੀ ਰੋਜ਼ੀ ਰੋਟੀ ਦਾ ਸਾਧਨ ਸਮੁੰਦਰੀ ਡਾਕੇ ਸਨ, ਜੋ ਸਮਾਂ ਪਾ ਕੇ ਮੋਤੀ, ਮੱਛੀਆਂ ਫੜਨ ਤੇ ਮਸਾਲਿਆਂ ਦੇ ਵਪਾਰ ਦਾ ਰੂਪ ਧਾਰ ਗਏ। ਸੰਨ 1962 ਤੋਂ ਤੇਲ ਤੇ ਗੈਸ ਦੀ ਲੱਭਤ ਨੇ ਉਨ੍ਹਾਂ ਦੇ ਜੀਵਨ ਵਿਚ ਇਨਕਲਾਬੀ ਤਬਦੀਲੀ ਲਿਆਂਦੀ ਹੈ। ਸੋਨੇ ਦੇ ਰਿੰਮਾਂ ਵਾਲੀਆਂ ਮੋਟਰ ਗੱਡੀਆਂ ਦੇ ਮਾਲਕ ਹੋਣਾ ਇਸ ਦਾ ਸਬੂਤ ਹਨ।

ਰੋਜ਼ੀ ਰੋਟੀ ਲਈ ਉਥੇ ਪਹੁੰਚੀ 85% ਵਸੋਂ ਗੁਜਰਾਤ ਤੇ ਕੇਰਲ ਦੇ ਲੋਕਾਂ ਦੀ ਹੈ, ਜੋ ਵੱਡੀਆਂ ਦੁਕਾਨਾਂ ਤੇ ਫਰਮਾਂ ਦੇ ਮਾਲਕ ਹਨ, ਪਰ ਭਾਰਤੀ ਅਤੇ ਪਾਕਿਸਤਾਨੀ ਪੰਜਾਬੀ ਤੇ ਸਿੰਧੀ ਵੀ ਘਟ ਨਹੀਂ। ਕਾਨਾ ਦੇ ਬੇਟੇ ਹਰਦੀਪ ਦਾ ਕਹਿਣਾ ਹੈ ਕਿ ਜਿੰਨਾ ਇੱਜਤ ਮਾਣ ਸਾਡੇ ਪੰਜਾਬੀਆਂ ਨੇ ਕਮਾਇਆ ਹੈ, ਪਾਕਿਸਤਾਨੀ ਵਸੋਂ ਨਹੀਂ ਕਮਾ ਸਕੀ। ਉਹ ਇਸ ਦਾ ਸਿਹਰਾ ਪੰਜਾਬੀਆਂ ਦੀ ਨੀਅਤ ਰੱਜੀ ਹੋਣ ਦੇ ਸਿਰ ਬੰਨ੍ਹਦਾ ਹੈ। ਕਾਨਾ ਸਿੰਘ ਨੂੰ ਪਿੱਛੇ ਦੀ ਚਿੰਤਾ ਨਾ ਹੁੰਦੀ ਤਾਂ ਉਸ ਨੇ ਪਤਾ ਨਹੀਂ ਕਿੰਨਾ ਸਮਾਂ ਉਥੇ ਰੁਕੀ ਰਹਿਣਾ ਸੀ, ਭਾਵੇਂ ਉਥੋਂ ਦੀ ਰੇਤ ਨੇ ਹਰ ਪਾਸੇ ਸੀਤ ਲਹਿਰ ਵਰਤਾ ਰੱਖੀ ਸੀ। ਇਥੋਂ ਨਾਲੋਂ ਵੀ ਵੱਧ।

ਚੇਤੇ ਰਹੇ, 77,700 ਵਰਗ ਕਿਲੋਮੀਟਰ ਵਿਚ ਵਸਦੇ ਉਥੋਂ ਦੇ 25 ਲੱਖ ਤੋਂ ਵੱਧ ਲੋਕਾਂ ਲਈ ਪੀਣ ਲਈ ਹੀ ਨਹੀਂ, ਖੇਤੀ ਦੇ ਯੋਗ ਕਰਨ ਵਾਸਤੇ ਵੀ ਇਸ ਦੇ ਲੂਣਕੇ ਤੇ ਕੱਲਰੀ ਤੱਤ ਨਿਤਾਰਨੇ ਪੈਂਦੇ ਹਨ, ਜਿਸ ਦਾ ਜੁਗਾੜ ਸਭ ਛੋਟੇ-ਵੱਡੇ ਦੇਸ਼ਾਂ ਨੇ ਕਰ ਰੱਖਿਆ ਹੈ। ਕਮਾਲ ਹੀ ਕਮਾਲ!

**ਅੰਤਿਕਾ: ਹਰਦਿਆਲ ਸਾਗਰ**

ਬਹੁਤ ਮੈਲੇ ਰਸਤਿਆਂ ਰਾਹੀਂ
ਤੂੰ ਕੀਤਾ ਹੈ ਸਫਰ,
ਇੱਕ ਸਮੁੰਦਰ ਨੇ ਨਦੀ ਦੇ
ਪੈਰ ਧੋ ਕੇ ਆਖਿਆ।

# ਪੰਜਾਬ, ਪਰਦੇਸ, ਪਰਵਾਸ

***ਪੰਜਾਬ ਵਿਚੋਂ ਹੋ ਰਿਹਾ ਪਰਵਾਸ ਅੱਜ ਕੱਲ੍ਹ ਭਖਦਾ ਮਸਲਾ ਹੈ। ਹੁਣ ਤਕ ਪੰਜਾਬ ਤੋਂ ਪਰਦੇਸੀ ਹੋਇਆ ਬੰਦਾ ਪਿਛਾਂਹ ਆਪਣੀ ਕਮਾਈ ਭੇਜਦਾ ਸੀ ਪਰ 10-15 ਸਾਲਾਂ ਤੋਂ ਪਾਸੇ ਪਲਟ ਗਏ ਹਨ। ਹੁਣ ਪੰਜਾਬੀਆਂ ਦੇ ਨਾਲ-ਨਾਲ ਪੈਸਾ ਵੀ ਵਿਦੇਸ਼ਾਂ ਵਲ ਜਾਣ ਲੱਗ ਪਿਆ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੜ੍ਹਦੀ ਜੀਵਨਪ੍ਰੀਤ ਕੌਰ ਨੇ ਇਸ ਮਸਲੇ ਦੇ ਪੱਖਾਂ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਬਚਪਨ, ਜਵਾਨੀ ਅਤੇ ਬੁਢਾਪਾ, ਤਿੰਨੇ ਹੀ ਮਨੁੱਖੀ ਜੀਵਨ ਦੀਆਂ ਅਹਿਮ ਅਵਸਥਾਵਾਂ ਹਨ। ਇਨ੍ਹਾਂ ਵਿਚੋਂ ਸਮੁੱਚੇ ਤੌਰ 'ਤੇ ਜੇ ਕੋਈ ਇਕ ਅਵਸਥਾ ਵੀ ਡਾਵਾਂਡੋਲ ਹੋ ਜਾਵੇ ਤਾਂ ਸਮੁੱਚੀ ਸਮਾਜਿਕ ਵਿਵਸਥਾ ਚਰਮਰਾ ਜਾਂਦੀ ਹੈ, ਕਿਉਂਕਿ ਹਰ ਅਵਸਥਾ ਮਨੁੱਖੀ ਸਮਾਜ ਦੀ ਵਿਵਸਥਾ ਵਿਚ ਅਹਿਮ ਯੋਗਦਾਨ ਪਾਉਂਦੀ ਹੈ। ਬਚਪਨ ਅਤੇ ਜਵਾਨੀ ਦੀ ਅਵਸਥਾ ਵਿਸ਼ੇਸ਼ ਤੌਰ 'ਤੇ ਸਮਾਜ ਲਈ ਆਸ ਅਤੇ ਵਿਕਾਸ ਦਾ ਸਾਧਨ ਹੁੰਦੀ ਹੈ। ਸੁਖਾਵੇਂ ਅਤੇ ਖੁਸ਼ਗਵਾਰ ਮਾਹੌਲ 'ਚ ਪਲਿਆ ਬਚਪਨ ਹੀ ਆਸ ਨਾਲ ਭਰੀ ਨੌਜਵਾਨ ਸ਼ਕਤੀ ਵਿਚ ਬਦਲਦਾ ਹੈ ਜਿਸ ਦੀ ਬਦੌਲਤ ਸਮਾਜ ਵਿਕਾਸ ਕਰਦਾ ਹੈ ਪਰ ਪੰਜਾਬ ਵਿਚੋਂ ਜਿਸ ਪੱਧਰ 'ਤੇ ਨੌਜਵਾਨਾਂ ਦਾ ਪਰਵਾਸ ਹੋ ਰਿਹਾ ਹੈ, ਉਸ ਨੂੰ ਦੇਖਦਿਆਂ ਜੇ ਇਹ ਕਹਿ ਲਿਆ ਜਾਵੇ ਕਿ ਪੰਜਾਬ ਆਉਣ ਵਾਲੇ ਕੁਝ ਸਾਲਾਂ ਬਾਅਦ ਬਚਪਨ ਅਤੇ ਜਵਾਨੀ ਵਿਹੂਣਾ ਹੋ ਜਾਵੇਗਾ ਤਾਂ ਇਸ 'ਚ ਕੋਈ ਅਤਿ ਕਥਨੀ ਨਹੀਂ ਹੋਵੇਗੀ। ਇਹ ਵੀ ਕਹਿਣਾ ਗਲਤ ਨਹੀਂ ਹੈ ਕਿ ਇਹ ਪਰਵਾਸ ਕੇਵਲ ਪੰਜਾਬ ਦੇ ਨੌਜਵਾਨਾਂ ਦਾ ਹੀ ਨਹੀਂ ਸਗੋਂ ਪੰਜਾਬ ਦੇ ਸਰਮਾਏ, ਚੜ੍ਹਦੀ ਕਲਾ ਅਤੇ ਨਰੋਈ ਸੋਚ ਨਾਲ

**ਜੀਵਨਪ੍ਰੀਤ ਕੌਰ**
**ਫੋਨ: +91-84370-10461**

ਭਰਪੂਰ ਊਰਜਾ, ਰਿਸ਼ਤਿਆਂ ਨਾਲ ਬੱਝੀ ਸਮਾਜਿਕ ਵਿਵਸਥਾ ਅਤੇ ਇਸ ਨਾਲ ਜੁੜੀਆਂ ਆਸਾਂ-ਉਮੀਦਾਂ ਦਾ ਵੀ ਹੋ ਰਿਹਾ ਹੈ।

ਕਿਸੇ ਸਮੇਂ ਪੰਜਾਬ ਲਈ ਇਹੀ ਪਰਵਾਸ ਵਰਦਾਨ ਦਾ ਰੂਪ ਜਾਪਦਾ ਸੀ, ਜਦੋਂ ਦੂਜੇ ਮੁਲਕਾਂ ਤੋਂ ਪੰਜਾਬੀ ਸਰਮਾਇਆ ਕਮਾ ਕੇ ਪੰਜਾਬ ਬੈਠੇ ਪਰਿਵਾਰਾਂ ਨੂੰ ਭੇਜਦੇ ਸਨ ਅਤੇ ਇਥੋਂ ਦੀ ਆਰਥਿਕਤਾ ਨੂੰ ਹੁਲਾਰਾ ਦਿੰਦੇ ਸਨ। ਪਰਵਾਸੀਆਂ ਵਲੋਂ ਆਏ ਸਰਮਾਏ ਨੇ ਕੇਵਲ ਆਪਣੇ ਪਰਿਵਾਰਾਂ ਦੀ ਹੀ ਨਹੀਂ ਸਗੋਂ ਪੰਜਾਬ ਦੇ ਕਈ ਸ਼ਹਿਰਾਂ ਤੇ ਪਿੰਡਾਂ ਦੀ ਨੁਹਾਰ ਵੀ ਬਦਲੀ। ਪਰਵਾਸੀਆਂ ਦੀ ਪੰਜਾਬ ਫੇਰੀ ਦੌਰਾਨ ਇਨ੍ਹਾਂ ਕੋਲ ਵੱਡੀਆਂ ਗੱਡੀਆਂ, ਚੰਗੀਆਂ ਕੋਠੀਆਂ ਅਤੇ ਉਂਗਲਾਂ 'ਚ ਦਮਕਦੀਆਂ ਸੁਨਹਿਰੀ ਛਾਪਾਂ ਨੇ ਦੇਸੀ ਪੰਜਾਬੀਆਂ ਦੀਆਂ ਅੱਖਾਂ ਵਿਚ ਪਰਦੇਸਾਂ ਦੇ ਸੁਪਨੇ ਬੀਜੇ ਜਿਨ੍ਹਾਂ ਵਿਚ ਪਰਦੇਸ ਦੀ ਧਰਤੀ ਪੈਸਾ ਉਗਲਦੀ ਦਿਖਾਈ ਦਿੰਦੀ ਸੀ ਜਾਂ ਸ਼ਾਇਦ ਉਨ੍ਹਾਂ ਮੁਲਕਾਂ ਕੋਲ ਕੋਈ ਪਾਰਸ ਹੈ ਪਰ ਹਕੀਕਤ ਇਹ ਸੀ ਕਿ ਇਕ ਤਾਂ ਉਦੋਂ ਪੰਜਾਬੀ ਪਰਵਾਸ ਕਰਨ ਵਾਲੇ ਘੱਟ ਸਨ ਤੇ ਦੂਜਾ, ਉਹ ਜਿਸ ਹੱਡ-ਭੰਨਵੀਂ ਮਿਹਨਤ ਨਾਲ ਪੂੰਜੀ ਪੈਦਾ ਕਰ ਰਹੇ ਸਨ, ਉਸ ਬਾਰੇ ਉਹ ਆਪਣੇ ਵਾਕਫਾਂ-ਰਿਸ਼ਤੇਦਾਰਾਂ ਨੂੰ ਦੱਸਦੇ ਨਹੀਂ ਸਨ। ਇਸੇ ਕਾਰਨ ਪਰਵਾਸ ਪੰਜਾਬੀਆਂ ਲਈ ਹੁਸੀਨ ਸੁਪਨਾ ਬਣਦਾ ਗਿਆ ਅਤੇ ਨੌਜਵਾਨ ਉਹੀ ਹੱਡ-ਭੰਨਵੀਂ ਮਿਹਨਤ ਆਪਣੇ ਸੂਬੇ ਵਿਚ ਕਰਨਾ ਛੱਡਦੇ ਗਏ। ਇਸ ਦੇ ਨਾਲ ਹੀ ਸਰਕਾਰਾਂ ਦੀਆਂ ਬਦਨੀਤੀਆਂ ਨਾਲ ਪੰਜਾਬ ਦਾ ਮਾਹੌਲ ਵੀ ਨੌਜਵਾਨਾਂ ਲਈ ਨਾਉਮੀਦੀ ਪੈਦਾ ਕਰਦਾ ਰਿਹਾ। ਸਿੱਟੇ ਵਜੋਂ ਪਰਵਾਸ ਐਸੀ ਮਜਬੂਰੀ ਬਣ ਗਿਆ ਜੋ ਹੌਲੀ-ਹੌਲੀ ਸਾਡੀ ਪੂੰਜੀ, ਕਿਰਤ ਸ਼ਕਤੀ ਅਤੇ ਸਭਿਆਚਾਰ ਨੂੰ ਵਿਦੇਸ਼ਾਂ ਵੱਲ ਲਿਜਾਣ ਲੱਗ ਪਿਆ, ਜਿਸ ਦਾ ਸੰਤਾਪ ਆਉਣ ਵਾਲੇ ਕੁਝ ਸਾਲਾਂ ਵਿਚ ਪੰਜਾਬ ਦੀ ਮਿੱਟੀ ਨੂੰ ਹੰਢਾਉਣਾ ਪਵੇਗਾ।

ਆਰਥਿਕ ਪੱਖ 'ਤੋਂ ਵਿਚਾਰਿਆ ਜਾਵੇ ਤਾਂ ਇਕ ਵਿਦਿਆਰਥੀ ਨੂੰ ਪੜ੍ਹਾਈ ਵੀਜ਼ੇ ਰਾਹੀਂ ਵਿਦੇਸ਼ ਭੇਜਣ ਲਈ ਪਰਿਵਾਰ ਨੂੰ ਪੰਦਰਾਂ ਤੋਂ ਬਾਈ ਲੱਖ ਤਕ ਦਾ ਅੰਦਾਜ਼ਨ ਖਰਚਾ ਪੈ ਹੀ ਜਾਂਦਾ ਹੈ। ਮੌਜੂਦਾ ਸਥਿਤੀ ਨੂੰ ਦੇਖੀਏ ਤਾਂ ਰੋਜ਼ਾਨਾ ਸੈਂਕੜੇ ਨੌਜਵਾਨਾਂ ਦੇ ਹੋ ਰਹੇ ਪਰਵਾਸ ਰਾਹੀਂ ਪੰਜਾਬ ਦਾ ਕਰੋੜਾਂ ਦਾ ਸਰਮਾਇਆ ਵੀ ਵਿਦੇਸ਼ੀ ਮੁਲਕਾਂ ਨੂੰ ਜਾ ਰਿਹਾ ਹੈ। ਸਿਰਫ ਇਹੀ ਨਹੀਂ, ਬਹੁਤ ਸਾਰੇ ਨੌਜਵਾਨ ਵਿਦੇਸ਼ ਪਹੁੰਚ ਕੇ ਵੀ ਉਥੋਂ ਦੇ ਖਰਚੇ ਪੂਰੇ ਨਹੀਂ ਕਰ ਸਕਦੇ, ਲਿਹਾਜ਼ਾ ਮਾਪਿਆਂ ਨੂੰ ਇਧਰੋਂ ਹੋਰ ਪੈਸੇ ਭੇਜਣੇ ਪੈ ਰਹੇ ਹਨ। ਤ੍ਰਾਸਦਿਕ ਪਹਿਲੂ ਇਹ ਹੈ ਕਿ ਨੌਜਵਾਨ ਭਾਵੇਂ ਪੜ੍ਹਾਈ ਦੇ ਨਾਮ 'ਤੇ ਵਿਦੇਸ਼ ਜਾ ਰਹੇ ਹਨ ਪਰ ਉਹ ਕਦੇ ਵੀ ਵਾਪਸ ਨਾ ਮੁੜਨ ਲਈ ਜਾ ਰਹੇ ਹਨ। ਉਹ ਉਥੋਂ ਦੇ ਨਾਗਰਿਕ ਬਣ ਕੇ ਉਧਰ ਹੀ ਰਹਿਣਾ ਚਾਹੁੰਦੇ ਹਨ ਜਿਸ ਕਾਰਨ ਇਸ ਸਰਮਾਏ ਦੇ ਕਦੇ ਵੀ ਪੰਜਾਬ ਦੀ ਆਰਥਿਕਤਾ ਵਿਚ ਵਾਪਸ ਆਉਣ ਦੀ ਸੰਭਾਵਨਾ ਬਿਲਕੁਲ ਖਤਮ ਹੈ।

ਇਸ ਦੇ ਨਾਲ ਹੀ ਇਹ ਵੀ ਵਿਚਾਰਨਯੋਗ ਪਹਿਲੂ ਹੈ ਕਿ ਜ਼ਿਆਦਾਤਰ ਨੌਜਵਾਨਾਂ ਨੂੰ ਮਾਪਿਆਂ ਵਲੋਂ ਕਰਜ਼ਾ ਚੁੱਕ ਕੇ ਵਿਦੇਸ਼ ਭੇਜਿਆ ਗਿਆ ਹੈ। ਮਾਪਿਆਂ ਦੀ ਆਸ ਹੁੰਦੀ ਹੈ ਕਿ ਵਿਦੇਸ਼ੋਂ ਆਉਣ ਵਾਲੀ ਕਮਾਈ ਨਾਲ ਉਹ ਇਹ ਕਰਜ਼ਾ ਉਤਾਰ ਦੇਣਗੇ ਜਿਸ ਲਈ ਉਹ ਸਾਲਾਂ ਦੇ ਸਾਲ ਬੇਸਬਰੀ ਨਾਲ ਬੱਚੇ ਦੇ ਵਿਦੇਸ਼ ਵਿਚ ਪੱਕਾ ਨਾਗਰਿਕ ਹੋਣ ਦੀ ਉਡੀਕ ਕਰਦੇ ਹਨ। ਜਦੋਂ ਨੂੰ ਨੌਜਵਾਨ ਇਹ ਨਾਗਰਿਕਤਾ ਹਾਸਲ ਕਰਨ ਵਿਚ ਕਾਮਯਾਬ ਹੁੰਦਾ ਹੈ, ਉਸ ਵੇਲੇ ਤਕ ਉਸ ਲਈ ਵਿਦੇਸ਼ ਵਿਚ ਆਪਣਾ ਕੰਮ-ਧੰਦਾ ਕਰਨ, ਘਰ ਖਰੀਦਣ ਆਦਿ ਦੇ ਮਸਲੇ ਸਿਰ ਚੁੱਕ ਲੈਂਦੇ ਹਨ ਅਤੇ ਉਹ ਦੁਬਿਧਾ ਵਿਚ ਪੈ ਜਾਂਦਾ ਹੈ ਕਿ ਉਹ ਆਪਣੀ ਕਮਾਈ



ਆਪਣੇ ਭਵਿਖ ਲਈ ਜੋੜੇ ਜਾਂ ਪਿੱਛੇ ਮਾਪਿਆਂ ਨੂੰ ਭੇਜੇ। ਇਸ ਦੁਬਿਧਾ ਵਿਚੋਂ ਰਿਸ਼ਤਿਆਂ ਦੇ ਤਿੜਕਣ ਦੀ ਆਵਾਜ਼ ਵੀ ਸਮਾਜ ਨੂੰ ਸੁਣਾਈ ਦੇਣ ਲੱਗ ਜਾਂਦੀ ਹੈ। ਪੰਜਾਬੀ ਯੂਨੀਵਰਸਿਟੀ ਦੀ ਇਕ ਖੋਜ ਅਨੁਸਾਰ ਪਰਵਾਸ ਕਰਨ ਵਾਲੇ 70 ਫੀਸਦੀ ਨੌਜਵਾਨ ਕਿਸਾਨੀ ਪਿਛੋਕੜ ਦੇ ਹਨ। ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦੇ ਬੋਝ ਨੇ ਪਹਿਲਾਂ ਹੀ ਪੰਜਾਬ ਵਿਚ ਖੁਦਕੁਸ਼ੀਆਂ ਦੀ ਫਸਲ ਬੀਜ ਦਿੱਤੀ ਹੈ, ਜਿਸ ਨੇ ਮਾਲਵੇ ਦੇ ਸਭ ਤੋਂ ਵੱਧ ਘਰਾਂ ਨੂੰ ਖਾਲੀ ਕੀਤਾ ਹੈ। ਹੁਣ ਪਰਵਾਸ ਕਰਜ਼ੇ ਦੇ ਰੂਪ ਵਿਚ ਇਕ ਹੋਰ ਦੈਂਤ ਸਾਡੇ ਸਮਾਜ ਦੇ ਸਕੂਨ ਨੂੰ ਨਿਗਲਣ ਲਈ ਤਿਆਰ ਹੋ ਰਿਹਾ ਹੈ।

ਪੰਜਾਬ ਵਿਚ ਫੈਲੀ ਬੇਰੁਜ਼ਗਾਰੀ, ਵਧ ਰਹੇ ਨਸ਼ੇ, ਜੁਰਮਾਂ, ਭਵਿਖ ਪ੍ਰਤੀ ਅਨਿਸ਼ਚਤਤਾ ਅਤੇ ਵਿਦੇਸ਼ੀ ਮੁਲਕਾਂ ਦੀ ਚਕਾਚੌਂਧ ਕਾਰਨ ਪੰਜਾਬੀਆਂ ਦੇ ਸੁਪਨਿਆਂ ਵਿਚ ਵੀ ਇਹ ਸਵਾਲ ਹੀ ਖੌਰੂ ਪਾ ਰਿਹਾ ਹੁੰਦਾ ਹੈ ਕਿ ਵੀਜ਼ਾ ਫਾਇਲ ਦਾ ਕੀ ਸਟੇਟਸ ਹੈ? ਵਿਦੇਸ਼ ਉਡਾਰੀ ਦੀ ਰੀਝ ਇੰਨੀ ਪ੍ਰਚੰਡ ਹੋ ਚੁੱਕੀ ਹੈ ਕਿ ਹੁਣ ਤਾਂ ਧਾਰਮਿਕ ਸਥਾਨਾਂ 'ਤੇ ਵੀ ਲੋਕ ਸੋਨੇ-ਚਾਂਦੀ ਦੇ ਜਹਾਜ਼ਾਂ ਦੀ ਸੁੱਖ ਸੁੱਖਣ ਲੱਗ ਪਏ ਹਨ। ਇਹ ਖਾਹਿਸ਼ ਇਸ ਕਦਰ ਭਾਰੂ ਹੈ ਕਿ ਉਚੇਰੀ ਸਿੱਖਿਆ ਦੇ ਨਾਮ 'ਤੇ ਜਾ ਰਹੇ ਨੌਜਵਾਨਾਂ ਨੂੰ ਇਸ ਗੱਲ ਦਾ ਵੀ ਕੋਈ ਫਿਕਰ ਨਹੀਂ ਹੁੰਦਾ ਕਿ ਉਹ ਜਿਸ ਕੋਰਸ ਵਿਚ ਦਾਖਲਾ ਲੈ ਰਹੇ ਹਨ, ਉਨ੍ਹਾਂ ਨੂੰ ਉਸ ਵਿਸ਼ੇ ਬਾਰੇ ਕੋਈ ਮੁੱਢਲਾ ਗਿਆਨ ਜਾਂ ਰੁਚੀ ਵੀ ਹੈ? ਜਾਂ ਉਹ ਕੋਰਸ ਉਨ੍ਹਾਂ ਦੇ ਭਵਿਖ ਲਈ ਸਹਾਇਕ ਹੋ ਵੀ ਸਕਦਾ ਹੈ ਜਾਂ ਨਹੀਂ? ਨੌਜਵਾਨਾਂ ਲਈ ਸਿਰਫ ਇਹੀ ਮਹੱਤਵਪੂਰਨ ਹੈ ਕਿ ਵੀਜ਼ਾ ਕਿਸ ਕੋਰਸ ਰਾਹੀਂ ਸੌਖਾ ਮਿਲੇਗਾ ਤਾਂ ਜੋ ਉਹ ਵਿਦੇਸ਼ ਪਹੁੰਚ ਸਕਣ। ਇਸ ਤਰ੍ਹਾਂ ਬਹੁਗਿਣਤੀ ਨੌਜਵਾਨਾਂ ਦਾ ਭਵਿਖ ਜੂਏ ਦੀ ਬਾਜ਼ੀ ਬਣ ਜਾਂਦਾ ਹੈ।

ਹੁਣ ਸਵਾਲ ਇਹ ਹੈ ਕਿ ਜੇ ਪਰਵਾਸ ਸਾਡੀ ਮਾਨਸਿਕਤਾ 'ਤੇ ਇਸ ਕਦਰ ਹਾਵੀ ਹੋ ਗਿਆ ਹੈ ਤਾਂ ਇਸ ਲਈ ਜ਼ਿੰਮੇਵਾਰ ਕੌਣ ਹੈ? ਕੀ ਇਸ ਸਿਲਸਿਲੇ ਨੂੰ ਰੋਕਿਆ ਜਾ ਸਕਦਾ ਹੈ? ਇਸ ਸਾਰੇ ਵਰਤਾਰੇ ਵਿਚ ਇਕ ਗੱਲ ਸਪਸ਼ਟ ਹੈ ਕਿ ਪੰਜਾਬੀ ਨੌਜਵਾਨਾਂ ਵਿਚ ਮਿਹਨਤ ਦੀ ਕਣੀ ਅਜੇ ਵੀ ਬਰਕਰਾਰ ਹੈ। ਵਿਦੇਸ਼ ਜਾ ਕੇ ਵੀ ਸਾਡੇ ਬੱਚੇ ਆਪਣੀ ਮਿਹਨਤ ਨਾਲ ਹੋਂਦ ਨੂੰ ਸਿੱਧ ਤਾਂ ਕਰ ਹੀ ਰਹੇ ਹਨ। ਜੇ ਕਿਤੇ ਸਾਡੀਆਂ ਸਰਕਾਰਾਂ ਇਨ੍ਹਾਂ ਬੱਚਿਆਂ ਨੂੰ ਆਪਣਾ ਹੁਨਰ ਅਜ਼ਮਾਉਣ ਦਾ ਮਾਹੌਲ ਪ੍ਰਦਾਨ ਕਰਦੀਆਂ ਤਾਂ ਸ਼ਾਇਦ ਇਹ ਬੱਚੇ ਅੱਜ ਇਸ ਮਿੱਟੀ ਦੀ ਰੌਣਕ ਵਧਾ ਰਹੇ ਹੁੰਦੇ ਪਰ ਸਾਡੀਆਂ ਰਾਜਨੀਤਕ ਪਾਰਟੀਆਂ, ਭਾਵੇਂ ਉਹ ਸੱਤਾਧਾਰੀ ਹੋਣ ਜਾਂ ਸੱਤਾ ਤੋਂ ਬਾਹਰ ਪਰਵਾਸ ਦੇ ਰੁਝਾਨ ਪ੍ਰਤੀ ਸੰਜੀਦਾ ਨਹੀਂ ਲੱਗਦੀਆਂ। ਸੱਤਾਧਾਰੀ ਧਿਰਾਂ, ਤਖਤਾਂ ਦੇ ਐਸ਼ੋ-ਇਸ਼ਰਤ ਵਿਚ ਮਸਰੂਫ ਪੰਜਾਬ ਦੇ ਹਾਲ ਤੋਂ ਬੇਖਬਰ ਹਨ ਅਤੇ ਸੱਤਾ 'ਚੋਂ ਹਾਰੇ ਹੁਕਮਰਾਨਾਂ ਦੀਆਂ ਰੋਸ ਰੈਲੀਆਂ ਵਿਚ ਵੀ ਨੌਜਵਾਨਾਂ ਦੇ ਹਕੀਕੀ ਮਸਲਿਆਂ ਪ੍ਰਤੀ ਕੋਈ ਸੰਜੀਦਾ ਆਵਾਜ਼ ਉਠਣ ਦੀ ਬਜਾਏ ਖੁੱਸੀ ਹੋਈ ਕੁਰਸੀ ਦਾ ਰੋਸ-ਰੌਲਾ ਹੀ ਸੁਣਾਈ ਪੈਂਦਾ ਹੈ।

ਸਮੇਂ ਦੀ ਲੋੜ ਹੈ ਕਿ ਪਰਵਾਸ ਨੂੰ ਰੋਕਣ ਲਈ ਨੌਜਵਾਨ ਸ਼ਕਤੀ ਨੂੰ ਵਾਜਿਬ ਤਰੀਕੇ ਨਾਲ ਵਰਤ ਕੇ ਰੁਜ਼ਗਾਰ ਯੋਗਤਾ ਪੈਦਾ ਕਰਕੇ ਕਿਰਤ ਦਾ ਸਿਰਫ ਮੌਕਾ ਹੀ ਨਹੀਂ ਸਗੋਂ ਵਾਜਿਬ ਮੁੱਲ ਵੀ ਦਿੱਤਾ ਜਾਵੇ। ਮੁਫਤ ਸਮਾਰਟਫੋਨ ਦੇਣ ਦੀ ਜਗ੍ਹਾ ਨੌਜਵਾਨਾਂ ਨੂੰ ਇਸ ਕਾਬਲ ਬਣਾਇਆ ਜਾਵੇ ਕਿ ਉਹ ਆਪਣੀ ਪਸੰਦ ਦਾ ਸਮਾਰਟਫੋਨ ਆਪਣੀ ਕਮਾਈ ਨਾਲ ਖਰੀਦਣ ਦਾ ਮਾਣ ਵੀ ਹਾਸਲ ਕਰ ਸਕਣ। ਸੋ, ਇਥੇ ਆਮ ਲੋਕਾਂ ਅਤੇ ਖਾਸ ਕਰ ਨੌਜਵਾਨਾਂ ਨੂੰ ਵੀ ਚੌਕਸ ਹੋਣ ਦੀ ਲੋੜ ਹੈ ਕਿ ਰਾਜਨੀਤਕ ਪਾਰਟੀਆਂ ਦੇ ਮੁਫਤਖੋਰੀ ਵਧਾਉਂਦੇ ਮੈਨੀਫੈਸਟੋ ਨੂੰ ਨਕਾਰਿਆ ਜਾਵੇ ਤਾਂ ਜੋ ਪਾਰਟੀਆਂ ਨੂੰ ਰੁਜ਼ਗਾਰ, ਸਿਹਤ ਸਹੂਲਤਾਂ ਅਤੇ ਸਿੱਖਿਆ ਵਰਗੇ ਮੁੱਦਿਆਂ 'ਤੇ ਆਪਣੀ ਪਹੁੰਚ ਅਤੇ ਸੋਚ ਸਪਸ਼ਟ ਕਰਨ ਲਈ ਮਜਬੂਰ ਕੀਤਾ ਜਾ ਸਕੇ।

ਆਖਰ 'ਕੀ ਚਾਹੁੰਦਾ ਹੈ ਪੰਜਾਬ', ਇਹ ਕੋਈ ਪ੍ਰਸ਼ਾਂਤ ਕਿਸ਼ੋਰ ਕਿਉਂ ਦੱਸੇ? ਪੰਜਾਬੀਆਂ ਨੂੰ ਖੁਦ ਦੱਸਣਾ ਪਵੇਗਾ ਕਿ ਅਸੀਂ ਨਾ ਤਾਂ ਕੈਲੀਫੋਰਨੀਆ ਵਰਗਾ ਪੰਜਾਬ ਚਾਹੁੰਦੇ ਹਾਂ ਅਤੇ ਨਾ ਹੀ ਪਰਵਾਸ ਰਾਹੀਂ ਪੰਜਾਬ ਵਰਗਾ ਕੈਲੀਫੋਰਨੀਆ। ਅਸੀਂ ਉਹ ਪੰਜਾਬ ਚਾਹੁੰਦੇ ਹਾਂ ਜਿਥੇ ਪੈਦਾ ਹੋਇਆ ਬਚਪਨ, ਇਥੋਂ ਦੀ ਫਿਜ਼ਾ ਵਿਚ ਜਵਾਨੀ ਹੰਢਾਉਂਦਾ, ਤੰਦਰੁਸਤ ਬਜ਼ੁਰਗੀ ਦੇ ਰੂਪ ਵਿਚ ਇਥੋਂ ਦੀ ਹੀ ਮਿੱਟੀ ਦੇ ਲੇਖੇ ਲੱਗੇ।

# ਪੈਰਾਸਾਈਟ: ਸਿਆਸਤ ਅਤੇ ਪੂੰਜੀ ਦਾ ਹਕੀਕੀ ਜਲਵਾ

***ਇਸ ਵਾਰ ਕੋਰੀਅਨ ਫਿਲਮ 'ਪੈਰਾਸਾਈਟ' ਨੇ ਚਾਰ ਆਸਕਰ ਇਨਾਮ ਜਿੱਤੇ ਹਨ। ਇਹ ਫਿਲਮ ਕੁੱਲ ਛੇ ਇਨਾਮਾਂ ਲਈ ਨਾਮਜ਼ਦ ਹੋਈ ਸੀ। ਇਹ ਫਿਲਮ ਅੱਜ ਦੇ ਸੰਸਾਰ ਸਿਸਟਮ ਦੀਆਂ ਕਈ ਪਰਤਾਂ ਫਰੋਲਦੀ ਹੈ। ਇਸ ਫਿਲਮ ਬਾਰੇ ਅਸੀਂ ਡਾ. ਕੁਲਦੀਪ ਕੌਰ ਦੀ ਇਹ ਅਹਿਮ ਟਿੱਪਣੀ ਛਾਪ ਰਹੇ ਹਾਂ। -ਸੰਪਾਦਕ***

**ਡਾ. ਕੁਲਦੀਪ ਕੌਰ**
**ਫੋਨ: +91-98554-04330**

ਆਪਣੀ ਪਹਿਲੀ ਫਿਲਮ 'ਦਿ ਬਾਰਕਿੰਗ ਡੌਗਜ਼ ਨੇਵਰ ਬਾਈਟਜ਼' (ਭੌਂਕਣ ਵਾਲੇ ਕੁੱਤੇ ਵੱਢਦੇ ਨਹੀਂ, ਸਾਲ 2000 ਵਿਚ ਬਣਾਈ) ਰਾਹੀਂ ਫਿਲਮਸਾਜ਼ ਬੌਂਗ ਜੂਨ-ਹੋ ਆਪਣੀ ਫਿਲਮੀ ਇਬਾਰਤ ਦਾ ਪਹਿਲਾ ਸਫਾ ਖੋਲ੍ਹਦਾ ਹੈ। ਉਸ ਦੀ ਫਿਲਮ ਦਾ ਵਿਸ਼ਾ ਗਲੀ-ਮੁਹੱਲਿਆਂ ਵਿਚ ਭਟਕਦੇ ਅਵਾਰਾ ਕੁੱਤਿਆਂ ਦੇ ਭੌਂਕਣ ਦਾ ਨਿੱਘਰ ਰਹੀਂ ਅਰਥ-ਵਿਵਸਥਾ ਅਤੇ ਗਰਕ ਹੋ ਚੁੱਕੀ ਸਮਾਜਿਕ ਚੇਤਨਾ ਵਿਚਲੀਆਂ ਸੁਰਾਂ ਅਤੇ ਤੰਦਾਂ ਦੇ ਆਧੁਨਿਕ ਦਵੰਦਾਂ 'ਤੇ ਆਧਾਰਿਤ ਸੀ। ਫਿਲਮ ਵਿਚ ਪ੍ਰੋਫੈਸਰ ਲੱਗਣ ਦੀ ਝਾਕ ਵਿਚ ਬੈਠਾ ਬੇਰੁਜ਼ਗਾਰ ਮੁੰਡਾ ਕੁੱਤਿਆਂ ਦੇ ਭੌਂਕਣ ਤੋਂ ਇੰਨਾ ਪ੍ਰੇਸ਼ਾਨ ਹੋ ਜਾਂਦਾ ਹੈ ਕਿ ਉਹ ਉਨ੍ਹਾਂ ਨੂੰ ਅਗਵਾ ਕਰਕੇ ਘਰਾਂ ਦੀਆਂ ਅਲਮਾਰੀਆਂ ਵਿਚ ਬੰਦ ਕਰਨ ਲੱਗ ਪੈਂਦਾ ਹੈ। ਫਿਲਮ ਵਿਚ ਮਾਰੇ ਗਏ ਕੁੱਤਿਆਂ ਦੇ ਮੀਟ ਦੀ ਚੋਰੀ ਅਤੇ ਬੰਦਿਆਂ ਤੇ ਕੁੱਤਿਆਂ ਦੇ ਗੋਸ਼ਤ ਦੀ ਭੁੱਖ ਦਾ ਚਿਤਰਨ ਦਹਿਲਾਉਣ ਵਾਲਾ ਹੈ।

ਆਪਣੀ ਦੂਜੀ ਫਿਲਮ 'ਮੈਮਰੀਜ਼ ਆਫ ਏ ਮਰਡਰ' (ਕਤਲ ਦੀਆਂ ਯਾਦਾਂ, ਸਾਲ 2003) ਲਈ ਬੌਂਗ ਜੂਨ-ਹੋ ਅਜਿਹੀ ਜੁਰਮ ਆਧਾਰਿਤ ਪਟਕਥਾ ਦੀ ਚੋਣ ਕਰਦਾ ਹੈ ਜਿਸ ਵਿਚ 1986 ਤੋਂ 1991 ਤੱਕ ਦੱਖਣੀ ਕੋਰਆ ਦੇ ਇਕ ਦਿਹਾਤੀ ਖਿੱਤੇ ਵਿਚ ਔਰਤਾਂ ਦੇ ਬੇਰਹਿਮੀ ਨਾਲ ਕੀਤੇ ਗਏ ਕਤਲਾਂ ਦੀ ਜਾਂਚ ਦਾ ਖੁਲਾਸਾ ਹੈ। ਇਸ ਫਿਲਮ ਬਾਰੇ ਲਿਖਦਿਆਂ ਦੱਖਣੀ ਕੋਰੀਆ ਦੇ ਫਿਲਮ ਮੈਗਜ਼ੀਨ 'ਮਾਡਰਨ ਕੋਰੀਅਨ ਸਿਨੇਮਾ' ਨੇ ਟਿੱਪਣੀ ਕੀਤੀ ਸੀ: "ਮੌਜੂਦਾ ਦੱਖਣੀ ਕੋਰਿਆਈ ਸਿਨੇਮਾ ਵਿਚ ਤਾਜ਼ਾ ਰੁਝਾਨ ਇਕੋਂ ਕਹਾਣੀ ਦੀਆਂ ਅਣਦਿਸਦੀਆਂ ਪਰਤਾਂ ਨੂੰ ਨਸ਼ਰ ਕਰਨਾ ਹੈ। ਸਮਾਜਿਕ ਅਤੇ ਮਨੋਵਿਗਿਆਨਕ ਸਚਾਈਆਂ ਬਿੰਬਾਂ ਨੂੰ ਚਿੰਨ੍ਹਾਂ ਅਤੇ ਤਕਨੀਕ ਰਾਹੀਂ ਆਧੁਨਿਕ ਅਤੇ ਸੁਹਜਮਈ ਦ੍ਰਿਸ਼ਾਂ ਵਿਚ ਤਬਦੀਲ ਕਰਦਾ ਇਹ ਸਿਨੇਮਾ ਆਧੁਨਿਕ ਸਮਿਆਂ ਦੀ ਨਬਜ਼ ਫੜਦਾ ਹੈ।"

ਫਿਲਮ 'ਮੈਮਰੀਜ਼ ਆਫ ਮਰਡਰ' ਦਾ ਸਭ ਤੋਂ ਤਰਾਸਦਿਕ ਪਹਿਲੂ ਕਤਲਾਂ ਤੋਂ ਬਾਅਦ ਪੁਲਿਸ ਮਹਿਕਮੇ ਦੀ ਨਾ-ਅਹਿਲੀਅਤ ਅਤੇ ਸਥਾਨਕ ਲੋਕਾਂ ਦੀ ਅਲਹਿਦਗੀ ਹੈ। ਸ਼ਾਂਤ, ਸੁਹਣੇ ਤੇ ਖੂਬਸੂਰਤ ਨਜ਼ਾਰਿਆਂ ਨਾਲ ਭਰੇ ਸਥਾਨਾਂ ਉਪਰ ਕੁੜੀਆਂ ਦੀਆਂ ਲਹੂ-ਲੁਹਾਣ ਲਾਸ਼ਾਂ ਮਿਲਣ ਦਾ ਦ੍ਰਿਸ਼ ਦੱਖਣੀ ਕੋਰੀਆ ਤੋਂ ਭਾਰਤ ਤੱਕ ਲਹੂ ਦੀ ਬਦਬੂਦਾਰ ਲੀਕ ਖਿੱਚਦਾ ਚਲਾ ਜਾਂਦਾ ਹੈ। ਜਿਵੇਂ ਤੀਜੀ ਦੁਨੀਆਂ ਵਿਚ ਵਾਪਰਦੀਆਂ ਇਨਸਾਫ ਤੇ ਜੁਰਮ ਦੀਆਂ ਤਰਾਸਦੀਆਂ ਨਾਲ ਹੁੰਦਾ ਹੈ, ਪਿੰਡ ਦੇ ਸਭ ਤੋਂ ਕਮਜ਼ੋਰ ਤੇ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਮੁੰਡੇ ਉਤੇ ਕਾਨੂੰਨ ਦਾ ਡੰਡਾ ਸਭ ਤੋਂ ਪਹਿਲਾਂ ਵੱਜਦਾ ਹੈ। ਜੁਰਮ ਵਾਲੀ ਥਾਂ ਉਤੇ ਸਬੂਤ ਇਕੱਠੇ ਕਰਦਿਆਂ-ਕਰਦਿਆਂ ਪੁਲਿਸ ਜਾਂਚ ਦੇ ਬਖੀਏ ਉਧੜ ਜਾਂਦੇ ਹਨ ਪਰ ਲੋਕਾਂ ਨੂੰ ਫਿਰ ਵੀ ਕੋਈ ਫਰਕ ਨਹੀਂ ਪੈਂਦਾ। ਫਿਲਮ ਚਿੰਤਕ ਪਾਰਸੀ ਕੋਨਰਾਨ ਲਿਖਦਾ ਹੈ, "ਬੌਂਗ ਫਿਲਮ ਵਿਚ ਹਾਲੀਵੁਡ ਸਿਨੇਮਾ ਦੀ ਫਾਰਮੂਲਾ ਲੀਹ ਜਿਸ ਵਿਚ ਹਕੀਕਤਾਂ ਤੇ ਸਚਾਈ ਨੂੰ ਦਰਕਿਨਾਰ ਕਰਕੇ ਸਟਾਈਲ ਉਤੇ ਜ਼ੋਰ ਦੇਣ ਦੀ ਪਿਰਤ ਹੈ, ਨੂੰ ਸਿੱਧਾ ਟੱਕਰਦਾ ਹੈ ਅਤੇ ਇਸ ਨੂੰ ਤਕਰੀਬਨ ਮਜ਼ਾਕੀਆ ਬਣਾ ਧਰਦਾ ਹੈ।"

ਵਿਦੇਸ਼ੀ ਭਾਸ਼ਾ ਦੀ ਸ਼੍ਰੇਣੀ ਵਿਚ ਆਸਕਰ ਜਿੱਤਣ ਵਾਲੀ ਪਹਿਲੀ ਫਿਲਮ 'ਪੈਰਾਸਾਈਟ' ਬੌਂਗ ਜੂਨ-ਹੋ ਦੀ ਆਪ-ਬੀਤੀ ਤੇ ਹੱਡ-ਬੀਤੀ ਦਾ ਮਿਲਗੋਭਾ ਹੈ। ਆਪਣੇ ਵੀਹਵੇਂ ਵਰ੍ਹੇ ਵਿਚ ਬੌਂਗ ਜੂਨ-ਹੋ ਨੇ ਆਪਣੀ ਬਸਤੀ ਦੇ ਇਕ ਅਮੀਰਜ਼ਾਦੇ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਲਈ। ਇਸ ਫਿਲਮ ਨੂੰ ਉਹ ਕਲਾ ਜਾਂ ਪਾਪੂਲਰ ਦੀ ਚਲੰਤ ਸ਼੍ਰੇਣੀ ਜਾਂ ਪ੍ਰੀਭਾਸ਼ਾ ਵਿਚ ਵੰਡਣ ਦੀ ਥਾਂ 'ਪੌੜੀਆਂ ਦੀ ਫਿਲਮ' ਕਹਿਣਾ ਜ਼ਿਆਦਾ ਪਸੰਦ ਕਰਦਾ ਹੈ। ਇਹ ਪੌੜੀਆਂ ਸਰਵ-ਵਿਆਪਕ ਹਨ। ਗਲੋਬਲੀ ਸਿਆਸਤ ਦੇ ਵਰਤਾਰੇ ਦੀਆਂ ਪਰਤਾਂ ਪੜ੍ਹੀਏ ਤਾਂ 'ਪਹਿਲੀ ਦੁਨੀਆ' ਅਤੇ 'ਤੀਜੀ ਦੁਨੀਆ' ਦੀ ਹਕੀਕਤ ਜੱਗ ਜ਼ਾਹਿਰ ਹੈ। ਬੌਂਗ ਦੀ ਫਿਲਮ ਵਿਚ ਪੌੜੀਆਂ ਦੇ 'ਉਪਰ ਦੀ ਦੁਨੀਆ' ਅਤੇ 'ਥੱਲੇ ਦੀ ਦੁਨੀਆ' ਵਿਚ ਜ਼ਮੀਨ ਆਸਮਾਨ ਦਾ ਫਰਕ ਹੈ। ਜ਼ਮੀਨ ਤੇ ਆਸਮਾਨ, ਦੋਵਾਂ ਧਰਾਤਲਾਂ 'ਤੇ ਵੱਸਦੇ ਲੋਕਾਂ ਦੀ ਦੁਨੀਆ ਦੇ ਥੱਲੇ ਵੀ ਇਕ ਦੁਨੀਆ ਹੈ। ਫਿਲਮਸਾਜ਼ ਉਪਰਲੀ ਤੇ ਹੇਠਲੀ ਦੁਨੀਆ ਦੀ ਮੁੱਠਭੇੜ ਉਸ ਦੁਨੀਆ ਵਿਚ ਕਰਵਾਉਂਦਾ ਹੈ ਜਿਥੋਂ ਨਾ ਜ਼ਮੀਨ ਪੂਰੀ ਦਿਸਦੀ ਹੈ, ਨਾ ਆਸਮਾਨ। ਬੌਂਗ ਜੂਨ-ਹੋ ਸਮਾਜਿਕ ਵਿਤਕਰੇ ਅਤੇ ਖਾਈਆਂ ਦੀ ਨਿਸ਼ਾਨਦੇਹੀ ਕਰਨ ਲਈ 'ਖੁਸ਼ਬੂ/ਬਦਬੂ' ਦਾ ਅਨੋਖਾ ਮੈਟਾਫਰ ਵਰਤਦਾ ਹੈ।

ਇਹ ਫਿਲਮ ਦੇਖਦਿਆਂ ਰੂਸੀ ਫਿਲਮ 'ਆਇਕਾ' (2018) ਦਿਮਾਗ ਵਿਚ ਚੱਲਣ ਲੱਗਦੀ ਹੈ। ਸਰਗੇਈ ਦੀਵੋਰਸੀਵੋਏ ਦੁਆਰਾ ਨਿਰਦੇਸ਼ਿਤ ਇਸ ਫਿਲਮ ਦੀ ਮੁੱਖ ਕਿਰਦਾਰ ਜਲਾਵਤਨੀ ਕਾਰਨ ਸ਼ਰਨਾਰਥੀ ਵਜੋਂ ਮਾਸਕੋ ਵਿਚ ਜਾ ਉਤਰੀ ਹੈ, ਜਿਥੇ ਉਹ ਆਪਣੀ ਹੋਂਦ ਬਚਾਉਣ ਲਈ ਲਗਾਤਾਰ ਇਕ ਤੋਂ ਦੂਜੀ ਨੌਕਰੀ, ਇਕ ਤੋਂ ਦੂਜੇ ਬਾਜ਼ਾਰ ਅਤੇ ਇਕ ਤੋਂ ਦੂਜੇ ਘਰ ਭਟਕਦੀ ਹੈ। ਸੰਸਾਰ ਪੱਧਰ 'ਤੇ ਰਿਫਿਊਜ਼ੀਆਂ ਦੀ ਤਰਾਸਦੀ ਦੀ ਜਿੰਨੀ ਬਾਰੀਕ ਪੇਸ਼ਕਾਰੀ ਇਸ ਫਿਲਮ ਵਿਚ ਹੋਈ ਹੈ, ਉਹ ਕਾਬਿਲ-ਏ-ਤਾਰੀਫ ਹੈ।

ਫਿਲਮ 'ਪੈਰਾਸਾਈਟ' ਦੇਖਦਿਆਂ ਵਾਰ-ਵਾਰ ਦਿਮਾਗ ਵਿਚ ਇਹ ਵਿਚਾਰ ਘੁੰਮਦਾ ਰਿਹਾ ਕਿ ਪੂੰਜੀਵਾਦ ਰੂਪੀ ਹਾਥੀਆਂ ਦੇ ਕੁਨਬੇ ਅੱਗੇ ਅੰਨ ਦੀ ਰਹਿੰਦ-ਖੂੰਹਦ ਬਚਾਉਣ ਵਿਚ ਰੁਝੀਆਂ ਕੀੜੀਆਂ ਦੀ ਕੀ ਬਿਸਾਤ ਹੈ? ਹਾਥੀਆਂ ਲਈ ਤਾਂ ਕੀੜੀਆਂ ਦੀ ਹੋਂਦ ਹੀ ਮਾਇਨੇ ਨਹੀਂ ਰੱਖਦੀ। ਦੱਖਣੀ ਕੋਰੀਆ ਵਾਂਗ ਸਾਡੇ ਮੁਲਕ, ਭਾਰਤ ਦੇ ਹਜ਼ਾਰਾਂ ਘਰਾਂ ਵਿਚ ਜਿਉਣ ਦੀ ਜਦੋ-ਜਹਿਦ ਕਦੋਂ ਜਾਅਲਸਾਜ਼ੀ ਦੀ ਤਿਕੜਮਬਾਜ਼ੀ ਅਤੇ ਜ਼ੁਲਮ ਦੀ ਦਲਦਲ ਵਿਚ ਵਟ ਜਾਂਦੀ ਹੈ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ। ਲੇਖਕ ਜੇਮਜ਼ ਸਕਾਟ ਲਿਖਦਾ ਹੈ ਕਿ ਜਾਅਲਸਾਜ਼ੀ, ਧੋਖਾਧੜੀ ਅਤੇ ਜ਼ੁਲਮ, ਇਹ ਵੀ ਕਿਤੇ ਨਾ ਕਿਤੇ ਦੱਬਿਆ-ਕੁਚਲਿਆਂ ਲਈ ਵਿਰੋਧ ਅਤੇ ਆਪਣੀ ਹੋਂਦ ਦਾ ਐਲਾਨ ਕਰਨ ਦਾ ਜ਼ਰੀਆ ਬਣ ਜਾਂਦੇ ਹਨ। ਇਨਕਲਾਬੀ ਸ਼ਾਇਰ ਸੰਤ ਰਾਮ ਉਦਾਸੀ ਆਪਣੀ ਇਕ ਕਵਿਤਾ ਵਿਚ ਲਿਖਦੇ ਹਨ, 'ਜੇ ਸੋਕਾ ਇਹ ਹੀ ਸੜਦੇ ਨੇ, ਜੇ ਡੋਬਾ ਇਹ ਹੀ ਮਰਦੇ ਨੇ, ਸਭ ਕਹਿਰ ਇਨ੍ਹਾਂ 'ਤੇ ਵਰ੍ਹਦੇ ਨੇ, ਜਿਥੇ ਫਸਲਾਂ ਨੇ ਛੱਡ ਜਾਂਦੀਆਂ ਅਰਮਾਨ ਤ੍ਰੇੜੇ, ਤੂੰ ਮਘਦਾ ਰਹੀ ਵੇਂ ਸੂਰਜਾ ਕੰਮੀਆਂ ਦੇ ਵਿਹੜੇ'। ਫਿਲਮ ਵਿਚ ਜਿਥੇ ਬਾਰਿਸ਼ ਪਾਰਕ ਪਰਿਵਾਰ ਲਈ ਨਿੱਘੀ ਧੁੱਪ ਦਾ ਸੁਨੇਹਾ ਲੈ ਕੇ ਆਉਂਦੀ ਹੈ, ਉਥੇ ਕਿਮ ਪਰਿਵਾਰ ਲਈ ਆਫਤ ਦਾ ਸਬੱਬ ਬਣਦੀ ਹੈ।

ਫਿਲਮ ਦਾ ਕਥਾਨਿਕ ਬਹੁਤ ਹੱਦ ਤੱਕ ਪਿਛਲੇ ਸਾਲਾਂ ਵਿਚ ਚਰਚਾ ਵਿਚ ਰਹੀ ਫਿਲਮ 'ਸ਼ੌਪ ਲਿਫਟਰਜ਼' ਨਾਲ ਮਿਲਦਾ ਹੈ। 'ਸ਼ੌਪ ਲਿਫਟਰਜ਼' ਵਿਚ ਪਿਉ ਆਪਣੇ ਬੱਚਿਆਂ ਨੂੰ ਦੁਕਾਨਾਂ 'ਚੋਂ ਸਮਾਨ ਚੋਰੀ ਕਰਨਾ ਸਿਖਾਉਂਦਾ ਹੈ ਕਿਉਂ ਕਿ ਤਾਉਮਰ ਉਸ ਨੂੰ 'ਹੋਰ ਕੁਝ' ਸਿੱਖਣ ਦੀ ਨਾ ਤਾਂ ਮੋਹਲਤ ਮਿਲੀ ਅਤੇ ਨਾ ਹੀ 'ਹੋਰ ਕੁਝ' ਸਿੱਖਣ ਦੇ ਕਾਬਲ ਸਮਝਿਆ ਗਿਆ। ਉਸ ਦੁਆਰਾ ਆਪਣੇ ਬੱਚਿਆਂ ਨੂੰ ਬਿਹਤਰ ਅਤੇ ਸੁਖਾਵਾਂ ਭਵਿਖ ਦੇਣ ਦਾ ਸੁਪਨਾ ਉਨ੍ਹਾਂ ਨੂੰ ਚੋਰੀ ਦੀ ਕਲਾ ਦੀਆਂ ਹਨੇਰੀਆਂ ਸੁਰੰਗਾਂ ਵਿਚ ਧੱਕ ਦਿੰਦਾ ਹੈ, ਜਿਥੋਂ ਵਾਪਸੀ ਦਾ ਕੋਈ ਰਾਸਤਾ ਨਹੀਂ। ਆਪਣੀ ਫਿਲਮ 'ਪੈਰਾਸਾਈਟ' ਬਾਰੇ ਗੱਲ ਕਰਦਿਆਂ ਬੌਂਗ ਜੂਨ-ਹੋ ਆਖਦਾ ਹੈ, "ਮੈਂ ਇਸ ਫਿਲਮ ਵਿਚ ਪਹਿਲੀ ਵਾਰ ਅਮੀਰ ਕਿਰਦਾਰਾਂ ਦਾ ਖਾਕਾ ਖਿੱਚਿਆ ਹੈ। ਮੇਰੀਆਂ ਪਹਿਲੀਆਂ ਫਿਲਮਾਂ 'ਮਦਰ', 'ਸਨੋਅਪਾਈਸਰ' ਅਤੇ 'ਔਕਜ਼ਾਂ' ਦੇ ਕਿਰਦਾਰ ਆਮ ਸਾਧਾਰਨ ਪਰਿਵਾਰਾਂ ਵਿਚੋਂ ਹਨ। ਇਹ ਕਿਰਦਾਰ ਚੰਗੇ ਜਾਂ ਮਾੜੇ ਦੀ ਪ੍ਰੀਭਾਸ਼ਾ ਵਿਚ ਨਹੀਂ ਆਉਂਦੇ। ਉਹ ਅਜਿਹੇ ਵੱਡੇ ਕਰੂਰ ਖਾਂਚੇ ਵਿਚ ਕਿਣਕਿਆਂ ਦੀ ਨਿਆਈਂ ਹਨ ਜਿਹੜਾ ਨਾ ਸਿਰਫ ਉਨ੍ਹਾਂ ਦੀ ਕਲਪਨਾ ਤੋਂ ਵੱਡਾ ਹੈ ਸਗੋਂ ਉਸ ਸੁਪਰ ਖਾਂਚੇ ਦੁਆਰਾ ਤਿਆਰ ਕੀਤੇ ਹਾਲਾਤ, ਤਰਾਸਦੀਆਂ ਅਤੇ ਘਟਨਾਵਾਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੇ ਅਹਿਮ ਫੈਸਲੇ ਕਰਨ ਹੀ ਨਹੀਂ ਦਿੰਦੀਆਂ। ਜਦੋਂ ਤੱਕ ਉਨ੍ਹਾਂ ਨੂੰ ਸਾਰੀ ਤਾਣੀ ਦੀ ਸਮਝ ਆਉਂਦੀ ਹੈ, ਉਨ੍ਹਾਂ ਦੀ ਅਗਲੀ ਪੀੜ੍ਹੀ ਉਹੀ ਸੰਤਾਪ ਭੁਗਤਣ ਲਈ ਤਿਆਰ ਖੜ੍ਹੀ ਦਿਸਦੀ ਹੈ।"

ਫਿਲਮ 'ਪੈਰਾਸਾਈਟ' ਸਮਾਜਿਕ ਜੁਰਮ ਦੀ ਫਿਲਮ ਹੋਣ ਦੇ ਬਾਵਜੂਦ ਗਲੋਬਲੀ ਪ੍ਰਸੰਗ ਵਿਚ ਜਲਵਾਯੂ ਪਰਿਵਰਤਨ ਦੇ ਤਰਕ ਦੀ ਨਜ਼ਰਸਾਨੀ ਵੀ ਕਰਦੀ ਹੈ। ਪਿਛਲੀ ਸਦੀ ਵਿਚ ਮਾਲਥਸ ਦੀ ਥਿਊਰੀ ਨੂੰ ਆਧਾਰ ਬਣਾ ਕੇ ਗਰੀਬ ਤਬਕਿਆਂ/ਵਰਗਾਂ/ਜਮਾਤਾਂ ਵਿਰੁਧ ਦਲੀਲਾਂ ਦੀ ਲੰਮੀ ਮਿੱਥ ਸਿਰਜੀ ਗਈ ਹੈ। ਇਸ ਦੇ ਦੋ ਨੁਕਤੇ ਬੇਹੱਦ ਮਾਰੂ ਹਨ। ਪਹਿਲੇ ਨੁਕਤੇ ਅਨੁਸਾਰ- 'ਆਪਣੀ ਗਰੀਬੀ ਲਈ ਗਰੀਬ ਖੁਦ ਹੀ ਜ਼ਿੰਮੇਵਾਰ ਹੈ ਕਿਉਂਕਿ ਉਹ ਗਰੀਬ ਹੀ ਰਹਿਣਾ ਚਾਹੁੰਦਾ ਹੈ'। ਫਿਲਮ 'ਪੈਰਾਸਾਈਟ' ਦੱਸਦੀ ਹੈ ਕਿ ਕਿਵੇਂ ਗਰੀਬ ਦੀ ਗਰੀਬੀ ਪਿੱਛੇ ਸਿਆਸੀ-ਆਰਥਿਕ ਢਾਂਚਿਆਂ ਦੀ ਗਿਣੀ ਮਿਥੀ ਸਿਆਸਤ ਕੰਮ ਕਰਦੀ ਹੈ। ਕੀ ਹੁੰਦਾ, ਜੇ ਕਿਮ ਪਰਿਵਾਰ ਦੇ ਸਾਰੇ ਜੀਆਂ ਕੋਲ ਕੋਈ ਨਾ ਕੋਈ ਢੁਕਵਾਂ ਕੰਮ ਹੁੰਦਾ? ਦੂਜੇ ਨੁਕਤੇ ਅਨੁਸਾਰ-ਗਰੀਬ ਜਲਵਾਯੂ ਨੂੰ ਪਲੀਤ ਕਰਨ, ਖੇਤੀਬਾੜੀ ਅਤੇ ਜਲ, ਜੰਗਲ, ਜ਼ਮੀਨ ਨੂੰ ਨੁਕਸਾਨ ਪਹੁੰਚਾਉਣ ਦਾ ਵੱਡਾ ਕਾਰਨ ਬਣੇ ਹਨ; ਨਤੀਜੇ ਵਜੋਂ ਸੰਸਾਰ ਪੱਧਰ 'ਤੇ ਹੜ੍ਹ, ਸੋਕੇ ਤੇ ਮਹਾਮਾਰੀਆਂ ਦਾ ਵਰਤਾਰਾ ਮਾਰੋ-ਮਾਰ ਕਰ ਰਿਹਾ ਹੈ।

ਇਸ ਫਿਲਮ ਰਾਹੀਂ ਬੌਂਗ ਜੂਨ-ਹੋ ਇਸ ਮਿੱਥ ਦੀ ਚੀਰ-ਫਾੜ ਕਰਦਾ ਦੱਸਦਾ ਹੈ ਕਿ ਕਿਵੇਂ ਮੌਜੂਦਾ ਦੌਰ ਵਿਚ ਕੋਈ ਅਮੀਰ ਅਮਰੀਕਨ ਜਾਂ ਯੂਰਪੀ ਜਾਂ ਅਰਬ ਬੰਦਾ ਹਜ਼ਾਰਾਂ ਜੀਆਂ ਦੇ ਹਿੱਸੇ ਦੇ ਕੁਦਰਤੀ ਸਾਧਨਾਂ ਤੇ ਵਰਤੋਂ ਯੋਗ ਵਸਤਾਂ ਨੂੰ ਬਿਨਾਂ ਡਕਾਰ ਮਾਰਿਆਂ ਨਿਗਲ ਜਾਂਦਾ ਹੈ, ਤੇ ਇਸ ਦੇ ਬਾਵਜੂਦ ਸਾਰਾ ਦੋਸ਼ 'ਗਰੀਬਾਂ' ਸਿਰ ਮੜ੍ਹ ਕੇ ਸੁਰਖ਼ੂਰ ਵੀ ਹੋ ਜਾਂਦਾ ਹੈ। ਫਿਲਮ ਦਾ ਸਭ ਤੋਂ ਮਾਰਮਿਕ ਦ੍ਰਿਸ਼ ਉਹ ਹੈ ਜਦੋਂ ਕਿਮ ਦਾ ਪਿਤਾ ਪਾਰਕ ਨੂੰ, ਆਪਣੇ ਬੇਟੇ ਨੂੰ ਹਸਪਤਾਲ ਲਿਜਾਣ ਲਈ ਲਾਸ਼ ਕੋਲੋਂ ਗੱਡੀ ਦੀ ਚਾਬੀ ਚੁੱਕਦਿਆਂ 'ਬਦਬੂ' ਤੋਂ ਬਚਣ ਲਈ ਨੱਕ ਬੰਦ ਕਰਦਿਆਂ ਦੇਖਦਾ ਹੈ। ਇਸ ਦ੍ਰਿਸ਼ ਨੂੰ ਦੇਖਣ ਤੋਂ ਬਾਅਦ ਅਮੀਰੀ ਦੇ ਬੁਰਕੇ ਹੇਠ ਛੁਪੀ ਸੰਵੇਦਨਹੀਣਤਾ ਅਤੇ ਖੋਖਲੇਪਣ ਦੀ ਸਮਝ ਪੈਂਦੀ ਹੈ।

ਅਮਰੀਕੀ ਅਖਬਾਰ 'ਨਿਊ ਯਾਰਕ ਟਾਈਮਜ਼' ਫਿਲਮ 'ਤੇ ਟਿੱਪਣੀ ਕਰਦਾ ਹੈ, "ਉਨੀਵੀਂ ਸਦੀ ਵਿਚ ਪ੍ਰਸਿਧ ਲੁਟੇਰਾ ਜੇਅ ਗੂਲਡ ਆਖਦਾ ਸੀ ਕਿ ਮੇਰੇ ਕੋਲ ਇੰਨਾ ਕੁ ਪੈਸਾ ਹੈ ਕਿ ਮੈਂ ਅੱਧੀ ਆਬਾਦੀ ਨੂੰ ਦੂਜੀ ਅੱਧੀ ਆਬਾਦੀ ਨੂੰ ਕਤਲ ਕਰਨ ਲਈ ਖਰੀਦ ਸਕਦਾ ਹਾਂ। ਬੌਂਗ ਦੀ ਇਹ ਫਿਲਮ ਬੇਰੁਜ਼ਗਾਰੀ ਤੋਂ ਗਰੀਬੀ, ਗਰੀਬੀ ਤੋਂ ਜੁਰਮ, ਜੁਰਮ ਤੋਂ ਪੂੰਜੀ, ਪੂੰਜੀ ਤੋਂ ਮੁਨਾਫਾ, ਮੁਨਾਫੇ ਤੋਂ ਸ਼ੋਸ਼ਣ, ਸ਼ੋਸ਼ਣ ਤੋਂ ਫਿਰ ਬੇਰੁਜ਼ਗਾਰੀ, ਫਿਰ ਗਰੀਬੀ ਦਾ ਅਮੁੱਕ ਸਿਲਸਿਲਾ ਹੈ।

ਕੀ ਇਸ ਫਿਲਮ ਨੂੰ ਡਾਰਵਿਨ ਦੀ 'ਸਭ ਤੋਂ ਤਾਕਤਵਰ ਨੂੰ ਹੀ ਜਿਊਣ ਦਾ ਹੱਕ ਹੈ' ਦੇ ਪ੍ਰਸੰਗ ਵਿਚ ਵੀ ਪੜ੍ਹਿਆ ਜਾਣਾ ਚਾਹੀਦਾ ਹੈ? ਇਹ ਫਿਲਮ ਦੇਖਦਿਆਂ ਇਹ ਅਹਿਸਾਸ ਵੀ ਵਾਰ-ਵਾਰ ਹੁੰਦਾ ਹੈ ਕਿ ਫਿਲਮ ਜਿੰਨੀ ਬਾਰੀਕੀ ਤੇ ਚੁਸਤੀ ਨਾਲ ਇਕ ਦਮ 'ਸੌ ਫੀਸਦੀ ਸਹੀ' ਦ੍ਰਿਸ਼ਾਵਲੀ ਤੇ ਘਟਨਾਵਾਂ ਬੁਣਦੀ ਚਲੀ ਜਾਂਦੀ ਹੈ। ਇਸ ਨਾਲ ਇਸ ਦੀਆਂ ਕਮਜ਼ੋਰੀਆਂ ਵੀ ਨੰਗੀਆਂ ਹੁੰਦੀਆਂ ਹਨ। ਸਭ ਤੋਂ ਵੱਡੀ ਕਮਜ਼ੋਰੀ ਇਸ ਦਾ ਸੌ ਫੀਸਦੀ 'ਸਹੀ' ਹੋਣਾ ਹੈ। ਫਿਲਮ ਦੇ ਸ਼ੁਰੂ ਵਿਚ ਵਾਪਰਿਆ ਫਿਲਮ ਦੇ ਅੰਤ ਤੱਕ ਹੌਲੀ-ਹੌਲੀ ਵਾਪਸ ਮੁੜਦਾ ਹੈ, ਭਾਵੇਂ ਕਿਰਦਾਰਾਂ ਦੀ ਸੋਚ ਵਿਚ ਜ਼ਮੀਨ ਆਸਮਾਨ ਦਾ ਫਰਕ ਆ ਚੁੱਕਿਆ ਹੈ।

ਬੌਂਗ ਜ਼ਿਆਦਾਤਰ ਆਪਣੇ ਫਿਲਮਾਂ ਵਿਚਲੀਆਂ ਥਾਵਾਂ ਨੂੰ ਵੀ ਕਿਰਦਾਰਾਂ ਵਿਚ ਬਦਲਣ ਵਾਲਾ ਨਿਰਦੇਸ਼ਕ ਹੈ। ਫਿਲਮ ਵਿਚ ਘਟਨਾਵਾਂ ਦੇ ਸਥਾਨ ਨਾਇਕਾਂ ਅਤੇ ਖਲਨਾਇਕਾਂ ਵਿਚ ਫਰਕ ਮਨਫੀ ਕਰ ਦਿੰਦੇ ਹਨ। ਬੌਂਗ ਨਿਰਦੇਸ਼ਕ ਦੇ ਤੌਰ 'ਤੇ ਆਪਣੇ ਸਮਾਜਿਕ ਸੁਨੇਹੇ ਨੂੰ ਇੰਨੀ ਮਸਤੈਦੀ ਨਾਲ ਡਿਜ਼ਾਇਨ ਕਰਦਾ ਹੈ ਕਿ ਦਰਸ਼ਕਾਂ ਕੋਲ ਸ਼ਾਇਦ ਉਸ ਦੇ ਇਸ 'ਮੈਜਿਕ ਬੁਲਟ' ਵਿਚਾਰ ਨਾਲ ਸਹਿਮਤ ਹੋਣ ਤੋਂ ਬਿਨਾਂ ਕੋਈ ਚਾਰਾ ਨਹੀਂ ਬਚਦਾ। ਇਸ ਦਾ ਕਾਰਨ ਫਿਲਮ ਦੀ ਦੱਖਣੀ-ਕੋਰਿਆਈ ਸਭਿਆਚਾਰਕ ਚੇਤਨਾ ਵੀ ਹੋ ਸਕਦੀ ਹੈ, ਜਾਂ ਫਿਰ ਬੌਂਗ ਦੀ ਆਪਣੀ ਸਮਾਜਿਕ ਸਮਝ ਦਾ ਬੋਝ ਵੀ ਹੋ ਸਕਦਾ ਹੈ। ਬੌਂਗ ਆਪਣੀ ਫਿਲਮ ਰਾਹੀਂ 'ਮਰ ਗਿਆ' ਅਤੇ 'ਜਿਉਂ ਰਹਿਆ' ਦੇ ਸਮਾਨੰਤਰ ਭੂਤਾਂ ਵਾਂਗ ਵਿਚਰ ਰਹੇ ਸਮਾਜਿਕ ਜੀਆਂ ਰਾਹੀਂ ਸਭਿਅਤਾ ਦੀ ਉਨ੍ਹਾਂ ਪੌੜੀਆਂ ਦੀ ਬਾਤ ਪਾਉਂਦਾ ਹੈ ਜਿਨ੍ਹਾਂ ਦੇ ਖਲੇਪੜ ਵੀ ਉਖੜਦੇ ਹਨ ਤਾਂ ਸਿਰਫ ਦੱਬਿਆਂ ਕੁਚਲਿਆਂ ਦੀਆਂ ਅੱਖਾਂ ਨੂੰ ਹੀ ਅੰਨ੍ਹਿਆਂ ਕਰ ਦਿੰਦੇ ਹਨ।

ਇਹ ਫਿਲਮ ਨਾ ਨਿਰਾਸ਼ ਕਰਦੀ ਹੈ, ਨਾ ਹੀ ਕੋਈ ਨਵੀਂ ਆਸ ਦਿੰਦੀ ਹੈ, ਇਸ ਵਿਚ ਵਾਪਰਦਾ ਸਾਰਾ ਕੁਝ ਤੇ ਬਹੁਤ ਕੁਝ ਸਾਡੇ ਆਪਣੇ ਸ਼ਹਿਰਾਂ, ਘਰਾਂ ਅਤੇ ਮੁਹੱਲਿਆਂ ਵਿਚ ਵਾਪਰ ਰਿਹਾ ਹੈ। ਸਾਡੇ ਦਿਲੋ-ਦਿਮਾਗਾਂ ਵਿਚ ਸਦਮਿਆਂ, ਖਦਸ਼ਿਆਂ, ਸੰਸਿਆਂ ਅਤੇ ਡਰਾਂ ਦੇ ਰੂਪ ਵਿਚ ਲਗਾਤਾਰ ਜਾਰੀ ਹੈ। ਬੌਂਗ ਦੇ ਕੈਮਰੇ ਦੀ ਅੱਖ ਨੂੰ ਇਸ ਗੁੰਝਲਦਾਰ ਅਤੇ ਲਗਾਤਾਰ ਕਿਰ ਰਹੀ ਦੁਨੀਆਂ ਨੂੰ ਚਲਦੀ ਫਿਰਦੀ ਸ਼ਕਲ ਦੇਣ ਲਈ ਧੰਨਵਾਦ।





*ਫਿਲਮ 'ਪੈਰਾਸਾਈਟ' ਦੀ ਇਕ ਝਲਕ ਅਤੇ (ਸੱਜੇ) ਫਿਲਮ ਦਾ ਡਾਇਰੈਕਟਰ ਬੌਂਗ ਜੂਨ-ਹੋ।*

# ਸਭ ਕਿਰਪਾ ਬਾਬਾ ਦੀਪ ਸਿੰਘ ਜੀ ਦੀ ਹੈ-ਯੋਗਰਾਜ ਸਿੰਘ

ਅੱਜ ਕੱਲ ਅਮਰੀਕਾ 'ਚ 'ਇੰਡੀਅਨ-2' ਫਿਲਮ ਦੀ ਸੂਟਿੰਗ ਕਰ ਰਹੇ ਨਾਮੀ ਪੰਜਾਬੀ ਫਿਲਮ ਅਦਾਕਾਰ ਯੋਗਰਾਜ ਸਿੰਘ 'ਤੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਬਹੁਤ ਪ੍ਰਭਾਵ ਹੈ। ਯੋਗਰਾਜ ਸਿੰਘ ਆਪਣੇ ਆਪ ਨੂੰ ਬਾਬਾ ਦੀਪ ਸਿੰਘ ਦਾ ਸਪੁੱਤਰ ਕਹਿ ਕੇ ਸੰਬੋਧਿਤ ਹੁੰਦਾ ਹੈ। ਉਸ ਦੀਆਂ 'ਸਰੀਕ-2', 'ਹੂ ਮੈਂ ਡਰ ਗਈ' ਤੇ ਹੋਰ ਫਿਲਮਾਂ ਆ ਰਹੀਆ ਹਨ। ਪੇਸ਼ ਹਨ, ਹਿੰਦੀ ਫਿਲਮ 'ਚ ਪਰਵੇਸ਼ 'ਤੇ ਉਨ੍ਹਾਂ ਨਾਲ ਅਮਰੀਕਾ ਤੋਂ ਨੈਣ ਰਾਹੀਂ ਹੋਈ ਮਲਾਕਾਤ ਦੇ ਅੰਸ਼:

**ਸਵਾਲ: 'ਇੰਡੀਅਨ-2' ਕਿਵੇਂ ਮਿਲੀ ਤੇ ਕਮਲ ਹਸਨ ਨਾਲ ਫਿਲਮ ਬਾਰੇ ਕੀ ਕਹੋਗੇ?**

**ਜਵਾਬ:** ਰਜਨੀਕਾਂਤ ਜੀ ਦੀ ਫਿਲਮ 'ਦਰਬਾਰ' ਨੇ ਸਾਊਥ 'ਚ ਮੈਨੂੰ ਲੋਕਪ੍ਰਿਅ ਕੀਤਾ। ਇਸ ਤੋਂ ਹੀ ਕਮਲ ਹਸਨ ਜਿਹੇ ਦਿੱਗਜ ਕਲਾਕਾਰ ਨੇ ਮੈਨੂੰ 'ਇੰਡੀਅਨ-2' 'ਚ ਲਿਆ। ਸਾਊਥ ਦੇ ਲੋਕ ਹਿੰਦੀ ਹਿੱਟ ਫਿਲਮਾਂ ਦਿੰਦੇ ਰਹੇ ਹਨ।

**ਸਵਾਲ: ਫਿਲਮ 'ਦਰਬਾਰ' ਕਿਵੇਂ ਮਿਲੀ ਸੀ?**

**ਜਵਾਬ:** ਮੇਰੀਆਂ ਤਸਵੀਰਾਂ ਤੇ ਫਿਲਮ 'ਦੁੱਲਾ ਵੈਲੀ' ਦੇਖ ਕੇ ਉਨ੍ਹਾਂ ਮੈਨੂੰ 'ਦਰਬਾਰ' ਫਿਲਮ 'ਚ ਕੰਮ ਕਰਨ ਦਾ ਮੌਕਾ ਦਿੱਤਾ ਅਤੇ ਇਸ ਫਿਲਮ ਨੇ ਮੇਰਾ 'ਦਰਬਾਰ' ਬਾਲੀਵੁੱਡ 'ਚ ਲਾਇਆ।



**ਸਵਾਲ: ਤੁਸੀਂ ਕ੍ਰਿਕਟਰ ਵੀ ਰਹੇ, ਹੁਣ ਵੀ ਵਿਹਲਾ ਸਮਾਂ ਕ੍ਰਿਕਟ ਨੂੰ ਹੀ ਦਿੰਦੇ ਹੋ। ਕ੍ਰਿਕਟ ਸਬੰਧੀ ਕੁਝ ਕਹੋਗੇ?**

**ਜਵਾਬ:** ਮੈਂ ਟੀਮ ਇੰਡੀਆ ਨਾਲ ਫਾਸਟ ਬਾਲਰ ਬਣ ਕੇ ਬਿਸ਼ਨ ਸਿੰਘ ਬੇਦੀ, ਸੁਨੀਲ ਗਾਵਾਸਕਰ ਨਾਲ ਖੇਡਿਆ ਹਾਂ। ਕੌਮਾਂਤਰੀ ਕ੍ਰਿਕਟਰ ਹੋਣ ਨਾਤੇ ਮੈਂ ਆਪਣਾ ਤਜਰਬਾ ਨਵੇਂ ਟੇਲੈਂਟ 'ਤੇ ਵਰਤ ਰਿਹਾਂ। ਪੰਜਾਬ ਦੇ ਮੁੰਡੇ ਕ੍ਰਿਕਟ 'ਚ ਉਭਾਰਨਾ ਚਾਹੁੰਦੇ ਹਨ। ਐਕਟਿੰਗ ਆਪਣੀ ਥਾਂ, ਕ੍ਰਿਕਟ ਆਪਣੀ ਥਾਂ।

**ਸਵਾਲ: ਪੰਜਾਬੀ ਫਿਲਮਾਂ 'ਚ ਤੁਹਾਡੇ ਰੁਝੇਵੇਂ ਬਾਰੇ ਕੀ ਕਹਿਣਾ ਚਾਹੋਗੇ?**

**ਜਵਾਬ:** ਸਭ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਕਿਰਪਾ ਹੈ। ਮੈਂ ਕੁਝ ਨਹੀਂ, ਸਭ ਉਸ ਦੀ ਵਡਿਆਈ ਹੈ। ਪਾਠ ਕਰੋ, ਗੁਰਬਾਣੀ ਸੁਣੋ।

**ਸਵਾਲ: ਤੁਹਾਡੇ ਬੇਟੇ ਯੁਵਰਾਜ ਸਿੰਘ ਦੀ ਕ੍ਰਿਕਟ ਸਬੰਧੀ ਤੁਹਾਡਾ ਨਜ਼ਰੀਆ?**

**ਜਵਾਬ:** ਯੁਵੀ ਸੈਟ ਹੈ, ਕ੍ਰਿਕਟ 'ਚ ਉਸ ਦਾ ਕਾਫੀ ਭਵਿੱਖ ਹੈ। ਉਸ ਨੇ ਹਰ ਫਸਵੇਂ ਮੈਚ 'ਚ ਭਾਰਤ ਨੂੰ ਜਿਤਾਇਆ। ਵਧੀਆ ਕ੍ਰਿਕਟਰ ਹੈ, ਪਰ ਰਾਜਨੀਤੀ ਉਥੇ ਵੀ ਹੈ।

***-ਅੰਮ੍ਰਿਤ ਪਵਾਰ***

ਨਿਰਵਿਘਨ ਪ੍ਰਕਾਸ਼ਨ ਦੇ 21ਵੇਂ ਸਾਲ 'ਚ (ਪਹਿਲੀ ਜਨਵਰੀ 2000-2020)

# ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ

# ਪੰਜਾਬ ਟਾਈਮਜ਼ ਦੀ 20ਵੀਂ ਵਰ੍ਹੇਗੰਢ ਮੌਕੇ

## ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## 9 ਮਈ 2020 *ਸ਼ਨਿਚਰਵਾਰ ਸ਼ਾਮ 6 ਵਜੇ*

**Atlantis Banquets** 1273 N. Rand Road, Arlington Heights, IL 60004

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿੱਲੋਂ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



*ਗੁਲਜ਼ਾਰ ਸਿੰਘ ਸੰਧੂ | ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਐਸ. ਅਸ਼ੋਕ ਭੌਰਾ*

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।

ਪੰਜਾਬ ਟਾਈਮਜ਼

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

Ph: 847-359-0746

*e-mail: punjabtimes1@sbcglobal.net, website: www.punjabtimesusa.com*